PUNJAB VIDHAN SABHA
DEBATES

20th May, 1968

Vol. III—No. 1

OFFICIAL REPORT

CONTENTS

Monday, the 20th May, 1968

Punjab Vidhan Sabha Secretariat, Chandigarh

Price : Rs. 5-50

(P.T.O.)

ERRATA

to

Punjab Vidhan Sabha Debates

Vol. III No. 1, dated 20th May, 1968

Read	*For*	*Page*	*Line*
ਸ੍ਰੀ ਲਾਲ ਚੰਦ ਸੱਬਰਵਾਲ	ਸੀ ਲਾਲ ਚੰਦ ਸੱਬਰਵਾਲ	(1) 1	9
ਇਨ੍ਹਾਂ	ਬਿਨ੍ਹਾਂ	(1)19	19th from below
Mr. Speaker	Mr Spǝaker	(1)20	Heading
indicated	indic ted	ˎ1)30	7
ਨੇ	[illegible]	(1)33	15th from below
ਇਸ	ਿ ਸ	(1)37	11
ਵਾਜ਼ੇਹ	ਾਜੇਹ	(1)37	13th from below
ਮੀਟੰਗਾਂ	ਮੀਟੰਗਿਾਂ	(1)38	5th from below
ਪੂਰਾ	ਪਰਾ	(1)38	Last
ਬੋਰਡ	ਬਰਡ	(1)44	17
ਕ੍ਰਿਮਿਨਲ	ਿ ਮਿਨਲ	(1)50	9th from below
ਇਤਰਾਜ਼	ਇਤਹਾਜ਼	(1)55	2
ਇਨਕੁਆਇਰੀ	ਇਨਕੁਆਇਰ	(1)55	17
20th May, 1968	20th May,	(1)56	Heading
Sardar Narinder Singh	Sa da Narinder Singh	(1)57	6th from below

ERRATA

to

Punjab Vidhan Sabha Debates

Vol. II No. 1, dated 20th May, 1968

Read	For	Page	Line
[illegible]	[illegible]	(1) 1	9
[illegible]	[illegible]	(1)19	19th from below
Mr. Speaker	Mr Speaker	(1)30	Heading
indicated	indic ted	(1)30	7
[illegible]	[illegible]	(1)33	12th from below
[illegible]	[illegible]	(1)37	11
[illegible]	[illegible]	(1)37	13th from below
[illegible]	[illegible]	(1)38	7th from below
[illegible]	[illegible]	(1)38	Last
[illegible]	[illegible]	(1)4[illegible]	17
[illegible]	[illegible]	(1)56	9th from below
[illegible]	[illegible]	(1)55	2
[illegible]	[illegible]	(1)55	17
20th May, 1968	20th May,	(1)56	Heading
Sardar Narinder Singh	Sa da Narinder Singh	(1)57	6th from below

PUNJAB VIDHAN SABHA

Monday, the 20th May, 1968

The Vidhan Sabha met in the Hall of the Punjab Vidhan Bhavan, Chandigarh at 2.00 P.M. of the Clock. Mr. Speaker (Lieut. Col. Joginder Singh Mann) in the Chair.

STARRED QUESTIONS AND ANSWERS

Mr. Speaker : *Starred Question Nos. 1092, 1181 and 1182 have beenpostponed.

ਸ੍ਰੀ ਲਾਲ ਚੰਦ ਸੱਬਰਵਾਲ : ਆਨ ਏ ਪੁਆਇੰਟ ਆਫ਼ ਆਰਡਰ, ਸਰ।

ਸ੍ਰੀ ਸਪੀਕਰ : ਸਵਾਲ ਹੋ ਲੈਣ ਦਿਉ, ਫੇਰ ਕਰ ਲੈਣਾ। (Let the questions be taken up He may raise this point thereafter.)

ਸ੍ਰੀ ਲਾਲ ਚੰਦ ਸੱਬਰਵਾਲ : ਸਪੀਕਰ ਸਾਹਿਬ, ਇਹ ਪੁਆਇੰਟ ਆਫ਼ ਆਰਡਰ ਸਵਾਲਾਂ ਤੋਂ ਪਹਿਲਾਂ ਹੀ ਹੋਣ ਵਾਲਾ ਹੈ।

ਸ੍ਰੀ ਸਪੀਕਰ : ਕੁਐਸਚਨ ਕੱਢ ਲੈਣ ਦਿਉ, ਫੇਰ ਕਰ ਲੈਣਾ। (Please do it after the questicns are disposed of.)

ਸ੍ਰੀ ਲਾਲ ਚੰਦ ਸੱਬਰਵਾਲ : ਹੈ ਬੜਾ ਜ਼ਰੂਰੀ ਜੀ।

ਸ੍ਰੀ ਸਪੀਕਰ : ਅਗਰ ਕੁਐਸਚਨਜ਼ ਹੋ ਜਾਣ ਤਾਂ ਹਰਜ ਹੈ ਕੋਈ ? (What is the harm, if the questions are taken up first ?)

ਸ੍ਰੀ ਲਾਲ ਚੰਦ ਸੱਬਰਵਾਲ : ਸੁਣ ਲਉ। ਅਗਰ ਜਨਾਬ ਸਮਝਣਗੇ ਕਿ ਕੁਐਸਚਨ ਤੋਂ ਬਾਅਦ ਲੈਣ ਵਾਲਾ ਹੈ ਤਾਂ ਬੇਸ਼ਕ ਬਾਦ ਵਿੱਚ ਲੈ ਲੈਣਾ। ਸੋ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ 7 ਮਾਰਚ, 1968 ਨੂੰ ਆਪ ਨੇ ਅਸੈਂਬਲੀ ਅੰਡਰ ਰੂਲ 16 ਆਫ਼ ਦਾ ਰੂਲਜ਼ ਦੋ ਮਹੀਨਿਆਂ ਲਈ ਐਡਜਰਨ ਕੀਤੀ ਸੀ ਜਿਹੜੀ ਅਡਜਰਨਮੈਂਟ 6 ਮਈ, 1968 ਨੂੰ ਖ਼ਤਮ ਹੁੰਦੀ ਸੀ। ਅਗਰ ਜਨਾਬ ਚਾਹੁੰਦੇ ਤਾਂ ਅੰਡਰ ਰੂਲ 16 ਜਿਸ ਵਕਤ ਮਰਜ਼ੀ ਬੁਲਾ ਸਕਦੇ ਸੀ ਕਿਉਂਕਿ ਅਸੈਂਬਲੀ ਉਸ ਤੋਂ ਬਾਅਦ ਪ੍ਰੋਰੋਗ ਨਹੀਂ ਸੀ ਹੋਈ। ਹੁਣ ਵੀ ਜਿਹੜੀ ਅਸੈਂਬਲੀ ਬੁਲਾਈ ਗਈ ਹੈ ਇਹ ਆਪ ਨੇ ਨਹੀਂ ਬੁਲਾਈ ਗਵਰਨਰ ਨੇ ਅੰਡਰ ਆਰਟੀਕਲ 174 ਆਫ਼ ਦੀ ਕਾਂਨਸਟੀਚੂਸ਼ਨ ਰੀਸਮਨ ਕੀਤੀ ਹੈ ਜਿਹੜੀ ਕਿ ਇਲਲੀਗਲ ਹੈ। ਅਗਰ ਜਨਾਬ ਬੁਲਾਂਦੇ ਤਾਂ ਲੀਗਲ ਸੀ। ਮਗਰ ਜਿਹੜੀ ਗਵਰਨਰ ਨੇ ਅੰਡਰ ਆਰਟੀਕਲ 174 ਬੁਲਾਈ ਹੈ ਇਹ ਇਲਲੀਗਲ ਹੈ। ਇਸ ਸਬੰਧ ਵਿੱਚ ਗਵਰਨਰ ਪਾਸ ਪਾਵਰਜ਼ ਨਹੀਂ ਕਿਉਂਕਿ ਅਜੇ ਤਕ ਅਸੈਂਬਲੀ ਪ੍ਰੋਰੋਗ ਨਹੀਂ ਸੀ ਹੋਈ, ਇਹ ਇਨ ਸੈਸ਼ਨ ਸੀ ਔਰ ਅੰਡਰ ਰੂਲ 16 ਆਫ਼ ਦੀ ਰੂਲਜ਼ ਆਪ ਨੇ

*For reply to Starred Question No. 1092 and interim replies to starred question No. 1181 and 1182 please see appendix to this Debate.

[ਸ਼੍ਰੀ ਲਾਲ ਚੰਦ ਸੱਬਰਵਾਲ]

ਦੋ ਮਹੀਨਿਆਂ ਲਈ ਐਡਜਰਨ ਹੀ ਕੀਤੀ ਸੀ। ਇਹੀ ਚੀਜ਼ ਮੈਂ ਜਨਾਬ ਦੇ ਨੋਟਿਸ ਵਿੱਚ ਲਿਆਉਣੀ ਚਾਹੁੰਦਾ ਸੀ। ਇਸ ਦੇ ਉਪਰ ਡਿਸੀਜ਼ਨ ਕਰ ਲਓ ਕਿ ਆਇਆ ਇਹ ਅਸੈਂਬਲੀ ਪਰਾਪਰਲੀ ਕਾਲਡ ਹੈ ਜਾਂ ਨਹੀਂ।

ਸ੍ਰੀ ਸਪੀਕਰ : ਮੈਂ ਇਹ ਪੁਆਇੰਟ ਅੱਛੀ ਤਰ੍ਹਾਂ ਨਾਲ ਐਗਜ਼ਾਮਿਨ ਕਰ ਲਿਆ ਹੈ। ਇਹ ਸਵਾਲ ਕਿਤਨੇ ਦਿਨ ਅਖਬਾਰਾਂ ਵਿੱਚ ਵੀ ਆਉਂਦਾ ਰਿਹਾ ਹੈ। ਅਸੈਂਬਲੀ ਪ੍ਰੋਰੋਗਡ ਹੈ, ਐਡਜਰਨਡ ਨਹੀਂ। ਅਗਰ ਐਡਜਰਨਡ ਹੁੰਦੀ ਤਾਂ ਮੈਂ 6, 7 ਜਾਂ 8 ਮਈ, 1968 ਨੂੰ ਬੁਲਾ ਲੈਂਦਾ। ਕਿਉਂਕਿ ਕੇਸ ਦਾ ਹਾਲੀ ਹਾਈਕੋਰਟ ਵਿੱਚ ਫੈਸਲਾ ਨਹੀਂ ਸੀ ਹੋਇਆ ਇਸ ਲਈ ਬੁਲਾਈ ਨਹੀਂ ਗਈ। So it is a prorogued House and not an adjourned House. (I have thoroughly examined this point. This question had also been in the Press for a number of days. The Assembly stood prorogued, not adjourned. Had it stood adjourned, I would have called the House to meet on the 6th, 7th or 8th of May, 1968. Since the High Court had kept the decision reserved by then, the House was not summoned earlier. So it is a prorogued House and not an adjourned House.)

ਸ੍ਰੀ ਲਾਲ ਚੰਦ ਸੱਬਰਵਾਲ : ਆਪ ਦੀ ਰੂਲਿੰਗ ਤਾਂ ਮੈਂ ਮੰਨਦਾ ਹਾਂ ਪਰ ਮੈਂ ਕਹਾਂਗਾ ਕਿ ਜਨਾਬ ਇਸ ਸਵਾਲ ਤੇ ਫਿਰ ਗੌਰ ਕਰ ਲੈਣ ਕਿਉਂਕਿ ਪ੍ਰੋਰੋਗੇਸ਼ਨ ਵੀ ਤਾਂ ਹੀ ਹੋਵੇਗੀ ਅਗਰ ਅਸੈਂਬਲੀ ਐਡਜਰਨ ਨਾ ਹੋਈ ਹੋਈ ਹੋਵੇ। ਇਸ ਕੇਸ ਵਿੱਚ ਚੂੰਕਿ 6 ਮਈ ਤੱਕ ਅਸੈਂਬਲੀ ਐਡਜਰਨ ਹੋਈ ਸੀ ਇਸ ਲਈ ਪ੍ਰੋਰੋਗੇਸ਼ਨ ਨਹੀਂ ਸੀ ਹੋ ਸਕਦੀ। ਜਿਹੜਾ ਪ੍ਰੋਰੋਗੇਸ਼ਨ ਦਾ ਸਵਾਲ ਹੈ ਇਹ ਵੀ ਸਬ-ਜੂਡਿਸ ਹੈ। ਉਸ ਵਿੱਚ ਮੈਂ ਨਹੀਂ ਜਾਣਾ ਚਾਹੁੰਦਾ ਪਰ ਮੈਂ ਜਨਾਬ ਦੇ ਨੋਟਿਸ ਵਿੱਚ ਲਿਆਣਾ ਚਾਹੁੰਦਾ ਸੀ ਕਿ ਉਹ ਪ੍ਰੋਰੋਗੇਸ਼ਨ ਦਾ ਆਰਡਰ ਵੀ ਇਲਲੀਗਲ ਹੈ।

ਸ੍ਰੀ ਸਪੀਕਰ : ਤੁਸੀਂ ਫੇਰ ਮੇਰੇ ਚੈਂਬਰ ਵਿੱਚ ਆ ਜਾਉ ਉਥੇ ਡਿਸਕਸ ਕਰ ਲਵਾਂਗੇ। ਵੈਸੇ ਮੈਂ ਇਸ ਸਬੰਧ ਵਿੱਚ ਚੰਗੀ ਤਰ੍ਹਾਂ ਨਾਲ ਜਾਇਜ਼ਾ ਲੈ ਚੁਕਿਆ ਹਾਂ ਕਿ House is prorogued. (The hon. Member may kindly come to my Chamber and discuss it. So far as this matter is concerned, I have thoroughly assessed the whole position and I am of the opinion that it is a prorogued House.)

ਸ੍ਰੀ ਲਾਲ ਚੰਦ ਸੱਬਰਵਾਲ : ਹਾਊਸ ਨੂੰ ਵੀ ਦਸ ਛਡਣਾ ਚਾਹੀਦਾ ਹੈ ਕਿ ਤੁਹਾਡਾ ਇਹ ਜਾਇਜ਼ਾ ਕਿਸ ਤਰ੍ਹਾਂ ਬਣਿਆ। ਉਸ ਦੇ ਕੀ ਰੀਜ਼ਨਜ਼ ਹਨ।

ਸ੍ਰੀ ਸਪੀਕਰ :-ਇਹ ਰੂਲਜ਼ ਦੇ ਮੁਤਾਬਿਕ ਹੈ। (This is in accordance with the Rules).

ਸ੍ਰੀ ਲਾਲ ਚੰਦ ਸੱਬਰਵਾਲ : ਰੂਲ 16 ਬੜਾ ਕਲੀਅਰ ਹੈ। ਇਹ ਰੂਲ ਅਪਸੈਟ ਨਹੀਂ ਹੁੰਦਾ। ਉਸ ਦੇ ਮੁਤਾਬਿਕ ਤੁਸੀਂ ਹਾਊਸ ਨੂੰ ਬੁਲਾ ਸਕਦੇ ਸੀ।

ਸ੍ਰੀ ਸਪਕੀਰ : ਜੇਕਰ ਮੈਂ ਰੂਲਜ਼ ਦੇ ਮੁਤਾਬਿਕ ਬੁਲਾਂਦਾ ਤਾਂ ਉਸ ਸੂਰਤ ਵਿੱਚ ਤੁਸੀਂ ਕਹਿਣਾ ਸੀ ਕਿ ਹਾਊਸ ਪ੍ਰੋਰੋਗਡ ਹੈ (Had I summoned the House according to Rules then you would have, in that case, said that the House was prorogued).

ਸ੍ਰੀ ਲਾਲ ਚੰਦ ਸੱਬਰਵਾਲ : ਤੁਹਾਨੂੰ ਤਾਂ ਕੋਈ ਹੋਰ ਚੀਜ਼ ਵੀ ਇਹ ਕਹਿੰਦੀ ਹੈ। ਤੁਹਾਡੇ ਪੁਆਇੰਟ ਨੂੰ ਤਾਂ ਕਿਸੇ ਹੋਰ ਨੇ ਵੀ ਅਪਹੋਲਡ ਕੀਤਾ ਹੈ ਕਿ ਹਾਊਸ ਪ੍ਰੋਰੋਗ ਨਹੀਂ ਸੀ ਹੋਇਆ।

ਸ੍ਰੀ ਸਪੀਕਰ : ਠੀਕ ਹੈ ਕਿ ਉਹ ਐਡਜਰਨਮੈਂਟ 7 ਮਈ ਤਕ ਸੀ। ਉਸ ਦੇ ਬਾਅਦ ਅਗਰ ਮੈਂ ਬੁਲਾਂਦਾ ਤਾਂ ਠੀਕ ਸੀ। ਉਸ ਦੇ ਬਾਅਦ ਮੈਂ ਬੁਲਾਈ ਨਹੀਂ। (Quite right. That adjournment was till the 7th May, 1968. It was in order if I had summoned the House thereafter. I did not summon it thereafter.)

ਸ੍ਰੀ ਲਾਲ ਚੰਦ ਸੱਬਰਵਾਲ : ਪਰ ਤੁਹਾਡੇ ਨਾ ਬੁਲਾਣ ਨਾਲ ਆਟੋਮੈਟੀਕਲੀ ਪ੍ਰੋਰੋਗ ਨਹੀਂ ਹੋ ਜਾਂਦੀ। 7 ਮਈ ਤੋਂ ਬਾਅਦ ਪ੍ਰੋਰੋਗੇਸ਼ਨ ਬਾਰੇ ਗਵਰਨਰ ਦਾ ਆਰਡਰ ਵੀ ਚਾਹੀਦਾ ਹੈ। ਉਸ ਦੀ ਗੈਰ ਹਾਜ਼ਰੀ ਵਿੱਚ ਜਨਾਬ ਕਿਸੇ ਵੀ ਡੇਟ ਨੂੰ ਬੁਲਾ ਸਕਦੇ ਸੀ। (ਵਿਘਨ) ਅਗਰ ਜਨਾਬ ਨੇ ਆਪਣੀ ਰੂਲਿੰਗ ਤੇ ਦੁਬਾਰਾ ਗੌਰ ਕਰਨੀ ਹੈ ਤਾਂ ਇਸ ਬਾਰੇ ਕਲ ਗੱਲ ਕਰ ਲਵਾਂਗੇ। ਅਸਾਂ ਚੂੰਕਿ ਜਨਾਬ ਤੋਂ ਗਾਈਡੈਂਸ ਲੈਣੀ ਹੈ ਇਸ ਲਈ ਇਸ ਬਾਰੇ ਲਾਈਟ ਥਰੋ ਕਰੋ ਕਿ ਕਿਸ ਤਰ੍ਹਾਂ ਨਾਲ ਤੁਸੀਂ ਇਸ ਨਤੀਜੇ ਤੇ ਅਪੜੇ।

ਸ੍ਰੀ ਸਪੀਕਰ : ਮੈਂ ਖਾਸੀ ਸਲਾਹ ਕਰ ਲਈ ਹੈ ਔਰ ਕਾਫ਼ੀ ਲੀਗਲ ਓਪੀਨੀਅਨ ਲੈ ਲਈ ਹੈ। (I have consulted a number of persons and have obtained adequate legal opinion in the matter).

After assessing it, I have come to the conclusion that this is a prorogued House.

ਸ੍ਰੀ ਲਾਲ ਚੰਦ ਸੱਬਰਵਾਲ : ਜਨਾਬ ਦਾ ਕਨਕਲੂਜ਼ਨ ਠੀਕ ਹੋਵੇਗਾ ਪਰ ਇਸ ਸਬੰਧ ਵਿੱਚ ਸਾਨੂੰ ਵੀ ਤਾਂ ਲਾਈਟ ਮਿਲਣੀ ਚਾਹੀਦੀ ਹੈ।

ਸ੍ਰੀ ਸਪੀਕਰ :-ਆਪਾਂ ਉਥੇ ਡਿਸਕਸ਼ਨ ਕਰ ਲਵਾਂਗੇ। ਮੈਂ ਤੁਹਾਡੀ ਤਸੱਲੀ ਕਰ ਦੇਵਾਂਗਾ ਕਿ ਪ੍ਰੋਰੋਗਡ ਹੈ। (We would discuss this matter in the Chamber. I would convince you that it is a prorogued House.)

ਸ੍ਰੀ ਅ. ਵਿਸ਼ਵਨਾਥਨ ; ਜਨਾਬ ਨੇ ਸ੍ਰੀ ਸੱਬਰਵਾਲ ਜੀ ਦੇ ਪੁਆਇੰਟ ਆਫ਼ ਆਰਡਰ ਦੇ ਜਵਾਬ ਵਿੱਚ ਕਿਹਾ ਹੈ ਕਿ ਡਿਸਕਸ਼ਨ ਕਰ ਲੈਣ। ਕੀ ਅਸੀਂ ਇਹ ਪ੍ਰਿਜ਼ਿਊਮ ਕਰੀਏ ਕਿ ਜਿਹੜੀ ਸੱਬਰਵਾਲ ਜੀ ਦੀ ਕਨਟੈਨਸ਼ਨ ਹੈ ਉਸ ਨਾਲ ਅਗਰ ਤੁਸੀਂ ਸਹਿਮਤ ਹੋ ਜਾਓ ਤਾਂ ਕੀ ਇਹ ਹੁਣ ਜਿਹੜੀ ਕਾਰਵਾਈ ਹੋ ਰਹੀ ਹੈ ਇਹ ਇਲਲੀਗਲ ਹੋ ਜਾਵੇਗੀ।

ਸ੍ਰੀ ਸਪੀਕਰ : ਮੈਂ ਉਨ੍ਹਾਂ ਦੇ ਨਾਲ ਸਹਿਮਤ ਨਹੀਂ ਹੋਵਾਂਗਾ। ਮੈਂ ਆਪਣੀ ਰੂਲਿੰਗ ਦੇ ਦਿੱਤੀ ਹੈ। (I would not agree with him. I have given my ruling).

ਸ੍ਰੀ ਅ. ਵਿਸ਼ਵਨਾਥਨ : ਅਗਰ ਉਨ੍ਹਾਂ ਦੇ ਨਾਲ ਸਹਿਮਤ ਨਹੀਂ ਹੋਣਾ ਤਾਂ ਫਿਰ ਬੁਲਾਉਣ ਦੀ ਕੀ ਜ਼ਰੂਰਤ ਹੈ।

ਸ੍ਰੀ ਸਪੀਕਰ : ਉਹ ਪ੍ਰਾਈਵੇਟਲੀ ਮੇਰੇ ਨਾਲ ਡਿਸਕਸ ਕਰ ਲੈਣਗੇ ਨਾਟ ਆਫ਼ਿਸ਼ਲੀ। ਉਨ੍ਹਾਂ ਦੇ ਨਾਲ ਸਹਿਮਤ ਹੋਣ ਵਾਲੀ ਕੋਈ ਗੱਲ ਨਹੀਂ ਹੈ। (He would discuss with me this matter privately and not officially. There is no question of my agreeing with him.)

Mr. Speaker : Starred Question Nos. 1093 and 1094 are in the name of Shri Balramji Dass Tandon. The hon. Member is not present.

ਸਰਦਾਰ ਗੁਰਨਾਮ ਸਿੰਘ : ਸਵਾਲ ਹੀ ਥੋੜੇ ਜਿਹੇ ਸਨ । ਕੀ ਸਾਰੇ ਹੀ ਐਕਸਤੈਂਡ ਹੋ ਗਏ ਹਨ ।

ਸ੍ਰੀ ਸਪੀਕਰ : ਕਿਉਂਕਿ ਜਲਦੀ ਵਿੱਚ ਸੈਸ਼ਨ ਆਇਆ ਹੈ ਇਸ ਲਈ ਛੇਤੀ ਜਵਾਬ ਨਹੀਂ ਦੇ ਸਕੇ । (Perhaps they ha e not been able to send replies to questions earlier because the session has been summoned in a hurry.)

Sardar Gurnam Singh : Government is otherwise busy somewhere else.

ਮੁੱਖ ਮੰਤਰੀ : ਇਹ ਵੀ ਠੀਕ ਹੈ ਤੁਸੀਂ ਜਿਸ ਤਰ੍ਹਾਂ ਚਾਹੋ ਗੌਰਮੈਂਟ ਨੂੰ ਬਿਜ਼ੀ ਰਖੋ ।

UNSTARRED QUESTIONS AND ANSWERS

ELECTRICITY COMMUNICATIONS FOR TUBEWELLS

172. **Sardar Sikander Singh :** Will the Minister of State for Irrigation and Power be pleased to state—

(a) the yearly target fixed by the Government to supply electricity connections to the tubewells in the State;

(b) the total No. of electricity connections given district-wise in the State during the period from 18th February, 1967 to 17th February, 1968;

(c) whether any preference is given to the border districts while giving such connections.

ਸਰਦਾਰ ਨੱਥਾ ਸਿੰਘ :

(ੳ) 16,000 1967-68 ਵਿਚ

(ਅ) ਜ਼ਿਲੇ ਦਾ ਨਾਂ

	1-2-67 ਤੋਂ 31-1-68 ਤਕ ਦਿਤੇ ਹੋਏ ਕੁਨੈਕਸ਼ਨ
ਅੰਮ੍ਰਿਤਸਰ	681
ਗੁਰਦਾਸਪੁਰ	595
ਜਲੰਧਰ	801
ਕਪੂਰਥਲਾ	306
ਹੁਸ਼ਿਆਰਪੁਰ	4 3
ਲੁਧਿਆਣਾ	1,388
ਰੋਪੜ	242
ਫਿਰੋਜ਼ਪਰ	848
ਬਠਿੰਡਾ	197
ਸੰਗਰੂਰ	566
ਪਟਿਆਲਾ	820

ਹਾਂ ਜੀ। ਸਿੰਜਾਈ ਲਈ ਟਿਊਬਵੈਲਾਂ ਨੂੰ ਕੁਨੈਕਸ਼ਨ ਦੇਣ ਵਾਸਤੇ 11 ਕੇ. ਵੀ. ਲਾਈਨਾਂ ਵਿਛਾਉਣ ਲਈ ਨਵੇਂ ਖੇਤਰਾਂ ਦੀ ਚੋਣ ਸਮੇਂ ਹਿੰਦ ਪਾਕ ਸਰਹੱਦ ਤੋਂ 20 ਮੀਲ ਦੇ ਅੰਦਰ ਆਉਣ ਵਾਲੇ ਇਲਾਕਿਆਂ ਨੂੰ ਪਹਿਲ ਦਿਤੀ ਜਾਂਦੀ ਹੈ। ਇਸ ਤੋਂ ਇਲਾਵਾ 30 ਨਵੰਬਰ, 1966 ਮਗਰੋਂ ਆਈਆਂ ਟਿਊਬਵੈਲਾਂ ਦੇ ਕੁਨੈਕਸ਼ਨਾਂ ਦੀਆਂ ਦਰਖਾਸਤਾਂ ਸਬੰਧੀ ਡੀਮਾਂਡ ਨੋਟਿਸ ਜਾਰੀ ਕਰਨ ਉਤੇ ਲਾਈ ਪਾਬੰਦੀ ਸਰਹੱਦ ਤੋਂ 10 ਮੀਲ ਦੇ ਅੰਦਰ ਆਉਣ ਵਾਲੇ ਪਿੰਡਾਂ ਵਾਸਤੇ ਹਟਾ ਦਿਤੀ ਗਈ ਸੀ।

SALARY/T.A./D.A. DRAWN BY THE MINISTERS IN THE UNITED FRONT MINISTRY

173. **Sardar Sikander Singh :** Will the Chief Minister be pleased to state—

(a) the amount of salary, T.A. and D.A. received by each of the following Ex-Ministers of the United Front Ministry during their period of Minister-ship :—

(i) Comrade Sat Pal Dang, Cabinet Minister ;

(ii) Sardar Balwant Singh, Excise and Taxation Minister;

(iii) General Rajinder Singh, Revenue Minister and

(iv) Sardar Satnam Singh Bajwa, Deputy Minister;

(b) the expenditure incurred by the Government on the staff provided to each of the said Ministers and their telephonic expenses?

Sardar Lachhman Singh Gill :

(a) and (b) above.

The requisite information is laid on the Table of the House.

[ਲੋੜੀਂਦੀ ਸੂਚਨਾ ਵਿਧਾਨ ਸਭਾ ਦੇ ਸਾਹਮਣੇ ਪੇਸ਼ ਹੈ]

Statement showing expenditure on Salary, T.A. and D.A., Staff and Telephones during Tenure of Office as Ministers/Deputy Minister.

Sr. No.	Name of the ex-Ministers	Salary	T.A./D.A.	Expenditure incurred by Government on staff provided to them	Expenses on account of telephone bills paid by Government
1.	Shri Satya Pal Dang, Minister	5,775.00	1,425.00	28,099.92	2,561.53
2.	Shri Balwant Singh, Minister	6,404.30	1,137.50	17,446.32	3,370.90
3.	Major General Rajinder Singh, Minister	8,575.27	1,862.50	16,216.34	6,605.83
4.	Shri Satnam Singh Bajwa, Deputy Minister	6,160.00	2,950.00	10,471.67	3,887.83

ਸ੍ਰੀ ਸਪੀਕਰ : ਅਗਲੀ ਆਈਟਮ ਹੈ ਆਬਿਚੂਅਰੀ ਰੇਫਰੇਂਸਿਜ਼। (Next item is obituary references.)

OBITUARY REFERENCES

ਮੁਖ ਮੰਤਰੀ (ਸਰਦਾਰ ਲਛਮਣ ਸਿੰਘ ਗਿਲ) : ਸਤਿਕਾਰ ਯੋਗ ਸਪੀਕਰ ਸਾਹਿਬ, ਪਿਛਲੇ ਅਸੈਂਬਲੀ ਦੇ ਸੈਸ਼ਨ ਔਰ ਹੁਣ ਦੇ ਦਰਮਿਆਨ ਦੋ ਵਾਕਿਆਤ ਐਸੇ ਹੋਏ ਨੇ ਜਿਨ੍ਹਾਂ ਦੇ ਨਾਲ ਮੁਲਕ ਨੂੰ ਬੜਾ ਘਾਟਾ ਪਿਆ ਹੈ । ਉਨ੍ਹਾਂ ਵਿਚੋਂ ਸਾਰਿਆਂ ਨਾਲੋਂ ਪਹਿਲਾਂ ਮੈਂ ਆਸਾਮ ਦੀ ਅਸੈਂਬਲੀ ਦੇ ਸਪੀਕਰ ਦੀ ਮੌਤ ਦਾ ਜ਼ਿਕਰ ਕਰਦਾ ਹਾਂ । ਉਹ ਇਕ ਬੜੇ ਚੰਗੇ ਬੈਰਿਸਟਰ ਸਨ । ਇਤਨੀ ਉਚੀ ਤਾਲੀਮ ਹਾਸਲ ਕਰਨ ਤੋਂ ਬਾਅਦ ਉਨ੍ਹਾਂ ਨੇ ਕਾਂਗਰਸ ਵਿਚ ਕੰਮ ਕੀਤਾ ਔਰ ਉਸ ਤੋਂ ਉਪਰੰਤ ਉਨ੍ਹਾਂ ਨੇ ਆਪਣੀ ਸਟੇਟ ਵਿਚ ਪ੍ਰਜਾ ਸੋਸ਼ਲਿਸਟ ਪਾਰਟੀ ਕਾਇਮ ਕੀਤੀ । ਉਸ ਦੇ ਚੇਅਰ ਮੈਨ ਰਹੇ ਔਰ ਬਹੁਤ ਦੇਰ ਉਹ ਟਰੇਡ ਯੂਨੀਅਨ ਵਿਚ ਵੀ ਕੰਮ ਕਰਦੇ ਰਹੇ । ਉਨ੍ਹਾਂ ਦੀ ਆਪਣੀ ਸਟੇਟ ਖਾਸ ਤੌਰ ਤੇ ਅਤੇ ਸਾਰਾ ਮੁਲਕ ਆਮ ਤੌਰ ਤੇ ਉਨ੍ਹਾਂ ਦੀ ਖਿਦਮਾਤ ਦਾ ਮਸ਼ਕੂਰ ਹੈ । ਬਤੌਰ ਸਪੀਕਰ ਉਨ੍ਹਾਂ ਦਾ ਜਿਹੜਾ ਕੰਮ ਕੀਤਾ ਹੋਇਆ ਹੈ ਉਸ ਤੋਂ ਅਸੀਂ ਬਹੁਤ ਸਾਰੀਆਂ ਗੱਲਾਂ ਸਿਖ ਸਕਦੇ ਹਾਂ । ਜਿਥੋਂ ਤਕ ਹਾਊਸ ਵਿਚ ਕੰਮ ਚਲਾਉਣ ਦਾ ਸਬੰਧ ਸੀ ਉਹ ਹਮੇਸ਼ਾ ਧੜੇਬਾਜ਼ੀ ਤੋਂ ਉਪਰ ਰਹੇ ਹਨ । ਉਨ੍ਹਾਂ ਦੀਆਂ ਦਿਤੀਆਂ ਹੋਈਆਂ ਰੂਲਿੰਗਜ਼ ਦੇਸ਼ ਦੇ ਸਪੀਕਰਜ਼ ਵਾਸਤੇ ਅਤੇ ਲੈਜਿਸਲੇਚਰਜ ਦਾ ਕੰਮ ਚਲਾਉਣ ਵਾਸਤੇ ਇਕ ਸਬਕ ਦੇ ਸਕਦੀਆਂ ਹਨ । ਐਸੇ ਮਹਾਨ ਆਦਮੀ ਦਾ ਸਾਡੇ ਦੇਸ਼ ਵਿਚੋਂ ਚਲੇ ਜਾਣਾ ਇਕ ਬੜਾ ਭਾਰੀ ਖਿਲਾ ਛਡ ਗਿਆ ਹੈ ਜਿਹੜਾ ਕਿ ਪੂਰਾ ਨਹੀਂ ਹੋ ਸਕਦਾ । ਲੇਕਿਨ ਈਸ਼ਵਰ ਦੇ ਭਾਣੇ ਦੇ ਸਾਹਮਣੇ ਸਾਨੂੰ ਸਿਰ ਝੁਕਾਉਣਾ ਪੈਂਦਾ ਹੈ । ਅਸੀਂ ਅਰਦਾਸ ਹੀ ਕਰ ਸਕਦੇ ਹਾਂ ਕਿ ਵਾਹਿਗੁਰੂ ਉਨ੍ਹਾਂ ਦੀ ਰੂਹ ਨੂੰ ਸ਼ਾਂਤੀ ਦੇਵੇ ਔਰ ਉਨ੍ਹਾਂ ਨੂੰ ਅਪਣੇ ਚਰਨਾਂ ਵਿਚ ਨਿਵਾਸ ਬਖਸ਼ੇ ।

ਦੂਸਰੀ ਹਸਤੀ ਜਿਹੜੀ ਸਾਥੋਂ ਵਿਛੜ ਗਈ ਹੈ ਉਹ ਸਰਦਾਰ ਉੱਤਮ ਸਿੰਘ ਦੁਗਲ ਜੀ ਹਨ । ਉਹ ਰਾਜ ਸਭਾ ਦੇ ਮੈਂਬਰ ਸਨ । ਇਸੇ ਪੰਜਾਬ ਦੀ ਅਸੈਂਬਲੀ ਨੇ ਉਨ੍ਹਾਂ ਨੂੰ ਚੁਣ ਕੇ ਉਥੇ ਭੇਜਿਆ ਸੀ ਆਪਣਾ ਪ੍ਰਤਿਨਿਧ ਬਣਾ ਕੇ ਭੇਜਿਆ ਸੀ । ਉਨ੍ਹਾਂ ਦਾ ਜਨਮ ਰਾਵਲਪਿੰਡੀ ਵਿਚ ਇਕ ਖਾਸੇ ਚੰਗੇ ਖਾਂਦੇ ਪੀਂਦੇ ਘਰਾਨੇ ਵਿਚ ਹੋਇਆ । ਪਾਰਟੀਸ਼ਨ ਤੋਂ ਪਹਿਲਾਂ ਔਰ ਬਾਅਦ ਉਨ੍ਹਾਂ ਨੇ ਜਨਤਾ ਦੀ ਭਲਾਈ ਦੇ ਬਹੁਤ ਸਾਰੇ ਕੰਮ ਕੀਤੇ । ਖਾਸ ਤੌਰ ਤੇ ਪਾਰਟੀਸ਼ਨ ਦੇ ਵੇਲੇ ਉਨ੍ਹਾਂ ਨੇ ਆਪਣੀਆਂ ਸੇਵਾਵਾਂ ਉਥੋਂ ਆਉਣ ਵਾਲੇ ਭਰਾਵਾਂ ਨੂੰ ਅਰਪਨ ਕੀਤੀਆਂ ਸਨ ਜਿਹੜੇ ਅਪਣੇ ਘਰਘਾਟ ਛਡ ਕੇ ਉਧਰੋਂ ਇਧਰ ਆਏ ਸਨ । ਉਨ੍ਹਾਂ ਨੇ ਉਨ੍ਹਾਂ ਭਰਾਵਾਂ ਦੀਆਂ ਦਿਕਤਾਂ ਨੂੰ ਆਪਣੀਆਂ ਦਿਕਤਾਂ ਸਮਝਿਆ ਔਰ ਕਾਫ਼ਲਿਆਂ ਨੂੰ ਲੈ ਕੇ ਇਥੇ ਆਏ । ਸੰਨ 1947 ਤੋਂ ਲੈ ਕੇ ਹੁਣ ਤਕ ਉਹ ਹਮੇਸ਼ਾ ਪਬਲਿਕ ਸੇਵਾ ਦੇ ਕੰਮ ਵਿਚ ਜੁਟੇ ਰਹੇ । ਸਕੂਲਾਂ ਔਰ ਕਾਲਜਾਂ ਵਲ ਖਾਸ ਤੌਰ ਤੇ ਉਨ੍ਹਾਂ ਦੀ ਤਵੱਜੋ ਰਹੀ ।

ਪੰਜਾਬ ਦੀ ਸਿਆਸੀ ਜ਼ਿੰਦਗੀ ਵਿਚ, ਪੰਜਾਬ ਦੀ ਸੋਸ਼ਲ ਜ਼ਿੰਦਗੀ ਵਿਚ ਉਹ ਆਪਣਾ ਖਾਸ ਰੁਤਬਾ ਰਖਦੇ ਸੀ । ਮੇਰੀ ਜ਼ਿੰਦਗੀ ਦੇ ਬਹੁਤ ਸਾਰੇ ਸਾਲ ਉਨ੍ਹਾਂ ਨਾਲ ਬਹੈਸੀਅਤ ਸਾਥੀ ਗੁਜ਼ਰੇ । ਵੀਹ ਸਾਲ ਅਸੀਂ ਬਹੈਸੀਅਤ ਬਿਲਡਰਜ਼ ਇਕੱਠੇ ਰਹੇ । ਮੈਂ ਉਨ੍ਹਾਂ ਨੂੰ ਬੜੇ ਨਜ਼ਦੀਕ ਤੋਂ ਦੇਖਿਆ ਹੈ । ਬਾਵਜੂਦ ਇਸ ਗੱਲ ਦੇ ਕਿ ਸਾਡੇ ਆਪਸ ਵਿਚ ਪੁਲਿਟੀਕਲ ਇਖਤਲਾਫ਼ਾਤ ਰਹੇ ਹਨ ਮੈਂ ਇਹ ਕਹੇ ਬਿਨਾ ਨਹੀਂ ਰਹਿ ਸਕਦਾ ਕਿ ਉਹ ਨਿਹਾਇਤ ਬੁਲੰਦ ਸ਼ਖਸੀਅਤ ਦੇ ਆਦਮੀ ਸਨ । ਅਫ਼ਸੋਸ ਹੈ ਕਿ ਉਹ ਵੀ ਸਾਡੇ ਕੋਲੋਂ ਜੁਦਾ ਹੋ ਗਏ ਹਨ । ਉਨ੍ਹਾਂ ਦੇ ਜਾਣ ਦੇ ਨਾਲ ਜਿਹੜੀ ਖਾਮੀ ਪੈਦਾ ਹੋ ਗਈ ਹੈ ਉਸ ਨੂੰ ਪੂਰਾ ਕਰਨਾ ਬਹੁਤ ਔਖਾ ਨਜ਼ਰ ਆਉਂਦਾ ਹੈ ।

ਇਸ ਲਈ ਇਥੇ ਇਹੀ ਕਹਿ ਕੇ ਆਪਣੇ ਆਪ ਨੂੰ ਤਸਕੀਨ ਦੇਣੀ ਪੈਂਦੀ ਹੈ ਕਿ ਵਾਹਿਗੁਰੂ ਦੇ ਭਾਣੇ ਅਗੇ ਕਿਸੇ ਦਾ ਜ਼ੋਰ ਨਹੀਂ ਹੈ । ਇਸ ਤਰ੍ਹਾਂ ਦੇ ਈਮਾਨਦਾਰ ਦੇਸ਼ ਦੇ ਸਿਪਾਹੀ ਪਾਰਲੀਮੈਂਟ ਦੇ ਮੈਂਬਰ ਦਾ ਇਥੋਂ ਚਲੇ ਜਾਣਾ ਸੂਬੇ ਲਈ, ਦੇਸ਼ ਲਈ, ਦੋਸਤਾਂ ਲਈ ਅਤੇ ਰਿਸ਼ਤੇਦਾਰਾਂ ਲਈ ਇਕ ਸਦਮਾ ਹੈ, ਮਗਰ ਵਾਹਿਗੁਰੂ ਦਾ ਭਾਣਾ ਮੰਨਣਾ ਹੀ ਪੈਂਦਾ ਹੈ ਅਤੇ ਮੰਨਣਾ ਹੀ ਚਾਹੀਦਾ ਹੈ । ਅਸੀਂ ਇਹੀ ਅਰਦਾਸ ਕਰਦੇ ਹਾਂ ਕਿ ਵਾਹਿਗੁਰੂ ਉਨ੍ਹਾਂ ਦੀ ਰੂਹ ਨੂੰ ਸ਼ਾਂਤੀ ਬਖਸ਼ੇ ਅਤੇ ਉਨ੍ਹਾਂ ਦੇ ਪਰਵਾਰ ਨੂੰ ਇਹ ਸਦਮਾ ਬਰਦਾਸ਼ਤ ਕਰਨ ਦਾ ਬਲ ਬਖਸ਼ੇ । ਇਨ੍ਹਾਂ ਲਫਜ਼ਾਂ ਦੇ ਨਾਲ ਮੈਂ ਹਾਊਸ ਦੇ ਸਾਹਮਣੇ ਏ ਪ੍ਰਸਤਾਵ ਰਖਦਾ ਹਾਂ ਅਤੇ ਆਸ ਕਰਦਾ ਹਾਂ ਕਿ ਇਹ ਸਰਵ-ਸੰਮਤੀ ਨਾਲ ਪਰਵਾਨ ਕੀਤੇ ਜਾਣਗੇ ।

ਸਰਦਾਰ ਗੁਰਨਾਮ ਸਿੰਘ (ਕਿਲਾ ਰਾਏਪੁਰ) : ਸਪੀਕਰ ਸਾਹਿਬ, ਸਰਦਾਰ ਉੱਤਮ ਸਿੰਘ ਦੁਗਲ ਇਸ ਅਸੈਂਬਲੀ ਦੇ ਹੀ ਹਲਕੇ ਤੋਂ ਚੁਣ ਕੇ ਰਾਜ ਸਭਾ ਦੇ ਮੈਂਬਰ ਹੋਏ ਸਨ। ਉਨ੍ਹਾਂ ਦੇ ਅਕਾਲ ਚਲਾਣੇ ਦਾ ਸਾਨੂੰ ਬੜਾ ਦੁਖ ਹੈ ਖਾਸ ਕਰ ਕੇ ਸਾਡੀ ਪਾਰਟੀ ਨੂੰ ਜਿਸ ਦੇ ਕਿ ਉਹ ਮੈਂਬਰ ਸਨ । ਉਹ ਰਾਵਲਪਿੰਡੀ ਦੇ ਇਕ ਬੜੇ ਵੱਡੇ ਘਰਾਣੇ ਵਿਚ ਪੈਦਾ ਹੋਏ ਅਤੇ ਆਪ ਦਾ ਉਸ ਇਲਾਕੇ ਵਿਚ ਬੜਾ ਅਸਰੋਰਸੂਖ ਸੀ । ਉਸ ਦੇ ਬਾਅਦ ਜਦ ਮੁਲਕ ਦਾ ਬਟਵਾਰਾ ਹੋਇਆ ਤਾਂ ਆਪ ਦਿਲੀ ਆ ਗਏ ਅਤੇ ਆਪ ਨੇ ਉਥੇ ਆਏ ਸ਼ਰਨਾਰਥੀਆਂ ਦੀ ਬੇਹੱਦ ਸੇਵਾ ਕੀਤੀ । ਇਸ ਤੋਂ ਅਲਾਵਾ ਉਹ ਬਹੁਤ ਸਾਰੇ ਤਾਲੀਮੀ ਅਦਾਰਿਆਂ ਅਤੇ ਹੋਰ ਦੂਜੇ ਰਫਾਇਆਮਾ ਦੇ ਕੰਮਾਂ ਵਿਚ ਭਾਰੀ ਹਿੱਸਾ ਲੈਂਦੇ ਰਹੇ । ਉਹ ਅਕਾਲੀ ਪਾਰਟੀ ਦੇ ਬੜੇ ਉਘੇ ਮੈਂਬਰ ਸਨ ਅਤੇ ਉਨ੍ਹਾਂ ਨੇ ਬਾਵਜੂਦ ਬਹੁਤ ਪ੍ਰੈਸ਼ਰ ਦੇ ਅਕਾਲੀ ਪਾਰਟੀ ਦਾ ਸਾਥ ਬੜੀ ਈਮਾਨਦਾਰੀ ਨਾਲ ਦਿਤਾ ਅਤੇ ਅਕਾਲੀ ਪਾਰਟੀ ਲਈ ਉਨ੍ਹਾਂ ਨੇ ਬੜੀ ਦ੍ਰਿੜ੍ਹਤਾ ਨਾਲ ਕੰਮ ਕੀਤਾ । ਇਕ ਕਰੋੜਪਤੀ ਆਦਮੀ ਹੁੰਦੇ ਹੋਏ ਭੀ ਜਿੰਨੀ ਨਿਮਰਤਾ ਅਤੇ ਹਲੀਮੀ ਮੈਂ ਉਨ੍ਹਾਂ ਵਿਚ ਦੇਖੀ ਹੈ ਹੋਰ ਕਿਸੇ ਅਮੀਰ ਆਦਮੀ ਵਿਚ ਮੈਂ ਨਹੀਂ ਦੇਖੀ । ਉਨ੍ਹਾਂ ਵਿਚ ਇਹ ਇਕ ਬਹੁਤ ਵੱਡੀ ਖੂਬੀ ਸੀ । ਉਨ੍ਹਾਂ ਦਾ ਆਪਣੇ ਪਰਵਾਰ ਨਾਲ ਪਿਆਰ ਇਕ ਮਿਸਾਲ ਸੀ ਜਿਸ ਨੂੰ ਲੋਕਾਂ ਨੂੰ ਫ਼ਾਲੋ ਕਰਨਾ ਚਾਹੀਦਾ ਹੈ । ਜਿਥੋਂ ਤਕ ਸਿਆਸਤ ਦਾ ਸਬੰਧ ਹੈ ਉਹ ਜਿਸ ਪਾਰਟੀ ਦੇ ਟਿਕਟ ਤੇ ਚੁਣੇ ਗਏ ਉਸ ਦਾ ਕੰਮ ਉਨ੍ਹਾਂ ਨੇ ਦਿਆਨਤਦਾਰੀ ਨਾਲ ਕੀਤਾ ਅਤੇ ਦ੍ਰਿੜ੍ਹਤਾ ਨਾਲ ਉਸ ਦਾ ਸਾਥ ਦਿਤਾ । ਇਨ੍ਹਾਂ ਦੇ ਅਕਾਲ ਚਲਾਣੇ ਨਾਲ ਸਾਡੀ ਪਬਲਿਕ ਲਾਈਫ ਨੂੰ ਇਕ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਪਰ ਪਰਮਾਤਮਾਂ ਦੇ ਸਾਵੇਂ, ਕਿਸੇ ਦਾ ਚਾਰਾ ਨਹੀਂ ਹੈ । ਅਜ ਅਸੀਂ ਅਰਦਾਸ ਕਰੀਏ ਕਿ ਪਰਮਾਤਮਾਂ ਉਨ੍ਹਾਂ ਦੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ ਅਤੇ ਉਨ੍ਹਾਂ ਦੇ ਸਾਰੇ ਪਰਵਾਰ ਅਤੇ ਪਾਰਟੀ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ । ਮੈਂ ਦਰਖ਼ਾਸਤ ਕਰਾਂਗਾ ਕਿ ਇਹ ਜੋ ਰੈਜ਼ੋਲਿਊਸ਼ਨ ਹੈ ਇਸ ਦੀ ਕਾਪੀ ਉਨ੍ਹਾਂ ਦੇ ਪਰਵਾਰ ਨੂੰ ਭੇਜੀ ਜਾਵੇ ।

ਆਸਾਮ ਦੇ ਸਪੀਕਰ ਸਾਹਿਬ ਦੇ ਨਾਲ ਮੈਂ ਜ਼ਾਤੀ ਤੌਰ ਤੇ ਵਾਕਫ ਨਹੀਂ ਸਾਂ ਮਗਰ ਜਿਸ ਤਰ੍ਹਾਂ ਕਿ ਦਸਿਆ ਗਿਆ ਹੈ ਉਨ੍ਹਾਂ ਨੇ ਬੜੇ ਸਿਆਸੀ ਕੰਮ ਕੀਤੇ । ਇਹ ਗੱਲ ਕੁਦਰਤੀ ਵੀ ਹੈ ਕਿ ਸਪੀਕਰ ਦੇ ਉਹਦੇ ਤੇ ਇਨਸਾਨ ਤਦ ਹੀ ਪਹੁੰਚਦਾ ਹੈ ਜਿਸ ਨੇ ਕਿ ਸਿਆਸੀ ਮੈਦਾਨ ਵਿਚ ਅੱਵਲ ਦਰਜੇ ਦੇ ਕੰਮ ਕੀਤੇ ਹੋਣ । ਸਾਨੂੰ ਇਨ੍ਹਾਂ ਦੀ ਮੌਤ ਦਾ ਵੀ ਬੜਾ ਦੁਖ ਹੈ । ਇਸ ਹਮਦਰਦੀ ਦਾ ਰੈਜ਼ੋਲਿਊਸ਼ਨ ਉਨ੍ਹਾਂ ਦੇ ਪਰਵਾਰ ਨੂੰ ਵੀ ਭੇਜ ਦੇਣਾ ਚਾਹੀਦਾ ਹੈ । ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਇਸ ਮਤੇ ਦੀ ਤਾਈਦ ਕਰਦਾ ਹਾਂ ।

ਸਰਦਾਰ ਗਿਆਨ ਸਿੰਘ ਰਾੜੇਵਾਲਾ (ਪਾਇਲ) : ਸਪੀਕਰ ਸਾਹਿਬ, ਇਸ ਹਾਊਸ ਦੇ ਸਾਹਮਣੇ ਬਜ਼ੁਰਗ ਹਸਤੀਆਂ ਦੇ ਗੁਜ਼ਰ ਜਾਣ ਤੇ ਸ਼ੋਕ ਪ੍ਰਸਤਾਵ ਪੇਸ਼ ਹੋਏ ਹਨ । ਮੈਂ ਵੀ ਆਪਣੇ ਆਪ ਨੂੰ ਉਨ੍ਹਾਂ ਖਿਆਲਾਤ ਦੇ ਨਾਲ ਸ਼ਾਮਿਲ ਕਰਦਾ ਹਾਂ ਜੋ ਲੀਡਰ ਆਫ ਦੀ ਹਾਊਸ ਨੇ ਅਤੇ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਜ਼ਾਹਿਰ ਕੀਤੇ ਹਨ । ਸਪੀਕਰ ਸਾਹਿਬ, ਮਿਸਟਰ ਗੋਸਵਾਮੀ ਜੋ ਕਿ ਆਸਾਮ ਲੇਜਿਸਲੇਟਿਵ ਅਸੈਂਬਲੀ ਦੇ ਸਪੀਕਰ ਸਨ ਭਾਵੇਂ ਉਨ੍ਹਾਂ ਨਾਲ ਮੈਨੂੰ ਜ਼ਾਤੀ ਤੁਆਰਫ ਨਹੀਂ ਸੀ, ਲੇਕਿਨ ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ ਉਨ੍ਹਾਂ ਦਾ ਇਤਨੇ ਉਚੇ ਅਹੁਦੇ ਤੇ ਪਹੁੰਚਣਾ ਹੀ ਇਸ ਗਲ ਦਾ ਸਬੂਤ ਹੈ ਕਿ ਉਨ੍ਹਾਂ ਨੇ ਆਪਣੇ ਦੇਸ਼ ਦੀ, ਸਟੇਟ ਦੀ ਵਧ ਚੜ੍ਹਕੇ ਸੇਵਾ ਕੀਤੀ ਸੀ । ਇਸ ਵੇਲੇ ਵੀ ਮੈਂ ਸਮਝਦਾ ਹਾਂ ਕਿ ਆਸਾਮ ਦੇ ਹਾਲਾਤ ਇਸੇ ਤਰ੍ਹਾਂ ਦੇ ਹਨ ਕਿ ਉਨ੍ਹਾਂ ਵਰਗੇ ਬਜ਼ੁਰਗਾਂ ਦੀਆਂ ਸੇਵਾਵਾਂ ਦੀ ਉਥੇ ਸਖਤ ਲੋੜ ਹੈ । ਉਥੇ ਦੇ ਹਾਲਾਤ ਇਸ ਗੱਲ ਦੀ ਮੰਗ ਕਰਦੇ ਹਨ ਕਿ ਐਸੇ ਬਜ਼ੁਰਗ ਇਸ ਵੇਲੇ ਉਸ ਸਟੇਟ ਦੀ ਵਧ ਤੋਂ ਵਧ ਸੇਵਾ ਕਰ ਸਕਣ ।

ਸਰਦਾਰ ਉੱਤਮ ਸਿੰਘ ਦੁਗਲ ਹੋਰਾਂ ਨਾਲ ਵੀ ਮੇਰਾ ਜ਼ਾਤੀ ਤੁਆਰਫ ਨਹੀਂ ਸੀ । ਜਦੋਂ ਪਾਰਟੀਸ਼ਨ ਹੋਈ ਅਤੇ ਰਾਵਲਪਿੰਡੀ ਤੋਂ ਹਿੰਦੂ ਅਤੇ ਸਿਖ ਹਿਜਰਤ ਕਰਕੇ ਇਧਰ ਆਏ ਤਾਂ ਇਨ੍ਹਾਂ ਦੀ ਫੈਮਲੀ ਦੇ ਕੁਝ ਅਫਰਾਦ ਪਟਿਆਲੇ ਵਿਚ ਆਬਾਦ ਹੋਏ । ਸਰਦਾਰ ਜਸਵੰਤ ਸਿੰਘ ਦੁਗਲ ਮੈਂਬਰ ਅਸੈਂਬਲੀ ਵੀ ਰਹੇ । ਸਰਦਾਰ ਉੱਤਮ ਸਿੰਘ ਦੁਗਲ ਭਾਵੇਂ ਆਪ ਦਿੱਲੀ ਵਿਚ ਸੈਟਲ ਹੋਏ ਅਤੇ ਇਨ੍ਹਾਂ ਦਾ ਕੰਮ ਕਾਰ ਵੀ ਉਥੇ ਹੀ ਜਾਂ ਪੰਜਾਬ ਤੋਂ ਬਾਹਰ ਸੀ, ਪਰ ਜਦ ਪਿਛਲੇ ਦਿਨੀਂ ਉਨ੍ਹਾਂ ਨੂੰ ਮਿਲਣ ਦਾ ਮੈਨੂੰ ਮੌਕਾ ਮਿਲਿਆ ਤਾਂ ਉਸ ਤੋਂ ਮੈਨੂੰ ਪਤਾ ਲਗਾ ਕਿ ਉਨ੍ਹਾਂ ਦੇ ਦਿਲ ਅੰਦਰ ਪੰਜਾਬ ਨਾਲ ਕਿੰਨਾ ਦਰਦ ਹੈ । ਉਹ ਪੰਜਾਬ ਦੀ ਖਿਦਮਤ ਆਪਣੇ ਵਿਤ ਅਨੁਸਾਰ ਵਧ ਤੋਂ ਵਧ ਕਰਨਾ ਚਾਹੁੰਦੇ ਸਨ ਉਨਾਂ ਦਾ ਇਸ ਵੇਲੇ ਜਦ ਕਿ ਉਨ੍ਹਾਂ ਵਰਗੇ ਸੱਜਨਾਂ ਦੀ ਖਿਦਮਤ ਦੀ ਇਸ ਰਿਆਸਤ ਨੂੰ ਬੜੀ ਲੋੜ ਹੈ, ਇਸ ਜਹਾਨ ਤੋਂ ਉਠ ਜਾਣਾ ਸਾਡੇ ਲਈ ਬੜੀ ਹੀ ਘਾਟੇ ਵਾਲੀ ਗਲ ਹੈ । ਇਨ੍ਹਾਂ ਦੋਹਾਂ ਹੀ ਲੀਡਰਾਂ ਨਾਲ ਹਮਦਰਦੀ ਦਾ ਜੋ ਇਜ਼ਹਾਰ ਹਾਊਸ ਵਿਚ ਮੇਰੇ ਤੋਂ ਪਹਿਲਾਂ ਕੀਤਾ ਗਿਆ ਹੈ ਉਸ ਨਾਲ ਮੁਤਫਿਕ ਹੁੰਦਾ ਹੋਇਆ ਮੈਂ ਦਰਖਾਸਤ ਕਰਾਂਗਾ ਕਿ ਹਾਊਸ ਦੀ ਹਮਦਰਦੀ ਉਨ੍ਹਾਂ ਦੇ ਪਰਵਾਰਾਂ ਤਕ ਪਹੁੰਚਾ ਦਿਤੀ ਜਾਵੇ ।

ਸਰਦਾਰ ਜਗਦੇਵ ਸਿੰਘ ਗਿਲ (ਰਾਇਕੋਟ): ਸਪੀਕਰ ਸਾਹਿਬ, ਲੀਡਰ ਆਫ ਦੀ ਹਾਊਸ, ਜੋ ਹਸਤੀਆਂ ਸਵਰਗਵਾਸ ਹੋ ਗਈਆਂ ਹਨ ਉਨ੍ਹਾਂ ਬਾਰੇ, ਸੋਗ ਦੇ ਮਤੇ ਇਥੇ ਲਿਆਏ ਹਨ । ਸਪੀਕਰ ਸਾਹਿਬ, ਸਰਦਾਰ ਉੱਤਮ ਸਿੰਘ ਦੁੱਗਲ ਸਾਡੀ ਪਾਰਟੀ ਦੇ ਮੈਂਬਰ ਸਨ ਅਤੇ ਇਕ ਬੜੇ ਵਡੇ ਸਰਮਾਇਦਾਰ ਅਤੇ ਠੇਕਦਾਰ ਹੁੰਦੇ ਹੋਏ ਵੀ ਉਨ੍ਹਾਂ ਨੇ ਜਿਸ ਪਾਰਟੀ ਦੇ ਨਾਲ ਸਟੈਂਡ ਲਿਆ—ਉਹ ਕੋਈ ਫਿਰਕੇਦਾਰ ਆਦਮੀ ਨਹੀਂ ਸਨ, ਉਸ ਆਪਣੇ ਸਟੈਂਡ ਤੇ ਕਾਇਮ ਰਹੇ । ਉਨ੍ਹਾਂ ਦੇ ਖਿਆਲਾਤ ਨੂੰ ਦੇਖਦੇ ਹੋਏ ਅਸੀਂ ਮਹਿਸੂਸ ਕਰਦੇ ਹਾਂ ਕਿ ਉਨ੍ਹਾਂ ਦੇ ਚਲਾਣੇ ਨਾਲ ਸਾਡੀ ਪਾਰਟੀ ਨੂੰ ਇਕ ਨਾ ਪੂਰਾ ਹੋਣ ਵਾਲਾ ਘਾਟਾ ਹੋਇਆ ਹੈ ਇਹ ਗਲ ਅਸੀਂ ਮਹਿਸੂਸ ਕਰਦੇ ਹਾਂ ਅਤੇ ਆਪਣੀ ਹਮਦਰਦੀ ਉਨ੍ਹਾਂ ਦੇ ਪਰਵਾਰ ਨਾਲ ਪਰਗਟ ਕਰਦੇ ਹਾਂ ।

ਇਸ ਤੋਂ ਅਲਾਵਾ ਲੀਡਰ ਆਫ਼ ਦੀ ਹਾਊਸ ਨੇ ਅਤੇ ਲੀਡਰ ਆਫ਼ ਦੀ ਆਪੋਜ਼ੀਸ਼ਨ ਨੇ ਜੋ ਆਸਾਮ ਦੇ ਸਪੀਕਰ ਸਾਹਿਬ ਦੇ ਪਰਵਾਰਾਂ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ ਹੈ; ਮੈਂ ਉਸ ਨਾਲ ਵੀ ਸਹਿਮਤੀ ਪਰਗਟ ਕਰਦਾ ਹਾਂ ।

ਸ਼੍ਰੀ ਸਪੀਕਰ : ਇਹ ਜੋ ਦੋ ਹਸਤੀਆਂ ਸਾਡੇ ਹਿੰਦੋਸਤਾਨ ਦੀਆਂ ਚਲੀਆਂ ਗਈਆਂ ਹਨ ਉਨ੍ਹਾਂ ਦੇ ਮੁਤਲਿਕ ਲੀਡਰ ਆਫ਼ ਦੀ ਹਾਊਸ, ਲੀਡਰ ਆਫ਼ ਦੀ ਆਪੋਜ਼ੀਸ਼ਨ, ਲੀਡਰ ਆਫ਼ ਦੀ ਕਾਂਗਰਸ ਅਤੇ ਲੀਡਰ ਆਫ਼ ਦੀ ਅਕਾਲੀ ਪਾਰਟੀ ਨੇ ਜੋ ਖ਼ਿਆਲਾਤ ਜ਼ਾਹਰ ਕੀਤੇ ਹਨ, ਮੈਂ ਆਪਣੇ ਆਪ ਨੂੰ ਵੀ ਉਨ੍ਹਾਂ ਵਿਚ ਸ਼ਾਮਲ ਕਰਦਾ ਹਾਂ। ਮੈਂ ਇਨ੍ਹਾਂ ਦੋਹਾਂ ਹਸਤੀਆਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਸ੍ਰੀ ਗੋਸਵਾਮੀ ਜੀ ਇਕ ਸੀਨੀਅਰ ਸਪੀਕਰ ਸਨ ਅਤੇ ਸਪੀਕਰਾਂ ਦੀ ਕਾਨਫਰੰਸ ਵਿਚ ਇਨ੍ਹਾਂ ਦੀ ਉੱਚੀ ਮਾਨਤਾ ਅਤੇ ਬਹੁਤ ਇਜ਼ੱਤ ਸੀ। ਚੁਨਾਂਚੇ ਪਿਛੇ ਜਿਹੇ ਇਕ ਪ੍ਰੀਜ਼ਾਈਡਿੰਗ ਆਫ਼ੀਸਰਜ਼ ਕਾਨਫਰੰਸ ਹੋਈ ਸੀ। ਉਸ ਦੇ ਵਿਚ ਇਕ ਇਹ ਆਦਮੀ ਵੀ ਸਨ ਜਿਹੜੇ ਕਿ ਇਸ ਗਲ ਲਈ ਚੁਣੇ ਗਏ ਸਨ ਕਿ ਜਿਹੜੀਆਂ ਜਿਹੜੀਆਂ ਤਬਦੀਲੀਆਂ ਅਤੇ ਕਈ ਕਿਸਮਾਂ ਦੇ ਘਾਟੇ ਜਾਂ ਹੋਰ ਚੀਜ਼ਾਂ ਹਨ, ਉਨ੍ਹਾਂ ਵਾਸਤੇ ਇਕ ਕਮੇਟੀ ਬਣਾਈ ਜਾਵੇ। ਸ੍ਰੀ ਗੋਸਵਾਮੀ ਜੀ ਇਸ ਕਮੇਟੀ ਦੇ ਮੈਂਬਰ ਸਨ। ਅਗਰ ਉਹ ਅੱਜ ਜ਼ਿੰਦਾ ਹੁੰਦੇ ਤਾਂ ਅੱਜ ਸ਼ਿਮਲੇ ਵਿਚ ਜਿਹੜੀ ਸਪੀਕਰਜ਼ ਕਾਨਫਰੰਸ ਹੋ ਰਹੀ ਹੈ, ਉਸ ਵਿਚ ਉਹ ਸ਼ਾਮਲ ਹੁੰਦੇ ਅਤੇ ਆਪਣੇ ਚੰਗੇ ਵਿਚਾਰ ਉਸ ਦੇ ਵਿਚ ਦਸਦੇ ਅਤੇ ਚੰਗੀ ਤਰ੍ਹਾਂ ਉਸ ਵਿਚ ਹਿੱਸਾ ਲੈਂਦੇ। ਗੋਸਵਾਮੀ ਜੀ ਬਹੁਤ ਹੀ ਨੇਕ ਔਰ ਇਕ ਅੱਛੇ ਸੁਲਝੇ ਹੋਏ ਕਾਂਗਰਸ ਦੇ ਲੀਡਰ ਸਨ। ਉਹ ਇਥੇ ਵੀ ਸਰਦੀ ਦੇ ਮੌਸਮ ਵਿਚ ਆਏ ਜਦ ਉਨ੍ਹਾਂ ਨੇ ਆਪਣਾ ਦੌਰਾ ਇਸ ਪਾਸੇ ਕੀਤਾ ਸਾਨੂੰ ਕਈ ਕਿਸਮ ਦੀਆਂ ਚੀਜ਼ਾਂ ਦਸੀਆਂ, ਜਿਸ ਤਰ੍ਹਾਂ ਕਿ ਉਨ੍ਹਾਂ ਨੇ ਆਸਾਮ ਵਿਚ ਆਪਣੀ ਸਭਾ ਵਿਚ ਰਾਇਜ ਕੀਤੀਆਂ ਸਨ। ਮੈਨੂੰ ਉਨ੍ਹਾਂ ਦੇ ਮਰਨ ਦਾ ਬੜਾ ਭਾਰੀ ਅਫ਼ਸੋਸ ਹੋਇਆ ਹੈ।

ਇਸੇ ਤਰ੍ਹਾਂ ਸ੍ਰੀ ਉੱਤਮ ਸਿੰਘ ਦੁੱਗਲ ਜੋ ਕਿ ਮੇਰੇ ਅਜ਼ੀਜ਼ ਮਿੱਤਰ ਸਨ ਉਹ ਦੋਸਤਾਂ ਦੇ ਦੋਸਤ ਸਨ। ਉਹ ਰਾਵਲਪਿੰਡੀ ਵਿਚ ਪੈਦਾ ਹੋਏ ਅਤੇ 1937 ਵਿਚ ਸਾਡੇ ਨਾਲ ਹੀ ਰਾਵਲ ਪਿੰਡੀ ਵਲੋਂ ਅਸੈਂਬਲੀ ਦੇ ਮੈਂਬਰ ਬਣ ਕੇ ਆਏ। ਉਹ ਆਪਣੇ ਕਈ ਕਾਰੋਬਾਰਾਂ ਔਰ ਕਈ ਆਪਣੀਆਂ ਠੇਕੇਦਾਰੀਆਂ ਵਿਚ ਹਮੇਸ਼ਾ ਰੁਝੇ ਰਹਿੰਦੇ ਸਨ। ਨਾਲ ਨਾਲ ਉਹ ਆਪਣੀ ਕੌਮ ਅਤੇ ਗ਼ਰੀਬ ਭਾਈਆਂ ਦੀ ਇਮਦਾਦ ਕਰਕੇ ਉਨ੍ਹਾਂ ਨੂੰ ਆਪਣੇ ਨਾਲ ਨਾਲ ਲਿਜਾਂਦੇ ਸਨ। ਉਨ੍ਹਾਂ ਨੂੰ ਹਿੱਸੇ ਦੇ ਕੇ ਹਰ ਤਰ੍ਹਾਂ ਦੀਆਂ ਸਹੂਲਤਾਂ ਦੇ ਕੇ ਉਤਾਂਹ ਉਠਣ ਵਿਚ ਮਦਦ ਕਰਦੇ ਸਨ।

ਸ: ਉੱਤਮ ਸਿੰਘ ਦੁੱਗਲ ਅਤੇ ਸ੍ਰੀ ਗੋਸਵਾਮੀ ਦੇ ਚਲੇ ਜਾਣ ਨਾਲ ਮੈਂ ਸਮਝਦਾ ਹਾਂ ਕਿ ਮੈਨੂੰ ਇਨ੍ਹਾਂ ਦੋਸਤਾਂ ਦਾ ਅਕਾਲ ਚਲਾਣਾ ਕਰਨ ਨਾਲ ਦੁਖ ਨਾਲ ਭਰਿਆ ਵਿਛੋੜਾ ਹੋਇਆ ਹੈ। ਮੈਂ ਅਰਦਾਸ ਕਰਦਾ ਹਾਂ ਕਿ ਇਨ੍ਹਾਂ ਦੋਹਾਂ ਰੂਹਾਂ ਨੂੰ ਮੇਰਾ ਮਾਲਕ ਪਰਮਾਤਮਾ ਸ਼ਾਂਤੀ ਬਖਸ਼ੇ ਅਤੇ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਉਨ੍ਹਾਂ ਦੇ ਪਸਮਾਂਦਗਾਨ ਤੇ ਇਹ ਜੋ ਸੰਕਟ ਆਇਆ ਹੈ ਸ਼ਾਂਤੀ, ਸਬਰ ਅਤੇ ਹੌਸਲੇ ਨਾਲ ਬਰਦਾਸ਼ਤ ਕਰਨ ਦੀ ਸ਼ਕਤੀ ਦੇਵੇ।

ਮੈਂ ਹਾਊਸ ਦੇ ਸਾਰੇ ਮੈਂਬਰਾਂ ਪਾਸ ਅਪੀਲ ਕਰਾਂਗਾ ਕਿ ਉਹ ਦੋ ਮਿੰਟ ਵਾਸਤੇ ਖੜੇ ਹੋ ਕੇ ਉਨ੍ਹਾਂ ਦੀਆਂ ਰੂਹਾਂ ਦੇ ਲਈ ਅਰਦਾਸ ਵਿਚ ਸ਼ਾਮਲ ਹੋਣ। (I associate myself with the sentiments expressed by the Leader of the House, Leader of the Opposition, Leaders of the Congress and the Akali Parties in connection with the passing away of these two eminent personalities of India. I knew them both intimately. Shri Goswami was one of the Senior Speakers of the State Legislatures and was held in high esteem

[Mr. Speaker]

during the Speakers' Conference. During the course of the last Presiding Officers' Conference, he was nominated to a Committee constituted to go into the working of the legislatures and find out the remedies of the problems arising these days. Had he been alive, he would have been at Simla these days to attend that meeting of the Committee and would have given it the benefit of his advice and suggestions. Shri Goswami was a thorough gentleman as also a front rank leader of the Congress. He visited us also in the last winter during the course of his tour of this region. He told us about a number of conventions/ traditions which he had established in the Assam Vidhan Sabha. I am deeply grieved at his death.

Similary, Sardar Uttam Singh Duggal was my esteemed friend. He was friend of friends. He was born at Rawalpindi and was elected to the State Assembly in 1937 along with me from Rawalpindi. Though he remained fully occupied in the business, trade and contracts yet he helped his brethren and offered unstinted co-operation to the poor in the community. He gave them every encouragement and tried to uplift them by offering them financial assistance and help of every kind.

I am painfully shocked at the sad demise of Shri Goswami and Sardar Uttam Singh Duggal. I pray to Almighty God for peace to these departed souls and give courage to the bereaved families to face the loss boldly.

I would request the members of the House to stand in silence for two minutes as a mark of respect to the memory of the deceased.)

(*The House stood in silence for two minutes.*)

ਸ੍ਰੀ ਸਪੀਕਰ : ਮੈਂ ਹਾਊਸ ਤੋਂ ਇਜਾਜ਼ਤ ਚਾਹਵਾਂਗਾ ਕਿ ਇਹ ਜੋ ਮਤੇ ਤੁਸੀਂ ਪਾਸ ਕੀਤੇ ਹਨ ਇਹ ਉਨ੍ਹਾਂ ਦੇ ਪਰਵਾਰਾਂ ਨੂੰ ਜਿਸ ਤਰ੍ਹਾਂ ਕਿ ਲੀਡਰ ਆਫ਼ ਦੀ ਹਾਊਸ ਨੇ ਮੰਗ ਕੀਤੀ ਹੈ, ਭੇਜੇ ਜਾਣ । (I would like to have the sense of the House whether messages of condolence be sent to the families of the deceased, as suggested by the Leader of the House.)

ਆਵਾਜ਼ਾਂ : ਠੀਕ ਹੈ ਜੀ ।

Chief Minister (Sardar Lachhman Singh Gill) : Sir, whereas the High Court of Punjab........

Sardar Gurnam Singh : Sir, there are Adjournment Motions, Call Attention Motions and Privilege Motions given notice of by various hon. Members.

(ਇਸ ਸਮੇਂ ਮੁੱਖ ਮੰਤਰੀ ਬੋਲਣ ਲਈ ਖੜੇ ਹੋਏ)

ਸ੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਬਾਕੀ ਕਾਰਵਾਈ ਕਰਨ ਤੋਂ ਪਹਿਲਾਂ ਪ੍ਰਿਵਿਲਿਜ ਮੋਸ਼ਨ ਅਤੇ ਐਡਜਰਨਮੈਂਟ ਮੋਸ਼ਨਾਂ ਆਉਣੀਆਂ ਚਾਹੀਦੀਆਂ ਹਨ ।

ਸ੍ਰੀ ਸਪੀਕਰ : ਠੀਕ ਹੈ ਜੀ, ਪਹਿਲਾਂ ਇਹ ਮੋਸ਼ਨਾਂ ਕਰ ਲੈਂਦੇ ਹਾਂ । (Well, let us take these Motions first.)

PRIVILEGE MOTION

ਸ੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਇਕ ਪ੍ਰਿਵਿਲਿਜ ਮੋਸ਼ਨ ਦਾ ਨੋਟਿਸ ਦਿਤਾ ਸੀ ਅਤੇ ਅਜ ਸਵੇਰੇ ਆਪ ਦੀ ਸੇਵਾ ਵਿਚ ਘੱਲਿਆ ਸੀ ਕਿ 18 ਮਾਰਚ ਨੂੰ ਇਥੇ ਹਾਊਸ ਦੇ ਅੰਦਰ ....

ਸ੍ਰੀ ਸਪੀਕਰ : ਮੈਂ ਅਰਜ਼ ਕਰਾਂ ਕਿ ਮੈਂ ਇਸ ਦਾ ਜਵਾਬ ਵੀ ਤੁਹਾਨੂੰ ਭੇਜ ਦਿਤਾ ਹੋਇਆ ਹੈ । ਮੈਂ ਇਸ ਨੂੰ ਡਿਸ-ਅਲਾਉ ਕਰ ਦਿਤਾ ਹੈ । ਇਸ ਕਰਕੇ ਇਸ ਨੂੰ ਰਹਿਣ ਹੀ ਦਿਉ ਤਾਂ ਚੰਗਾ ਹੈ । (A reply thereto has already been sent to the hon. Member. I have disallowed it. Therefore, it would be better if he does not raise this point.)

ਸ੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਮੈਨੂੰ ਹੁਣੇ ਹੀ ਤੁਹਾਡਾ ਜਵਾਬ ਮਿਲਿਆ ਹੈ । ਇਸ ਦੇ ਬਾਰੇ ਮੈਨੂੰ ਅਰਜ਼ ਕਰਨ ਦੀ ਇਜਾਜ਼ਤ ਦਿਉ ।

Mr. Speaker : I have already disallowed it. If the hon. Member wants to say anything more, he may please come to my Chamber.

ਤੁਸੀਂ ਆਪ ਹੀ ਪਹਿਲਾਂ ਪ੍ਰੋਸੀਜਰ ਬਣਾਇਆ ਹੋਇਆ ਹੈ ਕਿ ਜੇਕਰ ਕੋਈ ਚੀਜ਼ ਡਿਸਅਲਾਉ ਹੋ ਜਾਵੇ ਤਾਂ ਉਸੇ ਤਰ੍ਹਾਂ ਹੀ ਉਸ ਨੂੰ ਮੰਨ ਲਿਆ ਜਾਵੇ । ਅਗਰ ਕੋਈ ਆਬਜੈਕਸ਼ਨ ਹੋਵੇ ਜਾਂ ਕੋਈ ਸੁਜੈਸ਼ਨ ਹੋਵੇ ਤਾਂ ਮੇਰੇ ਚੈਂਬਰ ਵਿਚ ਆ ਕੇ ਮੈਨੂੰ ਦਸੋ ਤਾਂ ਜੋ ਉਸ ਦੇ ਮੁਤਾਬਿਕ ਜੇ ਜ਼ਰੂਰੀ ਹੋਵੇ ਤਾਂ ਤਬਦੀਲੀ ਕੀਤੀ ਜਾਵੇ । (The House has already accepted a procedure that in case some Motion is disallowed, then it is not to be referred to here. In case there is any objection or any suggestion is to be made in connection therewith then please discuss it with me in my Chamber so that the change, if necessary, may be made.)

ਸ਼੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਇਹ ਤਾਂ ਐਡਜਰਨਮੈਂਟ ਮੋਸ਼ਨ ਬਾਰੇ ਪ੍ਰੋਸੀਜਰ ਹੈ । ਪ੍ਰਿਵਿਲਿਜ ਮੋਸ਼ਨ ਬਾਰੇ ਤਾਂ ਰੂਲਜ਼ ਕਲੀਅਰ ਹਨ ਅਤੇ ਰੂਲਜ਼ ਪਰਮਿਟ ਕਰਦੇ ਹਨ ਕਿ ਜੇਕਰ ਤੁਸੀਂ ਮੁਨਾਸਿਬ ਸਮਝੋ ਤਾਂ ਰੀਜ਼ਨਜ਼ ਦੇ ਕੇ ਉਸ ਮੋਸ਼ਨ ਬਾਰੇ ਹਾਊਸ ਵਿਚ ਐਕਸਪਲੇਨ ਕਰ ਦਿਉ ਕਿ ਕਿਸ ਕਾਰਨ ਕਰਕੇ ਕਿਸੇ ਪ੍ਰਿਵਿਲਿਜ ਮੋਸ਼ਨ ਨੂੰ ਡਿਸਅਲਾਉ ਕੀਤਾ ਗਿਆ ਹੈ । ਕਿਉਂਕਿ ਇਹ ਮਾਮਲਾ ਬੜਾ ਅਹਿਮ ਹੈ, ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਇਸ ਅਸੈਂਬਲੀ ਦੇ ਇਸ ਪੋਰਸ਼ਨ ਵਿਚ, ਜਿਥੇ ਕਿ ਅਸੀਂ ਹੁਣ ਬੈਠੇ ਹਾਂ, ਬਾਹਰ ਦੇ ਪੁਲਿਸ ਮੈਨ ਪਲੇਨ ਕਲੋਦਜ਼ ਵਿਚ ਆਏ....(ਵਿਘਨ)

Mr. Speaker : A report has been lodged with the Police. It can only be considered one way.

ਜਾਂ ਤਾਂ ਇਹ ਚੀਜ਼ ਵਾਪਸ ਲੈ ਲਓ ਤੇ ਇਥੇ ਪ੍ਰਿਵਿਲਿਜ ਕਮੇਟੀ ਪਾਸ ਭੇਜਣ ਤੇ ਵਿਚਾਰ ਕਰ ਲਉ । ਕਿਉਂਕਿ ਇਸ ਮਾਮਲੇ ਨੂੰ ਦੋ ਜਗ੍ਹਾ ਤੇ ਨਹੀਂ ਲਿਆ ਜਾ ਸਕਦਾ, ਇਕੋ ਜਗ੍ਹਾ ਹੀ ਇਹ ਟੇਕ ਅਪ ਹੋ ਸਕਦਾ ਹੈ । (Either this case be withdrawn from there and considered here for reference to the Committee of Privileges or taken up there. It cannot be pursued at two levels. It can be taken up only at one place.)

ਸ਼੍ਰੀ ਲਾਲ ਚੰਦ ਸੱਬਰਵਾਲ : ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਡਿਪਟੀ ਸਪੀਕਰ ਨੇ ਪੁਲਿਸ ਤੋਂ ਉਹ ਸ਼ਿਕਾਇਤ ਵਾਪਸ ਲੈ ਲਈ ਹੈ ਅਤੇ ਹੁਣ ਉਥੇ ਕੋਈ ਮਾਮਲਾ ਨਹੀਂ ।

ਸ਼੍ਰੀ ਸਪੀਕਰ : ਇਹ ਤਾਂ ਤੁਹਾਨੂੰ ਪਤਾ ਹੈ ਕਿ ਡਿਪਟੀ ਸਪੀਕਰ ਇਸ ਪੁਲਿਸ ਵਾਲੀ ਰਿਪੋਰਟ ਨੂੰ ਵਾਪਿਸ ਨਹੀਂ ਲੈ ਸਕਦੇ ਅਤੇ investigation is going on. (You know that the Deputy Speaker is not competent to withdraw the case from the Police and the investigation is going on.)

ਸ਼੍ਰੀ ਲਾਲ ਚੰਦ ਸੱਬਰਵਾਲ : ਡਿਪਟੀ ਸਪੀਕਰ ਸਾਹਿਬ ਨੇ ਤਾਂ ਸਾਫ਼ ਕਿਹਾ ਹੈ ਕਿ ਇਹ ਰਿਪੋਰਟ ਵਾਪਸ ਲੈ ਲਈ ਗਈ ਹੈ । ਅਤੇ ਜੇਕਰ ਵਾਪਸ ਨਾ ਵੀ ਲਈ ਗਈ ਹੋਵੇ ਤਾਂ ਵੀ ਇਹ ਪ੍ਰਿਵਿਲਿਜ ਦਾ ਸਵਾਲ ਹੈ ਅਤੇ ਇਹ ਨਾਲ ਦੀ ਨਾਲ ਚਲ ਸਕਦਾ ਹੈ ।

ਸ਼੍ਰੀ ਸਪੀਕਰ : ਮੈਂ ਇਹ ਕਹਿ ਚੁਕਾ ਹਾਂ ਕਿ ਇਸ ਨੂੰ ਦੋ ਜਗ੍ਹਾ ਅਲਾਉ ਨਹੀਂ ਕੀਤਾ ਜਾ ਸਕਦਾ । (I have already ruled that it can not be allowed at two places.)

ਸ਼੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਾਂਗਾ ਕਿ ਪੁਲਿਸ ਕੋਲੋਂ ਇਹ ਕੇਸ ਵਾਪਸ ਲੈ ਲਿਆ ਜਾਵੇ ਅਤੇ ਪ੍ਰਿਵਿਲਿਜ ਕਮੇਟੀ ਨੂੰ ਸੌਂਪ ਦਿਤਾ ਜਾਵੇ। ਇਸ ਦੀਆਂ ਦੋ ਵਜਾਹ ਹਨ । ਇਕ ਤਾਂ ਇਹ ਕਿ ਇਹ ਗਲ ਅਸੈਂਬਲੀ ਦੀ ਬਿਲਡਿੰਗ ਵਿਚ ਉਸ ਪੋਰਸ਼ਨ ਵਿਚ ਹੋਈ....(ਵਿਘਨ)

(At this stage, the Chief Minister rose to say something.)

Shri Satya Pal Dang : Sir, I do not give way. I have been allowed by the Speaker.

ਸ੍ਰੀ ਸਪੀਕਰ : ਇਸ ਦਾ ਮਤਲਬ ਇਹ ਹੈ ਕਿ ਜਿਹੜੀ ਚੀਜ਼ ਤੁਸੀਂ ਪਹਿਲਾਂ ਕਰ ਚੁਕੇ ਹੋ ਉਸਨੂੰ ਵਾਪਸ ਲੈ ਕੇ ਦੂਸਰੀ ਜਗ੍ਹਾ ਸੌਂਪਿਆ ਜਾਵੇ । ਅਗਰ ਹਾਊਸ ਚਾਹੁੰਦਾ ਹੈ ਕਿ ਪੁਲਿਸ ਤੋਂ ਕੇਸ ਨੂੰ ਵਿਦਡਰਾ ਕਰ ਲਿਆ ਜਾਵੇ ਤਾਂ ਤੁਸੀਂ ਮੋਸ਼ਨ ਲੈ ਆਉ then I shall have to put it to the vote of the House. (It means that you want to withdraw that case from the Police and refer the same to some other body. If it is the sense of the House that the case be withdrawn from the Police then you may bring in a motion to that effect and then I shall have to put it to the vote of the House.)

ਸ੍ਰੀ ਅ. ਵਿਸ਼ਵਨਾਥਨ : ਇਹ ਤਾਂ ਸਪੀਕਰ ਸਾਹਿਬ, ਕ੍ਰਿਮੀਨਲ ਟਰੈਸਪਾਸ ਦਾ ਸਵਾਲ ਹੈ। ਇਸ ਲਈ.........

Mr. Speaker : I would request the hon. Member not to interrupt when I am on my legs.

ਪਹਿਲਾਂ ਵੀ ਤੁਹਾਡੇ ਤੋਂ ਟਰੱਬਲ ਕਰੀਏਟ ਹੋਈ ਸੀ। (On a previous occasion too, trouble started from him.)

I would request the hon. Member to please listen. If I allow him only then he can speak, otherwise not.

ਸਰਦਾਰ ਗੁਰਨਾਮ ਸਿੰਘ : Sir, with respect to your observation my submission is ਕਿ ਪੋਜ਼ੀਸ਼ਨ ਇਹ ਹੈ ਕਿ ਇਕ ਤਰਫ ਕ੍ਰਿਮੀਨਲ ਟਰੈਸਪਾਸ ਹੋਇਆ । ਰਿਪੋਰਟ ਪੁਲਿਸ ਵਿਚ ਹੋਈ ਹੈ ਪੁਲਿਸ ਉਸ ਤੇ ਇਨਵੈਸਟੀਗੇਸ਼ਨ ਕਰ ਰਹੀ ਹੈ । ਅਗਰ ਪੁਲਿਸ ਇਨਵੈਸਟੀਗੇਸ਼ਨ ਤੋਂ ਬਾਦ ਪ੍ਰਾਈਮਾ ਫੇਸਾਈ ਕੇਸ ਸਾਬਤ ਹੋ ਜਾਵੇ ਤਾਂ ਪੁਲਿਸ ਚਾਲਾਨ ਕਰ ਦੇਵੇਗੀ । ਇਹ ਠੀਕ ਹੈ । ਮਗਰ ਦੂਸਰੇ ਪਾਸੇ ਬਰੀਚ ਆਫ ਪ੍ਰਿਵਿਲਿਜ ਹੈ । ਇਹ ਬਿਲਕੁਲ ਅਲਹਿਦਾ ਗੱਲ ਹੈ । ਅਤੇ ਇਹ ਪ੍ਰੀਵਿਲਿਜ ਕਮੇਟੀ ਪਾਸ ਜਾ ਸਕਦਾ ਹੈ । ਪੁਲਿਸ ਦੀ ਇਨਵੈਸਟੀਗੇਸ਼ਨ ਦੀ ਇਸ ਵਿਚ ਕੋਈ ਰੁਕਾਵਟ ਨਹੀਂ । ਇਹ ਗੱਲ ਤਾਂ ਹਾਊਸ ਦੇ ਪ੍ਰੀਵਿਲਿਜ ਨਾਲ ਤਅੱਲੁਕ ਰਖਦੀ ਹੈ । ਪੁਲਿਸ ਪਾਸ ਜਿਹੜੀ ਰਿਪੋਰਟ ਕੀਤੀ ਗਈ ਹੈ ਉਹ ਇਸ ਵਿਚ ਕੋਈ ਰੁਕਾਵਟ ਨਹੀਂ ਪਾਉਂਦੀ। ਕ੍ਰਿਮੀਨਲ ਟਰੈਸਪਾਸ ਇਕ ਔਫੈਂਸ ਹੈ ਅਤੇ ਪੁਲਿਸ ਆਪਣਾ ਕੇਸ ਚਲਾਏਗੀ । ਪਰ ਇਹ ਹਾਊਸ ਦਾ ਪ੍ਰਿਵਿਲਿਜ ਹੈ ਕਿ ਹਾਊਸ ਵਿਚ ਮੈਂਬਰਾਂ ਨੇ ਮਿਸਬੀਹੇਵ ਕੀਤਾ ਹੈ । ਬਰੀਚ ਆਫ ਪ੍ਰਿਵਿਲਿਜ਼ ਕਿਉਂਕਿ ਹਾਊਸ ਵਿਚ ਹੋਇਆ ਹੈ, ਇਸ ਲਈ ਇਸ ਨੂੰ ਪ੍ਰਿਵਿਲਿਜ ਕਮੇਟੀ ਦੇ ਸਪੁਰਦ ਕੀਤਾ ਜਾ ਸਕਦਾ ਹੈ ਇੰਡੀਪੈਂਡੈਂਟ ਆਫ ਦੀ ਪੁਲਿਸ ਇਨਵੈਸਟੀਗੇਸ਼ਨ, ਅਤੇ ਸਜ਼ਾ ਦਿਤੀ ਜਾ ਸਕਦੀ ਹੈ ਅਗਰ ਪ੍ਰਿਵਿਲਿਜ ਸਾਬਤ ਹੋ ਜਾਵੇ ਤਾਂ । ਦੋਨੋਂ ਹੀ ਅਜੈਨਸੀਆਂ ਇਸ ਗਲ ਨੂੰ ਸੁਣ ਸਕਦੀਆਂ ਹਨ । ਪੁਲਿਸ ਵਿਚ ਵੀ ਇਹ ਕੇਸ ਜਾ ਸਕਦਾ ਹੈ ਅਤੇ ਸਾਈਮਲਟੇਨੀਅਸਲੀ ਪ੍ਰਿਵਿਲਿਜ ਕਮੇਟੀ ਪਾਸ ਵੀ । ਇਹ ਵਖਰੀ ਗਲ ਹੈ ਕਿ ਇਸ ਦਾ ਫੈਸਲਾ ਪਹਿਲਾਂ ਉਧਰੋਂ ਹੋ ਜਾਵੇ ਜਾਂ ਇਧਰੋਂ ਹੋ ਜਾਵੇ ।

ਸ੍ਰੀ ਸਪੀਕਰ : ਮੈਂ ਇਹ ਬੇਨਤੀ ਕਰਾਂਗਾ ਕਿ ਸੱਬਰਵਾਲ ਸਾਹਿਬ ਮਿਲ ਕੇ ਮੈਨੂੰ ਕੁਨਵਿੰਨਸ ਕਰ ਦੇਣ ਕਿ ਕੇਸ ਦੋਨੋਂ ਜਗ੍ਹਾਂ ਤੇ ਜਾ ਸਕਦਾ ਹੈ ।

[ਸ੍ਰੀ ਸਪੀਕਰ]

Then again you put those people in the dock. ਦੋਹਾਂ ਪਾਸਿਆਂ ਵਲ ਮੈਂ ਅਲਾਉ ਨਹੀਂ ਕਰ ਸਕਦਾ । (I would like Shri Suberwal to see me in my Chamber and convince me that the case can be taken up at both the places. Then you again put those people in the dock. I can not allow it to be dealt with by both the agencies).

ਸਰਦਾਰ ਗੁਰਨਾਮ ਸਿੰਘ : ਸਪੀਕਰ ਸਾਹਿਬ, ਫਿਰ ਇਸ ਨੂੰ ਪੈਂਡਿੰਗ ਰਹਿਣ ਦਿਉ ।

ਮੁੱਖ ਮੰਤਰੀ (ਸਰਦਾਰ ਲਛਮਣ ਸਿੰਘ ਗਿੱਲ) : ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਤੁਸੀਂ ਇਹ ਪ੍ਰਿਵਿਲਿਜ ਮੋਸ਼ਨ ਡਿਸਅਲਾਉ ਕਰ ਚੁਕੇ ਹੋ ।

ਦੂਜੀ ਗੱਲ ਇਹ ਹੈ ਕਿ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਕੁਝ ਗੱਲਾਂ ਕਹੀਆਂ ਕਿ ਬਾਹਰ ਦੇ ਆਦਮੀ ਹਾਊਸ ਵਿਚ ਆਏ ਸੀ । ਮੈਂ ਇਸ ਗੱਲ ਦੀ ਪੁਰਜ਼ੋਰ ਤਰਦੀਦ ਕਰਦਾ ਹਾਂ । ਇਹ ਗੱਲ ਠੀਕ ਨਹੀਂ ਹੈ। (ਵਿਘਨ) (ਸ਼ੋਰ) ਇਹ ਗੱਲ ਉਨ੍ਹਾਂ ਨੂੰ ਹਾਊਸ ਵਿਚ ਨਹੀਂ ਸੀ ਕਹਿਣੀ ਚਾਹੀਦੀ (ਸ਼ੋਰ)

ਸਰਦਾਰ ਗੁਰਨਾਮ ਸਿੰਘ : ਸਪੀਕਰ ਸਾਹਿਬ, ਸਵਾਲ ਤੁਹਾਡੇ ਸਾਹਮਣੇ ਇਹ ਹੈ ਕਿ ਇਹ ਦੋ ਇੰਸਟੀਚੂਸ਼ਨ ਹਨ । ਦੋਨਾਂ ਵਿਚ ਇਹ ਕੇਸ ਸਾਈਡਬਾਈ ਸਾਈਡ ਚਲ ਸਕਦਾ ਹੈ । ਪੁਲਿਸ ਇਨਵੈਸਟੀਗੇਸ਼ਨ ਆਪਣੇ ਤੌਰ ਤੇ ਕਰਦੀ ਰਹੇ ਅਤੇ ਪ੍ਰਿਵਿਲਿਜ ਕਮੇਟੀ ਆਪਣੇ ਤੌਰ ਤੇ ਇਸ ਕੇਸ ਤੇ ਗੌਰ ਕਰੇ । (ਸ਼ੋਰ) (ਵਿਘਨ)

ADJOURNMENT MOTIONS

ਸਰਦਾਰ ਗੁਰਚਰਨ ਸਿੰਘ (ਬਾਘਾ ਪੁਰਾਣਾ) : ਸਪੀਕਰ ਸਾਹਿਬ, ਮੇਰੀ ਇਕ ਐਡਜਰਨਮੈਂਟ ਮੋਸ਼ਨ ਸੀ ।

ਸ੍ਰੀ ਸਪੀਕਰ : ਮੈਂ ਉਹ ਡਿਸਅਲਾਊ ਕਰ ਦਿਤੀ ਹੈ । (I have disallowed that.)

ਸਰਦਾਰ ਗੁਰਚਰਨ ਸਿੰਘ (ਬਾਘਾ ਪੁਰਾਣਾ) : ਸਪੀਕਰ ਸਾਹਿਬ, ਇਹ ਬੜਾ ਇਪਾਰਟੈਂਟ ਮਾਮਲਾ ਹੈ ।

ਮੁੱਖ ਮੰਤਰੀ : ਮੋਸ਼ਨ ਡਿਸਅਲਾਊ ਹੋਣ ਤੋਂ ਬਾਦ ਡਿਸਕਸ਼ਨ ਕਿਸ ਤਰ੍ਹਾਂ ਹੋ ਸਕਦੀ ਹੈ ? (ਵਿਘਨ) ਤੁਸੀਂ ਡਿਸਕਸ ਨਹੀਂ ਕਰ ਸਕਦੇ ।

ਸਰਦਾਰ ਗੁਰਚਰਨ ਸਿੰਘ (ਬਾਘਾ ਪੁਰਾਣਾ) : ਮੈਂ ਤੁਹਾਨੂੰ ਨਹੀਂ ਸੀ ਪੁਛਿਆ ।

ਸ੍ਰੀ ਸਪੀਕਰ : ਜੇ ਤੁਹਾਨੂੰ ਕੋਈ ਇਤਰਾਜ਼ ਹੈ ਤਾਂ ਮੇਰੇ ਕੋਲ ਆਕੇ ਗੱਲ ਕਰ ਲਉ । ਮੈਨੂੰ ਤਾਂ ਇਹ ਇਰਰੈਲੇਵੈਂਟ ਜਿਹੀ ਚੀਜ਼ ਜਾਪਦੀ ਹੈ । (In case the hon. Member has any objection, he may see me in my Chamber. To me it appears to be an irrelevant matter.)

ਸਰਦਾਰ ਗੁਰਚਰਨ ਸਿੰਘ (ਬਾਘਾ ਪੁਰਾਣਾ) : ਸਪੀਕਰ ਸਾਹਿਬ, ਤੁਸੀਂ ਮੈਨੂੰ ਇਥੇ ਹੀ 2 ਮਿੰਟ ਦੇ ਦਿਉ ।

ਸ੍ਰੀ ਸਪੀਕਰ : ਦੋ ਦੋ ਮਿੰਟ ਕਰਕੇ ਅਗੇ ਹੀ ਬਹੁਤ ਵਕਤ ਹੋ ਗਿਆ ਹੈ । (Already a lot of time has been spent by giving two minutes each to the hon. Members.)

ਸਰਦਾਰ ਗੁਰਚਰਨ ਸਿੰਘ (ਬਾਘਾ ਪੁਰਾਣਾ) : ਪਰ ਸਪੀਕਰ ਸਾਹਿਬ, ਸਾਡੇ ਕੋਲ ਫੋਟੋ-ਸਟੈਟ ਕਾਪੀਆਂ ਹਨ ਕਿ ਬਿਜਲੀ ਬੋਰਡ ਦੇ ਇਕ ਮੈਂਬਰ ਦੇ ਲੜਕੇ ਨੇ ਇਕ ਪ੍ਰਾਈਵੇਟ ਲਿਮਟਿਡ ਕੰਪਨੀ ਨੂੰ ਲਿਖਿਆ ਹੈ ਕਿ ਮੈਨੂੰ ਇਤਨੇ ਪੈਸੇ ਦਿਉ, ਨਹੀਂ ਤਾਂ ਇਹ ਗਿਲ ਗੌਰਮੈਂਟ ਦਾ ਰਾਜ ਹੈ— (ਵਿਘਨ) (ਬਹੁਤ ਸ਼ੋਰ) (ਵਿਰੋਧੀ ਬੈਂਚਾ ਵਲੋਂ ਸ਼ੇਮ, ਸ਼ੇਮ ਦੀਆਂ ਅਵਾਜ਼ਾਂ)

ਸ੍ਰੀ ਸਪੀਕਰ : ਪਰ ਇਹ ਗੱਲ ਗੌਰਮੈਂਟ ਨਾਲ ਕਿਸ ਤਰ੍ਹਾਂ ਰੀਲੇਟ ਕਰਦੀ ਹੈ । ਇਟ ਡਜ਼ ਨਾਟ ਕਨਸਰਨ ਗੌਰਮੈਂਟ ਐਟ ਆਲ (ਵਿਘਨ) ਤੁਸੀਂ ਮੇਰੇ ਨਾਲ ਆਕੇ ਸਾਰੀ ਗੱਲ ਕਰ ਲੈਣਾ। (But how does it relate to the Government ? It does not concern the Government at all. (Interruption) The hon. Member may please come to my Chamber and discuss the matter there.)

ਸਰਦਾਰ ਗੁਰਚਰਨ ਸਿੰਘ (ਬਾਘਾ ਪੁਰਾਣਾ) : ਸਪੀਕਰ ਸਾਹਿਬ. ਬੇਨਤੀ ਇਹ ਹੈ ਕਿ ਜਦ ਉਸ ਕੰਪਨੀ ਨੇ ਪੈਸੇ ਨਹੀਂ ਦਿਤੇ ਤਾਂ ਉਸਨੇ ਪੁਲਿਸ ਦੀ ਮਦਦ ਨਾਲ ਜਿਨ੍ਹਾਂ ਦਾ 20% ਸ਼ੇਅਰ ਸੀ ਉਨ੍ਹਾਂ ਦਾ ਕਬਜ਼ਾ ਕਰਵਾ ਦਿੱਤਾ । (ਵਿਘਨ, ਸ਼ੋਰ) ਉਹ ਪ੍ਰਾਈਵੇਟ ਲਿਮਟਿਡ ਕੰਪਨੀ ਹੈ ਪਰ ਪੁਲਿਸ ਦੀ ਮਦਦ ਨਾਲ 80% ਸ਼ੇਅਰ ਵਾਲਿਆਂ ਤੇ ਵੀ 20% ਸ਼ੇਅਰ ਵਾਲਿਆਂ ਦਾ ਕਬਜ਼ਾ ਕਰਵਾ ਦਿਤਾ ਗਿਆ ਹੈ ਕਿਉਂਕਿ ਉਨ੍ਹਾਂ ਨੇ ਉਸ ਬਿਜਲੀ ਬੋਰਡ ਦੇ ਮੈਂਬਰ ਦੇ ਲੜਕੇ ਨੂੰ ਪੈਸੇ ਨਹੀਂ ਸੀ ਦਿਤੇ । (ਵਿਘਨ, ਸ਼ੋਰ)

ਸ੍ਰੀ ਸਪੀਕਰ : ਆਰਡਰ ਪਲੀਜ਼, ਆਰਡਰ । ਤੁਸੀਂ ਮੇਰੇ ਨਾਲ ਆ ਕੇ ਗਲ ਕਰ ਲੈਣਾ । (Order please, order. He may come to me and discuss the matter there.)

ਸਰਦਾਰ ਗੁਰਚਰਨ ਸਿੰਘ (ਬਾਘਾ ਪੁਰਾਣਾ) : ਸਪੀਕਰ ਸਾਹਿਬ, ਤੁਸੀਂ ਆਪਣਾ ਡਿਸੀਜ਼ਨ ਹਾਲੇ ਪੈਂਡਿਗ ਰਖ ਲਓ । ਮੈਂ ਇਹ ਫੋਟੋਸਟੈਟ ਕਾਪੀਆਂ ਸਦਨ ਦੀ ਮੇਜ਼ ਤੇ ਲੇ ਕਰਦਾ ਹੈ ।

(ਇਸ ਵੇਲੇ ਸਰਦਾਰ ਗੁਰਚਰਨ ਸਿੰਘ ਨੇ ਕੁਝ* ਫੋਟੋ ਸਦਨ ਦੀ ਮੇਜ਼ ਤੇ ਰਖੀਆਂ ।)

श्री अ. विश्वनाथन : स्पीकर साहिब, मैंने भी एक एडजर्नमैंट मोशन दिया था, लुधियाना के वाक्यात के बारे में ।

---

*Placed in the Library.

श्री अध्यक्ष : कब भेजा था ? उस का नंबर क्या है ? (When did you send it ? What is its number ?)

श्री अ. विश्वनाथन ; जी मैंने वह 16 तारीख को बटोत से भेजा था जो कि सूबा काशमीर में है । वह मोशन यह था कि पुलिस ने लुधियाना में गीता भवन की कुछ ....

श्री अध्यक्ष : वह अभी तक मेरे आफ़िस में नहीं आया । (That has not yet reached my office.)

श्री अ. विश्वनाथन : स्पीकर साहिब, इस असैंबली के बाहर पुलिस और सी. आई. डी. का हर वक्त पहरा लगा रहता है । हो सकता है कि वह मोशन वाला पत्र भी सैंसर हो गया हो । (हंसी)

श्री अध्यक्ष : ऐसे रिमार्कस न पास करें (He should not pass such remarks.)

ਸ੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਵੀ ਇਕ ਐਡਜਰਨਮੈਂਟ ਮੋਸ਼ਨ ਦਿੱਤਾ ਸੀ ਪੰਜਾਬ ਵਿਚ ਵਧ ਰਹੇ ਮਰਡਰਜ਼ ਬਾਰੇ । ਸਪੀਕਰ ਸਾਹਿਬ, ਪੰਜਾਬ ਵਿਚ ਮਰਡਰ ਬਹੁਤ ਵਧ ਗਏ ਹਨ । ਅਜ ਵੀ ਹਿੰਦ ਸਮਾਚਾਰ ਦੇ ਪਹਿਲੇ ਪੇਜ ਤੇ ਦੋ ਕਤਲਾਂ ਦੀ ਖਬਰ ਛਪੀ ਹੈ । ਅਖੀਰਲੇ ਪੇਜ ਤੇ ਵੀ ਦੋ ਕਤਲਾਂ ਦੀ ਖਬਰ ਛਪੀ ਹੈ । (ਵਿਘਨ)

ਇਕ ਸਤਿਕਾਰ ਯੋਗ ਮੈਂਬਰ : ਕਿਹੜਾ ਪੇਪਰ ਹੈ ?

ਸ੍ਰੀ ਸਤਪਾਲ ਡਾਂਗ : ਇਹ ਹਿੰਦ ਸਮਾਚਾਰ ਹੈ, ਇਹ ਸਰਕਾਰ ਦਾ ਹਮਾਇਤੀ ਹੈ । (ਵਿਘਨ)

Mr. Speaker : I will ask the Government to let me know the facts.

ਸ੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਫੇਰ ਇਹ ਤੁਸੀਂ ਪੈਂਡਿੰਗ ਰਖ ਲਓ ।

ਸਪੀਕਰ ਸਾਹਿਬ ਮੇਰੀਆਂ ਦੋ ਹੋਰ ਐਡਜਰਨਮੈਂਟ ਮੋਸ਼ਨਜ਼ ਸਨ ਨੰਬਰ 5 ਅਤੇ 6। ਨਾ ਤਾਂ ਉਹ ਟੇਕ ਅਪ ਹੋਈਆਂ ਹਨ ਅਤੇ ਨਾ ਹੀ ਮੈਨੂੰ ਉਨ੍ਹਾਂ ਦੇ ਰਿਜੈਕਟ ਹੋਣ ਦੀ ਕੋਈ ਚਿੱਠੀ ਹੀ ਆਈ ਹੈ ।

ਸ੍ਰੀ ਸਪੀਕਰ : ਜਿਹੜੀ ਤੁਹਾਡੀ ਮੋਸ਼ਨ ਨੰ: 5 ਹੈ ਉਹ ਮੈਂ ਹੋਮ ਸੈਕਟਰੀ ਨੂੰ ਭੇਜ ਕੇ ਇਨਫਰਮੇਸ਼ਨ ਮੰਗੀ ਹੈ ਅਤੇ ਜਿਹੜੀ ਨੰ: 6 ਹੈ ਉਸ ਦੇ ਬਾਰੇ ਇਕ ਪ੍ਰੀਵੀਅਸ ਸਟੇਟਮੈਂਟ ਆਈ ਹੋਈ ਹੈ ਮੈਂ ਉਹ ਸਟੇਟਮੈਂਟ ਕਢਵਾ ਕੇ ਉਸ ਬਾਰੇ ਫੈਸਲਾ ਦਿਆਂਗਾ । (As regards the Adjournment Motion No. 5, I have sought relevant information from the Home Secretary and so far as No. 6 is concerned, there is a previous statement on this issue which I would like to see before giving my ruling.)

ਸ੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਤੁਸੀਂ ਹੋਮ ਸੈਕਟਰੀ ਤੋਂ ਇਨਫਰਮੇਸ਼ਨ ਮੰਗੀ ਹੈ । ਮੈਂ ਇਸ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ ਕਿ ਤੁਸੀਂ ਪਹਿਲਾਂ ਵੀ ਹੋਮ ਸੈਕਟਰੀ ਨੂੰ ਇਕ ਕੇਸ ਭੇਜਿਆ ਸੀ । ਨਵੰਬਰ ਵਿਚ ਅੰਮ੍ਰਿਤਸਰ ਵਿਚ ਲਾਠੀ ਚਾਰਜ ਹੋਇਆ ਸੀ । ਤੁਸੀਂ ਹੋਮ ਸੈਕਟਰੀ ਨੂੰ ਉਹਦੇ ਬਾਰੇ ਵਿਚ ਲਿਖਿਆ ਸੀ ਪਰ ਹਾਲੇ ਤਕ ਉਸ ਨੇ ਕੋਈ ਜਵਾਬ ਨਹੀਂ ਦਿਤਾ ।

ਸ੍ਰੀ ਸਪੀਕਰ : ਹੋ ਸਕਦਾ ਹੈ ਕਿ ਉਨ੍ਹਾਂ ਦੀ ਚਿੱਠੀ ਆ ਗਈ ਹੋਵੇ । ਮੈਂ ਆਫਿਸ ਤੋਂ ਪਤਾ ਕਰਕੇ ਦਸਾਂਗਾ । (His reply might have come. I would inform you after making an enquiry from the office.)

ਸ੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਤੁਸੀਂ ਹੋਮ ਸੈਕਟਰੀ ਤੋਂ ਪੁਛਦੇ ਹੋ, ਫੈਕਟਸ ਪਤਾ ਕਰਦੇ ਹੋ । ਮੈਂ ਅਰਜ਼ ਕਰਦਾ ਹਾਂ ਕਿ ਚੀਫ ਮਨਿਸਟਰ ਆਪ ਤਿੰਨ ਦਿਨ ਉਥੇ ਰਹੇ ਹਨ । ਇਸ ਦੇ ਨਾਲ ਹੀ ਮੈਂ ਇਹ ਅਰਜ਼ ਕਰਦਾ ਹਾਂ ਕਿ ਤੁਸੀਂ ਕਈ ਚੀਜ਼ਾਂ ਦੇ ਫੈਕਟਸ ਹੋਮ ਸੈਕਟਰੀ ਕੋਲੋਂ ਮੰਗੇ ਹਨ ਪਰ ਉਸਨੇ ਕੋਈ ਵੀ ਫੈਕਟਸ ਨਹੀਂ ਸਪਲਾਈ ਕੀਤੇ ।

ਸ੍ਰੀ ਸਪੀਕਰ : ਡਾਂਗ ਸਾਹਿਬ, ਮੈਂ ਕੋਸ਼ਿਸ਼ ਕਰਾਂਗਾ ਕਿ ਇਸ ਦਾ ਜਵਾਬ ਪਰਸੋਂ ਤਕ ਆ ਜਾਵੇ । (I would try to have its reply by day after tomorrow.)

ਸ੍ਰੀ ਲਾਲ ਚੰਦ ਸੱਬਰਵਾਲ : ਸਪੀਕਰ ਸਾਹਿਬ, ਤੁਸੀਂ ਇਸ ਤਰ੍ਹਾਂ ਕਰੋ ਕਿ ਇਕ ਮਨਿਸਟਰ ਦੀ ਰਿਸਪਾਂਸਿਬਿਲਟੀ ਫਿਕਸ ਕਰ ਦਿਓ । ਮਿਨਿਸਟਰ ਇੰਚਾਰਜ ਨੂੰ ਕਹੋ ਕਿ ਅਗਲੇ ਦਿਨ ਹੀ ਰਿਪੋਰਟ ਦਿਆ ਕਰੇ ਜਾਂ ਤੁਹਾਡੇ ਨੋਟਿਸ ਵਿਚ ਸਾਰੀ ਗੱਲ ਲੈ ਆਵੇ ।

ਸ੍ਰੀ ਸਪੀਕਰ : ਪਰ ਮਨਿਸਟਰ ਨੂੰ ਵੀ ਤਾਂ ਇਤਲਾਹ ਇਕੱਠੀ ਕਰਨ ਲਈ ਕੁਝ ਦਿਨ ਮਿਲਣੇ ਚਾਹੀਦੇ ਹਨ । (But the Minister concerned too must be given some days to collect the information.)

ਸ੍ਰੀ ਲਾਲ ਚੰਦ ਸੱਬਰਵਾਲ : ਉਨ੍ਹਾਂ ਨੂੰ ਜਨਾਬ ਕੀ ਦੇਰ ਲਗਦੀ ਹੈ । ਬੈਠੇ ਬੈਠੇ ਉਨ੍ਹਾਂ ਨੇ ਟੈਲੀਫੋਨ ਤੇ ਸਾਰੀ ਗੱਲ ਦਾ ਪਤਾ ਕਰ ਲੈਣਾ ਹੈ ।

(ਇਸ ਵੇਲੇ ਮੁੱਖ ਮੰਤਰੀ ਕੁਝ ਬੋਲਣ ਲਈ ਖੜੇ ਹੋਏ)

ਅਵਾਜ਼ਾਂ : ਅਜੇ ਕਾਲ ਅਟੈਨਸ਼ਨ ਮੋਸ਼ਨਜ਼ ਹਨ ।

ਸ੍ਰੀ ਸਪੀਕਰ : ਕਾਲ ਅਟੈਨਸ਼ਨ ਮੋਸ਼ਨਜ਼ ਕਲ ਟੇਕ ਅਪ ਹੋਣਗੀਆਂ । (Call attention motions will be taken up tomorrow.)

ਸ੍ਰੀ ਅ. ਵਿਸ਼ਵਨਾਥਨ : ਸਪੀਕਰ ਸਾਹਿਬ, ਮੇਰੀ ਇਕ ਸੈਂਸਰ ਮੋਸ਼ਨ ਸੀ ।

ਸ੍ਰੀ ਸਪੀਕਰ : ਉਹ ਵੀ ਕਲ ਹੀ ਆਵੇਗੀ । (That will also come up tomorrow).

ਸ੍ਰੀ ਅ. ਵਿਸ਼ਵਨਾਥਨ : ਜਨਾਬ, ਰੂਲਜ਼ ਦੇ ਮੁਤਾਬਕ ਸੈਂਸਰ ਮੋਸ਼ਨ ਸਭ ਤੋਂ ਪਹਿਲਾਂ ਆਉਣੀ ਚਾਹੀਦੀ ਹੈ ।

ਸ੍ਰੀ ਸਪੀਕਰ : ਤੁਸੀਂ ਇਹ ਮੋਸ਼ਨ ਕਿਸ ਵੇਲੇ ਭੇਜੀ ਸੀ? (At what time did he give notice of this Motion?)

ਸ੍ਰੀ ਅ. ਵਿਸ਼ਵਨਾਥਨ : ਤਕਰੀਬਨ 12 ਵਜੇ ਦੇ ਕਰੀਬ ਭੇਜੀ ਸੀ ।

ਸ੍ਰੀ ਸਪੀਕਰ : ਇਹ ਡੇਢ ਵਜੇ ਆਈ ਹੈ । ਇਸ ਨੂੰ ਕਲ ਟੇਕ ਅਪ ਕੀਤਾ ਜਾਵੇਗਾ। (It has reached at 1.30 p.m. It will be taken up tomorrow.)

ਸ੍ਰੀ ਅ. ਵਿਸ਼ਵਨਾਥਨ : ਕੋਈ ਬਾਤ ਨਹੀਂ । ਪਰ ਸਪੀਕਰ ਸਾਹਿਬ, ਇਸ ਦਾ ਜਵਾਬ ਸੈਸ਼ਨ ਖਤਮ ਹੋਣ ਤੋਂ ਪਹਿਲਾਂ ਮਿਲ ਜਾਣਾ ਚਾਹੀਦਾ ਹੈ । ਇਹ ਸੈਸ਼ਨ ਤਾਂ ਕੁਝ ਦਿਨਾਂ ਵਿਚ ਹੀ ਖਤਮ ਹੋ ਜਾਣਾ ਹੈ ਤਾਂ ਇਸਦਾ ਜਵਾਬ ਕਦ ਆਵੇਗਾ ?

ਸ੍ਰੀ ਸਪੀਕਰ : ਸੈਸ਼ਨ ਦਾ ਕੀ ਹੈ । ਇਹ ਤਾਂ ਤੁਹਾਡੇ ਹੀ ਅਖਤਿਆਰ ਹੈ ਜਿਤਨਾ ਤੁਸੀ ਚਲਾਣਾ ਚਾਹੋਗੇ ਉਤਨੀ ਦੇਰ ਤਕ ਸੈਸ਼ਨ ਚਲੇਗਾ । (The session will continue as long as the House decides it to continue).

ਸ੍ਰੀ ਅ ਵਿਸ਼ਵਨਾਥਨ : ਸੈਸ਼ਨ ਦਾ ਚਲਾਣਾ (ਸ਼ੋਰ)

ਸ੍ਰੀ ਸਪੀਕਰ : ਸੈਸ਼ਨ ਦਾ ਚਲਾਣਾ ਤਾਂ ਮੇਰਾ ਕੰਮ ਹੈ । ਜਿੰਨਾਂ ਬਿਜ਼ਨੈਸ ਹੋਏਗਾ ਉਨਾਂ ਚਲਾ ਦਿਆਂਗਾ । (It is my duty to conduct the House and the duration of the session will depend upon the business of the House.)

Shri A. Vishwanathan : They are busy with something else, therefore, they have no business.

RESOLUTION BY THE CHIEF MINISTER RE. ACTION TAKEN BY THE STATE GOVERNMENT IN PREFERRING APPEAL TO THE SUPREME COURT AGAINST THE JUDGEMENT OF THE PUNJAB HIGH COURT ETC.

Chief Minister (Sardar Lachhman Singh Gill) : Sir I beg to move:

WHEREAS the High Court of Punjab and Haryana has declared the two Punjab Appropriation Acts Nos. 9 and 10 of 1968 to be ultravires of the Constitution, by its judgement dated May 10, 1968 and

WHEREAS an appeal has been preferred from the said judgement to the Supreme Court of India and the said appeal is pending and

WHEREAS the Supreme Court, by order dated May 13, 1968 has permitted the State Government to withdraw and utilise the necessary funds and collect taxes etc. subject to such liabilities or rights as may be determined by the Supreme Court and

WHEREAS the Solicitor General appearing for the Government gave an assurance to the Court that necessary steps would be taken by the Chief Minister immediately to convene the Legislative Assembly and

RESOLUTION BY THE CHIEF MINISTER RE. ACTION TAKEN BY THE STATE GOVERNMENT IN PREFERRING APPEAL TO THE SUPREME COURT AGAINST THE JUDGEMENT OF THE PUNJAB HIGH COURT ETC.

WHEREAS the Chief Minister advised the Governor to summon the Assembly before May 21, 1968 and

WHEREAS the Governor has been pleased to summon the Assembly under Article 174 of the Constitution for May 20, 1968.

Now, therefore, the Legislative Assembly resolves to approve and hereby approves the action of the State Government in preferring appeal to the Supreme Court from the above said judgement of the High Court.

ਸਪੀਕਰ ਸਾਹਿਬ, ਇਸ ਰੈਜ਼ੂਲਿਊਸ਼ਨ ਰਾਹੀਂ ਮੈਂ ਤੁਹਾਡੇ ਕੋਲੋਂ ਇਹ ਮੰਗ ਕੀਤੀ ਹੈ ਕਿ ਬਜਟ 18 ਤਰੀਖ ਨੂੰ ਅਸੀਂ ਪੇਸ਼ ਕੀਤਾ ਅਤੇ ਉਸ ਤੋਂ ਬਾਦ ਮੇਰੇ ਫਾਜ਼ਲ ਦੋਸਤ, ਜੋ ਦੂਸਰੇ ਪਾਸੇ ਬੈਠੇ ਹਨ, ਇਨ੍ਹਾਂ ਨੇ ਹਾਈ ਕੋਰਟ ਵਿੱਚ ਪੈਟੀਸ਼ਨ ਕੀਤੀ। ਹਾਈ ਕੋਰਟ ਨੇ ਆਪਣਾ ਜੱਜਮੈਂਟ ਦਿੱਤਾ ਅਤੇ ਇਸ ਜੱਜਮੈਂਟ ਤੇ ਗੌਰਮੈਂਟ ਆਫ਼ ਪੰਜਾਬ ਸੁਪਰੀਮ ਕੋਰਟ ਵਿੱਚ ਗਈ। ਮੇਰਾ ਇਸ ਰੈਜ਼ੋਲਿਊਸ਼ਨ ਦਾ ਇਹ ਮਕਸਦ ਹੈ ਕਿ ਸਟੇ ਆਰਡਰਜ਼, ਜੋ ਅਸੀਂ ਅਪਲਾਈ ਕੀਤਾ, ਇਸ ਦੇ ਅਗੇਂਸਟ ਡਾਂਗ ਸਾਹਿਬ ਨੇ ਇਕ ਐਫੀਡੇਵਿਟ ਦਿਤਾ ਔਰ ਇਨ੍ਹਾਂ ਨੇ ਇਹ ਲਫ਼ਜ਼ ਕਹੇ ਕਿ ਗੌਰਮੈਂਟ ਨੂੰ ਸਟੇ ਆਰਡਰਜ਼ ਨਹੀਂ ਮਿਲਣੇ ਚਾਹੀਦੇ ਕਿਉਂਕਿ ਇਨ੍ਹਾਂ ਦੀ ਗੌਰਮੈਂਟ ਮਾਈਨਾਰਿਟੀ ਵਿੱਚ ਹੈ।

Mr. Speaker: I think we should not discuss it.

Shri A. Vishwanathan: This is a sub-judice matter, so you should not allow it.

ਸਰਦਾਰ ਲਛਮਣ ਸਿੰਘ ਗਿੱਲ: ਮੈਂ ਇਸ ਵਾਸਤੇ ਸੁਪਰੀਮ ਕੋਰਟ ਦੇ ਆਰਡਰਜ਼ ਨਾਲ ਹਾਊਸ ਨੂੰ ਸੱਮਨ ਕੀਤਾ। ਡੈਮੋਕਰੇਸੀ ਦਾ ਖ਼ੂਨ ਨਹੀਂ ਕਰਨਾ ਚਾਹੀਦਾ। (ਸ਼ੋਰ) ਮੈਜਾਰਿਟੀ ਦਾ ਹੱਕ ਹੈ ਔਰ ਮੇਰੇ ਕੋਲ ਐਬਸੋਲਿਊਟ ਮੈਜਾਰਿਟੀ ਹੈ। ਹਾਊਸ ਵਿਚ 103 ਮੈਂਬਰਾਂ ਵਿੱਚੋਂ 66 ਜਾਂ 67 ਮੈਂਬਰ ਇਕ ਪਾਸੇ ਬੈਠੇ ਹਨ। ਮੈਂ ਆਪੋਜ਼ੀਸ਼ਨ ਵਾਲਿਆਂ ਨੂੰ ਕਹਾਂਗਾ ਕਿ ਉਹ ਕਿਸੇ ਥਾਂ ਤੇ ਵੀ ਮੇਰੇ ਨਾਲ ਇਸ ਗੱਲ ਤੇ ਕਿ ਮੈਂ ਮਾਈਨਾਰਿਟੀ ਵਿੱਚ ਹਾਂ, ਗਲ ਕਰ ਸਕਦੇ ਹਨ। (ਸ਼ੋਰ)

ਸ਼੍ਰੀ ਲਾਲ ਚੰਦ ਸੱਬਰਵਾਲ: ਜੋ ਕੁਝ ਇਨ੍ਹਾਂ ਨੇ ਇਹ ਕਿਹਾ ਇਹ ਗਲਤ ਹੈ। ਉਸਨੂੰ ਐਕਸਪੰਜ ਕਰੋ। It should not be permitted. We oppose it. This is wrong procedure. He cannot move it.

ਸ਼੍ਰੀ ਸਪੀਕਰ: ਮੈਂ ਇਸ ਰੈਜ਼ੋਲਿਊਸ਼ਨ ਨੂੰ ਬੜੀ ਚੰਗੀ ਤਰ੍ਹਾਂ ਪੜ੍ਹਿਆ ਹੈ। (I have read this Resolution very thoroughly.)

The Resolution notice of which has been received from the Chief Minister consists of 7 paragraphs, out of

[Mr. Speaker]

which the last paragraph is the only one which is operative in-as-much as it asks for the approval of the Assembly of the action taken by the Government in preferring an appeal to the Supreme Court against judgement of the High Court in declaring the two Appropriation Acts invalid.

So far as the right to move the Supreme Court in an appropriate case against the judgement of the High Court is concerned, that is a constitutional and legal right of every litigant including the State. Whether this is or is not an appropriate case in which the State should have preferred the appeal will depend upon the ultimate decision of the Supreme Court, before which august body the matter is pending.

Further, attention is invited to Rule 196(d) of the Rules of Procedure and Conduct of Business in the Punjab Legislative Assembly which lays down that in order that a resolution may be admissible, it shall satisfy the following condition, namely;

> "it shall not relate to any matter which is under adjudication by a court of law having jurisdiction in any part of India".

This Resolution covers a matter which is under adjudication by the Supreme Court.

I, therefore, disallow this Resolution.

Shri A. Vishwanathan: In view of this, the Chief Minister's remarks should be expunged.

Mr. Speaker: Nothing has been said which is sub-judice or like this.

ਮੁਖ ਮੰਤਰੀ (ਸਰਦਾਰ ਲਛਮਣ ਸਿੰਘ ਗਿੱਲ) : ਅਗਰ ਮੇਰੇ ਫਾਜ਼ਲ ਦੋਸਤਾਂ ਨੂੰ ਕੋਈ ਇਤਰਾਜ਼ ਹੋਵੇ (ਸ਼ੋਰ) ਜਿਥੋਂ ਤਕ ਮੈਜਾਰਿਟੀ ਦਾ ਤਾਲੁਕ ਹੈ, ਮੈਂ ਹਾਊਸ ਦੇ ਬਾਹਰ ਵੀ ਕਹਿੰਦਾ ਹਾਂ ਅਤੇ ਹਾਊਸ ਦੇ ਅੰਦਰ ਵੀ ਕਹਿੰਦਾ ਹਾਂ (ਸ਼ੋਰ ਆਪੋਜ਼ੀਸ਼ਨ ਵਲੋਂ)

ਸ਼੍ਰੀ ਅ. ਵਿਸ਼ਵਨਾਥਨ : ਆਨ ਏ ਪੁਆਇੰਟ ਆਫ਼ ਆਰਡਰ । (ਸ਼ੋਰ)

Mr. Speaker: I have given my ruling. Please sit down. You induce these people to say something which is not right. So kindly do not say such things.

ਮੁੱਖ ਮੰਤਰੀ (ਸਰਦਾਰ ਲਛਮਣ ਸਿੰਘ ਗਿੱਲ) : ਇਨ੍ਹਾਂ ਦੀ ਤਵੱਜੋ ਕਿਸੇ ਹੋਰ ਪਾਸੇ ਹੋਣੀ ਹੈ । ਮੈਂ ਇਹ ਕਿਹਾ ਸੀ ਕਿ ਡੈਮੋਕਰੇਸੀ ਇਸ ਗਲ ਦਾ ਤਕਾਜ਼ਾ ਕਰਦੀ ਹੈ ਕਿ ਮੈਜਾਰਿਟੀ ਕਿਸ ਦੇ ਨਾਲ ਹੈ ।

Shri Satya Pal Dang : On a point of order, Mr. Speaker.......

Mr. Speaker : I am not prepared to hear any point of order on this matter.

Shri Satya Pal Dang: I have a right to give personal explanation.

ਇਨ੍ਹਾਂ ਨੇ ਆਪਣੀ ਤਕਰੀਰ ਵਿੱਚ ਕਿਹਾ–ਇਨ੍ਹਾਂ ਨੇ ਮੈਨੂੰ ਰੈਫਰ ਕੀਤਾ, ਮੇਰੇ ਐਫੀਡੇਵਿਟ ਨੂੰ ਰੈਫਰ ਕੀਤਾ ਅਤੇ ਇਸ ਚੀਜ਼ ਨੂੰ ਮਿਸਰਿਪਰੀਜ਼ੈਂਟ ਕੀਤਾ । ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਮੈਂ ਉਥੇ ਐਫੀਡੇਵਿਟ ਜ਼ਰੂਰ ਪੇਸ਼ ਕੀਤਾ । ਉਹ ਐਫੀਡੇਵਿਟ ਕੀ ਹੈ ? ਅਖਬਾਰਾਂ ਦੀ ਨਿਊਜ਼ ਹੈ, ਉਹ ਵੀ ਪੜ੍ਹ ਕੇ ਸੁਣਾਵਾਂਗਾ । (ਸ਼ੋਰ)

ਕੁਝ ਐਸੇ ਪੁਆਇੰਟਸ ਤੇ ਪੰਜਾਬ ਹਾਈ ਕੋਰਟ ਨੇ ਜੱਜਮੈਂਟ ਦਿਤੀ ਹੈ । ਇਸ ਨਾਲ ਹਿੰਦੁਸਤਾਨ ਦੀ ਜਮਹੂਰੀਅਤ ਤੇ ਅਸਰ ਪਵੇਗਾ । ਹਾਈ ਕੋਰਟ ਦੀ ਜੱਜਮੈਂਟ ਵਿੱਚ ਜੱਜਾਂ ਨੇ ਇਹ ਫੈਸਲਾ ਕੀਤਾ ਹੈ । (ਸ਼ੋਰ) (ਵਿਘਨ)

Mr. Speaker: I am not going to hear about the decision of the High Court. The hon. Member should not please discuss the decision of the High Court.

Shri Satya Pal Dang : Sir, I am not discussing the decision of the High Court. I am just repeating the facts.

Mr. Speaker : But decision of the High Court should not be discussed.

ਸ੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਪਰਸਨਲ ਐਕਸਪਲੇਨੇਸ਼ਨ ਦੇਣੀ ਚਾਹੁੰਦਾ ਹਾਂ ।

Mr. Speaker : The only explanation that the hon. Member should give about his affidavit is that he should state the circumstances in which he gave the affidavit. He should not please refer to the High Court or the Supreme Court.

ਸ੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਆਪਣੀ ਪਰਸਨਲ ਐਕਸਪਲੇਨੇਸ਼ਨ ਦੇਣੀ ਚਾਹੁੰਦਾ ਹਾਂ । ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੂੰ ਇਤਨਾ ਵੀ ਪਤਾ ਨਹੀਂ ਕਿ ਸੁਪਰੀਮ ਕੋਰਟ ਦਾ ਇਸ ਨਾਲ ਕੋਈ ਸਬੰਧ ਨਹੀਂ ਕਿ ਇਹ ਗੌਰਮਿੰਟ ਇਨ ਮਾਈਨਾਰਿਟੀ ਹੈ ਜਾਂ ਇਨ ਮੈਜਾਰਿਟੀ ਹੈ । ਇਹ ਗੌਰਮਿੰਟ ਮਾਈਨਾਰਿਟੀ ਗੌਰਮਿੰਟ ਹੈ । ਇਹ ਫਰਾਡ ਗੌਰਮਿੰਟ ਹੈ । (ਵਿਘਨ) ਇਸ ਗੌਰਮਿੰਟ ਨੇ ਕੰਸਟੀਚਿਊਸ਼ਨ ਨਾਲ ਫਰਾਡ ਕੀਤਾ ਹੈ । (ਸ਼ੋਰ) (ਵਿਘਨ) ਸਪੀਕਰ ਸਾਹਿਬ, ਇਹ ਹਾਈਕੋਰਟ ਦਾ ਫੈਸਲਾ ਹੈ । (ਸ਼ੋਰ)

ਸ੍ਰੀ ਸਪੀਕਰ: ਡਾਂਗ ਸਾਹਿਬ, ਤੁਸੀਂ ਹਾਈ ਕੋਰਟ ਦਾ ਜ਼ਿਕਰ ਨਾ ਕਰੋ । (The hon. Member should not refer to the High Co rt.)

ਸ੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਮੇਰਾ ਕਹਿਣਾ ਇਹ ਹੈ ਕਿ ਇਹ ਗੌਰਮਿੰਟ ਲੈਜਿਸ ਲੇਚਰ ਨੂੰ ਪੈਰੇਲਾਈਜ਼ ਕਰਨਾ ਚਾਹੁੰਦੀ ਹੈ, ਪਰ ਇਹ ਗੌਰਮਿੰਟ ਆਪਣੀਆਂ ਕੋਸ਼ਿਸ਼ਾਂ ਵਿਚ ਕਾਮਯਾਬ ਨਹੀਂ ਹੋ ਸਕੀ (ਵਿਘਨ) ਇਸ ਦਾ ਜਵਾਬ, ਸਪੀਕਰ ਸਾਹਿਬ, ਇਹ ਕਾਂਗਰਸ

(ਸ਼੍ਰੀ ਸੱਤਪਾਲ ਡਾਂਗ)

ਪਾਰਟੀ ਦੇਵੇਗੀ ਕਿ ਜਿਸ ਗੌਰਮਿੰਟ ਨੂੰ ਉਹ ਸਪੋਰਟ ਕਰਦੀ ਹੈ ਉਸ ਗੌਰਮਿੰਟ ਨੇ ਕਾਨਸਟੀਚਿਊਸ਼ਨ ਨਾਲ ਕਿਤਨਾ ਫ਼ਰਾਡ ਕੀਤਾ ਹੈ। (ਸ਼ੋਰ) (ਵਿਘਨ) ।

(Noise in the House)

Mr. Speaker: The word 'fraud' should not be repeated. It is for the Courts to say. Why should the hon. Member say this ?

ਸ਼੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਇਹ ਤਾਂ ਵਿਚਾਰੇ ਸ਼ਰਮਿੰਦੇ ਹੋਏ ਹੋਏ ਚੁਪ ਨੇ। ਇਨ੍ਹਾਂ ਨੇ ਮਿਸਰੀਪ੍ਰੀਜੈਂਟ ਕੀਤਾ ਹੈ। ਮੈਂ ਦਿਲੀ ਦੀ ਅਖਬਾਰ "ਨੈਸ਼ਨਲ ਹੈਰਾਲਡ" ਆਪ ਨੂੰ ਪੜ੍ਹ ਕੇ ਸੁਣਾਉਂਦਾ ਹਾਂ (ਸ਼ੋਰ) (ਵਿਘਨ) ।

Mr. Speaker. The hon. Member has given his explanation. He should resume his seat.

ਸ਼੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਜੋ ਕਿਹਾ ਹੈ ਉਸ ਨੂੰ ਐਕਸਪੰਜ ਕਰ ਦੇਣਾ ਚਾਹੀਦਾ ਹੈ।

Mr. Speaker: Please resume your seat.

ਸ਼੍ਰੀ ਸਤਪਾਲ ਡਾਂਗ : ਚੀਫ਼ ਮਨਿਸਟਰ ਸਾਹਿਬ ਨੇ ਜੋ ਕਿਹਾ ਹੈ ਉਸਨੂੰ ਐਕਸਪੰਜ ਕਰਵਾ ਦਿਉ। ਮੈਂ ਤੁਹਾਨੂੰ ਦਿਲੀ ਦੀ ਅਖਬਾਰ "ਨੈਸ਼ਨਲ ਹੈਰਾਲਡ" ਪੜ੍ਹਕੇ ਸੁਣਾਉਂਦਾ ਹਾਂ ਮੈਂ ਤੁਹਾਡਾ ਸਿਰਫ਼ ਇਕ ਮਿੰਟ ਹੀ ਲਵਾਂਗਾ। (ਸ਼ੋਰ)

"The Chief Justice of India, Mr. M. Hidayatullah, has constituted a special bench..........

ਮੁੱਖ ਮੰਤਰੀ : ਅਰਜ਼ ਇਹ ਹੈ ਜੀ ਕਿ ਮੈਂ ਤਾਂ ਐਫੀਡੇਵਿਟ ਦੀ ਗੱਲ ਕੀਤੀ ਸੀ ਜੋ ਇਨ੍ਹਾਂ ਨੇ ਸੁਪਰੀਮ ਕੋਰਟ ਵਿਚ ਦਿਤਾ ਹੈ।

Shri Satya Pal Dang: It has been stated in the news item appearing in 'The National Herald' of to-day that—

"......Mr. Justice A. N. Grover had recorded an assurance given by the Solicitor General, Mr. Niren De that steps would be taken immediately to summon the Assembly into session before May 21.

Mr. R. K. Garg, appearing for Mr. Sat Pal Dang, had contended before Mr. Justice Grover that the stay plea was a malafide attempt to paralyse the Punjab Legislature and if further expenditure in violation of the Constitution was allowed to be incurred there would be no means to remedy the mischief done.

Mr. Niren De had contended that the appeal itself would become infructuous if the Punjab Assembly were to consider the situation and take steps in the light of the High Court's judgement.

Mr. Garg had pointed out that it was not unusual that laws were passed during the pendency of appeals and important questions involving the interpretation of law or the Constitution were decided by the Supreme Court. Therefore, the situation arising out of the Judgement ought to be dealt with by the Punjab Legislature."

ਸਪੀਕਰ ਸਾਹਿਬ, ਗਿਆਨੀ ਜ਼ੈਲ ਸਿੰਘ ਨੇ ਬਿਆਨ ਦਿਤਾ ਸੀ ਕਿ (ਵਿਘਨ)

ਸ਼੍ਰੀ ਸਪੀਕਰ : ਡਾਂਗ ਸਾਹਿਬ, ਗਿਆਨੀ ਜ਼ੈਲ ਸਿੰਘ ਨਾਲ ਮੇਰਾ ਕੋਈ ਤੁਅੱਲਕ ਨਹੀਂ । (Mr. Dang, I have no connection with Giani Zail Singh.)

ਸ਼੍ਰੀ ਸਤਪਾਲ ਡਾਂਗ : ਪਰ ਇਹ (ਟਰੇਯਰੀ ਬੈਂਚਜ਼ ਵੱਲ ਇਸ਼ਾਰਾ ਕਰਕੇ) ਤਾਂ ਉਨ੍ਹਾਂ ਦੇ ਸਿਰ ਤੇ ਹੀ ਜੀਊਂਦੇ ਹਨ (ਸ਼ੋਰ)।

ਸ਼੍ਰੀ ਸਪੀਕਰ : ਤਾਂ ਫਿਰ ਗਿਆਨੀ ਜੀ ਦਾ ਗਲਾ ਘੁੱਟ ਦਿਓ (ਹਾਸਾ) (ਸ਼ੋਰ) (Then dispose him of.)

ਮੁੱਖ ਮੰਤਰੀ : ਇਨ੍ਹਾਂ ਨੇ ਕਿਹਾ ਹੈ ਕਿ ਸੁਪਰੀਮ ਕੋਰਟ ਦੇ ਕਹਿਣ ਉਤੇ ਹਾਊਸ ਕਾਲ ਕੀਤਾ ਜਾਵੇ । ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਜਿਸ ਵੇਲੇ ਹਾਈ ਕੋਰਟ ਦਾ ਡੀਸੀਜ਼ਨ ਹੋਇਆ ਸੀ ਉਸ ਰਾਤ ਨੂੰ ਮੈਂ ਤੁਹਾਨੂੰ ਅਤੇ ਗਵਰਨਰ ਸਾਹਿਬ ਨੂੰ ਕਾਪੀ ਭੇਜੀ ਕਿ ਹਾਊਸ ਕਾਲ ਕਰਨਾ ਚਾਹੀਦਾ ਹੈ । (ਸ਼ੋਰ)

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਤੁਸੀਂ ਕਿਹਾ ਹੈ ਕਿ ਗਿਆਨੀ ਜੀ ਦਾ ਗਲਾ ਘੁੱਟ ਦਿਓ । ਮੈਂ ਆਪ ਜੀ ਨੂੰ ਬੇਨਤੀ ਕਰਦਾ ਹਾਂ ਕਿ ਗਿਆਨੀ ਜੀ ਸੂਬੇ ਵਿਚ ਕਾਂਗਰਸ ਦੇ ਪ੍ਰਧਾਨ ਹਨ। ਉਹ ਸਾਡੇ ਲੀਡਰ ਹਨ। ਤੁਹਾਨੂੰ ਇਹੋ ਜਿਹੇ ਲਫ਼ਜ ਕਹਿਣੇ ਠੀਕ ਨਹੀਂ ਲੱਗਦੇ ।

ਸ਼੍ਰੀ ਸਪੀਕਰ : ਮੈਂ ਇਹ ਤਾਂ ਨਹੀਂ ਕਹਿੰਦਾ ਕਿ ਤੁਸੀਂ ਉਨ੍ਹਾਂ ਦਾ ਗਲਾ ਘੁੱਟ ਦਿਓ । ਮੇਰੇ ਕਹਿਣ ਦਾ ਭਾਵ ਇਹ ਸੀ ਕਿ ਮੈਂਬਰਾਂ ਨੂੰ ਸਮਝਾਉਣਾ ਚਾਹੀਦਾ ਹੈ ਕਿ ਉਹ ਅਜਿਹਾ ਨਾ ਕਰਨ । (I do not want that the hon. Member should strangulate him. What I meant to say was that the Members should bepersuaded not to do like that)

ਸਰਦਾਰ ਸਤਨਾਮ ਸਿੰਘ ਬਾਜਵਾ: ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਗਿੱਲ ਸਾਹਿਬ ਨੂੰ ਤਾਂ ਹਾਈ-ਕੋਰਟ ਨਹੀਂ ਬੋਲਣ ਦਿੰਦੀ ਔਰ ਕਾਂਗਰਸ ਵਾਲਿਆਂ ਨੂੰ ਹਾਈ ਕਮਾਂਡ ਨਹੀਂ ਬੋਲਣ ਦਿੰਦੀ । ਅਸੀਂ ਕਿਥੋਂ ਜਵਾਬ ਲੈਣਾ ਹੈ (ਹਾਸਾ) (ਸ਼ੋਰ) ।

FIRST REPORT OF THE BUSINESS ADVISORY COMMITTEE

ਸ਼੍ਰੀ ਸਪੀਕਰ : ਬਿਜ਼ਨਿਸ ਐਡਵਾਇਜ਼ਰੀ ਕਮੇਟੀ ਦੀ ਮੀਟਿਗ ਕੱਲ 11 ਵਜੇ ਹੋਈ ਸੀ । ਉਸ ਦੇ ਡੀਸੀਜ਼ਨ ਨੂੰ ਸੁਣ ਲਵੋ ਮੈਂ ਤੁਹਾਨੂੰ ਸੁਣਾਉਂਦਾ ਹਾਂ । ਇਨ੍ਹਾਂ ਦੀ ਐਪਰੂਵਲ ਦੇ ਦਿਓ ।(A meeting of the Business Advisory Committee was held yesterday at 11.00 a.m. I would like to read out their decisions to the House for their approval.)

[Mr. Speaker]

The Committee met at 11. 00 A. M. on Sunday, the 19th May, 1968. The following were present:

(1) Lieut. Col. Joginder Singh Mann, Speaker (Ex-Officio Chairman)

(2) Dr. Jagjit Singh, Finance Minister.

(3) Dr. Baldev Parkash.

(4) Sardar Darbara Singh (Nurmahal).

(5) Comrade Harkishan Singh Surjeet (Special Invitee).

(6) Pandit Mohan Lal (By special invitation).

At the outset, all the items of business that were received from Government, were placed before the Committee. The Committee, after some discussion, recommended that business shall be transacted in the House with effect from Monday, the 20th May, 1968, as follows:—

Monday, the 20th May, 1968.

(1) Motion that the Members of this House do proceed to elect in the manner required by Sub-rule (3) of Rule 250 of the Rules of Procedure and Conduct of Business in the Punjab Legislative Assembly, nine members from among themselves to serve as members of the Committee on Public Accounts for the year 1968-69.

(2) Motion that the members of this House do proceed to elect in the manner required by sub-rule (2) of Rule 252 of the Rules of Procedure and Conduct of Business in the Punjab Legislative Assembly, nine members from among themselves to serve as the members of the Committee on Estimates for the year 1968-69.

(3) Motion that this House recommends to the Punjab Vidhan Parishad that they do agree to nominate three members from the Vidhan Parishad to Association with the Public Accounts Committee and three members to associ ate with the Committee on Estimates of the Vidhan Sabha for the year 1968-69 and to communicate to this House the names of the members so nominated by the Vidhan Parishad.

	(4) T e Northern India Canal and Drainage (Punjab Amendment) Bill, 1967.
	(5) The Punjab Public Premises and Land (Eviction and Rent Recovery) Amendment Bill, 1967.
	(6) The Punjab Courts (Amendment) Bill, 1967.
	(7) The Punjab Gram Panchayat (Amendment) Bill, 1967.
	(8) The Punjab Panchayat Samitis and Zila Parishad (Amendment) Bill 1967.
Tuesday, the 21st May, 1968.	(1) Presentation of Vote-on-Account for six months viz. April to September, 1968.
	(2) The Punjab Legislative Assembly Allowances of Members (Amendment) Bill, 1968.
	(3) The Punjab Legislative Council Allowances of Members (Amendment) Bill, 1968.
	(4) The Punjab Cattle Fairs (Regulation) Amendment Bill, 1968.
	(5) The Punjab Land Revenue (Amend ment) Bill, 1968.
	(6) The Punjab Ice Price Control Bill, 1968.
Wednesday the 22nd May, 1968.	Discussion on the Demands for Grants on Account.
Thursday, the 23rd May, 1968.	Non-Official business.
Friday, the 24th May, 1968.	Discussion on the Demands for Grants on Account.
Saturday, the 25th May, 1968.	Off day.
Sunday, the 26th May, 1968.	Holiday.
Monday, the 27th May, 1968.	Discussion on the Demands for Grants on Account.

[Mr. Speaker]

Tuesday, the 28th May. 1968.	Discussion/voting of the Demands for Grants on Accounts.
Wednesday, the 29th May, 1968	Appropriation Bill in respect of Grants voted on Account.

The Finance Minister observed that the Government would stick to the old precedent, i.e, one day for discussion/voting of Demands for Grants on Account and one day for the Appropriation Bill in respect of Vote-on- Account.

The Committee felt that the Appropriation Bill in respect of Budget for the year 1968-69 and Supplementary Estimates, 1967-68 were passed under extra-ordinary circum stances. There was incomplete general discussion on the Budget for the year 1968-69. Neither the Demands for Grants nor the Appropriation Bills were discussed at all. The Members of the House were never afforded an opportunity to give expression to their views in regard to their respective constituencies. The present Vote-on-Account is being brought for a period of six months which is an extra-ordinary period. For all these reasons, the Committee were of the view that some reasonable opportunity should be afforded to the Members to give expression to their views and the minimum period that might be fixed for that should be four days for discussion/voting of Demands for Grants on Account and one day for the Appropriation Bill in respect of Grants voted on Account.

The Finance Minister stated that a meeting of the Committee should be re-convened on the 22nd May, 1968, to finalise the whole business to be transacted by the House during the forthcoming Session. The Business Advisory Committee, in his opinion, had gone beyond their scope to fix business for the House in excess of three days because the Leader of the House had intimated business for three days only.

The Committee were of the opinion that it was the right of this Committee and this committee alone to regulate the business of the House which was supplied by the Government and to allocate time for all items of business. The Committee were, therefore, perfectly within their right to allocate the days mentioned above for discussion/voting of Demands for Grant on Account as also the Appropriation Bill in respect thereof. The Committee accorded their approval to the proposal made dy Dr. Baldev Parkash and Comrade Har kishan Singh Surjeet that the 22nd, 24 th, 27th and 28th May, 1968, be allocated for discussion of Demands for Grants on Account and 29th May, 1968 be utilized for the Appropriation Bill in respect of the Grants voted on Account.

The Committee requested the Speaker to re-convene the meeting of the Committee be fore the 29th May, 1968 to allocate time for the remaining business.

ਸ਼੍ਰੀ ਲਾਲ ਚੰਦ ਸੱਬਰਵਾਲ : ਸਪੀਕਰ ਸਾਹਿਬ, ਅਰਜ਼ ਇਹ ਹੈ ਕਿ ਮੈਂ ਜਾਨਣਾ ਚਾਹੁੰਦਾ ਹਾਂ ਕਿ ਬਿਜ਼ਨਿਸ ਐਡਵਾਇਜ਼ਰੀ ਕਮੇਟੀ ਦੀ ਜੋ ਰੀਪੋਰਟ ਹੈ, ਕੀ ਉਸ ਵਿਚ ਗੌਰਮਿੰਟ ਨੇ ਡਿੱਸੈਂਟਿੰਗ ਨੋਟ ਦਿਤਾ ਹੈ ਕਿ ਕੀ ਉਹ 20 ਤੋਂ 22 ਜਾਂ 20 ਤੋਂ 29 ਤੱਕ ਹੋਣੀ ਚਾਹੀਦੀ ਹੈ ।

ਸ੍ਰੀ ਸਪੀਕਰ : ਇਹ ਠੀਕ ਹੈ। (Yes).

ਸ੍ਰੀ ਲਾਲ ਚੰਦ ਸੱਭਰਵਾਲ : ਇਸ ਨੂੰ ਪੜ੍ਹ ਦਿਓ ਜੀ

ਸ੍ਰੀ ਸਪੀਕਰ : ਇਹ ਮਿਨਟ ਆਫ ਡਿੱਸੈਂਟ ਹੈ ਸੀ ਲੇਕਿਨ ਗੌਰਮਿੰਟ ਹੈਜ਼ ਐਗਰੀਡ ਨਾਓ। (There was a minute of dissent but the Government have agreed now.)

ਸ੍ਰੀ ਲਾਲ ਚੰਦ ਸੱਭਰਵਾਲ: ਸਪੀਕਰ ਸਾਹਿਬ, ਬਿਜ਼ਨਿਸ ਐਡਵਾਇਜ਼ਰੀ ਕਮੇਟੀ ਦੀ ਰੀਪੋਰਟ ਮੈਨੂੰ ਨਹੀਂ ਮਿਲੀ, but the minute of dissent must be read out in the House.

ਮੁੱਖ ਮੰਤਰੀ (ਸਰਦਾਰ ਲਛਮਣ ਸਿੰਘ ਗਿੱਲ) : ਠੀਕ ਹੈ ਜੀ, ਇਹ ਰੀਪੋਰਟ ਐਡਾਪਟ ਹੋਈ।

ਸ੍ਰੀ ਸਪੀਕਰ : ਅੱਛਾ ਮੋਸ਼ਨ ਮੂਵ ਕਰੋ। (Well, move the Motion, then.)

ਵਿੱਤ ਮੰਤਰੀ (ਡਾਕਟਰ ਜਗਜੀਤ ਸਿੰਘ) : ਮੈਂ ਮੂਵ ਕਰਦਾ ਹਾਂ ਜਿਹੜੀਆਂ ਬਿਜ਼ਨਿਸ ਐਡਵਾਇਜ਼ਰੀ ਕਮੇਟੀ ਨੇ ਆਪਣੀ ਪਹਿਲੀ ਰਿਪੋਰਟ ਵਿਚ ਰੀਕਮੈਂਡੇਸ਼ਨਜ਼ ਕੀਤੀਆਂ ਹਨ ਹਾਊਸ ਉਸ ਨੂੰ ਮਨਜ਼ੂਰ ਕਰੇ।

Mr. Speaker: Motion moved—

That this House agrees with the recommendations contained in the First Report of the Business Advisory Committee.

Mr. Speaker: Question is—

That this House agrees with the recommendations contained in the First Report of the Business Advisory Committee.

The motion was carried

PRESENTATION OF THE SECOND AND THIRD REPORTS OF THE COMMITTEE OF PRIVILEGES

Mr. Speaker: I call upon the Chairman of the Committee of Privileges to present the Second and Third Reports of the Committee of Privileges.

Shri Lal Chand Suberwal (Chairman, Committee of Privileges): Sir, I refuse to present these reports until and unless copies of these Reports are given to me.

ਸ੍ਰੀ ਸਪੀਕਰ : ਤੁਸੀਂ ਤਾਂ ਸਿਰਫ ਟੇਬਲ ਤੇ ਲੇ ਹੀ ਕਰਨੀਆਂ ਹਨ। (The hon. Member is required only to lay the reports on the Table.)

Shri Lal Chand Suberwal: Sir, I have not received copies of these Reports.

ਸ੍ਰੀ ਸਪੀਕਰ : ਤੁਸੀਂ ਕੱਲ ਕਰ ਲੈਣਾ। (Then he may do it tomorrow.)

ਸ੍ਰੀ ਲਾਲ ਚੰਦ ਸੱਬਰਵਾਲ : ਕਾਪੀਆਂ ਹੁਣ ਮੈਨੂੰ ਮਿਲ ਗਈਆਂ ਹਨ।

3.00 P.M.

Sir I beg to present the Second Report of the Committee of Privileges on the question of privilege regarding the matter referred to the Committee by the Speaker relating to Sardar Baldev Singh and other Members about the happenings of the 5th May, 1967.

Shri Lal Chand Suberwal : Sir, I beg to present the Third Report of the Committee of Privileges on the question of privilege regarding publication of certain objectionable remarks in the Weekly "Dihati Janta" Jullundur, in its issue dated the 27th December, 1967, casting reflection on the Speaker.

RESOLUTION FOR ELECTION OF MEMBERS ON THE PUBLIC ACCOUNTS COMMITTEE

Chief Minister (Sardar Lachhman Singh Gill) : Sir, I beg to move—

> That the members of this House do proceed to elect in the manner required by sub-rule (3) of Rule 250 of the Rules of Procedure and Conduct of Business in the Punjab Legislative Assembly, nine members from among themselves to serve as members of the Committee of Public Accounts for the year 1968-69.

Mr. Speaker: Motion moved—

> That the members of this House do proceed to elect in the manner required by sub-rule (3) of Rule 250 of the Rules of Procedure and Conduct of Business in the Punjab Legislative Assembly, nine members from among themselves to serve as members of the Committee of Public Accounts for the year 1968-69.

Mr. Speaker : Question is—

> That the members of this House do proceed to elect in the manner required by sub-rule (3) of Rule 250 of the Rules of Procedure and Conduct of Business in the Punjab Legislative Assembly, nine members from among themselves to serve as members of the Committee of Public Accounts for the year 1968-69.

The Motion was carried.

RESOLUTION FOR ELECTION OF MEMBERS ON THE ESTIMATES COMMITTEE

Chief Minister (Sardar Lachhman Singh Gill) : Sir, I beg to move—

> That the members of this House do proceed to elect in the manner required by sub-rule (2) of Rule 252 of the Rules of Procedure and Conduct of Business in the Punjab Legislative Assembly, nine members from among themselves to serve as the members of the Committee on Estimates for the year 1968-69.

Mr. Speaker : Motion moved—

That the members of this House do proceed to elect in the manner required by sub-rule (2) of Rule 252 of the Rules of Procedure and Conduct of Business in the Punjab Legislative Assembly, nine members from among themselves to serve as the members of the Committee on Estimates for the year 1968-69.

Mr. Speaker : Question is—

That the members of this House do proceed to elect in the manner required by sub-rule (2) of Rule 252 of the Rules of Procedure and Conduct of Business in the Punjab Legislative Assembly, nine members from among themselves to serve as the members of the Committee on Estimates for the year 1968-69.

The Motion was carried

Mr. Speaker : The following time-table will be observed by the Members for completing the various stages for electing members to the Public Accounts Committee and the Estimates Committee :

Nomination papers will be received up to 4.00 p.m. on Tuesday, the 21st May, 1968.

Scrutiny	Wednesday, the 22nd May, 1968 at 11.00 a.m.
With drawal	Wednesday, the 22nd May, 1968 up to 4. 00 p. m.
	Election, if necessary on Friday, the 24th May, 1968 from 11.00 a. m. to 5.00 p.m.

ਸਰਦਾਰ ਗੁਰਨਾਮ ਸਿਘ : ਜਿਹੜੇ ਨਾਂ ਪਹਿਲੇ ਦਿੱਤੇ ਗਏ ਸਨ ਉਨ੍ਹਾਂ ਦਾ ਕੀ ਬਣਿਆ ?

ਸ੍ਰੀ ਸਪੀਕਰ : ਪਹਿਲਾਂ ਤਾਂ ਮੇਰੇ ਖਿਆਲ ਵਿਚ ਦਿੱਤੇ ਹੀ ਕੋਈ ਨਹੀਂ । ਫੇਰ ਵੀ ਅਗਰ ਦਿੱਤੇ ਸੀ ਤਾਂ ਉਹ ਨਹੀਂ ਰਹਿਣਗੇ । ਨਵੇਂ ਸਿਰਿਉਂ ਇਹ ਪ੍ਰੋਸੀਜਰ ਹੋਵੇਗਾ । (I do not think if any nominat on papers have already been filed. Even if that was so, those would be treated as cancelled. This procedure will be followed a new.)

ਜਥੇਦਾਰ ਗੁਰਬਚਨ ਸਿੰਘ (ਸੁਨਾਮ) : ਸਪੀਕਰ ਸਾਹਿਬ, ਇਹ ਬਾਹਰ ਤਾਂ ਬੜਾ ਰੌਲਾ ਪਾ ਰਹੇ ਹਨ ਕਿ ਸਾਰਾ ਕੰਮ ਪੰਜਾਬੀ ਵਿਚ ਹੋ ਰਿਹਾ ਹੈ, ਪੰਜਾਬੀ ਪਰਫੁੱਲਤ ਹੋ ਰਹੀ ਹੈ, ਪੰਜਾਬੀ ਦਾ ਪਾਣੀ ਵਾਂਗ ਹੜ੍ਹ ਆ ਗਿਆ ਹੈ, ਪੰਜਾਬੀ ਦਾ ਸਮੁੰਦਰ ਵਗਾ ਦਿੱਤਾ ਹੈ ਪਰ ਸਾਨੂੰ ਤਾਂ ਇਥੇ ਇਕ ਕਾਗਜ਼ ਵੀ ਪੰਜਾਬੀ ਵਿਚ ਨਹੀਂ ਦਿੱਤਾ ਗਿਆ ।

ਮੁੱਖ ਮੰਤਰੀ : ਸ਼ਾਇਦ ਆਨਰੇਬਲ ਮੈਂਬਰ ਨੂੰ ਪਤਾ ਨਹੀਂ ਕਿ ਇਥੇ ਸਪੀਕਰ ਦਾ ਰਾਜ ਹੈ ।

ਸ੍ਰੀ ਸਪੀਕਰ : ਮੈਂ ਆਨਰੇਬਲ ਮੈਂਬਰ ਸਾਹਿਬਾਨ ਨੂੰ ਦਸ ਦਿਆਂ ਕਿ ਅਸੀਂ ਹਰ ਚੀਜ਼ ਤਿੰਨਾਂ ਜ਼ਬਾਨਾਂ ਵਿਚ ਪ੍ਰਿੰਟ ਕਰਕੇ ਭੇਜਦੇ ਹਾਂ—ਜਿਹੜੀ ਜਿਹੜੀ ਜ਼ਬਾਨ ਵਿਚ ਜਿਸ ਕਿਸੇ ਨੇ ਲਿਖਵਾਇਆ ਹੋਇਆ ਹੈ ਉਸ ਆਨਰੇਬਲ ਮੈਂਬਰ ਨੂੰ ਉਸੇ ਜ਼ਬਾਨ ਵਿਚ ਕਾਗਜ਼ ਪੁਜ ਜਾਂਦੇ

[ਸ੍ਰੀ ਸਪੀਕਰ]

ਹਨ । ਤੁਸੀਂ ਅਗਰ ਅਪਣੀ ਚਾਇਸ ਬਾਰੇ ਨਹੀਂ ਲਿਖਵਾਇਆ ਤਾਂ ਮੇਹਰਬਾਨੀ ਕਰਕੇ ਦਫਤਰ ਵਿਚ ਲਿਖਵਾ ਦਿਉ ਅਤੇ ਤੁਹਾਨੂੰ ਸਾਰੇ ਕਾਗਜ਼ ਉਸੇ ਜ਼ਬਾਨ ਵਿਚ ਪੁਜ ਜਾਇਆ ਕਰਨਗੇ । (I would like to inform the hon. Members that every agen 'a paper is printed and supplied to the hon. Members in three languages. The papers reach the hon. Members in the language of th ir choice indic ted by them. If the hon. Member Jathedar Gurbachan Singh has not indicated his choice about language, then he may ple se intimate the same now to the office so that the papers may be sent to him in that language.)

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਹਾਉਸ ਦਾ ਅਤੇ ਦੂਸਰੇ ਹਾਉਸ ਦਾ ਸਾਰਾ ਕੰਮ ਹੀ ਪੰਜਾਬੀ ਵਿਚ ਹੋਣਾ ਚਾਹੀਦਾ ਹੈ— ਲਾਜ਼ਮੀ ਤੌਰ ਤੇ ਪੰਜਾਬੀ ਵਿਚ ਹੋਣਾ ਚਾਹੀਦਾ ਹੈ । ਅਗਰ ਕੋਈ ਅੰਗਰੇਜ਼ੀ ਜਾਂ ਹਿੰਦੀ ਵਿਚ ਮੰਗੇ ਤਾਂ ਉਸ ਨੂੰ ਉਸ ਜ਼ਬਾਨ ਵਿਚ ਵੀ ਦਿੱਤਾ ਜਾਵੇ ਪਰ ਲਾਜ਼ਮੀ ਤੌਰ ਤੇ ਸਾਰੇ ਪੇਪਰਜ਼ ਸਾਡੇ ਪਾਸ ਪੰਜਾਬੀ ਵਿਚ ਆਉਣੇ ਚਾਹੀਦੇ ਹਨ । ਇਹ ਮੈਂ ਨਿਮਰਤਾ ਸਹਿਤ ਆਪ ਪਾਸ ਪ੍ਰਾਰਥਨਾ ਕਰਾਂਗਾ ।

ਸ੍ਰੀ ਸਪੀਕਰ : ਹੋ ਹੀ ਰਿਹਾ ਹੈ । ਸਾਡੇ ਜਿਹੜੇ ਆਦਮੀ ਟਾਈਪ ਨਹੀਂ ਜਾਣਦੇ ਉਨ੍ਹਾਂ ਨੂੰ ਸਿਖਾਉਣ ਲਈ ਜਿਹੜਾ ਪ੍ਰਬੰਧ ਤੁਸਾਂ ਸੈਕਰੇਟੇਰੀਏਟ ਵਿਚ ਕੀਤਾ ਹੋਇਆ ਹੈ ਉਥੇ ਉਨ੍ਹਾਂ ਨੂੰ ਭੇਜਿਆ ਜਾਂਦਾ ਹੈ ਤਾਕਿ ਜਲਦੀ ਤੋਂ ਜਲਦੀ ਸਿਖ ਲੈਣ ਔਰ ਆਪ ਨੂੰ ਸਾਰੀ ਚੀਜ਼ ਪੰਜਾਬੀ ਵਿਚ ਆਏ । (This is being done. The employees of this Secretariat, who do not know Punjabi type-writing, are being sent to the Punjab Civil Secretariat for getting training thereof, where arrangements therefor have been made by the Gove nment to enable them to learn it at the earliest and we may supply everything to the Members in Punjabi language.)

ਡਾਕਟਰ ਬਲਦੇਵ ਪ੍ਰਕਾਸ਼ : ਆਨ ਏ ਪੁਆਇੰਟ ਆਫ ਆਰਡਰ, ਸਰ । ਮੇਰਾ ਇਸੇ ਮਾਮਲੇ ਵਿਚ ਪੁਆਇੰਟ ਆਫ਼ ਆਰਡਰ ਹੈ । ਸਾਨੂੰ ਜਿਹੜੀਆਂ ਸੈਸ਼ਨ ਵਿਚ ਆਉਣ ਵਾਸਤੇ ਤਾਰਾਂ ਗਈਆਂ ਸਨ ਉਹ ਪੰਜਾਬੀ ਭਾਸ਼ਾ ਔਰ ਰੋਮਨ ਸਕਰਿਪਟ ਵਿਚ ਸਨ । ਉਹ ਠੀਕ ਤਰ੍ਹਾਂ ਪੜ੍ਹੀਆਂ ਵੀ ਨਹੀਂ ਸਨ ਜਾਂਦੀਆਂ ਕਿ ਹੈ ਕੀ । ਕੀ ਗਵਰਨਮੈਂਟ ਦਾ ਫ਼ੈਸਲਾ ਹੈ ਕਿ ਪੰਜਾਬੀ ਭਾਸ਼ਾ ਨੂੰ ਰੋਮਨ ਸਕਰਿਪਟ ਵਿਚ ਲਿਖਿਆ ਜਾਵੇ ?

ਸ੍ਰੀ ਸਪੀਕਰ : ਨਹੀਂ, ਨਹੀਂ । (No. No.)

ਡਾਕਟਰ ਬਲਦੇਵ ਪਰਕਾਸ਼ : ਅਗਰ ਨਹੀਂ ਤਾਂ ਫੇਰ ਤਾਂ ਪੰਜਾਬੀ ਭਾਸ਼ਾ ਦਾ ਇਹ ਬੜਾ ਭਾਰੀ ਅਪਮਾਨ ਹੈ ਕਿ ਉਸ ਨੂੰ ਰੋਮਨ ਸਕਰਿਪਟ ਵਿਚ ਲਿਖਿਆ ਜਾਵੇ ।

ਸ੍ਰੀ ਸਪੀਕਰ : ਬਿਲਕੁਲ ਠੀਕ ਹੈ । ਪਰ ਗੱਲ ਇਹ ਹੈ ਕਿ ਟੈਲੀਗਰਾਫ ਡਿਪਾਰਟਮੈਂਟ ਵਾਲੇ ਤਾਰਾਂ ਪੰਜਾਬੀ ਜ਼ਬਾਨ ਵਿਚ ਲੈ ਨਹੀਂ ਰਹੇ । ਕਿਉਂਕਿ ਉਹ ਲੈ ਨਹੀਂ ਰਹੇ ਇਸ ਕਰਕੇ ਇਸ ਤਰ੍ਹਾਂ ਕੀਤਾ ਸੀ । ਆਇੰਦਾ ਇਸ ਤਰ੍ਹਾਂ ਨਹੀਂ ਕੀਤਾ ਜਾਵੇਗਾ । (Of course, but the Telegraph Department do not accept Telegrams in Punjabi language. Since they did not accept them we adopted that pattern. In future, it will not be repeated.)

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਹੜਾ ਅਸਰ ਅਪਣੇ ਇਸ ਪ੍ਰਾਪੇਗੰਡੇ ਰਾਹੀਂ ਪਬਲਿਕ ਵਿਚ ਦੇਣਾ ਚਾਹੁੰਦੇ ਹਨ ਉਹ ਉਸ ਵਿਚ ਕਾਮਯਾਬ ਨਹੀਂ ਹੋਣਗੇ। ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਥੋਂ ਦਾ ਜਿਹੜਾ ਕੰਮ ਹੈ ਉਹ ਗੌਰਮੈਂਟ ਦੇ ਅੰਡਰ ਨਹੀਂ ਹੈ ਸਪੀਕਰ ਸਾਹਿਬ ਦੇ ਅੰਡਰ ਹੈ। ਇਹ ਤਾਰ ਦੀ ਗੱਲ ਮੈਂ ਨਹੀਂ ਕਰਦਾ। ਮੈਂ ਅਪਣੇ ਦੋਸਤਾਂ ਨੂੰ ਚੈਲੇਂਜ ਕਰਦਾ ਹਾਂ ਕਿ ਗੌਰਮੈਂਟ ਦੇ ਕਿਸੇ ਵਿਭਾਗ ਵਿਚੋਂ ਦੱਸਣ ਕਿ ਕੋਈ ਹੁਕਮ ਅੰਗਰੇਜ਼ੀ ਵਿਚ ਗਿਆ ਹੋਵੇ। ਸਾਰਾ ਕੰਮ ਪੰਜਾਬੀ ਵਿਚ ਹੋ ਰਿਹਾ ਹੈ।

ਸ੍ਰੀ ਸਪੀਕਰ : ਤਾਰਾਂ ਵੀ ਪੰਜਾਬੀ ਭਾਸ਼ਾ ਵਿਚ ਹੀ ਦਿੱਤੀਆਂ ਸਨ। ਨੈਕਸਟ ਆਈਟਮ ਪਲੀਜ਼। (Telegrams were also sent in Punjabi language. Next item please.)

ਮੁੱਖ ਮੰਤਰੀ : ਇਹ ਹਾਊਸ ਦੂਸਰੇ ਹਾਊਸ ਨੂੰ, ਵਿਧਾਨ ਪਰੀਸ਼ਦ ਨੂੰ ਸਿਫਾਰਿਸ਼ ਕਰਦਾ ਹੈ ....

ਸਰਦਾਰ ਗੁਰਨਾਮ ਸਿੰਘ : ਕਿ ਉਸ ਨੂੰ ਤੋੜ ਦਿੱਤਾ ਜਾਵੇ (ਹਾਸਾ)

ਮੁੱਖ ਮੰਤਰੀ : ਨੀਅਤ ਤਾਂ ਤੁਹਾਡੀ ਇਹੋ ਸੀ ਪਰ ਜਨਤਾ ਨੇ ਪੂਰੀ ਨਹੀਂ ਹੋਣ ਦਿੱਤੀ।

MOTION REGARDING NOMINATION OF THREE M.L.C.s EACH ON THE PUBLIC ACCOUNTS COMMITTEE AND ESTIMATES COMMITTEE

ਮੁੱਖ ਮੰਤਰੀ : ਹਾਂ, ਮੈਂ ਮੂਵ ਕਰਦਾ ਹਾਂ-

ਕਿ ਇਹ ਹਾਊਸ ਪੰਜਾਬ ਵਿਧਾਨ ਪ੍ਰੀਸ਼ਦ ਨੂੰ ਸਿਫਾਰਿਸ਼ ਕਰਦਾ ਹੈ ਕਿ ਉਹ ਵਿਧਾਨ ਪ੍ਰੀਸ਼ਦ ਵਿਚੋਂ ਤਿੰਨ ਤਿੰਨ ਮੈਂਬਰ 1968-69 ਦੀ ਵਿਧਾਨ ਸਭਾ ਦਾ ਪੀ. ਏ. ਸੀ. ਅਤੇ ਐਸਟੀਮੇਟਸ ਕਮੇਟੀ ਲਈ ਨਾਮੀਨੇਟ ਕਰੇ ਅਤੇ ਉਨ੍ਹਾਂ ਨਾਮਜ਼ਦ ਕੀਤੇ ਗਏ ਮੈਂਬਰਾਂ ਦੇ ਨਾਂ ਇਸ ਹਾਊਸ ਨੂੰ ਭੇਜੇ।

ਸਰਦਾਰ ਗੁਰਨਾਮ ਸਿੰਘ : ਇਸ ਤਰ੍ਹਾਂ ਦਾ ਰੈਜ਼ੋਲਿਊਸ਼ਨ ਪਹਿਲਾਂ ਤਾਂ ਨਹੀਂ ਆਇਆ ਕਰਦਾ। ਇਲੈਕਸ਼ਨ ਹੋ ਜਾਣ ਤੋਂ ਬਾਦ ਹੀ ਲਿਆਇਆ ਜਾਂਦਾ ਹੈ।

ਸ੍ਰੀ ਸਪੀਕਰ : ਇਥੋਂ ਦੇ ਜਿਹੜੇ ਨੌਂ ਮੈਂਬਰ ਇਲੈਕਟ ਹੋਣਗੇ ਉਹ ਤਾਂ ਆ ਹੀ ਜਾਣਗੇ। (The nine members elected by this House would automatically serve on these Committees.)

ਸਰਦਾਰ ਗੁਰਨਾਮ ਸਿੰਘ : ਚਲੋ, ਕਰ ਲਉ।

Mr. Speaker : Motion moved—

That this House recommends to the Punjab Vidhan Parishad that they do agree to nominate three members from the Vidhan Parishad to associate with the Public Accounts Committee and three members to associate with the Committee on Estimates of the Vidhan Sabha for the year 1968-69 and to communicate to this House the names of the members so nominated by the Vidhan Parishad.

Mr. Speaker: Question is—

That this House recommends to the Punjab Vidhan Parishad that they do agree to nominate three members from the Vidhan Parishad to associate with the Public Accounts Committee and three members to associate with the Committee on Estimates of the Vidhan Sabha for the year 1968-69 and to communicate to this House the names of the members so nominated by the Vidhan Parishad.

The motion was carried

BILL (S)

THE NORTHERN INDIA CANAL AND DRAINAGE (PUNJAB AMENDMENT) BILL

Mr. Speaker : Now the Minister to move the Bill.

Minister of State for Irrigation and Power (Sardar Natha Singh) : Sir, I beg to *move—

That the Northern India Canal and Drainage (Punjab Amendment) Bill, as passed by the Punjab Vidhan Parishad, be taken into consideration.

Mr. Speaker : Motion moved—

That the Northern India Canal and Drainage (Punjab Amendment) Bill, as passed by the Punjab Vidhan Parishad, be taken into consideration.

Mr. Speaker : Does anybody want to Speak ?

श्री ग्र० विश्वनाथन (लुधियाना–दक्षिण) : स्पीकर साहब, एक तो वैसे ही भगवान की कृपा से यहां पर कुछ बहुत लिखे पढ़े लोग मैम्बर बन कर ग्राए हैं ग्रौर जो पढ़ना भी जानते हैं ग्रौर पढ़ कर जनता की तकदीर सम्बन्धी जो कानून बनाते हैं, जिन का लाखों लोगों पर ग्रसर होता है, जिन से करोड़ों रुपया इधर से उधर हो सकता है, टैक्स के रुप में जनता की जेबों से निकाला जा सकता है, वह कानून जिस तरीके से पास हो रहे हैं, वह ग्राप के सामने है । ग्राज दो बजे सेशन शुरू हुग्रा ग्रौर यह दस्था हमें भेज दिया । हम कब इन्हें देख सकते हैं, कब दूसरे स्टेटस के ऐक्टस से कम्पेयर कर सकते हैं, ग्रोरिजिनल ऐक्ट कब कनसल्ट कर सकते हैं...... यह ग्राज ही सरकुलेट हुए हैं ।

श्री ग्रध्यक्ष : ग्राज सुबह ग्रा कर ही ग्राप प्रिपेयर कर सकते थे, ग्राप तो बड़े वकील हैं (विघ्न) (He could prepare himself even this morning on his arrival here. He is an eminent lawyer.)

श्री ग्र० विश्वनाथन : स्पीकर साहिब, टी० ए० का सवाल नहीं है, यह सरकुलेट ही ग्राज हुए हैं । हम पहले भी ग्रा जाते तो क्या करते । ग्रगर रेलगाड़ी 6 बजे ग्राती हो ग्रौर हम 4 बजे पहुंच जायें तो......

(विघ्न)

---

*Moved in Punjabi.

श्री अध्यक्ष : यह पिछले सैशन में सरकुलेट हो चुके हैं आप को याद नहीं है। (विघ्न) (These were circulated during the course of the last session. The Hon'ble Member has perhaps forgotten about it.)

ਕਾਮਰੇਡ ਦਲੀਪ ਸਿੰਘ ਟਪਿਆਲਾ (ਅਜਨਾਲਾ) : ਸਪੀਕਰ ਸਾਹਿਬ, ਇਹ ਜੋ 1873 ਦੇ ਕੈਨਾਲ ਐਕਟ ਵਿਚ ਅਮੈਂਡਮੈਂਟਸ ਲਿਆ ਰਹੇ ਹਨ, ਇਨ੍ਹਾਂ ਬਾਰੇ ਅਸੀਂ ਐਕਸਪੈਕਟ ਕਰਦੇ ਸੀ ਕਿ ਸਰਕਾਰ ਇਕ ਕੰਪਰੀਹੈਨਸਿਵ ਬਿਲ ਲਿਆਏਗੀ ਅਤੇ ਪੁਰਾਣੇ ਐਕਟ ਨੂੰ ਚੇਂਜ ਕਰੇਗੀ । ਮਗਰ ਇਹ ਜੋ ਅਮੈਂਡਮੈਂਟਸ ਲਿਆਏ ਹਨ ਇਹ ਬੜੀਆਂ ਇਨਸਿਗਨੀਫੀਕੈਂਟ ਹਨ। ਮੈਂ ਫਿਰ ਇਨ੍ਹਾਂ ਨੂੰ ਰੀਕਵੈਸਟ ਕਰਾਂਗਾ ਕਿ ਇਹ ਹਾਊਸ ਨੂੰ ਐਸ਼ਿਊਰ ਕਰਾਣ ਕਿ ਇਹ ਬੜੀ ਜਲਦੀ ਇਕ ਨਵਾਂ ਬਿਲ ਇੰਟਰੋਡਿਊਸ ਕਰਨਗੇ ਜੋ ਇਮਪੀਰੀਅਲਿਸਟਾਂ ਦੇ ਵਕਤ ਦੇ ਬਣੇ ਹੋਏ ਐਕਟ ਨੂੰ ਚੇਂਜ ਕਰੇਗਾ । ਇਹ ਜੋ ਅਮੈਂਡਮੈਂਟਸ ਲਿਆਏ ਹਨ ਇਨ੍ਹਾਂ ਨਾਲ ਕਿਸਾਨਾਂ ਨੂੰ ਕੋਈ ਫਾਇਦਾ ਨਹੀਂ ਹੋਵੇਗਾ, ਅਤੇ ਬੇਸੀਕਲੀ ਐਕਟ ਵੈਸੇ ਦਾ ਵੈਸਾ ਹੀ ਰਹੇਗਾ । ਮੈਂ ਇਰੀਗੇਸ਼ਨ ਮਨਿਸਟਰ ਸਾਹਿਬ ਨੂੰ ਕਹਿੰਦਾ ਹਾਂ ਕਿ ਉਹ ਕਿਸਾਨਾਂ ਨਾਲ ਤੁਅੱਲਕ ਰਖਦੇ ਹਨ, ਉਹ ਇਸ ਤਰ੍ਹਾਂ ਦੀਆਂ ਅਮੈਂਡਮੈਂਟਸ ਲਿਆਕੇ ਕਿਸਾਨਾਂ ਨਾਲ ਮਜ਼ਾਕ ਨਾ ਕਰਨ ਅਤੇ ਹਾਊਸ ਨੂੰ ਐਸ਼ਿਊਰ ਕਰਾਉਣ ਕਿ ਉਰਿਜਨਲ ਐਕਟ ਵਿਚ ਕਿਸਾਨਾਂ ਦੇ ਹਿਤ ਵਿਚ ਚੇਂਜ ਲਿਆਉਣ ਦਾ ਬਿਲ ਹਾਊਸ ਵਿਚ ਪੇਸ਼ ਕੀਤਾ ਜਾਵੇਗਾ ।

ਮੁੱਖ ਮੰਤਰੀ : ਸਪੀਕਰ ਸਾਹਿਬ, ਗੱਲ ਦਰਅਸਲ ਇਹ ਹੈ ਕਿ ਕਿਸੇ ਦੋਸਤ ਨੇ ਬਿਲ ਨੂੰ ਦੇਖਣ ਦੀ ਤਕਲੀਫ ਨਹੀਂ ਕੀਤੀ, ਇਹ ਨਹੀਂ ਦੇਖਿਆ ਕਿ ਗੱਲ ਕੀ ਹੈ । ਸਿੰਪਲ ਗੱਲ ਹੈ ਕਿ ਹਾਈ ਕੋਰਟ ਵਿਚ ਕੋਈ ਰਿਟ ਹੋਈ ਸੀ...... (ਵਿਘਨ) ਮੈਨੂੰ ਸੁਣ ਤਾਂ ਲਉ ।

ਕਾਮਰੇਡ ਦਲੀਪ ਸਿੰਘ ਟਪਿਆਲਾ : ਆਪ ਨੂੰ ਪਤਾ ਨਹੀਂ ਹੈ ਕਿ 1873 ਦਾ ਐਕਟ ਕੀ ਹੈ ।

ਮੁੱਖ ਮੰਤਰੀ : ਮੈਨੂੰ ਗੱਲ ਕਰਨ ਦਾ ਮੌਕਾ ਦਿਉ, ਸਮਝ ਲਉ । ਸਿੰਪਲ ਜਿਹੀ ਗਲ ਹੈ ਕਿ ਹਾਈ ਕੋਰਟ ਵਿਚ ਰਿਟ ਹੋਈ ਸੀ, ਉਸ ਵਿਚ ਕੁਝ ਸਾਡੇ ਤੇ ਮੰਗ ਹੋਈ, ਉਸ ਮੁਤਾਬਕ ਦਰੁਸਤੀ ਕਰਨ ਲਈ ਇਕ ਲਾਈਨ ਦੀ ਅਮੈਂਡਮੈਂਟ ਲਿਆਏ ਹਾਂ । ਇਸ ਨੂੰ ਜ਼ਰਾ ਦੇਖ ਲਉ...... (ਵਿਘਨ) ਪਾਣੀ ਲੈ ਜਾਣ ਵਾਲੇ ਖਾਲਾਂ ਬਾਰੇ ਹੈ । ਇਹੀ ਗੱਲ ਹੈ ।

ਸਰਦਾਰ ਗੁਰਮੀਤ ਸਿੰਘ 'ਮੀਤ' (ਮਲੋਟ) : ਸਪੀਕਰ ਸਾਹਿਬ, ਬਦਕਿਸਮਤੀ ਨਾਲ ਚੀਫ ਮਨਿਸਟਰ ਸਾਹਿਬ ਨੇ ਐਕਟ ਦੇ ਸੈਕਸ਼ਨਜ਼ 33, 34, 35 ਨਹੀਂ ਦੇਖੇ ਕਿ ਉਹ ਕੀ ਕਹਿੰਦੇ ਹਨ ਅਤੇ ਨਾ ਹੀ ਇਸ ਬਿਲ ਦੇ ਏਮਜ਼ ਅਤੇ ਆਬਜੈਕਟਸ ਦੇਖੇ ਹਨ । ਸਿਰਫ ਹਾਈ ਕੋਰਟ ਦੀ ਗੱਲ ਹੀ ਵਿਚ ਲਿਆਂਦੀ ਹੈ ਜੋ ਕਿ ਨੰਬਰ ਦੋ ਤੇ ਹੈ । ਪਹਿਲੇ ਨੰਬਰ ਤੇ ਤਾਂ

[ਸਰਦਾਰ ਗੁਰਮੀਤ ਸਿੰਘ 'ਮੀਤ']

ਆਕੂਪੈਂਸੀ ਟੈਨੈਂਟਸ ਬਾਰੇ ਰੈਫਰੇਂਸ ਹੈ ਜਿਸ ਨੂੰ ਖਤਮ ਕਰਨਾ ਹੈ । ਇਸੇ ਸੈਕਸ਼ਨ 35 ਵਿਚੋਂ ਵੀ ਕੁਝ ਲਫਜ਼ ਉਡਾਉਣੇ ਹਨ । ਪਹਿਲਾਂ ਐਸ. ਡੀ. ਉ. ਦੀਆਂ ਪਾਵਰਜ਼ ਕਟ ਕਰਕੇ ਕੁਲੈਕਟਰ ਨੂੰ ਦਿਤੀਆਂ ਗਈਆਂ ਸਨ.... (ਵਿਘਨ) ਇਸ ਲਈ ਇਕ ਅਜਿਹੇ ਮੈਂਬਰ ਨੂੰ ਐਵੇਂ ਟੋਕ ਦੇਣਾ ਜਿਸ ਨੇ ਕੁਟਾਂ ਮਾਰਾਂ ਖਾਧੀਆਂ ਹੋਣ ਇਸ ਐਕਟ ਦੇ ਖਿਲਾਫ ਆਵਾਜ਼ ਉਠਾਉਂਦੇ (ਵਿਘਨ) ਉਸ ਨੂੰ ਐਵੇਂ ਟੋਕ ਦੇਣਾ ਠੀਕ ਨਹੀਂ ਹੈ । (ਵਿਘਨ) ਪਿਛਲੇ ਦਿਨੀਂ ਜਦ ਗਿਲ ਸਾਹਬ ਇਰੀਗੇਸ਼ਨ ਮਿਨਿਸਟਰ ਸਨ ਤਾਂ ਇਸ ਐਕਟ ਦੇ ਨੁਕਸਾਂ ਬਾਰੇ ਵਿਚਾਰਾਂ ਹੋਈਆਂ ਸਨ, ਕਿਸਾਨ ਦੀਆਂ ਮੁਸ਼ਕਲਾਂ ਦੂਰ ਕਰਨ ਬਾਰੇ ਇਕ ਕਪਰੀਹੈਂਸਿਵ ਬਿਲ ਲਿਆਉਣ ਬਾਰੇ ਐਕਸ. ਈ. ਐਨ. ਦੇ ਲੈਵਲ ਤੇ ਵੀ ਮੀਟਿੰਗਾਂ ਹੋਈਆਂ ਸਨ, ਕੁਝ ਸਿਫਾਰਸ਼ਾਂ ਵੀ ਹੋਈਆਂ ਸਨ ਜੋ ਇਸ ਬਿਲ ਵਿਚ ਇਨਕਾਰਪੋਰੇਟ ਨਹੀਂ ਹੋਈਆਂ । ਇਸ ਲਈ ਮੈਂ ਅਰਜ਼ ਕਰਾਂਗਾ ਕਿ ਘਟੋ ਘਟ ਉਹ ਵਿਚਾਰਾਂ ਜੋ ਪਹਿਲਾਂ ਹੋ ਚੁੱਕੀਆਂ ਹਨ, ਇਰੀਗੇਸ਼ਨ ਐਡਵਾਈਜ਼ਰੀ ਕਮੇਟੀ ਵਿਚ ਕਿਸਾਨਾਂ ਨੇ ਜੋ ਰਾਵਾਂ ਦਿਤੀਆਂ ਹਨ, ਉਨ੍ਹਾਂ ਅਨੁਸਾਰ ਇਸ ਐਕਟ ਦੇ ਨੁਕਾਇਸ ਨੂੰ ਦੂਰ ਕਰਨ ਲਈ ਜਲਦੀ ਤੋਂ ਜਲਦੀ ਮੁਕੰਮਲ ਬਿਲ ਆਉਣਾ ਚਾਹੀਦਾ ਹੈ ਤਾਂ ਜੋ ਅਸੀਂ ਕਿਸਾਨਾਂ ਨੂੰ ਰੀਲੀਫ ਦੇ ਸਕੀਏ ।

ਮੁੱਖ ਮੰਤਰੀ ; ਕੋਈ ਗੱਲ ਦੱਸ ਦਿਉ ।

ਸਰਦਾਰ ਗੁਰਮੀਤ ਸਿੰਘ 'ਮੀਤ' : ਚੀਫ ਮਨਿਸਟਰ ਸਾਹਬ ਆਪ ਨੂੰ ਯਾਦ ਹੋਵੇਗਾ ਕਿ ਕੈਨਾਲ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਆਪ ਦੇ ਕਮਰੇ ਵਿਚ ਹੋਈ ਸੀ, ਮੈਂ ਵੀ ਉਸ ਵਿਚ ਸ਼ਾਮਲ ਸੀ, ਉਹ ਸਿਫਾਰਸ਼ਾਂ ਕਢਵਾ ਕੇ ਦੇਖ ਲਉ ।

ਮੁੱਖ ਮੰਤਰੀ : ਆਪ ਨੂੰ ਯਾਦ ਹੋਵੇ ਤਾਂ ਦਸ ਦਿਉ ।

ਸਰਦਾਰ ਗੁਰਮੀਤ ਸਿੰਘ 'ਮੀਤ' : ਆਪ ਨੂੰ ਯਾਦ ਹੋਵੇ ਜਾਂ ਨਾ ਮੈਨੂੰ ਯਾਦ ਹੈ । ਮੈਂ ਤੁਹਾਨੂੰ ਯਾਦ ਕਰਵਾ ਦਿੰਦਾ ਹਾਂ । ਇਕ ਗੱਲ ਇਹ ਸੀ ਕਿ ਜਦ ਇਸ਼ਤਮਾਲ ਅਰਾਜ਼ੀ ਹੋ ਜਾਂਦਾ ਹੈ ਤਾਂ ਦਫਾਤ 21 (2), (3), (4) ਦੇ ਤਹਿਤ ਅਪੀਲਾਂ ਵਿਚ $1\frac{1}{2}$ ਸਾਲ ਲਗ ਜਾਂਦਾ ਹੈ । ਇਸ ਅਰਸੇ ਵਿਚ ਇੰਪਲੀਮੈਂਟੇਸ਼ਨ ਨਹੀਂ ਹੁੰਦੀ, ਪੱਕੀ ਵਾਰਾਬੰਦੀ ਨਹੀਂ ਹੁੰਦੀ । ਕੁਝ ਤਗੜੇ ਲੋਕ ਤਾਂ ਦੋ-ਦੋ ਜਗ੍ਹਾ ਤੇ ਪਾਣੀ ਲੈ ਜਾਂਦੇ ਹਨ ਜਦਕਿ ਕਈਆਂ ਨੂੰ ਇਕ ਥਾਂ ਵੀ ਪਾਣੀ ਨਹੀਂ ਮਿਲਦਾ । ਨਤੀਜਾ ਇਹ ਹੁੰਦਾ ਹੈ ਕਿ ਉਸ $1\frac{1}{2}$ ਸਾਲ ਵਿਚ ਜਿੰਨੇ ਕਤਲ ਹੁੰਦੇ ਹਨ ਉਨੇ ਹੋਰ ਕਦੇ ਵੀ ਨਹੀਂ ਹੁੰਦੇ । ਉਸ $1\frac{1}{2}$ ਸਾਲ ਦੇ ਅਰਸੇ ਵਿਚ ਲੜਾਈਆਂ ਬੰਦ ਕਰਨ ਲਈ ਪਾਣੀ ਦੀ ਵੰਡ ਠੀਕ ਕਰਨ ਲਈ ਤਰਮੀਮ ਦੀ ਲੋੜ ਹੈ । ਅੱਜ ਦੇ ਕਾਨੂੰਨ ਅਨੁਸਾਰ ਅਫਸਰ ਦਖਲ ਨਹੀਂ ਦੇ ਸਕਦੇ, ਐਕਟ ਦੀ ਦਫਾ 68 ਲਾਗੂ ਨਹੀਂ ਹੁੰਦੀ । ਛੋਟੇ ਕਿਸਾਨਾਂ ਨਾਲ ਹੁੰਦੇ ਜ਼ੁਲਮ ਨੂੰ ਰੋਕਣ ਲਈ, ਝਗੜੇ ਫਸਾਦ ਖਤਮ ਕਰਨ ਲਈ ਜ਼ਰੂਰੀ ਹੈ ਕਿ ਪਾਣੀ ਦੀ ਬਰਾਬਰ ਵੰਡ ਕੀਤੀ ਜਾਵੇ ਤਾਂ ਜੋ ਕਿਸਾਨਾਂ ਦਾ ਨੁਕਸਾਨ ਨਾ ਹੋਵੇ ਅਤੇ ਦੇਸ਼ ਦੇ ਅਨਾਜ ਦੀ ਪੈਦਾਵਾਰ ਦਾ ਨੁਕਸਾਨ ਨਾ ਹੋਵੇ ।

ਇਸ ਵਿਚ ਇਕ ਗਲ ਇਨ੍ਹਾਂ ਨੇ ਚੰਗੀ ਕੀਤੀ ਹੈ । ਅਜ ਕਲ ਅਸੀਂ ਦੇਖਦੇ ਹਾਂ ਕਿ ਨਹਿਰਾਂ ਵਿਚ ਬ੍ਰੀਚਿਜ਼ ਹੋ ਜਾਂਦੀਆਂ ਹਨ ਕਿਉਂਕਿ ਕੰਮ ਠੀਕ ਨਹੀਂ ਹੋਇਆ ਹੁੰਦਾ,

ਮਿੱਟੀ ਪੂਰੀ ਨਹੀਂ ਪਈ ਹੁੰਦੀ ਜਾਂ ਹੋਰ ਕੋਈ ਗੜਬੜ ਹੋਈ ਹੁੰਦੀ ਹੈ । ਬੰਨੇ ਨਕਸਦਾਰ ਬਣੇ ਹੋਣ ਕਰਕੇ ਟੁਟ ਜਾਂਦੇ ਹਨ ਪਰ ਸੌ ਫੀਸਦੀ ਕੇਸਾਂ ਵਿਚ ਉਹ ਕਟ ਬਣ ਜਾਂਦੇ ਹਨ ਅਤੇ ਕਿਸਾਨਾਂ ਤੇ ਤਾਵਾਨ ਪਾ ਦਿਤਾ ਜਾਂਦਾ ਹੈ । ਗਲਤੀ ਤਾਂ ਹੁੰਦੀ ਹੈ ਲੋਕਲ ਅਫਸਰ ਦੀ । ਉਸ ਨੇ ਕੰਟਰੈਕਟਰ ਨਾਲ ਮਿਲ ਕੇ ਕੰਮ ਗਲਤ ਕਰਾਇਆ ਹੁੰਦਾ ਹੈ ਜਿਸ ਕਰਕੇ ਬ੍ਰੀਚ ਹੁੰਦੀ ਹੈ ਮਗਰ ਉਸ ਨੂੰ ਜ਼ਬਰਦਸਤੀ ਕਟ ਬਣਾਕੇ ਕਿਸਾਨਾਂ ਤੇ ਤਾਵਾਨ ਪਾ ਦਿਤਾ ਜਾਂਦਾ ਹੈ । ਪਿਛੇ ਅਮੈਂਡਮੈਂਟ ਕਰਕੇ ਅਸੀਂ ਕੈਨਾਲ ਅਫਸਰ ਤੋਂ ਇਖਤਿਆਰ ਲੈਕੇ ਕੁਲੈਕਟਰ ਤੇ ਇਹ ਜ਼ਿੰਮੇਦਾਰੀ ਪਾਈ ਸੀ । ਮਗਰ ਇਕ ਗਲ ਇਹ ਕੀਤੀ ਸੀ ਕਿ ਡਿਵੀਜ਼ਨਲ ਕੈਨਾਲ ਅਫ਼ਸਰ ਇਨਕੁਆਇਰੀ ਕਰੇਗਾ ਫਿਰ ਕਲੈਕਟਰ ਪਾਸ ਕੇਸ ਜਾਵੇਗਾ । ਹੁੰਦਾ ਇਹ ਹੈ ਕਿ ਇਸ ਇਨਕੁਆਇਰੀ ਦੇ ਦੌਰਾਨ ਇਸ ਤਰ੍ਹਾਂ ਦੇ ਬਿਆਨ ਹੁੰਦੇ ਹਨ ਕਿ ਬ੍ਰੀਚ ਦਾ ਕਟ ਬਣ ਜਾਂਦਾ ਹੈ ਅਤੇ ਕਿਸਾਨਾਂ ਨੂੰ ਸਜ਼ਾ ਹੋ ਜਾਂਦੀ ਹੈ ।

ਇਹ ਅੱਛੀ ਗੱਲ ਹੈ ਜੋ ਅਸੀਂ ਡਿਵੀਜ਼ਨਲ ਕੈਨਾਲ ਅਫ਼ਸਰ ਵਲੋਂ ਜੋ ਪਹਿਲਾਂ ਇਨਕੁਆਇਰੀ ਕੀਤੀ ਜਾਂਦੀ ਸੀ, ਉਸ ਨੂੰ ਖਤਮ ਕਰ ਰਹੇ ਹਨ । ਦੂਸਰੇ ਪਾਸੇ ਅਸਿਸਟੈਂਟ ਕੁਲੈਕਟਰ ਫ਼ਸਟ ਗਰੇਡ ਨੂੰ ਅਧਿਕਾਰ ਦੇ ਰਹੇ ਹਾਂ ਤਾਂ ਕਿ ਪਹਿਲਾਂ ਜੋ ਕਿਸਾਨਾਂ ਨਾਲ ਬੇਇਨਸਾਫ਼ੀ ਹੁੰਦੀ ਸੀ ਉਹ ਦੂਰ ਹੋ ਸਕੇ ਅਤੇ ਕਿਸਾਨ ਨੂੰ ਇਨਸਾਫ਼ ਮਿਲ ਸਕੇ, ਜਿਹੜੇ ਕੱਟ ਨਾਜਾਇਜ਼ ਤੌਰ ਤੇ ਹੁੰਦੇ ਸਨ ਉਨ੍ਹਾਂ ਲਈ ਜਿਹੜਾ ਨਾਜਾਇਜ਼ ਤਾਵਾਨ ਪਾਇਆ ਜਾਂਦਾ ਸੀ ਉਸ ਤੇ ਰੋਕ ਪਾਈ ਜਾ ਸਕੇ । ਇਸ ਸਬੰਧ ਵਿਚ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਮੰਡਲ ਨੂੰ ਅਪੀਲ ਕਰਾਂਗਾ ਕਿ ਕਈ ਹਜ਼ਾਰ ਕੇਸਿਜ਼ ਤਾਵਾਨ ਦੇ ਪੈਂਡਿੰਗ ਪਏ ਹਨ ਜਿਹੜੇ ਇਸ ਐਕਟ ਦੀ ਧਾਰਾ 35 ਅਨੁਸਾਰ ਡਵੀਜ਼ਨਲ ਕੈਨਾਲ ਅਫ਼ਸਰ ਦੀ ਇਨਕੁਆਇਰੀ ਪੂਰੀ ਨਾ ਹੋਣ ਕਰਕੇ ਪੈਂਡਿੰਗ ਹਨ । ਇਨ੍ਹਾਂ ਨੂੰ ਤੁਰਤ ਫੈਸਲਾ ਕਰਨਾ ਚਾਹੀਦਾ ਹੈ ਕਿਉਂਕਿ ਹੁਣ ਤਰਮੀਮ ਕੀਤੀ ਜਾ ਰਹੀ ਹੈ । ਜਦ ਸਰਦਾਰ ਗਿਆਨ ਸਿੰਘ ਆਈ. ਪੀ. ਐਮ. ਸਨ ਤਾਂ ਐਡਵਾਈਜ਼ਰੀ ਕਮੇਟੀਆਂ ਬਣਾਈਆਂ ਗਈਆਂ ਸਨ ਅਤੇ ਇਹ ਤਰਮੀਮ ਲਿਆਉਣ ਦੀ ਵੀ ਕੋਸ਼ਿਸ਼ ਕੀਤੀ ਗਈ ਸੀ ਤਾਂ ਕਿ ਪੈਂਡਿੰਗ ਤਾਵਾਨ ਦੇ ਕੇਸਿਜ਼ ਛੇਤੀ ਤੋਂ ਛੇਤੀ ਨਿਪਟਾਏ ਜਾਣ ਪਰ ਇਹ ਚਾਰ ਸਾਲ ਕਮੇਟੀਆਂ ਬਣੀਆਂ ਰਹੀਆਂ ਤੇ ਇਨ੍ਹਾਂ ਨੂੰ ਲੋਕਲ ਅਫ਼ਸਰ ਅਤੇ ਲੋਕਾਂ ਨੇ ਚਲਣ ਨਹੀਂ ਦਿੱਤਾ । ਇਹ ਲੈਜਿਸਲੇਟਰਾਂ ਦੀ ਕਮੇਟੀ ਸੀ ਅਤੇ ਨਾਨ-ਆਫ਼ੀਸ਼ਲ ਦੀ ਕਮੇਟੀ ਸੀ ਜਿਨ੍ਹਾਂ ਨੇ ਬਰੀਚਾਂ ਦਾ ਫੈਸਲਾ ਕਰਨਾ ਸੀ ਪਰ ਕੁਝ ਅਫ਼ਸਰਾਂ ਨੇ ਇਸ ਗੱਲ ਨੂੰ ਪਸੰਦ ਨਾ ਕੀਤਾ ਤੇ ਚਾਰ ਸਾਲ ਕਮੇਟੀਆਂ ਬਣੀਆਂ ਰਹਿਣ ਤੇ ਵੀ ਕਮੇਟੀ ਦੀ ਇਕ ਵੀ ਮੀਟਿੰਗ ਨਹੀਂ ਹੋਣ ਦਿਤੀ । ਕਮੇਟੀਆਂ ਟੁਟ ਗਈਆਂ, ਤਾਕਤਾਂ ਫਿਰ ਪਬਲਿਕ ਤੇ ਲੈਜਿਸਲੇਚਰ ਤੋਂ ਵਾਪਸ ਲੈ ਲਈਆਂ ਗਈਆਂ । ਇਸ ਤਰ੍ਹਾਂ ਹਜ਼ਾਰਾਂ ਕੇਸਿਜ਼ ਤਾਵਾਨ ਦੇ ਪੈਂਡਿੰਗ ਪਏ ਹਨ ਜਿਨ੍ਹਾਂ ਦਾ ਤੁਰਤ ਫ਼ੈਸਲਾ ਹੋਣਾ ਬਹੁਤ ਜ਼ਰੂਰੀ ਹੈ । ਇਨ੍ਹਾਂ ਦਾ ਐਸਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ ਕਿ ਜਿਸ ਨਾਲ ਕਿਸਾਨਾਂ ਨਾਲ ਜੋ ਹੈਰਾਸਮੈਂਟ ਅਤੇ ਜ਼ਬਰਦਸਤੀ ਹੋ ਰਹੀ ਹੈ ਉਹ ਦੂਰ ਹੋ ਸਕੇ ਅਤੇ ਕਿਸਾਨ ਨੂੰ ਹੀ ਮੁਲਜ਼ਮ ਨਾ ਠਹਿਰਾਇਆ ਜਾ ਸਕੇ । ਕਿਸਾਨ ਨਾਲ ਜੋ ਧੱਕਾ ਹੋ ਰਿਹਾ ਹੈ, ਜੋ ਜ਼ੁਲਮ ਹੋ ਰਿਹਾ ਹੈ, ਜੋ ਅਤਿਆਚਾਰ ਹੋ ਰਹਾ ਹੈ ਉਹ ਖਤਮ ਹੋ ਜਾਵੇ । ਇਹ ਤਾਂ ਹੀ ਹੋ ਸਕਦਾ ਹੈ ਕਿ ਜਿਤਨੇ ਪੈਂਡਿੰਗ ਕੇਸਿਜ਼ ਹਨ, ਉਨ੍ਹਾਂ ਨੂੰ ਛੇਤੀ ਤੋਂ ਛੇਤੀ ਖਤਮ ਕੀਤਾ ਜਾਵੇ ।

ਦੂਸਰਾ, ਜਿਹੜੀਆਂ ਐਡਵਾਈਜ਼ਰੀ ਕਮੇਟੀਆਂ ਕੈਨਾਲ ਬਾਰੇ ਬਣੀਆਂ ਸਨ, ਇਨ੍ਹਾਂ ਵਿਚ ਨਾਨ-ਆਫ਼ੀਸ਼ਲ ਅਤੇ ਲੈਜਿਸਲੇਟਰ ਮੈਂਬਰ ਰਖੇ ਗਏ ਸਨ ਤਾਂ ਕਿ ਉਹ ਫੈਸਲਾ ਕਰ

[ਸਰਦਾਰ ਗੁਰਮੀਤ ਸਿੰਘ 'ਮੀਤ']

ਸਕਣ । ਹੁਣ ਕਿਉਂਕਿ ਤੋੜ ਦਿੱਤੀਆਂ ਗਈਆਂ ਹਨ, ਇਸ ਲਈ ਮੇਰੀ ਤਜ਼ਵੀਜ਼ ਇਹ ਹੈ ਕਿ ਇਸ ਦੀ ਥਾਂ ਤੇ ਐਸ. ਈਜ਼ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ ਜਿਵੇਂ ਕਿ ਪਿਛਲੀ ਕਾਂਗਰਸ ਮਨਿਸਟਰੀ ਵਿਚ ਜਦ ਚੌਧਰੀ ਰਿਜ਼ਕ ਰਾਮ ਜੀ ਆਈ, ਪੀ. ਐਮ. ਸਨ ਤਾਂ ਐਸ. ਈਜ਼ ਨੂੰ ਹਿਦਾਇਤ ਕੀਤੀ ਗਈ ਸੀ ਅਤੇ ਉਨ੍ਹਾਂ ਦੇ ਪਾਸ ਕੰਪਲੇਂਟ ਸੈਲ ਖੋਲ੍ਹੇ ਗਏ ਸਨ ਤਾਂ ਕਿ ਪੈਂਡਿੰਗ ਸ਼ਿਕਾਇਤਾਂ ਛੇਤੀ ਦੂਰ ਕੀਤੀਆਂ ਜਾ ਸਕਣ । ਇਸੇ ਤਰ੍ਹਾਂ ਮੇਰੀ ਬੇਨਤੀ ਇਹ ਹੈ ਕਿ ਇਹ ਹਦਾਇਤਾਂ ਐਸ. ਈਜ਼. ਨੂੰ ਜਾਰੀ ਕਰ ਦੇਣੀਆਂ ਚਾਹੀਦੀਆਂ ਹਨ ਤਾਂ ਕਿ ਉਹ ਜਲਦੀ ਤੋਂ ਜਲਦੀ ਦੌਰਾ ਰਖ ਕੇ ਮੌਕੇ ਤੇ ਜਾ ਕੇ ਕੰਪਲੇਂਟਸ ਦੀ ਜਾਂਚ ਕਰਨ ਅਤੇ ਪਤਾ ਕਰ ਲੈਣ ਕਿ ਕੀ ਲੋਕਲ ਅਫ਼ਸਰਾਂ ਦੀ ਗਲਤੀ ਹੈ ਜਾਂ ਲੋਕਾਂ ਦੀ ਅਤੇ ਆਨ ਦੀ ਸਪਾਟ ਇੰਸਪੈਕਸ਼ਨ ਕਰਕੇ ਕੰਪਲੇਂਟ ਦਾ ਫ਼ੈਸਲਾ ਕਰ ਦੇਣ । ਵੈਸੇ ਤਾਂ ਐਸ. ਈਜ਼ ਦੇ ਦੌਰੇ ਹੁੰਦੇ ਹੀ ਰਹਿੰਦੇ ਹਨ, ਪਰ ਸ਼ਿਕਾਇਤਾਂ ਦੂਰ ਕਰਨ ਲਈ ਅਚਨਚੇਤੀ ਦੌਰਾ ਰਖਿਆ ਜਾਵੇ ਤਾਂ ਕਿ ਕਿਸਾਨਾਂ ਨਾਲ ਕਿਸੇ ਪ੍ਰਕਾਰ ਨਾਲ ਧੱਕਾ ਤੇ ਵਧੀਕੀ ਨਾ ਕੀਤੀ ਜਾ ਸਕੇ ।

ਇਸ ਤੋਂ ਅਗੇ ਇਕ ਗੱਲ ਪ੍ਰੋਸੀਜਰਲ ਉਕਾਈ ਬਾਰੇ ਹੈ ਕਿ ਆਕੂਪੈਂਨਸੀ ਟੈਨੈਂਟ ਦਾ ਲਫ਼ਜ਼ ਹਟਾਨਾ ਪਏਗਾ ਕਿਉਂਕਿ ਬਹੁਤ ਸਾਰੇ ਹੁਣ ਮਾਲਕ ਹੀ ਬਣ ਗਏ ਹਨ । ਇਸ ਲਈ ਇਸ ਬਿਲ ਦੇ ਸਬੰਧ ਵਿਚ ਮੈਂ ਇਨ੍ਹਾਂ ਸੁਝਾਉ ਦਿੰਦਾ ਹੋਇਆ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਇਸ ਦੇ ਨਾਲ ਕਿਸਾਨਾਂ ਦੀ ਬੜੀ ਬੇਹਤਰੀ ਹੁੰਦੀ ਹੈ । ਕਿਸਾਨਾਂ ਤੇ ਮੁਰਬਾਬੰਦੀ ਵੇਲੇ ਪਿਛਲੇ ਡੇਢ ਸਾਲ ਵਿਚ ਜੋ ਅਤਿਆਚਾਰ ਅਤੇ ਗਰੀਬ ਕਿਸਾਨਾਂ ਦੀ ਹੱਕ ਮਾਰੀ ਹੋਈ ਹੈ ਉਸ ਤੇ ਸਰਕਾਰ ਦਖਲ ਨਹੀਂ ਸੀ ਦੇ ਸਕਦੀ । ਹੁਣ ਦਖਲ ਦੇ ਕੇ ਕਿਸਾਨ ਨੂੰ ਇਨਸਾਫ਼ ਪਾਉਣ ਵਾਸਤੇ ਹੋਰ ਵੀ ਜਿਥੇ ਕਿਧਰੇ ਇਸ ਬਿਲ ਵਿਚ ਤਰਮੀਮ ਦੀ ਲੋੜ ਹੈ ਜਾਂ ਨਵੀਆਂ ਤਰਮੀਮਾਂ ਦੀ ਲੋੜ ਹੈ, ਲਿਆਂਦੀਆਂ ਜਾਣ ਤਾਂ ਕਿ ਕਿਸਾਨ ਦੀ ਬੇਹਤਰੀ ਹੋ ਸਕੇ । ਇਨਾਂ ਕੁਝ ਕਹਿੰਦਾ ਹੋਇਆ, ਸਪੀਕਰ ਸਾਹਿਬ, ਮੈਂ ਆਪ ਤੋਂ ਆਗਿਆ ਲੈਂਦਾ ਹਾਂ ।

ਕੈਪਟਨ ਰਤਨ ਸਿੰਘ : (ਗੜ੍ਹਸ਼ੰਕਰ) : ਸਪੀਕਰ ਸਾਹਿਬ, ਇਹ ਜੇਹੜਾ ਅਮੈਂਡਿੰਗ ਬਿਲ ਹੈ, ਇਹ ਜਿਸ ਹਾਲਤ ਵਿਚ ਆਇਆ ਹੈ ਮੈਂ ਸਮਝਦਾ ਹਾਂ ਕਿ ਇਸ ਨੂੰ ਪਾਸ ਕਰ ਦੇਣਾ ਜ਼ਰੂਰੀ ਹੈ । ਲੇਕਿਨ ਜਿਸ ਤਰ੍ਹਾਂ ਚੀਫ ਮਨਿਸਟਰ ਸਾਹਿਬ ਨੂੰ ਕਾਮਰੇਡ ਟਪਿਆਲਾ ਸਹਿਬ ਨੇ ਅਰਜ਼ ਕੀਤੀ ਸੀ ਮੈਂ ਵੀ ਉਸੇ ਰਾਏ ਦਾ ਹਾਂ ਕਿ ਇਸ ਸਾਰੇ ਐਕਟ ਨੂੰ ਨਵੇਂ ਤਰੀਕੇ ਨਾਲ ਦੇਖ ਕੇ ਇਸ ਵਿਚ ਸਾਰੀਆਂ ਤਰਮੀਮਾਂ ਦੇਣੀਆਂ ਚਾਹੀਦੀਆਂ ਹਨ । ਇਹ ਜਦੋਂ ਐਕਟ ਬਣਾਇਆ ਗਿਆ ਸੀ ਉਸ ਵੇਲੇ ਸਿਰਫ਼ ਇਕ ਅੰਗਰੇਜ਼ ਕੰਪਨੀ ਦੇ ਬੈਨਿਫ਼ਿਟ ਨੂੰ ਮੱਦੇ ਨਜ਼ਰ ਰਖ ਕੇ ਬਣਾਇਆ ਗਿਆ ਸੀ । ਐਕਟ ਬਣਾਉਣ ਦਾ ਮੇਨ ਪਰਪਜ਼ ਉਹ ਸੀ । ਕਿਸਾਨ ਦੇ ਹਿਤ ਦਾ ਦੂਜਾ ਨੰਬਰ ਸੀ ਇਹ ਐਕਟ, ਮੈਂ ਸਮਝਦਾ ਹਾਂ, ਕਿ ਕਮਰਸ਼ਲ ਬੇਸਿਜ਼ ਤੇ ਬਣਾਉਣਾਂ ਚਾਹੀਦਾ ਹੈ । ਅਜ ਹਾਲਤ ਇਹ ਹੈ ਕਿ ਕਿਸਾਨ ਨੂੰ ਪਾਣੀ ਉਸ ਵੇਲੇ ਮਿਲਦਾ ਹੈ ਜਿਸ ਵੇਲੇ ਉਸ ਨੂੰ ਲੋੜ ਨਹੀਂ ਹੁੰਦੀ ਅਤੇ ਜਦੋਂ ਲੋੜ ਹੁੰਦੀ ਹੈ ਉਸ ਵੇਲੇ ਪਾਣੀ ਬੰਦ ਰਖਿਆ ਜਾਂਦਾ ਹੈ ਅਤੇ ਕਿਸਾਨ ਦਾ ਹਜ਼ਾਰਾਂ ਲੱਖਾਂ ਦਾ ਨੁਕਸਾਨ ਹੁੰਦਾ ਹੈ । ਇਸ ਲਈ ਕੋਈ ਕੰਪੈਨਸੇਸ਼ਨ ਨਹੀਂ ਮਿਲਦਾ । ਜਦੋਂ ਕਟ ਲਗਦੀ ਹੈ ਤਾਂ ਉਸ ਸਿਲਸਿਲੇ ਵਿਚ ਤਾਵਾਨ ਗਰੀਬ ਕਿਸਾਨ ਤੇ ਪਾਇਆ ਜਾਂਦਾ ਹੈ ਹਾਲਾਂ ਕਿ ਗਲਤੀ ਉਸ ਦੀ ਨਹੀਂ ਹੁੰਦੀ । ਅਫ਼ਸਰਾਂ ਦੀ ਗਲਤੀ ਨਾਲ ਗਰੀਬ ਕਿਸਾਨ ਦਾ ਨੁਕਸਾਨ ਹ ਜਾਂਦਾ ਹੈ ਅਤੇ ਉਸ ਦੀ ਕੋਈ ਸੁਣਵਾਈ ਨਹੀਂ ਹੁੰਦੀ । ਇਸ ਲਈ

ਮੈਂ ਤੁਹਾਡੇ ਰਾਹੀਂ ਗਿੱਲ ਸਾਹਿਬ ਨੂੰ ਅਤੇ ਸਰਦਾਰ ਨਥਾ ਸਿੰਘ ਜੀ ਨੂੰ ਅਰਜ਼ ਕਰਾਂਗਾ ਕਿ ਉਨ੍ਹਾਂ ਨੂੰ ਇਸ ਅਮੈਂਡਿੰਗ ਬਿਲ ਤੇ ਖੁਸ਼ ਨਹੀਂ ਹੋ ਜਾਣਾ ਚਾਹੀਦਾ। ਇਹ ਜਿਹੜੀਆਂ ਚੀਜ਼ਾਂ ਕਿਸਾਨਾਂ ਦੇ ਕੁਝ ਫ਼ਾਇਦੇ ਲਈ ਰਖੀਆਂ ਗਈਆਂ ਹਨ, ਇਹ ਕਾਫ਼ੀ ਨਹੀਂ। ਜੇਕਰ ਕਿਸਾਨਾਂ ਦਾ ਸਾਰਾ ਫ਼ਾਇਦਾ ਕਰਨਾ ਹੈ ਤਾਂ ਉਨ੍ਹਾਂ ਨੂੰ ਇਸ ਐਕਟ ਨੂੰ ਐਜ਼ ਏ ਹੋਲ ਬਦਲ ਦੇਣਾ ਚਾਹੀਦਾ ਹੈ। ਸਿਰਫ਼ ਤਰਮੀਮ ਹੀ ਕਾਫ਼ੀ ਨਹੀਂ। ਨਵੇਂ ਸਿਰੇ ਤੋਂ ਨਵਾਂ ਐਕਟ ਬਣਾਇਆ ਜਾਵੇ ਤਾਂ ਕਿ ਕਿਸਾਨਾਂ ਦੇ ਬਾਰੇ ਵਿਚ ਸਾਰੀਆਂ ਗੱਲਾਂ ਉਸ ਵਿਚ ਆ ਸਕਣ। ਇਸ ਲਈ ਮੈਂ ਤੁਹਾਡੇ ਅਗੇ ਅਰਜ਼ ਕਰਦਾ ਹਾਂ ਕਿ ਜੋ ਵੀ ਐਕਟ ਬਣਾਇਆ ਜਾਵੇ ਉਹ ਕਮਰਸ਼ਲ ਬੇਸਿਜ਼ ਤੇ ਬਣਾਇਆ ਜਾਵੇ। ਉਸ ਵਿਚ ਇਹ ਖਾਸ ਪ੍ਰਬੰਧ ਹੋਣਾ ਚਾਹੀਦਾ ਹੈ ਕਿ ਕਿਸਾਨ ਨੂੰ ਪਾਣੀ ਵਕਤ ਸਿਰ ਦਿੱਤਾ ਜਾਵੇ ਅਤੇ ਜੇਕਰ ਨਾ ਦਿੱਤਾ ਜਾਵੇ ਤਾਂ ਸਰਕਾਰ ਆਪ ਉਸ ਦੀ ਜ਼ਿਮੇਂਵਾਰ ਹੋਵੇ, ਜੇ ਵਕਤ ਸਿਰ ਪਾਣੀ ਦੇ ਦਿੱਤਾ ਜਾਵੇ ਤਾਂ ਕਿਸਾਨ ਤੋਂ ਬੇਸ਼ਕ ਆਬਿਆਨਾ ਵਧ ਵਸੂਲ ਕੀਤਾ ਜਾਵੇ। ਅਸੀਂ ਸਾਰੇ ਇਸ ਤਰ੍ਹਾਂ ਆਬਿਆਨਾ ਵਧਾਉਣ ਦੇ ਹੱਕ ਵਿਚ ਹੋਵਾਂਗੇ ਜਿਵੇਂ ਕਿ ਟਪਿਆਲਾ ਸਾਹਿਬ ਨੇ ਕਿਹਾ ਹੈ। ਮੈਂ ਉਨ੍ਹਾਂ ਦੇ ਨਾਲ ਸੰਮਤੀ ਰਖਦਾ ਹਾਂ ਅਤੇ ਗਿੱਲ ਸਾਹਿਬ ਪਾਸ ਬੇਨਤੀ ਕਰਦਾ ਹਾਂ ਕਿ ਉਹ ਇਸ ਗੱਲ ਨੂੰ ਧਿਆਨ ਵਿਚ ਰਖਣ, ਕਿਉਂਕਿ ਕਿਸਾਨਾਂ ਦਾ ਮਸਲਾ ਸਾਰਿਆਂ ਦਾ ਸਾਂਝਾ ਮਸਲਾ ਹੈ।

चौधरी बलबीर सिंह (हुशियारपुर) : स्पीकर साहिब, जो कुछ माननीय सदस्यों ने कहा है ठीक है कि इस कानून को पूरे और ठीक तरीके से जांच पड़ताल करने के बाद ही बनाना चाहिए। आप के नोटिस में कई केसिज़ इस किस्म के आए होंगे जहां नहर टूट जाने से बहुत से इलाके खराब हो गए हैं और उस का मुआविज़ा लोगों को आज तक नहीं मिला और जो थोड़ा बहुत मिला है वह वक्त सिर नहीं मिला, जो मुआविज़ा उस को मिला है उसका कोई फायदा नहीं। इस लिए जो कानून बनाया जाए, उसको पूरी जांच के बाद बनाया जाए। उस में इस तरह का प्रबंध हो कि पानी की चोरी कोई न कर सके और गरीब किसान के हक को महफूज़ रखा जा सके। इस बात की ओर खास तौर पर ध्यान देना चाहिए कि नहर अगर किसी अफ़सर की गलती से टूट जाए, जिस से फ़सल खराब हो जाए तो उस का मुआविज़ा देने के बारे में जेह कानून हो और कसूरवार अफसरान के खिलाफ़ कारवाई की जानी चाहिए। इस तरह की सब बातों के बारे में सारी धाराएं नए सिरे से बनाए जाने वाले बिल में होनी चाहिएं ताकि जिस आदमी का नुक्सान हुआ हो वह अपने नुक्सान से मुआविज़े को कानून के ज़रिए ले सके। इस वक्त जो सरकार के नहरी अफसरान मौजूद हैं उनकी अपनी स्वीट विल है, उनकी अपनी मरज़ी पर है कि अगर उनको पसंद हो तो कम्पैन-सेशन उन को दें और अगर न पसंद हो तो मुआविज़ा न दें। इस बात की ज़रुरत है कि इस सारे ही कानून को ठीक करना चाहिए लेकिन सरकार ने इस कानून को ठीक करने की ज़रुरत नहीं समझी। यह बिल तो सरकार इस लिए लाई है कि हाई कोर्ट ने फ़ैसला दिया है और इस फ़ैसले में जो कमियां हैं जो हाई कोर्ट ने बताई है उन को दूर करने के लिए ही सिर्फ यह कानून लाया जा रहा है।

इस सिलसिले में जो सरदार गुरमीत सिंह ने कहा है, एडवाइज़री कमेटियों के बारे में, जिन में सब लोगों को शामिल करना है, यह जरुरी है कि इन में उन लोगों

[चौधरी बलबीर सिंह]

को भी शामिल किया जाए जो अफैकटिड हैं और इन को मुफसल बनाना चाहिए जिस से किसान लोगों को फायदा पहुंच सके । इस लिए मैं समझता हूं कि इन सारी बातों को सामने रख कर बिल को नए सिरे से बनाना चाहिए ताकि किसानों को सही माइनों में फायदा पहुंच सके । जब तक यह कानून नहीं बनाया जाएगा, लोगों की दिक्कतें दूर न होंगी, अफसर अपनी मन-मानी करते रहेंगे और किसान इस का कोई फायदा नहीं उठा सकेंगे । यह कानून 1873 में बनाया गया था और मैं समझता हूं कि इस को आज के हालात के मुताबिक नई शक्ल में लाना चाहिए। मैं यह कहूंगा कि हाई कोर्ट के फ़ैसले की वजह से यह तरमीम करनी पड़ रही है इस की बजाए बिल को नए सिरे से बनाया जाए ताकि नई शक्ल में आ सके ।

ਸਰਦਾਰ ਜੰਗੀਰ ਸਿੰਘ ਫਗੂਵਾਲੀਆ (ਸੰਗਰੂਰ) : ਸਪੀਕਰ ਸਾਹਿਬ, ਨਹਿਰੀ ਐਕਟ ਦੇ ਮੁਤੱਲਕ ਜਿਹੜੀ ਤਰਮੀਮ ਆਈ ਹੈ, ਇਸ ਦੇ ਮੁਤਾਬਿਕ ਜੋ ਖਾਮੀਆਂ ਹਾਈ ਕੋਰਟ ਦੇ ਫੈਸਲੇ ਨਾਲ ਦੱਸੀਆਂ ਗਈਆਂ ਸਨ, ਉਨ੍ਹਾਂ ਨੂੰ ਦੂਰ ਕੀਤਾ ਗਿਆ ਹੈ ਪਰ ਬਾਕੀ ਖਾਮੀਆਂ ਰਹਿਣ ਦਿੱਤੀਆਂ ਗਈਆਂ ਹਨ ।

ਅਜ ਮੁਰੱਬਾਬੰਦੀ ਹੋਈ ਨੂੰ 12 ਸਾਲ ਹੋ ਗਏ ਹਨ ਪਰ ਅਜੇ ਵੀ ਇਹ ਹਾਲ ਹੈ ਕਿ ਜਿਥੇ ਖਾਲ ਹੈ ਉਥੇ ਨਾਲੀਆਂ ਨਹੀਂ ਕਢੀਆਂ ਗਈਆਂ ਔਰ ਜਿਥੇ ਨਾਲੀਆਂ ਹਨ ਉਥੇ ਖਾਲ ਨਹੀਂ ਬਣਾਏ ਗਏ। ਸਪੀਕਰ ਸਾਹਿਬ, ਹਾਲਤ ਇਹ ਹੈ ਕਿ ਕਿਸਾਨਾਂ ਨੂੰ ਪੂਰਾ ਪਾਣੀ ਨਹੀਂ ਮਿਲਦਾ । ਉਨ੍ਹਾਂ ਦੀਆਂ ਫਸਲਾਂ ਤਬਾਹ ਹੋ ਜਾਂਦੀਆਂ ਹਨ । ਪਰ ਉਨ੍ਹਾਂ ਤੋਂ ਆਬਿਆਨਾ ਪੂਰਾ ਵਸੂਲ ਕੀਤਾ ਜਾਂਦਾ ਹੈ । ਮੈਂ ਸਰਕਾਰ ਦਾ ਧਿਆਨ ਇਸ ਪਾਸੇ ਦਿਵਾਉਣਾ ਚਾਹੁੰਦਾ ਹਾਂ । ਇਹ ਇਕ ਬਹੁਤ ਵਡੀ ਬੇਇਨਸਾਫੀ ਹੈ ਜੋ ਕਿ ਕਿਸਾਨਾਂ ਨਾਲ ਹੋ ਰਹੀ ਹੈ । ਮੈਂ ਅਰਜ਼ ਕਰਦਾ ਹਾਂ ਕਿ ਕਿਸਾਨਾਂ ਤੋਂ ਆਬਿਆਨਾ ਪਾਣੀ ਦੇ ਹਿਸਾਬ ਨਾਲ ਲਿਆ ਜਾਵੇ । ਪਰ ਹੁੰਦਾ ਇਸ ਤੋਂ ਉਲਟ ਹੈ, ਉਸ ਨੂੰ ਪਾਣੀ ਤਾਂ ਪੂਰਾ ਮਿਲਦਾ ਨਹੀਂ ਪਰ ਆਬਿਆਨਾ ਪੂਰਾ ਉਸ ਨੂੰ ਦੇਣਾ ਪੈਂਦਾ ਹੈ । ਇਹ ਧੱਕਾ ਹੈ, ਬਹੁਤ ਭਾਰੀ ਬੇਇਨਸਾਫ਼ੀ ਹੈ । ਇਹ ਦੂਰ ਹੋਣੀ ਚਾਹੀਦੀ ਹੈ । ਪਾਣੀ ਦੇ ਮੁਤਾਬਕ ਹੀ ਆਬਿਆਨਾ ਲਿਆ ਜਾਵੇ ।

ਫਿਰ ਕਿਧਰੇ ਪੱਕੀਆਂ ਨਾਲੀਆਂ ਨਹੀਂ ਬਣੀਆਂ, ਸਿਰਫ ਕਾਗਜ਼ਾਂ ਵਿਚ ਹੀ ਬਣੀਆਂ ਹਨ । ਫਿਰ ਖਾਲਾਂ ਬਣਾਉਣ ਵੇਲੇ ਠੇਕੇਦਾਰਾਂ ਨਾਲ ਮਿਲ ਕੇ ਅਫਸਰ ਬੇਈਮਾਨੀ ਕਰਦੇ ਹਨ । ਉਥੇ ਮਿਟੀ ਸੁਟੀ ਨਹੀਂ ਜਾਂਦੀ। ਇਸ ਕਰਕੇ ਉਹ ਟੁਟ ਜਾਂਦੇ ਹਨ ਤਾਂ ਫਿਰ ਉਨ੍ਹਾਂ ਦਾ ਜੁਰਮਾਨਾ ਕਿਸਾਨਾਂ ਨੂੰ ਭਰਨਾ ਪੈਂਦਾ ਹੈ। ਜਿਥੇ ਰਸਤੇ ਵਿਚ ਖਾਲ ਹੁੰਦੀ ਹੈ ਉਹ ਵੀ ਟੁਟ ਜਾਂਦੀ ਹੈ ਪਰ ਰਕਮ ਗ਼ਰੀਬ ਕਿਸਾਨ ਨੂੰ ਭਰਨੀ ਪੈਂਦੀ ਹੈ । ਇਨ੍ਹਾਂ ਗ਼ਰੀਬਾਂ ਨਾਲ ਇਨਸਾਫ ਹੋਣਾ ਚਾਹੀਦਾ ਹੈ।

ਫਿਰ, ਸਪੀਕਰ ਸਾਹਿਬ, ਕਿਸਾਨਾਂ ਨੂੰ ਵਕਤ ਸਿਰ ਪਾਣੀ ਨਹੀਂ ਮਿਲਦਾ । ਕਈ ਵਾਰੀ ਐਕਸ. ਈ. ਐਨ. ਵਗੈਰਾ ਅਫਸਰਾਂ ਦੀਆਂ ਮੀਟਿੰਗਾਂ ਹੁੰਦੀਆਂ ਹਨ ਪਰ ਪਤਾ ਨਹੀਂ ਉਨ੍ਹਾਂ ਦੇ ਫੈਸਲੇ ਪਿਛੋਂ ਕਿਉਂ ਖਤਮ ਹੋ ਜਾਂਦੇ ਹਨ । ਸਪੀਕਰ ਸਾਹਿਬ, ਕਿਸਾਨਾਂ ਨੂੰ ਪਾਣੀ ਨਹੀਂ ਮਿਲ ਰਿਹਾ । ਇਕ ਪਾਸੇ ਇਹ ਅਨਾਜ ਵਧਾਉਣ ਦੀਆਂ ਗੱਲਾਂ ਕਰਦੇ ਹਨ ਪਰ ਦੂਜੇ ਪਾਸੇ ਕਿਸਾਨਾਂ ਨੂੰ ਪਾਣੀ ਨਹੀਂ ਮਿਲਦਾ। ਜੇ ਇਕ ਨੱਕਾ ਇਥੇ ਹੈ ਤਾਂ ਦੂਜਾ ਨੱਕਾ ਤਿੰਨ ਮੀਲ ਦੂਰ ਹੋਵੇਗਾ। ਇਸ ਹਾਲਤ ਵਿਚ ਕਿਸਾਨ ਅਨਾਜ ਦੀ ਉਪਜ ਕਿਸ ਤਰ੍ਹਾਂ ਵਧਾ ਸਕਦਾ ਹੈ ? ਕਿਸਾਨ ਨੂੰ ਪੂਰਾ

ਪਾਣੀ ਦੇਣ ਦਾ ਪਰਬੰਧ ਕਰਨਾ ਚਾਹੀਦਾ ਹੈ ।

ਫਿਰ, ਸਪੀਕਰ ਸਾਹਿਬ, ਜਦੋਂ ਕਿਸਾਨ ਨੂੰ ਪਾਣੀ ਦੀ ਲੋੜ ਨਹੀਂ ਹੁੰਦੀ ਤਾਂ ਉਸ ਨੂੰ ਪਾਣੀ ਦਿੱਤਾ ਜਾਂਦਾ ਹੈ । ਜਦੋਂ ਬਾਰਸ਼ਾਂ ਹੁੰਦੀਆਂ ਹਨ ਤਾਂ ਕਿਸਾਨ ਨੂੰ ਪਾਣੀ ਦਿੱਤਾ ਜਾਂਦਾ ਹੈ । ਇਹ ਪਾਣੀ ਸਗੋਂ ਫ਼ਸਲਾਂ ਨੂੰ ਬਰਬਾਦ ਕਰਦਾ ਹੈ । ਇਸ ਸਾਰੀ ਗੱਲ ਦਾ ਪਰਬੰਧ ਹੋਣਾ ਚਾਹੀਦਾ ਹੈ ।

ਸਰਕਾਰ ਨੂੰ ਚਾਹੀਦਾ ਹੈ ਕਿਸਾਨਾਂ ਨੂੰ ਰਿਲੀਫ਼ ਦੇਣ ਲਈ ਸਾਰੀ ਸੋਚ ਵਿਚਾਰ ਕਰਕੇ ਫ਼ੈਸਲਾ ਕਰੇ ਅਤੇ ਉਸ ਤੋਂ ਬਾਦ ਇਹ ਬਿਲ ਪਾਸ ਕੀਤਾ ਜਾਵੇ ਤਾਕਿ ਕਿਸਾਨਾਂ ਨੂੰ ਹਕ ਦੇ ਮੁਤਾਬਕ ਪਾਣੀ ਮਿਲ ਸਕੇ । ਦੇਸ ਵਿਚ ਜੋ ਅੰਨ ਦਾ ਘਾਟਾ ਹੈ ਉਹ ਇਸ ਕਰਕੇ ਹੈ ਕਿ ਕਿਸਾਨਾਂ ਨੂੰ ਵਕਤ ਸਿਰ ਪਾਣੀ ਨਹੀਂ ਮਿਲਦਾ ਅਤੇ ਨਾ ਪੂਰਾ ਪਾਣੀ ਹੀ ਮਿਲਦਾ ਹੈਂ । ਜੇ ਪੂਰੀ ਤਰ੍ਹਾਂ ਕਿਸਾਨਾਂ ਨੂੰ ਪਾਣੀ ਮਿਲੇ ਤਾਂ ਦੇਸ਼ ਵਿਚੋਂ ਅੰਨ ਦਾ ਘਾਟਾ ਦੂਰ ਹੋ ਸਕਦਾ ਹੈ ।

ਫਿਰ ਮੈਂ ਸਰਦਾਰ ਨੱਥਾ ਸਿੰਘ ਨੂੰ ਅਰਜ਼ ਕਰਾਂਗਾ ਕਿ ਕਾਣੀ ਵੰਡ ਦੂਰ ਹੋਣੀ ਚਾਹੀਦੀ ਹੈ । ਮੈਂ ਅਰਜ਼ ਕਰਦਾ ਹਾਂ ਕਿ ਜਦੋਂ ਤਕ ਕਿਸੇ ਅਫ਼ਸਰ ਦੀ ਤਲੀ ਤੇ ਨੋਟ ਨਾ ਰਖੇ ਜਾਣ ਉਹ ਕੋਈ ਕੰਮ ਨਹੀਂ ਕਰਦਾ । ਭਨੋਟ ਦੇ ਇਕ ਆਦਮੀ ਗੁਜਰ ਸਿੰਘ ਨੇ ਐਸ. ਡੀ. ਓ. ਅਤੇ ਜ਼ੈਲਦਾਰ ਦੇ ਦਰ ਤੇ ਕਈ ਟਕਰਾਂ ਮਾਰੀਆਂ ਪਰ ਉਸ ਲਈ ਪਾਣੀ ਦਾ ਪਰਬੰਧ ਨਾ ਹੋ ਸਕਿਆ । ਸੋ ਅਖੀਰ ਵਿਚ ਮੈਂ ਅਰਜ਼ ਕਰਦਾ ਹਾਂ ਕਿ ਕਿਸਾਨਾਂ ਨੂੰ ਪੂਰਾ ਪਾਣੀ ਮਿਲਣਾ ਚਾਹੀਦਾ ਹੈ । ਪਾਣੀ ਦੇ ਹਿਸਾਬ ਨਾਲ ਹੀ ਤਾਵਾਨ ਵਸੂਲ ਕਰਨਾ ਚਾਹੀਦਾ ਹੈ ਅਤੇ ਬਾਰਸ਼ਾਂ ਵਿਚ ਪਾਣੀ ਦੇ ਨਿਕਾਸ ਦਾ ਪਰਬੰਧ ਹੋਣਾ ਚਾਹੀਦਾ ਹੈ ।

ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ (ਸਰਦਾਰ ਨੱਥਾ ਸਿੰਘ): ਸਪੀਕਰ ਸਾਹਿਬ, ਇਹ ਜੋ ਤਰਮੀਮ ਇਸ ਐਕਟ ਵਿਚ ਕੀਤੀ ਗਈ ਹੈ, ਇਹ ਸਾਨੂੰ ਇਸ ਕਰਕੇ ਕਰਨੀ ਪਈ ਹੈ ਕਿਉਂਕਿ ਅਦਾਲਤਾਂ ਦੇ ਕਈ ਫ਼ੈਸਲਿਆਂ ਕਰਕੇ ਕੰਮ ਕਰਨਾ ਮੁਸ਼ਕਲ ਹੋ ਗਿਆ ਸੀ । ਇਸ ਕਰਕੇ ਇਹ ਛੋਟੀਆਂ-ਛੋਟੀਆਂ ਤਰਮੀਮਾਂ ਲਿਆਉਣੀਆਂ ਪਈਆਂ ਹਨ । ਇਸ ਦੇ ਨਾਲ ਹੀ ਰਾਈਟ ਆਫ਼ ਐਕਵੀਜ਼ੀਸ਼ਨ ਆਫ਼ ਲੈਂਡ ਦੀ ਲੋੜ ਨਹੀਂ ਸੀ ਰਹਿ ਗਈ, ਕਿਉਂਕਿ 1952 ਦੇ ਐਕਟ ਤੋਂ ਬਾਦ ਮੁਜ਼ਾਰੇ ਜ਼ਮੀਨਾਂ ਦੇ ਮਾਲਕ ਬਣ ਗਏ ਹਨ । ਇਸ ਕਰਕੇ ਹੁਣ ਇਸ ਦੀ ਲੋੜ ਨਹੀਂ ਰਹਿ ਗਈ । ਇਸ ਲਈ ਐਕਵੀਜ਼ੀਸ਼ਨ ਆਫ਼ ਲੈਂਡ ਦੀ ਗਲ ਇਸ ਵਿਚੋਂ ਕਢ ਦਿਤੀ ਗਈ ਹੈ ।

ਦੂਜੀ ਗੱਲ ਇਹ ਹੈ ਕਿ ਪਹਿਲਾਂ ਅਗਰ ਕੋਈ ਵਾਟਰ ਕੋਰਸ ਉਖਾੜ ਦਿੰਦਾ ਸੀ ਤਾਂ ਉਸ ਨੂੰ ਉਸਦੇ ਮੁਤਾਬਕ ਸਜ਼ਾ ਨਹੀਂ ਸੀ ਦਿਤੀ ਜਾ ਸਕਦੀ । ਪਰ ਹੁਣ 'ਕੈਨਾਲ' ਵਰਡ ਸ਼ਾਮਲ ਕਰਨ ਨਾਲ ਇਸ ਵਿਚ ਵਾਟਰ ਕੋਰਸ ਅਤੇ ਮੋਘੇ ਵੀ ਸ਼ਾਮਲ ਹੋ ਜਾਂਦੇ ਹਨ ਅਤੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਨੂੰ ਸਜ਼ਾ ਦਿਤੀ ਜਾ ਸਕੇਗੀ ।

ਤੀਜੀ ਤਰਮੀਮ, ਸਪੀਕਰ ਸਾਹਿਬ, ਅਸੀਂ ਇਸ ਲਈ ਰਖੀ ਹੈ ਕਿ ਐਸ. ਡੀ. ਓ. ਦਾ ਅਧਿਕਾਰ ਕੁਲੈਕਟਰ ਨੂੰ ਦਿਤਾ ਜਾਵੇ । ਸਪੀਕਰ ਸਾਹਿਬ, ਕੈਨਾਲ ਐਡਵਾਈਜ਼ਰੀ ਕਮੇਟੀ ਤੇ ਹੋਰ ਲੋਕਾਂ ਨੇ ਵੀ ਸੁਝਾਉ ਦਿਤਾ ਹੈ ਕਿ ਕਿਉਂਕਿ ਐਸ. ਡੀ. ਓ. ਮਹਿਕਮੇ ਨਾਲ ਸਬੰਧ ਰਖਦਾ ਹੈ ਇਸ ਕਰਕੇ ਇਹ ਅਧਿਕਾਰ ਕੁਲੈਕਟਰ ਨੂੰ ਦਿਤੇ ਗਏ ਹਨ ਕਿਉਂਕਿ ਮਹਿਕਮੇ ਨਾਲ

[ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ]

ਸਬੰਧਤ ਹੋਣ ਕਰਕੇ ਕਿਸਾਨਾਂ ਨੂੰ ਇਨਸਾਫ ਨਹੀਂ ਮਿਲ ਰਿਹਾ। ਅਗੇ ਇਸਦੀ ਸਮਾਇਤ ਐਸ.ਡੀ. ਓ. ਸਿਵਲ ਕੋਲ ਹੁੰਦੀ ਸੀ ਪਰ ਹੁਣ ਉਨ੍ਹਾਂ ਲੋਕਾਂ ਨੂੰ ਕੋਈ ਸ਼ਿਕਾਇਤ ਨਹੀਂ ਰਹੇਗੀ ਤੇ ਉਨ੍ਹਾਂ ਨੂੰ ਪੂਰਾ ਇਨਸਾਫ ਮਿਲੇਗਾ।

ਸੋ, ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਹ ਛੋਟੀਆਂ ਛੋਟੀਆਂ ਤਰਮੀਮਾਂ ਹਨ, ਕੋਈ ਵਡੀਆਂ ਤਰਮੀਮਾਂ ਨਹੀਂ ਹਨ। ਇਨ੍ਹਾਂ ਦਾ ਮਕਸਦ ਇਹ ਹੈ ਕਿ ਕਿਸਾਨਾਂ ਨੂੰ ਪੂਰੀਆਂ ਪੂਰੀਆਂ ਸਹੂਲਤਾਂ ਮਿਲ ਸਕਣ। ਉਨ੍ਹਾਂ ਨੂੰ ਹੋਰ ਉਤਸ਼ਾਹ ਮਿਲ ਸਕੇ। ਮੈਂ ਮਹਿਸੂਸ ਕਰਦਾ ਹਾਂ ਕਿ ਕਿਸਾਨਾਂ ਨੂੰ ਵਧੇਰੇ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ ਅਤੇ ਉਨ੍ਹਾਂ ਨੂੰ ਹੋਰ ਸਹੂਲਤਾਂ ਦੇਣ ਲਈ ਹੀ ਕੈਨਾਲ ਐਕਟ ਵਿਚ ਤਰਮੀਮ ਕਰਨ ਦੀ ਲੋੜ ਪਈ। ਇਹ ਬਿਲ ਉਪਰਲੇ ਹਾਊਸ ਨੇ ਪਾਸ ਕਰਕੇ ਭੇਜਿਆ ਹੈ। ਇਸ ਕਰਕੇ ਇਨ੍ਹਾਂ ਨੂੰ ਪਾਸ ਕੀਤਾ ਜਾਵੇ।

ਫਗੂਵਾਲੀਆ ਜੀ ਆਪ ਕਿਸਾਨ ਹਨ ਅਤੇ ਮੈਂ ਸਮਝਦਾ ਹਾਂ ਕਿ ਕਿਸਾਨਾਂ ਲਈ ਉਨ੍ਹਾਂ ਦੇ ਮਨ ਵਿਚ ਬਹੁਤ ਦਰਦ ਹੈ। ਮੈਂ ਉਨ੍ਹਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਇਨ੍ਹਾਂ ਤਰਮੀਮਾਂ ਵਿਚ ਕਿਸਾਨਾਂ ਦੇ ਭਲੇ ਨੂੰ ਮੁੱਖ ਰਖਿਆ ਹੈ।

ਸੋ ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ ਛੋਟੀਆਂ ਛੋਟੀਆਂ ਤਰਮੀਮਾਂ ਨੂੰ ਪਾਸ ਕਰ ਦਿਤਾ ਜਾਵੇ।

ਸ਼੍ਰੀ ਸਪੀਕਰ : ਸਰਦਾਰ ਨੱਥਾ ਸਿੰਘ ਜੀ, ਸਾਰਾ ਧਿਆਨ ਗੁਰਦਾਸਪੁਰ ਵਲ ਹੀ ਨਾ ਰਖੋ, ਕੁਝ ਧਿਆਨ ਫਗੂਵਾਲੀਆ ਸਾਹਿਬ ਦੇ ਇਲਾਕੇ ਵਲ ਵੀ ਦਿਉ ਤਾਂ ਕਿ ਉਸ ਇਲਾਕੇ ਦੀਆਂ ਵੀ ਤਕਲੀਫ਼ਾਂ ਦੂਰ ਹੋ ਸਕਣ। (The hon. Minister should not devote his whole attention to Gurdaspur district alone. He should also keep in view the area represented by Jathedar Phaguwalia so that the difficulties faced by the people there should also be removed.)

Mr. Speaker: Question is—

That the Northern India Canal and Drainage (Punjab Amendment) Bill, as passed by the Punjab Vidhan Parishad, be taken into consideration.

The motion was carried

Mr. Speaker : Now the House will take up the Bill clause by clause.

Some Hon. Members: Sir, all the clauses may be put together.

Mr. Speaker: Is it the pleasure of the House that all these clauses be put together ?

Voices: Yes.

Clauses 2,3,4,5,6 and 1

Mr. Speaker: Question is—

That Clauses 2,3,4,5,6, and 1 stand part of the Bill.

The motion was carried.

TITLE

Mr. Speaker: Question is—

That Title be the Title of the Bill.

The motion was carried.

The Minister of State for Irrigation and Power (Sardar Natha Singh) : Sir, I beg to move.

That the Northern India Canal and Drainage (Punjab Amendment) Bill, as passed by the Punjab Vidhan Parishad, be passed.

Mr. Speaker: Motion moved—

That the Northern India Canal and Drainage (Punjab Amendment) Bill, as passed by the Punjab Vidhan Parishad, be passed.

Mr. Speaker: Question is—

That the Northern India Canal and Drainage (Punjab Amendment) Bill, as passed by the Punjab Vidhan Parishad, be passed.

ਮੁੱਖ ਮੰਤਰੀ ਸਪੀਕਰ ਸਾਹਿਬ, ਮੈਂ ਮੂਵ ਕਰਦਾ ਹਾਂ ਕਿ ਬਿਲ ਪਾਸ ਕਰਨ ਤੋਂ ਪਹਿਲਾਂ ਇਸ ਤੇ ਡਿਵੀਜ਼ਨ ਕਰਵਾਈ ਜਾਵੇ (ਵਿਘਨ) ਇਹ ਮੇਰਾ ਰਾਈਟ ਹੈ ਕਿ ਮੈਂ ਡਿਵੀਜ਼ਨ ਕਲੇਮ ਕਰਾਂ....(ਵਿਘਨ) (ਬਹੁਤ ਸ਼ੋਰ) ਸਪੀਕਰ ਸਾਹਿਬ, ਬਿਲ ਪਾਸ ਕਰਨ ਤੋਂ ਪਹਿਲਾਂ ਡਿਵੀਜ਼ਨ ਕਰਾਉ । (ਵਿਘਨ) ਇਹ ਬਿਲ ਕਿਸਾਨਾਂ ਦੀ ਭਲਾਈ ਦਾ ਬਿਲ ਹੈ । ਮੈਂ ਇਹ ਦੇਖਣਾ ਚਾਹੁੰਦਾਂ ਹਾਂ ਇਨ੍ਹਾਂ ਨੂੰ ਉਨ੍ਹਾਂ ਨਾਲ ਕਿਤਨੀ ਹਮਦਰਦੀ ਹੈ । (ਵਿਘਨ) ਇਹ ਮੇਰਾ ਰਾਈਟ ਹੈ ਕਿ ਮੈਂ ਡਿਵੀਜ਼ਨ ਕਲੇਮ ਕਰਾਂ । (ਇਸ ਵੇਲੇ ਹਾਊਸ ਵਿਚ ਬਹੁਤ ਸ਼ੋਰ ਸੀ)

ਚੌਧਰੀ ਬਲਬੀਰ ਸਿੰਘ: ਸਪੀਕਰ ਸਾਹਿਬ, ਡਿਵੀਜ਼ਨ ਦਾ ਸਵਾਲ ਤਾਂ ਹੀ ਉਠਦਾ ਹੈ ਜਦੋਂ ਕੋਈ ਮੈਂਬਰ ਕਿਸੇ ਬਿਲ ਦੀ ਵਿਰੋਧਤਾ ਕਰੇ । ਉਸ ਹਾਲਤ ਵਿਚ ਤਾਂ ਕੋਈ ਡਿਵੀਜ਼ਨ ਕਲੇਮ ਕਰ ਸਕਦਾ ਹੈ । ਬਿਲ ਪਾਸ ਕਰਨ ਵੇਲੇ ਤੁਸੀਂ 'ਆਇਜ਼' ਔਰ 'ਨੋਜ਼' ਪੁਛਦੇ ਹੋ । ਜਿਹੜੇ 'ਆਇਜ਼' ਵਾਲੇ ਹੋਣ ਉਹ ਡਿਵੀਜ਼ਨ ਕਲੇਮ ਨਹੀਂ ਕਰ ਸਕਦੇ । ਪਰ ਜਿਨ੍ਹਾਂ ਨੇ "ਨੋਜ਼" ਵਿਚ ਜਵਾਬ ਦਿਤਾ ਹੁੰਦਾ ਹੈ ਉਹ ਡਿਵੀਜ਼ਨ ਕਲੇਮ ਕਰ ਸਕਦੇ ਹਨ । ਸਪੀਕਰ ਸਾਹਿਬ, ਇਹ ਇਕ ਬੜਾ ਅਹਿਮ ਸਵਾਲ ਹੈ ਔਰ ਤੁਸੀਂ ਇਸ ਗਲ ਦਾ ਫੈਸਲਾ ਕਰਨਾ ਹੈ (ਵਿਘਨ) ਅਗਰ ਇਕ ਆਦਮੀ ਇਹ ਕਹਿੰਦਾ ਹੈ ਕਿ ਬਿਲ ਪਾਸ ਹੋ ਗਿਆ ਹੈ ਪਰ ਦੂਜਾ ਕਹਿੰਦਾ ਹੈ ਕਿ ਨਹੀਂ ਹੋਇਆ ਤਾਂ ਇਹ ਝਗੜਾ ਪੈਦਾ ਹੁੰਦਾ ਹੈ ਅਤੇ ਡਿਵੀਜ਼ਨ ਕਲੇਮ ਕੀਤੀ ਜਾਂਦੀ ਹੈ । ਪਰ ਜਦੋਂ ਦੋਵੇਂ ਇਹ ਕਹਿਣ ਕਿ ਬਿਲ ਪਾਸ ਹੋ ਗਿਆ ਹੈ ਜਾਂ ਪਾਸ ਹੋਣਾ ਚਾਹੀਦਾ ਹੈ ਤਾਂ ਡਿਵੀਜ਼ਨ ਨਹੀਂ ਹੋਣੀ ਚਾਹੀਦੀ । (ਵਿਘਨ)

ਸ਼੍ਰੀ ਸਪੀਕਰ: ਜੇ ਇਨ੍ਹਾਂ ਨੂੰ ਇਹ ਸ਼ਕ ਹੋਵੇ ਕਿ ਇਹ ਮੂੰਹੋਂ ਕਹਿੰਦੇ ਹਨ ਦਿਲੋਂ ਨਹੀਂ ਕਹਿੰਦੇ ਤਾਂ ਇਸ ਵਾਸਤੇ ..(ਸ਼ੋਰ) In case they have any doubt that the Opposition wants to support the bill only verbally and not from the core of their heart, then.... (*Noise*)

ਸ਼੍ਰੀ ਮਨਮੋਹਨ ਕਾਲੀਆ: ਮੈਂ ਅਰਜ਼ ਕਰਾਂ, ਜਨਾਬ, ਕਿ ਜਦ ਅਸੀਂ ਸਾਰੇ ਜਣੇ ਯੂਨੈਨੀ-ਮਸਲੀ ਪਾਸ ਕਰਦੇ ਹਾਂ, ਸਾਰੇ ਜਣੇ ਅਸੀਂ ਕਹਿੰਦੇ ਹਾਂ ਕਿ ਪਾਸ ਕਰੋ ਫਿਰ ਇਹ ਡਵੀਜ਼ਨ ਕਿਉਂ ਕਰਦੇ ਹਨ ?

ਸ੍ਰੀ ਸਪੀਕਰ : ਕੋਈ ਹਰਜ ਨਹੀਂ ਹੈ । (There is no harm.)

ਚੌਧਰੀ ਬਲਬੀਰ ਸਿੰਘ : ਹਾਊਸ ਮੇਂ ਮੈਜਾਰਿਟੀ ਹੈ ਨਹੀਂ ।

ਸ੍ਰੀ ਸਪੀਕਰ : ਜੇ ਡਿਵੀਜ਼ਨ ਕਲੇਮ ਕਰਦੇ ਹੋ ਤਾਂ ਬਾਹਰਲੇ ਬੰਦਿਆਂ ਨੂੰ ਸਦ ਲਈਏ । (If you claim a division then the hon. Members sitting outside will have to be called in.)

ਚੌਧਰੀ ਬਲਬੀਰ ਸਿੰਘ : ਡਿਵੀਜ਼ਨ ਹੋ ਹੀ ਨਹੀਂ ਸਕਦੀ ।

Mr. Speaker: What is the harm in it? I will put it before the House.

Sardar Gurnam Singh: It is a non-contentious Bill. We do not want division.

After ascertaining the votes of the members by voices, Mr. Speaker said 'I think Ayes have it.' This opinion was challenged and division was claimed. Mr. Speaker after calling upon those Members who were for 'Ayes' and those who were for 'Nos', respectively, to rise in their places and on a count having been taken declared that the motion was carried.

The motion was declared carried.

ਸ੍ਰੀ ਲਾਲ ਚੰਦ ਸਭਰਵਾਲ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਮੇਰੀ ਅਰਜ਼ ਹੈ ਕਿ ਕੀ ਇਹ ਮਾਕਰੀ ਨਹੀਂ ਕਿ ਕੀ ਟਰੇਜ਼ਰੀ ਬੈਂਚਾਂ ਤੋਂ ਦੋ ਮੈਂਬਰਜ਼ ਕਹਿ ਦੇਣ 'ਨੋ ਨੋ' ਇਸ 'ਨੋ' ਨੂੰ ਇਗਨੋਰ ਕਰਨਾ ਪਏਗਾ । ਜੇ ਇਗਨੋਰ ਨਹੀਂ ਕਰਨਾ ਤਾਂ ਤੁਹਾਡੇ ਵਲੋਂ ਇਹ ਸੈਂਸਰ ਜ਼ਰੂਰ ਹੋ ਜਾਣਾ ਚਾਹੀਦਾ ਹੈ ।

ਸਰਦਾਰ ਗੁਰਨਾਮ ਸਿੰਘ : ਸਾਰਾ ਹਾਊਸ ਕਹੇ ਕਿ ਪਾਸ ਕਰ ਦਿਤਾ ਜਾਵੇ ਤੇ ਇਕ ਆਦਮੀ 'ਨੋ' ਕਹਿ ਦਿੰਦਾ ਹੈ, ਇਹ ਮਾਕਰੀ ਹੈ ।

ਸ੍ਰੀ ਮਨਮੋਹਨ ਕਾਲੀਆ : ਆਨ ਏ ਪੁਆਇੰਟ ਆਫ਼ ਆਰਡਰ। ਇਕ ਆਵਾਜ਼ ਆਈ 'ਨੋ' ਦੀ । ਉਸ ਪਾਸੇ ਇਹ ਪਤਾ ਨਹੀਂ ਕਿਸ ਨੇ ਕਿਹਾ, ਕਿਸੇ ਮੈਂਬਰ ਨੇ ਕਿਹਾ ਜਾਂ ਕਿਸੇ ਆਊਟ ਸਾਈਡਰ ਨੇ ਕਿਹਾ । ਜੇ ਕਿਸੇ ਮੈਂਬਰ ਨੇ ਕਿਹਾ ਹੈ ਤਾਂ ਦਸਿਆ ਜਾਵੇ । ਜੇ ਕਿਸੇ ਆਊਟ-ਸਾਈਡਰ ਨੇ ਕਿਹਾ ਹੈ ਤਾਂ ਉਸਨੂੰ ਸਜ਼ਾ ਦਿਤੀ ਜਾਵੇ ।

ਸ੍ਰੀ ਸਪੀਕਰ : ਇਹ ਮੁਮਕਿਨ ਹੋ ਸਕਦਾ ਹੈ ਕਿ ਜਦੋਂ ਉਹਨੇ ਸਾਰਿਆਂ ਨੂੰ ਖਲੋਤਾ ਵੇਖ ਲਿਆ ਹੋਵੇ ਤਾਂ ਉਹ ਵੀ ਖੜੇ ਹੋ ਗਏ ਹੋਣ । (It is likely that he might also have stood up after having seen others standing.)

THE PUNJAB PUBLIC PREMISES AND LAND (EVICTION AND RENT RECOVERY) AMENDMENT BILL.

Minister for Local Government (Shri Faqir Chand) : Sir, I beg to move—

That the Punjab Public Premises and Land (Eviction and Rent Recovery) Amendment Bill, as passed by the Punjab Vidhan Parishad, be taken into consideration.

Mr. Speaker : Motion moved—

That the Punjab Public Premises and Land (Eviction and Rent Recovery) Amendment Bill, as passed by the Punjab Vidhan Parishad, be taken in to consideration.

ਚੌਧਰੀ ਬਲਬੀਰ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਇਸ ਵਿਚ ਲਿਖਿਆ ਹੈ ਕਿ ਦੀ ਪੰਜਾਬ ਪਬਲਿਕ ਪਰੈਮੇਸਿਜ਼ ਐਂਡ ਲੈਂਡ (ਇਵਿਕਸ਼ਨ ਐਂਡ ਲੈਂਡ ਰਿਕਵਰੀ) ਅਮੈਂਡਮੈਂਟ ਬਿਲ, 1967 ਇਜ਼ ਹੀਅਰਬਾਈ ਰੀਪੀਲਡ । ਆਰਡੀਨੈਂਸ ਦੇ ਬਾਰੇ ਕਾਨਸਟੀਚੀਊਸ਼ਨ ਵਿਚ ਦਰਜ ਹੈ ਕਿ ਜੇ ਆਰਡੀਨੈਂਸ ਛੇ ਹਫ਼ਤੇ ਦੇ ਅੰਦਰ-ਅੰਦਰ ਅਸੈਂਬਲੀ ਵਿਚ ਪੇਸ਼ ਨਹੀਂ ਹੁੰਦਾ ਤਾਂ ਉਹ ਆਰਡੀਨੈਂਸ ਖਤਮ ਹੋ ਜਾਂਦਾ ਹੈ । ਇਹ ਜੋ ਛੇ ਹਫਤੇ ਦਾ ਵਕਤ ਹੈ ਉਹ ਗੁਜ਼ਰ ਚੁਕਾ ਹੈ । ਇਸ ਲਈ ਇਥੇ ਜੋ ਕੁਝ ਲਿਖਿਆ ਹੈ ਉਹ ਬਿਲਕੁਲ ਗਲਤ ਹੈ । ਇਹ ਅਮੈਂਡਮੈਂਟ ਜੋ ਕਾਨੂੰਨ ਵਿਚ ਤਰਮੀਮ ਕਰਦਾ ਹੈ, ਇਹ ਸੰਸ਼ੋਧਨ ਠੀਕ ਨਹੀਂ ਰਹੇਗਾ । ਕਾਨੂੰਨੀ ਤੌਰ ਤੇ ਇਹਦੇ ਵਿਚ ਕਮੀ ਰਹੇਗੀ ।

ਕਿਉਂਕਿ ਆਰਡੀਨੈਂਸ ਜਾਰੀ ਹੋਣ ਦੇ ਬਾਅਦ ਜਦੋਂ ਤਕ ਵਿਧਾਨ ਸਭਾ ਬੈਠੇ ਇਹ ਛੇ ਹਫ਼ਤੇ ਦੇ ਅੰਦਰ-ਅੰਦਰ ਪਾਸ ਹੋਣਾ ਚਾਹੀਦਾ ਹੈ । ਉਸ ਤੇ ਵੋਟਿੰਗ ਹੋਣੀ ਚਾਹੀਦੀ ਹੈ ਉਸ ਨੂੰ ਪਾਸ ਜਾਂ ਨਾ ਪਾਸ ਕਰਨ ਦੀ । ਜੇ ਉਹ ਛੇ ਹਫ਼ਤੇ ਦੇ ਅੰਦਰ–ਅੰਦਰ ਨਹੀਂ ਪਾਸ ਕੀਤਾ ਜਾਂਦਾ ਤਾਂ ਉਹ ਆਰਡੀਨੈਂਸ ਆਪਣੇ ਆਪ ਖਤਮ ਹੋ ਜਾਂਦਾ ਹੈ ।

ਮੁਖ ਮੰਤਰੀ (ਸਰਦਾਰ ਲਛਮਣ ਸਿੰਘ ਗਿੱਲ) : ਇਹ ਕਿਥੋਂ ਪੜ੍ਹੀ ਜਾਂਦੇ ਹੋ ।

ਚੌਧਰੀ ਬਲਬੀਰ ਸਿੰਘ : ਇਸ ਬਿਲ ਦੀ ਕਲਾਜ਼ 3 ਵਿਚ ਲਿਖਿਆ ਹੈ—

"3. (1) The Punjab Public Premises and Land (Eviction Rent Recovery) Amendment Ordinance, 1967 (Punjab Ordinance No. 6 of 1967,) is hereby repealed."

ਆਰਟੀਕਲ 213 ਦੇ ਮੁਤਾਬਕ—

" (2) An Ordinance promulgated under this Article shall have the same force and effect as an Act of the Legislature of the State assented to by the Governor, but every such Ordinance—

(a) shall be laid before the Legislative Assembly of the State, or where there is a Legislative Council in the State, before both the Houses, and shall cease to operate at the expiration of six weeks from the re-assembly of the Legislature, if before the expiration of that period a resolution disapproving it, is passed by the Legislative Assembly and agreed to by the Legislative Council, if any,——"

ਇਹ ਬੜਾ ਕਲੀਅਰ ਹੈ ਕਿ ਇਸ ਵਕਤ ਆਰਡੀਨੈਂਸ ਤਾਂ ਹੈ ਹੀ ਨਹੀਂ । ਜਦੋਂ ਇਹ ਆਰਡੀਨੈਂਸ ਜਾਰੀ ਹੋਇਆ ਤਾਂ ਉਸ ਦੇ ਬਾਅਦ ਅਸੈਂਬਲੀ ਬੈਠੀ । ਇਹ 6 ਹਫ਼ਤੇ ਦੇ ਅੰਦਰ ਅੰਦਰ ਇਸ ਆਰਡੀਨੈਂਸ ਨੂੰ ਪਾਸ ਨਹੀਂ ਕਰਵਾ ਸਕੇ । ਇਸ ਲਈ ਨਵਾਂ ਬਿਲ ਲਿਆਉਣਾ

[ਚੌਧਰੀ ਬਲਬੀਰ ਸਿੰਘ]

ਚਾਹੀਦਾ ਹੈ । ਇਹ ਤਾਂ ਆਰਡੀਨੈਂਸ ਜੋ ਗ਼ਵਰਨਰ ਸਾਹਿਬ ਨੇ ਜਾਰੀ ਕੀਤਾ ਹੈ ਉਸ ਆਰਡੀਨੈਂਸ ਨੂੰ ਰਿਪੀਟ ਕਰਦੇ ਹਨ । ਜੋ ਸੰਸ਼ੋਧਨ ਐਕਟ ਵਿਚ ਪੇਸ਼ ਕੀਤਾ ਹੈ ਉਹ ਗਲਤ ਹੈ ਔਰ ਹਿੰਦੁਸਤਾਨ ਦੀ ਜੋ ਕੰਸਟੀਚੂਸ਼ਨ ਹੈ ਉਸ ਦੇ ਵਿਰੁਧ ਹੈ ।

ਸਥਾਨਕ ਸ਼ਾਸਨ ਮੰਤਰੀ (ਸ਼੍ਰੀ **ਫਕੀਰ ਚੰਦ ਗੁਪਤਾ** :) ਇਹ ਤਾਂ ਆਲਰੈਡੀ ਵਿਧਾਨ ਪ੍ਰੀਸ਼ਦ ਨੇ ਪਾਸ ਕੀਤਾ ਹੋਇਆ ਹੈ ।

ਸ਼੍ਰੀ ਸਪੀਕਰ : ਇਹ ਪਹਿਲੇ ਦਿਨ ਪੇਸ਼ ਕਰ ਦਿਤਾ ਗਿਆ । (It was put before the House on the very first day.)

ਚੌਧਰੀ ਬਲਬੀਰ ਸਿੰਘ : ਇਹ ਪਹਿਲੀ ਵਾਰ ਅਸੈਂਬਲੀ ਨਹੀਂ ਬੈਠੀ । ਇਹ ਪਹਿਲਾਂ ਵੀ ਬੈਠ ਚੁਕੀ ਹੈ । ਉਸ ਦੇ ਬੈਠਣ ਦੇ 6 ਹਫਤੇ ਦੇ ਅੰਦਰ-ਅੰਦਰ ਇਹ ਆਰਡੀਨੈਂਸ ਪਾਸ ਹੋਣਾ ਚਾਹੀਦਾ ਸੀ । ਹੁਣ ਇਹ ਉਸ ਆਰਡੀਨੈਂਸ ਨੂੰ ਰੀਪੀਲ ਕਰਨਾ ਚਾਹੁੰਦੇ ਹਨ ਕਿ--

That the Ordinance is hereby repealed.

ਇਹ ਕਿਸ ਆਰਡੀਨੈਂਸ ਨੂੰ ਰੀਪੀਲ ਕਰਦੇ ਹਨ ਜਦ ਕਿ ਆਰਡੀਨੈਂਸ ਹੈ ਹੀ ਨਹੀਂ ਉਸ ਦੇ 6 ਹਫਤੇ ਗੁਜ਼ਰ ਚੁਕੇ ਹਨ । ਇਸ ਲਈ ਉਸ ਦੀ ਮਿਆਦ ਖਤਮ ਹੋ ਚੁਕੀ ਹੈ ।

ਮੁੱਖ ਮੰਤਰੀ : ਇਹ 5 ਦਸੰਬਰ ਨੂੰ ਹਾਊਸ ਵਿਚ ਪਾਸ ਹੋ ਚੁਕਾ ਹੈ ਔਰ ਪਹਿਲਾਂ ਹਾਊਸ ਨੂੰ ਭੇਜ ਚੁਕੇ ਹਾਂ । ਤੁਹਾਡੇ ਪਾਸ ਭੇਜਿਆ ਹੋਇਆ ਹੈ ਅਤੇ ਸਰਕੂਲੇਟ ਕੀਤਾ ਹੋਇਆ ਹੈ । ਇਸ ਲਈ ਇਸ ਵਿਚ ਡਿਸਟ੍ਰਿਕਟ ਬਰਡ ਦੀ ਥਾਂ ਜ਼ਿਲਾ ਪ੍ਰੀਸ਼ਦ ਕਰ ਦਿਤਾ ਜਾਵੇ ਅਗਰ ਲੀਗਲੀ ਠੀਕ ਨਹੀਂ ਤਾਂ ਠੀਕ ਕਰ ਦਿਆਂਗੇ ।

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ : ਕਿਸੇ ਨੂੰ ਇਤਰਾਜ਼ ਨਹੀਂ ਕਿ ਇਹ ਅਮੈਂਡਮੈਂਟ ਪਾਸ ਨਾ ਹੋਵੇ । ਜਿਹੜਾ ਰੈਫਰੈਂਸ ਆਰਡੀਨੈਂਸ ਦੇ ਬਾਰੇ ਹੈ ਇਹ ਅਨਕੰਸਟੀਚੂਸ਼ਨਲ ਹੈ । ਕਾਨੂੰਨ ਦਾ ਸਵਾਲ ਇਹ ਹੈ ਕਿ ਲੀਗਲ ਰੀਮੈਂਬਰੈਂਸਰ ਨਾਲ ਸਲਾਹ ਕਰ ਲੈਣ ਕਿਉਂਕਿ ਇਹ ਆਰਡੀਨੈਂਸ ਸੈਕੰਡ ਸੈਸ਼ਨ ਵਿਚ ਨਹੀਂ ਆ ਸਕਦਾ ਇਹ ਪਹਿਲੇ ਸੈਸ਼ਨ ਵਿਚ ਹੀ ਆਉਣਾ ਚਾਹੀਦਾ ਸੀ ।

ਮੁੱਖ ਮੰਤਰੀ : ਜੋ ਮੇਰੇ ਮਾਨਯੋਗ ਮਿੱਤਰ ਨੇ ਇਤਰਾਜ਼ ਕੀਤਾ ਹੈ, ਉਸ ਦੇ ਬਾਰੇ ਵਿਚ, ਜਨਾਬ ਸਪੀਕਰ ਸਾਹਿਬ, ਜੋ ਆਪ ਰੂਲਿੰਗ ਦਿਉਗੇ ਔਰ ਤੁਹਾਡਾ ਜੋ ਹੁਕਮ ਹੋਵੇਗਾ ਅਸੀਂ ਮੰਨਾਗੇ ।

ਸ਼੍ਰੀ ਲਾਲ ਚੰਦ ਸੱਬਰਵਾਲ : ਸਪੀਕਰ ਸਾਹਿਬ, ਮੇਰੀ ਰਾਏ ਹੈ ਕਿ ਐਡਵੋਕੇਟ ਜਨਰਲ ਨੂੰ ਸੁਣ ਲਿਆ ਜਾਵੇ ।

ਸ਼੍ਰੀ ਸਪੀਕਰ : ਐਡਵੋਕੇਟ ਜਨਰਲ ਹੈ ਨਹੀਂ । (Advocate General is not present in the House.)

ਸ਼੍ਰੀ ਲਾਲ ਚੰਦ ਸੱਬਰਵਾਲ : ਇਹ ਮੁਮਕਿਨ ਹੈ ਕਿ ਗੌਰਮਿੰਟ ਦਾ ਡਿਸੀਜ਼ਨ ਠੀਕ ਹੋਵੇ ਪਰ ਐਡਵੋਕੇਟ ਜਨਰਲ ਨੂੰ ਸੁਣ ਲੈਣਾ ਚਾਹੀਦਾ ਹੈ । ਇਹ ਜਵਾਬ ਨਹੀਂ ਦੇ ਸਕਦੇ । (ਵਿਘਨ)

ਚੌਧਰੀ ਬਲਬੀਰ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਦੇ ਜੋ ਕਾਨੂੰਨੀ ਸਲਾਹਕਾਰ ਹਨ ਉਹ ਠੀਕ ਨਹੀਂ ਹਨ । ਇਸ ਤਰ੍ਹਾਂ ਲਖਾਂ ਰੁਪਿਆ ਜ਼ਾਇਆ ਜਾ ਰਿਹਾ ਹੈ । (ਵਿਘਨ)

ਸ੍ਰੀ ਲਾਲ ਚੰਦ ਸੱਬਰਵਾਲ : ਗਿਲ ਸਾਹਿਬ ਕਹਿੰਦੇ ਹਨ ਕਿ ਕੋਈ ਫ਼ਰਕ ਨਹੀਂ ਪੈਂਦਾ ਪਰ ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜੇਕਰ ਕੋਈ ਐਕਸ਼ਨ ਲਿਆ ਜਾਵੇ ਤਾਂ ਫ਼ਰਕ ਬਹੁਤ ਪੈਂਦਾ ਹੈ। ਇਸ ਲਈ ਇਹ ਸੋਚ ਲੈਣ।

ਮੁੱਖ ਮੰਤਰੀ : ਇਹ ਕੁਝ ਗਲਾਂ ਸੁਣਦੇ ਹਨ ਔਰ ਬਹੁਤ ਸਾਰੀਆਂ ਆਪਣੇ ਕੋਲੋਂ ਲਾਉਂਦੇ ਹਨ। ਜੇ ਫਰਕ ਨਹੀਂ ਪੈਂਦਾ ਤਾਂ ਇਸ ਤਰਾਂ ਕਰ ਲੈਂਦੇ ਹਾਂ।

ਸ੍ਰੀ ਸਤਪਾਲ ਡਾਂਗ : ਇਹ ਕੰਸਟੀਚੂਸ਼ਨ ਦੀ ਧਾਰਾ 213 (2) ਹੈ। ਮੈਂ ਤੁਹਾਨੂੰ ਉਸ ਦਾ ਰੈਲੇਵੈਂਟ ਸੈਕਸ਼ਨ ਪੜ੍ਹ ਕੇ ਸੁਣਾਉਂਦਾ ਹਾਂ।

"(2) An Ordinance promulgated under this Article shall have the same force and effect as an Act of the Legislature of the State assented to by the Governor, but every such Ordinance—

(a) shall be laid before the Legislative Assembly of the State, or where there is a Legislative Council in the State, before both the Houses, and shall cease to operate at the expiration of six weeks from the re-assembly of the Legislature, or if before the expiration of that period a resolution disapproving it, is passed by the Legislative Assembly and aggreed to by the Legislative Council, if any, ..."

ਇਸ ਆਰਟੀਕਲ ਵਿਚ ਗਲ ਬੜੀ ਕਲੀਅਰ ਹੈ ਕਿ ਜਦ ਆਰਡੀਨੈਂਸ ਪੇਸ਼ ਹੋਇਆ ਤਾਂ ਉਹ 6 ਹਫਤੇ ਦੇ ਅੰਦਰ-ਅੰਦਰ ਪਾਸ ਹੋਣਾ ਚਾਹੀਦਾ ਹੈ। ਲੇਕਿਨ ਇਹ ਅਸੈਂਬਲੀ ਵਿਚ ਪਾਸ ਨਹੀਂ ਹੋਇਆ। ਇਸ ਦੀ ਸੈਕਸ਼ਨ 3 ਜੋ ਹੈ ਉਹ ਪ੍ਰੀਜ਼ਿਊਮ ਕਰਦੀ ਹੈ ਕਿ ਆਰਡੀਨੈਂਸ ਇਨ ਟਾਈਮ ਹੈ। ਇਸ ਲਈ ਜਿਹੜਾ ਪੁਆਇੰਟ ਆਫ਼ ਆਰਡਰ ਰੇਜ਼ ਕੀਤਾ ਗਿਆ ਹੈ ਇਹ ਠੀਕ ਹੈ। ਅਗਰ ਇਸ ਤੇ ਕੋਈ ਡਾਊਟ ਹੈ ਤਾਂ ਜਿਸ ਤਰਾਂ ਸ੍ਰੀ ਸੱਬਰਵਾਲ ਜੀ ਨੇ ਕਿਹਾ ਹੈ ਐਡਵੋਕੇਟ ਜਨਰਲ ਨੂੰ ਸੱਦ ਲਿਆ ਜਾਵੇ ਅਤੇ ਉਸ ਦੀ ਐਡਵਾਈਸ ਲਈ ਜਾਵੇ।

ਸ੍ਰੀ ਮਨਮੋਹਨ ਕਾਲੀਆ : ਸਪੀਕਰ ਸਾਹਿਬ, ਇਹ ਬੜਾ ਇੰਪਾਰਟੈਂਟ ਮਸਲਾ ਹੈ। ਮੇਰਾ

4.00. p.m.

ਖਿਆਲ ਹੈ ਕਿ ਜਿਥੋਂ ਤਕ ਅਵਿਕਸ਼ਨ ਦਾ ਸਬੰਧ ਹੈ ਸੁਪਰੀਮ ਕੋਰਟ ਨੇ ਇਹ ਸੈਕਸ਼ਨ ਅਲਟਰਾ ਵਾਇਰੀਸ ਕਰਾਰ ਦਿਤੀ ਹੋਈ ਹੈ। ਗਾਲਬਨ ਇਹ ਇਥੋਂ ਦੇ ਮਾਉਂਟ ਵਿਊ ਹੋਟਲ ਦਾ ਹੀ ਕੇਸ ਸੀ। ਇਹ ਚੀਜ਼ ਅਨਕਾਂਸਟੀਚਿਊਸ਼ਨਲ ਔਰ ਅਲਟਰਾ ਵਾਇਰੀਸ ਹੈ ਤਾਂ ਇਹ ਬਿਲ ਬਿਲਕੁਲ ਕਰਿੱਪਲ ਹੋ ਜਾਂਦਾ ਹੈ ਅਗਰ ਇਸ ਵਿਚ ਉਸ ਰੂਲਿੰਗ ਨੂੰ ਕਵਰ ਨਾ ਕੀਤਾ ਗਿਆ। ਇਸ ਲਈ ਇਹ ਬਿਲ ਲਿਆਉਣਾ ਫਜ਼ੂਲ ਹੈ। ਇਸ ਸਬੰਧ ਵਿਚ ਜ਼ਰੂਰੀ ਹੈ ਕਿ ਐਡਵੋਕੇਟ ਜਨਰਲ ਨੂੰ ਸੁਣ ਲਿਆ ਜਾਵੇ ਕਿ ਸੁਪਰੀਮ ਕੋਰਟ ਦੀ ਉਸ ਰੂਲਿੰਗ ਦੇ ਪੇਸ਼ੇ ਨਜ਼ਰ ਇਸ ਬਿਲ ਦੀ ਕੀ ਹੈਸੀਅਤ ਰਹਿ ਜਾਂਦੀ ਹੈ। ਇਸ ਲਈ ਸਾਨੂੰ ਟਾਈਮ ਦਿਉ ਤਾਂ ਕਿ ਅਸੀਂ ਵੀ ਉਸ ਜਜਮੈਂਟ ਨੂੰ ਔਰ ਸਾਰੇ ਫੈਕਟਸ ਨੂੰ ਵੇਖ ਲਈਏ।

ਮੁੱਖ ਮੰਤਰੀ : ਸਾਨੂੰ ਕੋਈ ਇਤਰਾਜ਼ ਨਹੀਂ ਅਗਰ ਇਸ ਬਿਲ ਨੂੰ ਪੈਂਡਿੰਗ ਰਖ ਲਿਆ ਜਾਵੇ ਜਾਂ ਵਾਪਸ ਕਰਨਾ ਹੋਵੇ। ਸਾਨੂੰ ਕੋਈ ਇਤਰਾਜ਼ ਨਹੀਂ।

Mr. Speaker : Let it be kept pending.

THE PUNJAB COURTS (AMENDMENT) BILL.

Chief Minister (Sardar Lachhman Singh Gill) : Sir, I beg to move.

That the Punjab Courts (Amendment) Bill, as passed by the Punjab Vidhan Parishad, be taken into consideration.

Mr. Speaker : Motion moved—

That the Punjab Courts (Amendment) Bill, as passed by the Punjab Vidhan Parishad, be taken into consideration.

(No body rose to speak)

Mr. Speaker : Question is—

That the Punjab Courts (Amendment) Bill, as passed by the Punjab Vidhan Parishad, be taken into consideration.

The motion was carried.

Mr. Speaker : Now the House will take up the Bill Clause by Clause.

CLAUSE 2

Mr. Speaker: Question is—

That Clause 2 stand part of the Bill.

The motion was carried.

CLAUSE 1

Mr. Speaker: Question is—

That Clause 1 stand part of the Bill.

The motion was carried.

TITLE

Mr. Speaker : Question is—

That Title be the Title of the Bill.

The motion was carried.

Chief Minister (Sardar Lachhman Singh Gill) : Sir, I beg to move—

That the Punjab Courts (Amendment) Bill, as passed by the Punjab Vidhan Parishad, be passed.

Mr. Speaker : Motion moved—

That the Punjab Courts (Amendment) Bill, as passed by the Punjab Vidhan Parishad, be passed.

ਅਚਾਰੀਆ ਪ੍ਰਿਥਵੀ ਸਿੰਘ ਆਜ਼ਾਦ (ਮੋਰਿੰਡਾ–ਐਸ.ਸੀ.): ਸਪੀਕਰ ਸਾਹਿਬ, ਇਹ ਜਿਹੜਾ ਬਿਲ ਹਾਊਸ ਦੇ ਸਾਹਮਣੇ ਆਇਆ ਹੈ ਇਸ ਸਬੰਧ ਵਿਚ ਮੈਂ ਇਹ ਅਰਜ਼ ਕਰਨ ਲਈ ਖੜਾ ਹੋਇਆ ਹਾਂ ਕਿ ਜ਼ਿਲਾ ਰੋਪੜ ਨਵਾਂ ਜ਼ਿਲਾ ਬਣਿਆ ਹੈ। ਇਸ ਬਿਲ ਦੀ ਧਾਰਾ 21 A ਦੇ ਥੱਲੇ ਸਰਕਾਰ ਇਹ ਅਖ਼ਤਿਆਰ ਲੈ ਰਹੀ ਹੈ ਕਿ ਦੂਸਰੇ ਜ਼ਿਲੇ ਦਾ ਜਜ ਉਥੇ ਜਾ ਕੇ ਕੇਸਿਜ਼ ਸੁਣਿਆ ਕਰੇ। ਕੰਮ ਚਲਾਉਣ ਲਈ ਬੇਸ਼ਕ ਬਿਲ ਠੀਕ ਹੈ। ਲੇਕਿਨ ਜਦ ਸਰਕਾਰ ਨੇ ਰੋਪੜ ਦਾ ਇਕ ਨਵਾਂ ਜ਼ਿਲਾ ਬਣਾਇਆ ਹੈ ਤਾਂ ਸਰਕਾਰ ਦਾ ਫ਼ਰਜ਼ ਹੈ ਕਿ ਉਸ ਜ਼ਿਲੇ ਨੂੰ ਸਚਮੁਚ ਇਕ ਜ਼ਿਲਾ ਬਣਾਉਣ ਲਈ ਯਤਨ ਕਰੇ। ਮੈਨੂੰ ਅਫ਼ਸੋਸ ਹੈ ਕਿ ਹੁਣ ਤਕ–ਨਾ ਪਹਿਲੀ ਸਰਕਾਰ ਨੇ ਔਰ ਨਾ ਹੀ ਇਸ ਸਰਕਾਰ ਨੇ ਉਸ ਜ਼ਿਲੇ ਨੂੰ ਜ਼ਿਲੇ ਦਾ ਰੂਪ ਦੇਣ ਵਾਸਤੇ ਕੋਈ ਪਰਯਤਨ ਕੀਤਾ ਹੈ। ਮੈਂ ਅਰਜ਼ ਕਰਾਂਗਾ ਕਿ ਰੋਪੜ ਜ਼ਿਲੇ ਵਾਸਤੇ ਇਕ ਖਾਸ ਸੈਸ਼ਨਜ਼ ਜਜ ਮੁਕੱਰਰ ਹੋਣਾ ਚਾਹੀਦਾ ਹੈ। ਠੀਕ ਹੈ ਕਿ ਆਨੰਦਪੁਰ ਸਾਹਿਬ ਅਤੇ ਖਰੜ ਆਦਿ ਇਲਾਕਿਆਂ ਦੀ ਇਸ ਸਬੰਧ ਵਿਚ ਤਕਲੀਫ ਇਸ ਬਿਲ ਦੇ ਪਾਸ ਹੋਣ ਨਾਲ ਦੂਰ ਹੋ ਜਾਏਗੀ ਲੇਕਿਨ ਇਹ ਜ਼ਿਲਾ ਸਹੀ ਤੌਰ ਤੇ ਜ਼ਿਲੇ ਦੇ ਪੱਧਰ ਤੇ ਨਹੀਂ ਗਿਣਿਆ ਜਾ ਸਕਦਾ ਜਦ ਤਕ ਬਾਕਾਇਦਾ ਤੌਰ ਤੇ ਸਾਰੇ ਦਫਤਰ, ਸਾਰੀਆਂ ਜ਼ਿਲਾ ਦਫ਼ਤਰਾਂ ਦੀਆਂ ਇਮਾਰਤਾਂ ਦਾ ਪੂਰਾ ਪ੍ਰਬੰਧ ਨਹੀਂ ਕੀਤਾ ਜਾਂਦਾ। ਉਦੋਂ ਤਕ ਨਾਮ ਮਾਤਰ ਹੀ ਇਹ ਜ਼ਿਲਾ ਹੋਵੇਗਾ। ਇਨ੍ਹਾਂ ਲਫ਼ਜ਼ਾਂ ਨਾਲ ਮੈਂ ਆਪ ਦੀ ਰਾਹੀਂ ਸਰਕਾਰ ਪਾਸ ਬੇਨਤੀ ਕਰਾਂਗਾ ਕਿ ਜ਼ਿਲਾ ਰੋਪੜ ਨੂੰ ਪੂਰਣ ਰੂਪ ਵਿਚ ਜ਼ਿਲਾ ਬਣਾਇਆ ਜਾਵੇ ਬਿਨਾ ਇਹ ਖਿਆਲ ਕੀਤੇ ਕਿ ਚੰਡੀਗੜ੍ਹ ਦਾ ਕੀ ਫ਼ੈਸਲਾ ਹੋਣਾ ਹੈ ਤੇ ਕੀ ਨਹੀਂ ਹੋਣਾ। ਨਿਰਸੰਦੇਹ ਚੰਡੀਗੜ੍ਹ ਵੀ ਪੰਜਾਬ ਨੂੰ ਹੀ ਮਿਲੇਗਾ ਲੇਕਿਨ ਰੋਪੜ ਨੂੰ ਉਸ ਦੇ ਨਾਲ ਸਬੰਧਿਤ ਨਹੀਂ ਕਰਨਾ ਚਾਹੀਦਾ। ਚੰਡੀਗੜ੍ਹ ਮਿਲ ਜਾਣ ਨਾਲ ਵੀ ਰੋਪੜ ਨੇ ਜ਼ਿਲਾ ਹੀ ਰਹਿਣਾ ਹੈ ਚੰਡੀਗੜ੍ਹ ਅਲਗ ਜ਼ਿਲਾ ਬਣੇਗਾ।

ਸਰਦਾਰ ਹਰਕਿਸ਼ਨ ਸਿੰਘ ਸੁਰਜੀਤ(ਬੜਾ ਪਿੰਡ): ਸਪੀਕਰ ਸਾਹਿਬ, ਮੈਂ ਅਚਾਰੀਆ ਜੀ ਦੀ ਹਿਮਾਇਤ ਕਰਨ ਲਈ ਖੜਾ ਹੋਇਆ ਹਾਂ। ਰੋਪੜ ਦਾ ਜ਼ਿਲਾ ਪੰਜਾਬ ਦੀ ਰੀਆਰਗੇਨਾਈ-ਜ਼ੇਸ਼ਨ ਕਰਕੇ ਨਵਾਂ ਜ਼ਿਲਾ ਕ੍ਰਿਏਟ ਹੋਇਆ। ਬੜਾ ਲੰਮਾ ਚੌੜਾ ਜ਼ਿਲਾ ਹੈ। ਨੰਗਲ ਤੋਂ ਲੈਕੇ ਚੰਡੀਗੜ੍ਹ ਤਕ ਦੇ ਲੋਕਾਂ ਨੂੰ ਉਥੇ ਪਹੁੰਚਣਾ ਪੈਂਦਾ ਹੈ। ਠੀਕ ਹੈ ਕਿ ਗਵਰਨਮੈਂਟ ਨੇ ਲੋਕਾਂ ਦੀ ਤਕਲੀਫ ਨੂੰ ਦੂਰ ਕਰਨ ਲਈ ਕੁਛ ਖਾਸ ਕਿਸਮ ਦੇ ਸਟੈਪਸ ਲਏ ਹਨ ਪਰ ਉਹ ਆਰਜ਼ੀ ਹਨ। ਜ਼ਰੂਰਤ ਇਸ ਗੱਲ ਦੀ ਹੈ ਕਿ ਉਸ ਜ਼ਿਲੇ ਨੂੰ ਪਰਮਾਨੈਂਟ ਸੈਸ਼ਨਜ਼ ਜਜ ਦਿੱਤਾ ਜਾਵੇ ਅਤੇ ਇਸ ਮਕਸਦ ਲਈ ਪਰਮਾਨੈਂਟ ਪੋਸਟ ਕ੍ਰਿਏਟ ਕੀਤੀ ਜਾਵੇ। ਇਸ ਤੋਂ ਅਲਾਵਾ ਹੋਰ ਵੀ ਜਿਹੜੀਆਂ ਫੈਸਿਲਿਟੀਜ਼ ਡਿਸਟ੍ਰਿਕਟ ਲੈਵਲ ਤੇ ਹੋਣੀਆਂ ਚਾਹੀਦੀਆਂ ਹਨ ਉਹ ਸਾਰੀਆਂ ਰੋਪੜ ਜ਼ਿਲੇ ਨੂੰ ਮਿਲਣੀਆਂ ਚਾਹੀਦੀਆਂ ਹਨ-ਸਾਰੇ ਜ਼ਿਲਾ ਅਫ਼ਸਰ ਹੋਣ, ਅਫ਼ਸਰਾਂ ਦੇ ਰਹਿਣ ਵਾਸਤੇ ਮਕਾਨ ਹੋਣ, ਸਰਕਾਰੀ ਬਿਲਡਿੰਗਜ਼ ਦਾ ਪ੍ਰਬੰਧ ਹੋਵੇ। ਰੀਆਰਗੇਨਾਈਜ਼ੇਸ਼ਨ ਤੋਂ ਬਾਅਦ ਜਦ ਇਸ ਨੂੰ ਜ਼ਿਲੇ ਦਾ ਸਟੇਟੱਸ ਦਿੱਤਾ ਹੈ ਤਾਂ ਪੂਰਨ ਰੂਪ ਵਿਚ ਸਾਰੀਆਂ ਸਹੂਲਤਾਂ ਦਿੱਤੀਆਂ ਜਾਣ। ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

चौधरी बलबीर सिंह (होशियारपुर) : स्पीकर साहिब, आचार्य जी ने कुछ कहा है मैं उस के खिलाफ़ कहने के लिए खड़ा हुआ हूं। होशियारपुर के ज़िले ने हिन्दुस्तान की आज़ादी की लडाई में सब से बढ़चढ़ कर हिस्सा लिया।

[चौधरी बलबीर सिंह]

बबर अकाली मूवमैंट वहां से शुरु हुई और सब कुछ हुआ । लेकिन अफसोस से कहना पड़ता है कि और जिलों को बनाने की खातिर उस ज़िले को तोड़ दिया गया । यह सब से बड़ा और शक्तिशाली ज़िला था लेकिन स्यासी बदनीयती के कारण इस ज़िले को तोड़ दिया गया। कुछ इलाका हिमाचल प्रदेश को दे दिया गया और कुछ को तोड़ कर दूसरे ज़िला में मिला दिया ताकि वहां के लोग अपनी शक्ति कायम न रख सकें। यह बबरों का ज़िला था लेकिन जिस तरह 1857 की जो आजादी के बाद अंगरेजों ने यू. पी. को घसिआरों का सूबा बना दिया था इसी तरह कांग्रेस पार्टी, जो कि लता मगेंशकर पार्टी यहां पर बैठी हुई है (विघन) आगे तो कोई और बोलता है लेकिन गाना पीछे से कोई और ही गा रहा है। यह पारटी लता मंगेशकर की वजा से ही हुआ है. जिस ज़िला ने बबर इलाका अकाली मूवमैंट मे सब से आगे कदम उठाया देश में से अंगरेजों का राज्य खत्म करने के सिलसिले में सबसे अहम पार्ट अदा किया यह वह ज़िला है जहां पर श्री गुरु गोबिन्द सिंह जी महाराज ने खालसे को जन्म दिया वह जिला है जहां पर आनन्दपुर साहिब का गुरूद्वारा है, जिस ज़िले ने मुगल साम्राज्य में और अंगरेजी साम्राज्य में आजादी की खातिर सब से आगे कदम बढ़ाया इसे स्यासी मसलिहत की बिना पर तोड़ दिया गया ।

श्री अध्यक्ष : और जो हिमाचल प्रदेश को इलाका चला गया उस के लिए कौन जिम्मेवार है ? (Who is responsible for the transfer of the area to Himachal Pradesh ?)

चौधरी बलबीर सिंह : वह आप की मेहरबानी से हुआ है कुछ इस अकाली दल की मेहरबानी से हुआ है और कुछ लता मगेंशकर पार्टी की मेहरबानी से हुआ है कि होशियारपुर ज़िला का बहुत सा हिस्सा हिमाचल प्रदेश को दे दिया गया कुछ हिस्सा रोपड़ में चला गया। हिन्दुस्तान के स्वर्गीय प्रधान मन्त्री पंडित जवाहरलाल नेहरू के शब्दों में भाखड़ा का जो नया मन्दिर बना था, जो नया गुरुदवारा बना था वह भी होशियारपुर ज़िला में ही है । वह अब सैंटर के पास है यह सब किस की मेहरबानी की वजह से हुआ ? हम सब को, सारे सूबे को एक आवाज हो कर कहना चाहिए कि जो चीज हमारी है वह हमें ही मिलनी चाहिए उस के लिए हम सब कोशिश कर सकते हैं। लेकिन इस समय मैं यही कहना चाहता हूं कि होशियारपुर ज़िला का प्रतिनिधि होने के नाते मेरा फर्ज बनता है कि मैं कहूं कि इस ज़िला को क्यों तोड़ दिया गया है, क्यों इस की ताकत को कमजोर किया जा रहा है । मेरा फर्ज बनता है कि मैं पुरजोर आवाज उठाऊं कि माझे वाले, मालवे वाले, पैपसू वाले भाइयों की मेहरबानी से, अकाली पार्टी की मेहरबानी से, गाय के पांव पकड़ने वालों की मेहरबानी से होशियारपुर जिला को

जो तोड़ दिया गया है उस के बारे में ऐसे कदम उठाए जाएं ताकि यह ज़िला कायम रह सके ।

ਲੈਫਟੀਨੈਂਟ ਭਾਗ ਸਿੰਘ: (ਅਮਲੋਹ-ਐਸ.ਸੀ.) ਸਪੀਕਰ ਸਾਹਿਬ, ਮੈਂ ਆਜ਼ਾਦ ਸਾਹਿਬ ਦੀ ਹਿਮਾਇਤ ਲਈ ਖੜਾ ਹੋਇਆ ਹਾਂ । (ਵਿਘਨ) ਮੈਨੂੰ ਅਫਸੋਸ ਹੈ ਕਿ ਸਰਕਾਰ ਇਹ ਅਧ ਪਚੱਧਾ ਬਿਲ ਲਿਆਈ ਹੈ । ਰੋਪੜ ਵਿਚ ਜਿਥੇ ਸੈਸ਼ਨ ਜਜ ਹੋਣਾ ਚਾਹੀਦਾ ਹੈ ਉਥੇ ਇਹ ਸਿਰਫ ਐਡੀਸ਼ਨਲ ਸੈਸ਼ਨ ਜਜ ਦੇਣ ਦਾ ਬਿਲ ਲਿਆਈ ਹੈ । ਇਸ ਵਿਚ ਲਿਖਿਆ ਹੈ ।

ਸ੍ਰੀ ਸਪੀਕਰ: ਸੈਸ਼ਨ ਜਜ ਵੀ ਜਾਂਦਾ ਹੈ, ਐਡੀਸ਼ਨਲ ਸੈਸ਼ਨ ਜਜ ਵੀ ਜਾਂਦਾ ਹੈ । (Both the Sessions Judge as well as the Additional Sessions Judge go there.)

ਲੈਫਟੀਨੈਂਟ ਭਾਗ ਸਿੰਘ. ਮੈਂ ਕਹਿਣ ਲਗਾ ਸੀ ਕਿ ਉਥੇ ਲਈ ਛੇਤੀ ਤੋਂ ਛੇਤੀ ਸੈਸ਼ਨ ਜਜ ਦੇ ਦੇਣਾ ਚਾਹੀਦਾ ਹੈ ਤਾਂ ਜੋ ਲੋਕਾਂ ਨੂੰ, ਲਿਟੀਗੇਂਟ ਵਿਚ ਸਹੂਲਤ ਹੋਵੇ । ਚੌਧਰੀ ਸਾਹਿਬ ਤਾਂ ਹੁਸ਼ਿਆਰਪੁਰ ਦਾ ਕਿੱਸਾ ਹੀ ਲੈਕੇ ਬੈਠ ਗਏ, ਦਸੂਹਾ ਅਤੇ ਹੁਸ਼ਿਆਰਪੁਰ ਦਾ ਇਲਾਕਾ ਬੈਕਵਰਡ ਡੀਕਲੇਅਰ ਕਰਵਾ ਲਿਆ ਅਤੇ ਗੱਲਾਂ ਬੱਬਰ ਅਕਾਲੀਆਂ ਦੀ ਕਰਦੇ ਹਾਂ ਕਿ ਦੋਵੇਂ ਗੱਲਾਂ ਨਾਲ ਨਾਲ ਨਹੀਂ ਚਲਦੀਆਂ । ਅਸੀਂ ਵੀ ਚਾਹੁੰਦੇ ਹਾਂ ਕਿ ਹੁਸ਼ਿਆਰਪੁਰ ਵਧੇ ਫੁੱਲੇ, ਠੀਕ ਠਾਕ ਰਹੇ ਪਰ ਗੱਲ ਤਾਂ ਰੋਪੜ ਦੀ ਸੀ । ਉਥੇ ਸੈਸ਼ਨ ਜਜ ਹੋਣਾ ਹੀ ਚਾਹੀਦਾ ਹੈ ।

ਸ੍ਰੀ ਮਨਮੋਹਨ ਕਾਲੀਆ : (ਜਲੰਧਰ-ਦੱਖਣ) ਸਪੀਕਰ ਸਾਹਿਬ, ਮੈਂ ਤਾਂ ਸਿਰਫ ਇਕ ਗੱਲ ਹੀ ਕਲੀਅਰ ਕਰਨਾ ਚਾਹੁੰਦਾ ਹਾਂ । ਚੌਧਰੀ ਸਾਹਿਬ ਨੇ ਸਪੀਚ ਤਾਂ ਕੀਤੀ ਪਰ ਉਹ ਫਰੀ ਸਟਾਈਲ ਵਿਚ ਚਲੇ ਗਏ ।

ਸਪੀਕਰ ਸਾਹਿਬ, ਆਪਨੂੰ ਪਤਾ ਹੈ ਕਿ ਕਈ ਐਪਲੀਕੇਸ਼ਨਜ਼ ਸੈਸ਼ਨ ਜਜ ਪਾਸ ਲੇ ਕਰ ਦੀਆਂ ਹਨ ਅਤੇ ਐਡੀਸ਼ਨਲ ਸੈਸ਼ਨ ਜਜ ਉਨ੍ਹਾਂ ਨੂੰ ਨਹੀਂ ਸੁਣ ਸਕਦਾ, ਉਸ ਪਾਸ ਉਹ ਲਾਈ ਨਹੀਂ ਕਰਦੀਆਂ ਹੁੰਦੀਆਂ । ਮਗਰ ਕਈ ਵਾਰ ਡਿਸਟਰਿਕਟ ਜਜ ਹਾਜ਼ਰ ਨਹੀਂ ਹੁੰਦਾ ਟੂਰ ਤੇ ਹੁੰਦਾ ਹੈ ਜਾਂ ਹੋਰ ਗੱਲ ਹੁੰਦੀ ਹੈ ਅਤੇ ਇਹ ਗੱਲ ਸਿਰਫ ਰੋਪੜ ਜ਼ਿਲੇ ਦੀ ਹੀ ਨਹੀਂ, ਬਾਕੀ ਸਾਰਿਆਂ ਜ਼ਿਲਿਆਂ ਵਿਚ ਵੀ ਸਾਹਮਣੇ ਆਉਂਦੀ ਹੈ । ਅਗਰ ਡਿਸਟਰਿਕਟ ਜਜ ਛੁਟੀ ਤੇ ਹੋਵੇ ਅਤੇ ਮਿਆਦ ਲੰਘਦੀ ਜਾ ਰਹੀ ਹੋਵੇ ਤਾਂ ਜੋ ਹਾਲਤ ਪੈਦਾ ਹੁੰਦੀ ਹੈ ਉਸ ਦੇ ਹਲ ਲਈ ਇਹ ਐਕਟ ਹੈ ਮਗਰ ਚੌਧਰੀ ਸਾਹਿਬ ਨੰਗਲ ਅਤੇ ਭਾਖੜਾ ਮੰਗਦੇ ਹਨ ਅਤੇ ਹੁਸ਼ਿਆਰਪੁਰ ਦੀ ਗੱਲ ਕਰਦੇ ਰਹੇ ਜੋ ਰੈਲੇਵੈਂਟ ਨਹੀਂ ਸੀ । ਜੋ ਅਸਲ ਮਕਸੱਦ ਇਸ ਬਿਲ ਦਾ ਹੈ ਉਹ ਮੈਂ ਦਸਿਆ ਹੈ ਅਤੇ ਜਾਇਜ ਹੈ। ਸਾਨੂੰ ਬਿਲ ਨੂੰ ਪਾਸ ਕਰ ਦੇਣਾ ਚਾਹੀਦਾ ਹੈ ।

ਸ੍ਰੀ ਲਾਲ ਚੰਦ ਸੱਬਰਵਾਲ : ਸਪੀਕਰ ਸਾਹਿਬ, ਤੁਸੀਂ ਬਿਲ ਚੌਧਰੀ ਸਾਹਿਬ ਨੂੰ ਹਿੰਦੀ ਵਿਚ ਦਿੰਦੇ ਤਾਂ ਇਹ ਸਮਝ ਲੈਂਦੇ, ਅੰਗਰੇਜੀ ਦਾ ਬਿਲ ਇਹ ਸਮਝ ਨਹੀਂ ਸਕੇ ।

श्री अ. विश्वनाथन : (लुधियाना-दक्षिण): स्पीकर साहिब, उस बिल के ऐम्ज ऐंड आबजैक्टस से यह जाहिर होता है कि रोपड़ जिले को पटिआला जिले

[श्री अ : विश्वनाथन]

के सैशन जज मातहत कर दिया गया है और वहां के लिये ऐडीशनल सैशन जज देकर उस को सैशन जज के हकूक दिये जा रहे हैं । मगर सरकार जो यह अमेंडमेंट ला रही है, वह इस ने पहले ही बेकार कर दी है । शायद यह बात हाउस के नोटिस में हो कि पंजाब गवर्नमेंट के चीफ सैक्रेटरी ने एक सर्कुलर जारी किया है कि पी० डब्ल्यू० डी० के रैस्ट हाउसिज और कैनाल या दूसरे रैस्ट हाउसिज में कोई कोर्ट नहीं लग सकती । अगर किसी ने इन्डस्ट्रियल ट्रिब्यूनल के सामने पेश होना है तो वह यहां आए, अगर कोई ट्रक के नीचे आ कर मर जाए तो उस के बीवी बच्चों को क्लेम के लिये यहां पर भागे आना पड़ेगा । यह गरीबों के साथ अत्याचार है । ऐडीशनल सैशन जज दे दें तो रैगुलर कोर्ट के बिना वह टूरिंग कोर्ट होगी । तो कैसे प्रबन्ध ठीक होगा। वह जो लिखा है कि लोगों के कनवीनियैंस के लिये पटियालें से ऐडीशनल जज दिया जा रहा है, तो लोगों की तकलीफ तो वैसी ही बनी रहेगी । इस लिये चीफ सैक्रेट्री के उस सर्कुलर के रहते यह कानून बेकार है ।

दूसरी बात मैं सैकशन 21 (a) के बारे में कहना चाहता हूं ।

ਮੁੱਖ ਮੰਤਰੀ : ਤੀਜੀ ਗੱਲ ਹੈ ਜਾਂ ਦੂਜੀ ?

श्री अ० विश्वनाथन : जो जितनी जमात पढ़ा होता है वहां तक ही गिन पाता है । (विघ्न) स्पीकर साहिब, दूसरी बात सैक्शन 21 (a) के बारे में है । वह सेक्शन है ।

Section 21-A.—*Assignment of functions of District Judge to Additional District Judge*. reads as under :

> The High Court or the District Judge may assign to an Additional District Judge any of the functions of the District Judge, including the functions of receiving and registering cases and appeals, which but for such assignment of functions could be instituted in the Court of the District Judge, and in the discharge of those functions the Additional District Judge shall, notwithstanding anything contained in the Act, exercise the same powers as the District Judge.

इस के अन्दर डिस्ट्रिक्ट जज को ऐडीशनल पावर्ज देने के बारे में तो लिखा है लेकिन सैशनज जज का जिक्र नहीं किया गया । मतलब यह है कि सिविल केसिज तो ऐडीशनल सैशन जज रोपड़ में सुनेगा लेकिन क्रिमिनल केसिज़ वाले पटियाला ही जाया करेंगे । यह जनता से मज़ाक किया जा रहा है ।

अब गिल साहिब है ... तीसरी बात ... (विघ्न) इस के अन्दर लिखा है।

"Including the functions of receiving and registering cases and appeals etc.

एक चीज़ और है जिस की तरफ मैं आप का ध्यान दिलाना चाहता हू । कुछ ऐसे फन्कशन्ज हैं जिन के मुतालिल्क डिस्ट्रिक्ट जज अपनी पावर्ज सब जजों को डैलीगेट करता है । इस का इस बिल में ज़िक्र नहीं है। ऐडीशनल जज को डैलीगेशन की पावर नहीं दी जा रही । इस लिये कहूंगा कि आज इस को विदडरा कर लिया जाए और ऐडीशनल सैशनज़ जज को डैलीगेशन की पावर्ज़ ऐड करें, हर ज़िले में

एक एक कमरा बानएं जहां कचहरी होल्ड की जा सके, और तब तक चीफ सैक्रेट्री के सरकुलर कों विदड्रा करें ।

ਸਰਦਾਰ ਗੁਰਬਚਨ ਸਿੰਘ (ਰੋਪੜ) : ਸਪੀਕਰ ਸਾਹਿਬ, ਆਨੰਦਪੁਰ ਸਾਹਿਬ ਅਤੇ ਨੂਰਪੁਰ ਬੇਦੀ ਦੇ ਇਲਾਕੇ ਦੀ ਇਹ ਮੰਗ ਬੜੀ ਦੇਰ ਤੋਂ ਸੀ ਕਿ ਉਨ੍ਹਾਂ ਨੂੰ ਰੋਪੜ ਦੇ ਜ਼ਿਲ੍ਹੇ ਦੇ ਨਾਲ ਲਾਇਆ ਜਾਵੇ । ਪਹਿਲੀ ਗੌਰਮੈਂਟ ਦੇ ਸਮੇਂ ਵਿਚ ਰੋਪੜ ਆਨੰਦਪੁਰ ਸਾਹਿਬ ਅਤੇ ਸਬ-ਤਸੀਲ ਬਲਾਚੌਰ ਅਤੇ ਖਰੜ ਦਾ ਇਕ ਵਖਰਾ ਜ਼ਿਲ੍ਹਾ ਬਣਾਉਣ ਦੀ ਸਕੀਮ ਸੀ । ਜੋ ਲੋਕਾਂ ਦੀ ਪ੍ਰੋਪੋਜ਼ਲ ਸੀ, ਉਹ ਇਹ ਸੀ ਕਿ ਆਨੰਦਪੁਰ ਸਾਹਿਬ ਨੂਰਪੁਰ ਬੇਦੀ, ਨੰਗਲ ਆਦਿ ਦੇ ਸਾਥ ਲਗਵੇਂ ਇਲਾਕੇ ਨੂੰ ਮਿਲਾਕੇ ਰੋਪੜ ਜ਼ਿਲ੍ਹਾ ਬਣਾ ਦਿੱਤਾ ਜਾਵੇ । ਉਸ ਵਿਚ ਬਲਾਚੌਰ ਦਾ ਇਲਾਕਾ ਵੀ ਸ਼ਾਮਿਲ ਕੀਤਾ ਜਾਵੇ, ਖਰੜ ਦੇ ਨਾਲ ਲਗਵਾਂ ਇਲਾਕਾ ਜੋ ਹੁਣ ਪਟਿਆਲੇ ਵਿਚ ਹੈ ਅਤੇ ਜੋ ਪਹਿਲਾਂ ਵੀ ਖਰੜ ਦੇ ਨਾਲ ਸੀ, ਉਸ ਨੂੰ ਵੀ ਇਸ ਜ਼ਿਲ੍ਹੇ ਵਿਚ ਸ਼ਾਮਿਲ ਕੀਤਾ ਜਾਵੇ । ਇਹ ਪ੍ਰੋਪੋਜ਼ਲ ਸੀ । ਲੇਕਿਨ ਜਦੋਂ ਰੀਆਰਗੇਨਾਈਜ਼ੇਸ਼ਨ ਹੋਈ ਤਾਂ ਪਤਾ ਨਹੀਂ ਕਿਉਂ ਬਲਾਚੌਰ ਦੇ ਇਲਾਕੇ ਨੂੰ ਅਤੇ ਹੋਰ ਦੂਸਰੇ ਇਲਾਕਿਆਂ ਨੂੰ ਅਤੇ ਐਸੇ ਇਲਾਕੇ ਨੂੰ ਜੋ ਰੋਪੜ ਦੇ ਜ਼ਿਲ੍ਹਾ ਹੈਡਕਵਾਟਰ ਤੋਂ ਕੇਵਲ ਇਕ ਮੀਲ ਹੈ, ਦੇ ਲੋਕਾਂ ਨੂੰ ਹੁਸ਼ਿਆਰਪੁਰ ਦੇ ਜ਼ਿਲ੍ਹੇ ਵਿਚ ਸ਼ਾਮਿਲ ਕਰ ਦਿੱਤਾ ਗਿਆ ਜਦ ਕਿ ਉਨ੍ਹਾਂ ਲੋਕਾਂ ਤੋਂ ਕੇਵਲ ਇਕ ਮੀਲ ਦੇ ਫ਼ਾਸਲੇ ਤੇ ਜ਼ਿਲ੍ਹੇ ਰੋਪੜ ਦਾ ਹੈਡਕਵਾਰਟਰ ਬਣਿਆ ਹੋਇਆ ਹੈ । ਉਨ੍ਹਾਂ ਲੋਕਾਂ ਨੂੰ ਆਪਣੇ ਮਾੜੇ ਮੋਟੇ ਕੰਮਾਂ ਲਈ 60 ਮੀਲ ਤੇ ਜਾਣਾ ਪੈਂਦਾ ਹੈ । ਇਹੀ ਹਾਲ ਬਲਾਚੌਰ ਦੇ ਲੋਕਾਂ ਦਾ ਹੈ । ਉਨ੍ਹਾਂ ਨੂੰ ਵੀ ਇਸ ਗੱਲ ਦੀ ਬੜੀ ਤਕਲੀਫ ਹੈ । 60 ਮੀਲ ਦੂਰ ਹੁਸ਼ਿਆਰਪੁਰ ਜਾਣਾ ਪੈਂਦਾ ਹੈ ਜਦ ਕਿ ਉਨ੍ਹਾਂ ਤੋਂ ਦੋ ਫਰਲਾਂਗ ਤੇ ਦੂਜਾ ਹੈਡਕਵਾਰਟਰ ਰੋਪੜ ਹੈ । ਮੈਂ ਕਹਿੰਦਾ ਹਾਂ ਕਿ ਸਾਡੀ ਸਟੇਟ ਸਰਕਾਰ ਨੂੰ ਹਿੰਦ ਸਰਕਾਰ ਨੂੰ ਲਿਖਣਾ ਚਾਹੀਦਾ ਹੈ ਕਿ ਦੋਬਾਰਾ ਪੜਤਾਲ ਕਰਕੇ ਅਤੇ ਅਮੈਂਡਮੈਂਟ ਕਰਕੇ ਇਹ ਇਲਾਕਾ ਮੋਰਿੰਡਾ ਖਰੜ ਦਾ ਦਰਮਿਆਨੀ ਇਲਾਕਾ ਜਿਹੜਾ ਕਿ ਪਟਿਆਲੇ ਵਿਚ ਹੈ ਤੇ ਬਲਾਚੌਰ ਸਬ-ਤਹਿਸੀਲ ਰੋਪੜ ਜ਼ਿਲੇ ਵਿਚ ਸ਼ਾਮਿਲ ਕੀਤਾ ਜਾਵੇ । ਮੈਂ ਇਹ ਵੀ ਕਹਾਂਗਾ ਕਿ ਸਾਡੀ ਗਵਰਨਮੈਂਟ ਨੇ ਗਵਰਨਮੈਂਟ ਆਫ਼ ਇੰਡੀਆ ਨੂੰ ਰੋਪੜ ਦੀ ਜ਼ਿਲ੍ਹਾ ਪਰੀਸ਼ਦ ਬਣਾਉਣ ਲਈ ਵੀ ਨਹੀਂ ਕਿਹਾ ਅਤੇ ਉਸ ਦੀ ਜ਼ਿਲ੍ਹਾ ਪਰੀਸ਼ਦ ਅਲੱਗ ਨਹੀਂ ਬਣੀ ।

ਸ੍ਰੀ ਸਪੀਕਰ : ਆਪ ਨੂੰ ਪਤਾ ਹੈ ਕਿ ਆਪਣੀ ਸਰਕਾਰ ਹੀ ਇਹ ਕਰ ਸਕਦੀ ਹੈ, ਗੌਰਮੈਂਟ ਆਫ਼ ਇੰਡੀਆ ਨੂੰ ਲਿਖਣ ਦੀ ਲੋੜ ਨਹੀਂ । (The hon. Member is aware that Punjab Government is competent to do so. There is no need to approach the Government of India.)

ਸਰਦਾਰ ਗੁਰਬਚਨ ਸਿੰਘ : ਨਹੀਂ ਜੀ, ਬਿਲ ਪਾਰਲੀਮੈਂਟ ਵਿਚ ਪੇਸ਼ ਹੋਵੇਗਾ। ਜ਼ਿਲ੍ਹਾ ਪਰੀਸ਼ਦ ਦਾ ਬਿਲ ਪਾਸ ਹੋਕੇ ਇਹ ਬਣੇਗੀ ।

ਸਪੀਕਰ ਸਾਹਿਬ, ਰੋਪੜ ਦੇ ਜ਼ਿਲ੍ਹੇ ਵਿਚ ਹੋਰ ਵੀ ਬਹੁਤ ਸਾਰੀਆਂ ਕਮੀਆਂ ਹਨ ਜਿਨ੍ਹਾਂ ਵਲ ਸਰਕਾਰ ਨੇ ਧਿਆਨ ਨਹੀਂ ਦਿੱਤਾ । ਮੈਂ ਸਰਕਾਰ ਨੂੰ ਕਹਾਂਗਾ ਕਿ ਉਥੇ ਜੋ ਦਫ਼ਤਰੀ ਅਤੇ ਸਰਕਾਰੀ ਮੁਲਾਜ਼ਮਾਂ ਲਈ ਰੈਜ਼ੀਡੈਂਸ਼ਲ ਇਮਾਰਤਾਂ ਦੀਆਂ ਕਮੀਆਂ ਹਨ ਉਨ੍ਹਾਂ ਨੂੰ ਬੜੀ ਜਲਦੀ ਦੂਰ ਕੀਤਾ ਜਾਣਾ ਚਾਹੀਦਾ ਹੈ । ਉਥੇ ਅਲੱਗ ਡਿਸਟ੍ਰਿਕਟ ਐਂਡ ਸੈਸ਼ਨਜ਼ ਜਜ ਲਗਾ ਕੇ ਇਕ ਬਾਕਾਇਦਾ ਰੈਗੂਲਰ ਗੱਲ ਕੀਤੀ ਜਾਵੇ ।

ਮੁੱਖ ਮੰਤਰੀ (ਸਰਦਾਰ ਲਛਮਣ ਸਿੰਘ ਗਿੱਲ) : ਸਪੀਕਰ ਸਾਹਿਬ, ਇਸ ਬਿਲ ਵਿਚ ਬੜੀ ਛੋਟੀ ਜਿਹੀ ਮੰਗ ਕੀਤੀ ਗਈ ਹੈ। ਹਾਈ ਕੋਰਟ ਨੇ ਇਕ ਸੁਜੈਸ਼ਨ ਦਿੱਤੀ ਕਿ ਰੋਪੜ ਵਾਲੇ ਲੋਕਾਂ ਨੂੰ ਆਪਣੇ ਕੇਸਿਜ਼ ਦੇ ਸਿਲਸਿਲੇ ਵਿਚ ਪਟਿਆਲੇ ਜਾਣਾ ਪੈਂਦਾ ਹੈ।

ਜਿਹੜੀਆਂ ਤਕਲੀਫਾਂ ਉਥੇ ਹਨ ਉਨ੍ਹਾਂ ਵਿਚ ਕਮੀ ਇਸ ਬਿਲ ਨੂੰ ਲਿਆ ਕੇ ਕੀਤੀ ਗਈ ਹੈ। ਇਸ ਕਰਕੇ ਐਡੀਸ਼ਨਲ ਡਿਸਟ੍ਰਿਕਟ ਜਜ ਨੂੰ ਪਾਵਰਜ਼ ਦਿੱਤੀਆਂ ਗਈਆਂ ਹਨ। ਜਿਥੋਂ ਤਕ ਸੈਸ਼ਨਜ਼ ਦਾ ਤਅੱਲੁਕ ਹੈ, ਇਸ ਇਲਾਕੇ ਦੇ ਲੋਕ ਪਟਿਆਲੇ ਵਿਚ ਨਹੀਂ ਜਾ ਸਕਦੇ ਇਸ ਲਈ ਅਸੀਂ ਐਡੀਸ਼ਨਲ ਡਿਸਟ੍ਰਿਕਟ ਜੱਜ ਨੂੰ ਪਾਵਰਜ਼ ਦੇ ਰਹੇ ਹਾਂ। ਗੱਲ ਤਾਂ ਸਿਰਫ ਇੰਨੀ ਹੀ ਸੀ। ਪਰ ਇਸ ਬਿਲ ਤੇ ਮੈਂਬਰ ਸਾਹਿਬਾਨ ਨੇ ਜਨਰਲ ਡੀਬੇਟ ਸਮਝ ਲਈ ਤੇ ਜਰਨਲ ਵਿਚਾਰਾਂ ਇਥੇ ਪੇਸ਼ ਕੀਤੀਆਂ ਹਨ। ਕਿਸੇ ਨੇ ਕੋਈ ਪ੍ਰੋਪੋਜ਼ਲ ਇਸ ਬਿਲ ਨੂੰ ਬਿਹਤਰ ਬਣਾਉਣ ਬਾਰੇ ਨਹੀਂ ਦਿੱਤੀ। ਚੌਧਰੀ ਸਾਹਿਬ ਨੇ ਵੀ ਇਸ ਬਿਲ ਦੇ ਬਾਰੇ ਵਿਚ ਕੁੱਝ ਗੱਲਾਂ ਕਹੀਆਂ ਹਨ। ਮੈਂ ਉਨ੍ਹਾਂ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਸੀਂ ਪਹਿਲਾਂ ਹੀ ਕਾਲਕਾ ਅਤੇ ਇਸ ਦੇ ਨਾਲ ਲਗਦੇ ਇਲਾਕੇ ਦੀ ਮੰਗ ਕੀਤੀ ਹੋਈ ਹੈ। ਇਸ ਤਰ੍ਹਾਂ ਰੋਪੜ ਤੋਂ ਪਰਲੇ ਪਾਸੇ ਨਾਲਾਗੜ੍ਹ ਦੇ ਇਲਾਕੇ ਲਈ ਵੀ ਡੀਮਾਂਡ ਕੀਤੀ ਹੋਈ ਹੈ। ਜਿਸ ਵੇਲੇ ਇਹ ਸਾਰੀਆਂ ਗੱਲਾਂ ਕੀਤੀਆਂ ਸਨ ਤਾਂ ਇਹ ਖਿਆਲ ਸੀ ਕਿ ਆਰਬਿਟ੍ਰੇਸ਼ਨ ਹੋ ਗਈ ਹੈ ਜਲਦੀ ਫੈਸਲਾ ਹੋ ਜਾਵੇਗਾ ਪਰ ਇਸ ਅਸਨਾ ਵਿਚ ਹਰਿਆਣੇ ਦੀ ਪਾਪੂਲਰ ਗੌਰਮੈਂਟ ਚਲੀ ਗਈ ਅਤੇ ਉੱਥੇ ਪ੍ਰੈਜ਼ੀਡੈਂਟ ਦਾ ਰੂਲ ਹੋ ਗਿਆ। ਹੁਣ ਹਰਿਆਣਾ ਦੀ ਪਾਪੂਲਰ ਗੌਰਮੈਂਟ ਆ ਗਈ ਹੈ। ਕਲ੍ਹ ਸਵੇਰੇ ਹਰਿਆਣੇ ਦੇ ਚੀਫ ਮਨਿਸਟਰ ਸਹਿਬ ਨੇ ਓਥ ਲੈਣੀ ਹੈ ਅਤੇ ਇਸ ਗੱਲ ਦਾ ਜਲਦੀ ਹੀ ਫ਼ੈਸਲਾ ਹੋ ਜਾਣ ਦੀ ਆਸ ਹੈ। ਮੈਨੂੰ ਪੂਰੀ ਉਮੀਦ ਹੈ ਕਿ ਹਾਊਸ ਦੇ ਸਾਰੇ ਮੈਂਬਰ ਚਾਹੇ ਸਰਕਾਰੀ ਬੈਂਚਾਂ ਤੇ ਹਨ ਜਾਂ ਅਪੋਜ਼ੀਸ਼ਨ ਵਿਚ ਹਨ ਸਾਰੇ ਦੇ ਸਾਰੇ ਕਿਸੇ ਪੋਲੀਟੀਕਲ ਰੰਗ ਦੇਣ ਤੋਂ ਬਿਨਾਂ ਹੀ ਸਾਨੂੰ ਸਪੋਰਟ ਕਰਨਗੇ। ਇਥੇ ਅਨੰਦਪੁਰ ਸਾਹਿਬ ਦਾ ਜ਼ਿਕਰ ਕੀਤਾ ਗਿਆ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਹਵਾਲਾ ਦਿੱਤਾ ਗਿਆ, ਮੈਂ ਇਸ ਵੇਲੇ ਇਸ ਹਿਸਟਰੀ ਵਿਚ ਨਹੀਂ ਜਾਣਾ ਚਾਹੁੰਦਾ ਕਿ ਪਹਿਲਾਂ ਅਨੰਦਪੁਰ ਸਾਹਿਬ ਕਿਸ ਰਿਆਸਤ ਦਾ ਹਿੱਸਾ ਹੁੰਦਾ ਸੀ ਤੇ ਕੀ ਇਤਿਹਾਸ ਹੈ। ਇਥੇ ਇਹ ਵੀ ਕਿਹਾ ਗਿਆ ਕਿ ਪੰਜਾਬੀ ਸੂਬਾ ਤਾਂ ਲਤਾ ਮੰਗੇਸ਼ਕਰ ਨੇ ਲੈ ਲਿਆ ਹੈ (ਚੌਧਰੀ ਬਲਬੀਰ ਸਿੰਘ ਵਲੋਂ, ਵਿਘਨ) ਮੈਂ ਇਨ੍ਹਾਂ ਦੀ ਕੀ ਗੱਲ ਕਰਾਂ। ਇਹ ਤਾਂ ਮਜ਼ਰਦਾਤ ਵਿਚੋਂ ਹਨ ਮਰਦ ਜਾਂ ਔਰਤ ਨਹੀਂ। ਇਨ੍ਹਾਂ ਨੂੰ ਕੀ ਪਤਾ ਹੈ ਕਿ ਪੰਜਾਬੀ ਸੂਬਾ ਕਿਸ ਤਰ੍ਹਾਂ ਲਿਆ ਗਿਆ ਹੈ। ਇਹ ਬੜੀ ਕੁਰਬਾਨੀ ਦੇ ਨਾਲ ਮਿਲਿਆ ਹੈ। ਵੈਸੇ ਨਹੀਂ। ਮੇਰੇ ਕੁਝ ਦੋਸਤਾਂ ਨੇ ਇਸ ਦੇ ਬਾਰੇ ਵਿਚ ਕਿਹਾ ਹੈ ਆਜ਼ਾਦ ਸਾਹਿਬ ਅਤੇ ਸਰਦਾਰ ਗੁਰਬਚਨ ਸਿੰਘ ਜੀ ਨੇ, ਜਿਹੜੇ ਕਿ ਮੇਰੇ ਬਹੁਤ ਚੰਗੇ ਮਿੱਤਰ ਹਨ, ਸਰਕਾਰ ਦੀ ਤਵੱਜੁਹ ਕੁਝ ਗੱਲਾਂ ਵਲ ਦਿਵਾਈ ਹੈ ਅਤੇ ਆਪਣੇ ਜ਼ਿਲ੍ਹੇ ਬਾਰੇ ਦੱਸਿਆ ਹੈ ਜਿਸ ਨੂੰ ਇਹ ਰੀਪ੍ਰੀਜ਼ੈਂਟ ਕਰਦੇ ਹਨ। ਅਸੀਂ ਇਸ ਪਾਸੇ ਆਲਰੈਡੀ ਕੋਸ਼ਿਸ਼ ਕਰ ਰਹੇ ਹਾਂ। ਗੌਰਮੈਂਟ ਦੀਆਂ ਜਗ੍ਹਾਂ ਵੀ ਵੇਖੀਆਂ ਹਨ ਤਾਂ ਕਿ ਸਾਰੀਆਂ ਬਿਲਡਿੰਗਾਂ ਅਸੀਂ ਉਥੇ ਬਣਾ ਸਕੀਏ। ਭਾਖੜਾ ਡੈਮ ਦਾ ਵੀ ਝਗੜਾ ਹੈ ਅਤੇ ਉਸ ਦੇ ਨਾਲ ਲਗਦਾ ਇਲਾਕਾ ਵੀ ਡਿਸਪਿਊਟਿਡ ਹੈ। ਇਸ ਦੇ ਨਾਲ ਦੀ ਕੈਨਾਲ ਕਾਲੋਨੀਜ਼ ਨੂੰ ਵੀ ਅਸੀਂ ਡੀਮਾਂਡ ਕੀਤਾ ਹੈ ਕਿ ਸਾਨੂੰ ਮਿਲਣੀਆਂ ਚਾਹੀਦੀਆਂ ਹਨ। ਸਾਡਾ ਖਿਆਲ ਸੀ ਕਿ ਆਰਬਿਟ੍ਰੇਸ਼ਨ ਦਾ ਫੈਸਲਾ ਜਲਦੀ ਹੋ ਜਾਵੇਗਾ ਪਰ ਅਜੇ ਤਕ ਨਹੀਂ ਹੋਇਆ। ਇਸ ਲਈ ਅਸੀਂ ਇਹ ਕੋਸ਼ਿਸ਼ ਵੀ ਕਰ ਰਹੇ ਹਾਂ ਕਿ ਟੈਂਪਰੇਰੀ ਅਰੇਂਜਮੈਂਟ ਕਰ ਦਿੱਤਾ ਜਾਵੇ। ਮੈਂ ਇਥੇ ਤੁਹਾਡੇ ਅਤੇ ਹਾਊਸ ਦੀ ਹਿੰਮਤ ਨੂੰ ਐਪ੍ਰੀਸ਼ੀਏਟ ਕਰਦਾ

ਹਾਂ ਜਿਨ੍ਹਾਂ ਨੇ ਰੋਪੜ ਵਿਚ ਪੂਰੀ ਤਰ੍ਹਾਂ ਰਿਹਾਇਸ਼ ਦਾ ਇੰਤਜ਼ਾਮ ਨਾ ਹੋਣ ਤੇ ਵੀ ਪਬਲਿਕ ਦੇ ਹਿਤ ਨੂੰ ਸਾਹਮਣੇ ਰਖਿਆ ਅਤੇ ਪਬਲਿਕ ਦਾ ਸਾਥ ਦਿੱਤਾ ਅਤੇ ਦਿੱਕਤਾਂ ਬਰਦਾਸ਼ਤ ਕਰ ਕੇ ਰਹਿ ਰਹੇ ਹਨ। ਮੈਂ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਇਸ ਗੱਲ ਨੂੰ ਛੇਤੀ ਹੀ ਹੱਲ ਕਰ ਲਵਾਂਗੇ ਅਤੇ ਮੈਂ ਇਹ ਵੀ ਦਸ ਦੇਵਾਂ ਕਿ ਅਸੀਂ ਗੌਰਮੈਂਟ ਬਿਲਡਿੰਗਾਂ ਲਈ ਪਹਿਲਾਂ ਹੀ ਕੁਝ ਰੁਪਿਆ ਰਖ ਦਿੱਤਾ ਹੋਇਆ ਹੈ। ਰੋਪੜ ਵਿਚ ਬਿਲਡਿੰਗਾਂ ਲਈ ਰੀਜ਼ਰਵ ਕਰ ਦਿੱਤਾ ਹੈ। ਸ਼੍ਰੀ ਵਿਸ਼ਵਨਾਥਨ ਜੀ ਨੇ ਕਿਹਾ ਹੈ ਕਿ ਚੀਫ ਸੈਕ੍ਰਟਰੀ ਨੇ ਜਿਹੜਾ ਸਰਕੂਲਰ ਭੇਜਿਆ ਹੈ ਕਿ ਕੋਰਟਸ ਪੀ. ਡਬਲਿਊ. ਡੀ. ਜਾਂ ਡਾਕ ਬੰਗਲਿਆਂ ਵਿਚ ਨਾ ਲਗਾਈਆਂ ਜਾਣ ਇਸ ਨਾਲ ਦਿਕੱਤ ਲੋਕਾਂ ਨੂੰ ਆਉਂਦੀ ਹੈ। ਮੈਂ ਤਾਂ ਸਮਝਿਆ ਸੀ ਕਿ ਇਸ ਗੱਲ ਨੂੰ ਸਾਰੇ ਲੋਕੀਂ ਐਪ੍ਰੀਸ਼ੀਏਟ ਕਰਨਗੇ। ਬਹੁਤ ਸਾਰੇ ਐਮ. ਐਲ. ਏਜ਼. ਨੇ, ਇਹ ਜ਼ਬਾਨੀ ਵੀ, ਤੇ ਲਿਖ ਕੇ ਵੀ, ਕਿਹਾ ਸੀ ਕਿ ਡਾਕ ਬੰਗਲਿਆਂ ਵਿਚ ਕਿਉਂਕਿ ਉਹ ਜਾਂਦੇ ਹਨ ਤਾਂ ਉਨ੍ਹਾਂ ਨੂੰ ਥਾਂ ਨਹੀਂ ਮਿਲਦੀ ਇਸ ਲਈ ਉਨ੍ਹਾਂ ਨੂੰ ਇਨਕਨਵੀਨੀਐਂਸ ਹੁੰਦੀ ਹੈ। ਇਸ ਲਈ ਉਨ੍ਹਾਂ ਵਲੋਂ ਇਹ ਸੁਜੈਸਟ ਕੀਤਾ ਗਿਆ ਸੀ ਕਿ ਰੈਸਟ-ਹਾਊਸਾਂ ਨੂੰ ਇਸਤੇਮਾਲ ਨਾ ਕੀਤਾ ਜਾਵੇ। ਇਹ ਜਿਹੜੇ ਸਰਕਟ ਹਾਊਸ ਅਤੇ ਪੀ. ਡਬਲਿਊ. ਡੀ. ਰੈਸਟ-ਹਾਊਸ ਹਨ ਉਸ ਦੇ ਬਾਰੇ ਵਿਚ ਤੁਹਾਡੀ ਸਹੂਲਤ ਨੂੰ ਮੁਖ ਰਖ ਕੇ ਹੀ ਇਸ ਤਰ੍ਹਾਂ ਕੀਤਾ ਗਿਆ ਹੈ। ਅਤੇ ਮੈਂ ਤਾਂ ਇਹ ਕਿਹਾ ਹੈ ਕਿ ਤੁਹਾਡੇ ਆਪ ਹੋਰ ਦਫਤਰ ਹਨ ਉਨ੍ਹਾਂ ਵਿਚ ਬੈਠ ਕੇ ਤੁਸੀਂ ਕੰਮ ਕਰ ਸਕਦੇ ਹੋ ਕੋਰਟ ਲਗਾ ਸਕਦੇ ਹੋ, ਪਰ ਐਮ. ਐਲ. ਏਜ਼. ਸਾਹਿਬਾਨ ਨੂੰ ਕਿਸੇ ਕਿਸਮ ਦੀ ਇਨਕਨਵੀਨੀਐਂਸ ਨਾ ਹੋਵੇ। ਜੇਕਰ ਇਸ ਗੱਲ ਦੇ ਬਾਵਜੂਦ ਸਰਕਟ ਹਾਊਸ ਜਾਂ ਪੀ. ਡਬਲਿਊ. ਡੀ. ਰੈਸਟ-ਹਾਊਸ ਦੇ ਸਬੰਧ ਵਿਚ ਕਿਸੇ ਅਫਸਰ ਨੇ ਇਸ ਸਰਕੂਲਰ ਦਾ ਨਾਜਾਇਜ਼ ਇਸਤੇਮਾਲ ਕੀਤਾ ਹੈ, ਜਾਂ ਮਿਸਯੂਜ਼ ਕੀਤਾ ਹੈ ਜਾਂ ਉਸ ਨੇ ਕੋਈ ਗਲਤ ਗੱਲ ਕੀਤੀ ਹੈ ਉਸ ਨੂੰ ਜੇਕਰ ਤੁਸੀਂ ਮੇਰੇ ਨੋਟਿਸ ਵਿਚ ਲਿਆਉ ਤਾਂ ਦਰੁੱਸਤ ਕਰ ਦੇਵਾਂਗੇ। ਸਾਡਾ ਮਕਸਦ ਤਾਂ ਤੁਹਾਡੀ ਸੇਵਾ ਹੀ ਕਰਨਾ ਹੈ, ਪਬਲਿਕ ਦੇ ਇੰਟ੍ਰੈਸਟ ਨੂੰ ਸਾਹਮਣੇ ਰਖ ਕੇ ਇਹ ਤਾਂ ਅਸੀਂ ਇਕ ਫੈਸਿਲਿਟੀ ਦਿੱਤੀ ਹੈ। ਮੈਂ ਹਾਊਸ ਨੂੰ ਯਕੀਨ ਦਿਵਾਂਉਂਦਾ ਹਾਂ ਕਿ ਇਸ ਦਾ ਮਕਸਦ ਤੁਹਾਨੂੰ ਸਹੂਲਤ ਦੇਣ ਦਾ ਹੈ। ਇਹ ਬਿਲ ਇਕ ਨਾਨ-ਕੰਟ੍ਰੋਵਰਸ਼ਲ ਬਿਲ ਹੈ ਅਤੇ ਇਸ ਨੂੰ ਤੁਸੀਂ ਇਜਾਜ਼ਤ ਦਿਉਂ ਤਾਂ ਕਿ ਪਾਸ ਕਰ ਦਿਤਾ ਜਾਵੇ। ਇਸ ਤੇ ਮੈਂ ਸਮਝਦਾ ਹਾਂ ਕਿ ਬਹੁਤਾ ਕਹਿਣ ਦੀ ਲੋੜ ਨਹੀਂ।

Mr. Speaker: Question is—

That the Punjab Courts (Amendment) Bill, as passed by the Punjab Vidhan Parishad, be passed.

The motion was carried.

THE PUNJAB GRAM PANCHAYAT (AMENDMENT) BILL, 1967

Minister of State for Public Works (Sardar Narinder Singh): Sir, I beg to move—

That the Punjab Gram Panchayat (Amendment) Bill, as passed by the Punjab Vidhan Parishad, be taken into consideration.

ਸਪੀਕਰ ਸਾਹਿਬ, ਇਹ ਬਿਲ ਇਸ ਵਾਸਤੇ ਲਿਆਂਦਾ ਗਿਆ ਹੈ ਕਿ ਹਾਈ ਕੋਰਟ ਵਿਚ ਕਈ ਕੇਸਿਜ਼ ਵਿਚ ਡੀਪਾਰਟਮੈਂਟ ਨੂੰ ਮੁਸ਼ਕਲ ਪੇਸ਼ ਆਉਂਦੀ ਸੀ ਜਦ ਕਿ ਕਿਸੇ ਸਰਪੰਚ ਜਾਂ ਪੰਚ ਜਾਂ ਜ਼ਿਲਾ ਪ੍ਰੀਸ਼ਦ ਦੇ ਕਿਸੇ ਮੈਂਬਰ ਦੀ ਟਰਮ ਪੂਰੀ ਹੋ ਜਾਂਦੀ ਹੈ ਤਾਂ ਬਾਦ ਵਿਚ ਇਹ ਫੈਸਲਾ ਹੋ ਜਾਂਦਾ ਹੈ ਕਿ ਇਸ ਨੂੰ ਫਲਾਣੀ ਗੱਲ ਬਦਲੇ ਸਜ਼ਾ ਦਿਤੀ ਗਈ ਹੈ। ਪਰ ਟਰਮ

[Minister of State for Public Works]

ਪੂਰੀ ਹੋ ਜਾਣ ਤੇ ਉਸ ਨੂੰ ਸਜ਼ਾ ਨਹੀਂ ਸੀ ਦਿੱਤੀ ਜਾ ਸਕਦੀ ਅਤੇ ਕਿਸੇ ਨਵੀਂ ਗੱਲ ਲਈ ਵੀ ਐਕਸ਼ਨ ਨਹੀਂ ਸੀ ਲਿਆ ਜਾ ਸਕਦਾ, ਭਾਵੇਂ ਉਸ ਨੇ ਕਾਨੂੰਨ ਦੀ ਉਲੰਘਣਾ ਕੀਤੀ ਹੋਵੇ ਜਾਂ ਐਮਬੇਜ਼ਲਮੈਂਟ ਕੀਤੀ ਹੋਵੇ। ਇਸ ਲਈ ਸਰਕਾਰ ਨੇ ਇਹ ਅਧਿਕਾਰ ਲਿਆ ਹੈ ਕਿ ਪਹਿਲੀ ਟਰਮ ਵਿਚ ਜੇਕਰ ਕੋਈ ਬੇਕਾਇਦਗੀ ਕੀਤੀ ਗਈ ਹੋਵੇ ਤਾਂ ਉਸ ਦੇ ਖਿਲਾਫ਼ ਕਾਨੂੰਨੀ ਕਾਰਾਜੋਈ ਕੀਤੀ ਜਾ ਸਕੇ ਅਤੇ ਸਜ਼ਾ ਦਿੱਤੀ ਜਾ ਸਕੇ। ਇਸ ਲਈ ਮੈਂ ਹਾਊਸ ਪਾਸ ਬੇਨਤੀ ਕਰਾਂਗਾ ਕਿ ਇਸ ਬਿਲ ਨੂੰ ਪਾਸ ਕਰ ਦੇਣ।

Mr. Speaker: Motion moved—

That the Punjab Gram Panchayat (Amendment) Bill, as passed by the Punjab Vidhan Parishad, be taken into consideration.

ਪੰਡਤ ਮੋਹਨ ਲਾਲ (ਬਟਾਲਾ) : ਸਪੀਕਰ ਸਾਹਿਬ, ਇਸ ਬਿਲ ਦਾ ਜਿਥੋਂ ਤਕ ਸਿਧਾਂਤ ਦਾ ਸਵਾਲ ਹੈ ਮੇਰਾ ਖਿਆਲ ਹੈ ਕਿ ਹਾਊਸ ਦੇ ਕਿਸੇ ਮੈਂਬਰ ਸਾਹਿਬ ਨੂੰ ਇਸ ਦੇ ਨਾਲ ਨਾ ਇਤਫ਼ਾਕੀ ਨਹੀਂ ਹੋਵੇਗੀ। ਮੈਂ ਵੀ ਇਹ ਮੁਨਾਸਿਬ ਸਮਝਦਾ ਹਾਂ ਕਿ ਸਰਕਾਰ ਨੂੰ ਇਹ ਅਧਿਕਾਰ ਹੋਣਾ ਚਾਹੀਦਾ ਹੈ। ਮੈਂ ਇਸ ਦੀ ਹਿਸਟਰੀ ਨੂੰ ਵੀ ਜਾਣਦਾ ਹਾਂ ਕਿ ਹਾਈ ਕੋਰਟ ਨੇ ਨਾ ਸਿਰਫ਼ ਪੰਚਾਇਤਾਂ ਦੇ ਸਬੰਧ ਵਿਚ ਜਾਂ ਮਿਉਂਸਪਲ ਕਮੇਟੀਆਂ ਦੇ ਸਬੰਧ ਵਿਚ ਸਗੋਂ ਬਾਕੀ ਦੇ ਚੁਣੇ ਹੋਏ ਅਦਾਰਿਆਂ ਦੇ ਸਬੰਧ ਵਿਚ ਵੀ ਇਹ ਰੂਲਿੰਗ ਦਿੱਤੀਆਂ ਹਨ ਕਿ ਜੋ ਟਰਮ ਇਕ ਦਫਾ ਮੁਕਾ ਲਵੇ ਤੇ ਨਵੀਂ ਇਲੈਕਸ਼ਨ ਹੋ ਜਾਵੇ ਤਾਂ ਪਹਿਲੀ ਟਰਮ ਵਿਚ ਕੀਤੀ ਕਿਸੇ ਵੀ ਬੁਰਾਈ ਦੀ ਬਿਨਾ ਤੇ ਕੋਈ ਐਕਸ਼ਨ ਨਹੀਂ ਲਿਆ ਜਾ ਸਕਦਾ ਚਾਹੇ ਉਹ ਮਿਉਂਸਪੈਲਟੀਆਂ ਜਾਂ ਪੰਚਾਇਤ ਸੰਮਤੀਆਂ ਦੇ ਮੈਂਬਰ ਹੋਣ। ਇਸ ਵਾਸਤੇ ਜਿਥੋਂ ਤਕ ਅਸੂਲ ਦਾ ਸਵਾਲ ਹੈ ਇਹ ਠੀਕ ਹੈ ਅਤੇ ਮੁਨਾਸਿਬ ਹੈ। ਲੇਕਿਨ ਮੈਨੂੰ ਇਸ ਵਿਚ ਇਕ ਨੁਕਸ ਦਿਖਾਈ ਦਿੱਤਾ ਹੈ ਜਿਸ ਵਲ ਮੈਂ ਸਰਕਾਰ ਦਾ ਧਿਆਨ ਦਿਵਾਣਾ ਜ਼ਰੂਰੀ ਸਮਝਿਆ ਹੈ ਅਤੇ ਮੁਨਾਸਿਬ ਸਮਝਦਾ ਹਾਂ ਕਿ ਇਸ ਵਿਚ ਇਸ ਸਬੰਧ ਵਿਚ ਤਰਮੀਮ ਕਰ ਲਈ ਜਾਵੇ। ਜੇਕਰ ਸਰਕਾਰ ਮੁਨਾਸਿਬ ਸਮਝੇ ਨਹੀਂ ਤਾਂ ਇਨ੍ਹਾਂ ਦੀ ਇੱਛਾ ਹੈ। ਇਸ ਵਿਚ ਦੂਜੀ ਟਰਮ ਜਦ ਸ਼ੁਰੂ ਹੋ ਜਾਂਦੀ ਹੈ ਤਾਂ ਪਹਿਲੀ ਟਰਮ ਵਿਚ ਕੀਤੇ ਗਏ ਗੁਨਾਹਾਂ ਦੀ ਸਜ਼ਾ ਦੇਣ ਦੀ ਪ੍ਰੋਵੀਜ਼ਨ ਅਸੀਂ ਇਸ ਬਿਲ ਰਾਹੀਂ ਕਰ ਰਹੇ ਹਾਂ। ਇਸ ਦਾ ਮਤਲਬ ਇਹ ਹੈ ਕਿ ਅਗਰ ਚਾਰ ਸਾਲ ਦੀ ਟਰਮ ਹੈ ਜਾਂ ਹੋ ਸਕਦਾ ਹੈ ਪੰਜ ਸਾਲ ਦੀ ਟਰਮ ਕਰ ਦਿੱਤੀ ਜਾਵੇ ਤਾਂ ਉਨ੍ਹਾਂ ਪੰਜ ਸਾਲਾਂ ਵਿਚ ਕੋਈ ਐਕਸ਼ਨ ਨਹੀਂ ਲਿਆ ਜਾਵੇ ਤੇ ਅਗਲੇ ਪੰਜ ਸਾਲਾਂ ਵਿਚ ਉਸ ਦੇ ਕੀਤੇ ਕੰਮ ਲਈ ਐਕਸ਼ਨ ਲਿਆ ਜਾ ਸਕਦਾ ਹੈ। ਇਸ ਦਾ ਮਤਲਬ ਇਹ ਹੈ ਕਿ ਸਰਕਾਰ ਨੂੰ ਦਸ ਸਾਲ ਲਗ ਗਏ ਕਿਸੇ ਮੈਂਬਰ ਦੇ ਖਿਲਾਫ਼ ਐਕਸ਼ਨ ਲੈਣ ਵਿਚ। ਮੇਰੀ ਅਰਜ਼ ਇਹ ਹੈ ਕਿ ਪਹਿਲੀ ਟਰਮ ਦੇ ਪਹਿਲੇ ਸਾਲ ਵਿਚ ਗੁਨਾਹ ਜਿਹੜਾ ਐਕਸ਼ਨੇਬਲ ਹੈ ਪਹਿਲੇ ਸਾਲ ਵਿਚ ਉਹ ਸਾਰੀ ਟਰਮ ਲੰਘ ਗਈ ਤੇ ਕੋਈ ਐਕਸ਼ਨ ਸਰਕਾਰ ਨੇ ਨਹੀਂ ਲਿਆ ਨਵੀਂ ਟਰਮ ਆ ਗਈ ਤੇ ਉਸ ਦੇ ਪੰਜਵੇਂ ਜਾਂ ਚੌਥੇ ਸਾਲ ਵਿਚ ਉਸ ਦੀ ਸ਼ਿਕਾਇਤ ਹੁੰਦੀ ਹੈ ਤਾਂ ਉਸ ਦੀ ਸਰਕਾਰ ਇਨਕੁਆਇਰੀ ਕਰੇਗੀ ਇਸ ਦਾ ਮਤਲਬ ਇਹ ਹੋਇਆ ਕਿ ਕਿਸੇ ਬੁਰੇ ਕੰਮ ਦੀ ਇਨਕੁਆਇਰੀ ਉਸ ਕੀਤੇ ਕੰਮ ਦੇ ਬਾਦ ਸਤਵੇਂ ਅਠਵੇਂ ਜਾਂ ਨੌਵੇਂ ਸਾਲ ਵਿਚ ਸਰਕਾਰ ਕਰਾਏਗੀ ਅਤੇ ਇਸ ਗੱਲ ਲਈ ਇਸ ਬਿਲ ਰਾਹੀਂ ਅਸੀਂ ਸਰਕਾਰ ਨੂੰ ਅਧਿਕਾਰ ਦੇ ਰਹੇ ਹਾਂ।

ਇਸ ਵਿਚ ਇਨਕੁਆਰੀ ਕਰ ਕੇ ਰਿਮੂਵਲ ਦਾ ਅਧਿਕਾਰ ਸਰਕਾਰ ਨੂੰ ਦਿਤਾ ਹੈ। ਮੈਨੂੰ ਅਸੂਲ ਦੇ ਤੌਰ ਤੇ ਇਹ ਅਧਿਕਾਰ ਸਰਕਾਰ ਨੂੰ ਦੇਣ ਤੇ ਕੋਈ ਇਤਰਾਜ਼ ਨਹੀਂ ਹੈ। ਮੈਂ ਸਿਰਫ ਇਹ ਚਾਹੁੰਦਾ ਹਾਂ ਕਿ ਇਸ ਵਿਚ ਜੇ ਇਹ ਮੁਨਾਸਬ ਸਮਝਣ ਤਾਂ ਇਹ ਗੱਲ ਸ਼ਾਮਲ ਕਰ ਲੈਣ ਕਿ ਦੂਜੀ ਟਰਮ ਵਿਚ ਜੋ ਇਹ ਇਨਕੁਆਇਰੀ ਕਰ ਕੇ ਐਕਸ਼ਨ ਲੈਣਗੇ, ਇਹ ਸਿਰਫ ਉਸ ਹਾਲਤ ਵਿਚ ਹੀ ਹੋਵੇ ਜਦੋਂ ਕਿ ਪਹਿਲੀ ਟਰਮ ਵਿਚ ਇਨਕੁਆਇਰੀ ਸ਼ੁਰੂ ਹੋ ਚੁਕੀ ਹੋਵੇ। ਇਹ ਨਾ ਹੋਵੇ ਕਿ ਪਹਿਲੀ ਟਰਮ ਖਤਮ ਹੋਣ ਤੋਂ ਬਾਦ ਇਹ ਇਨਕੁਆਇਰੀ ਸ਼ੁਰੂ ਕਰਨ ਅਤੇ ਦੂਜੀ ਟਰਮ ਦੇ ਵੀ 3,4 ਸਾਲ ਬੀਤਣ ਪਿਛੋਂ ਐਕਸ਼ਨ ਲਿਆ ਜਾਵੇ। ਇਸ ਨਾਲ ਕਈ ਪੇਚੀਦਗੀਆਂ ਪੈਦਾ ਹੋਣਗੀਆਂ ਕਿਉਂਕਿ ਜਿਸ ਚੀਜ਼ ਦੇ ਖਿਲਾਫ ਤੁਸੀਂ ਐਕਸ਼ਨ ਲੈਣਾ ਹੈ ਉਸ ਨੂੰ ਹੋਏ 7, 8 ਸਾਲ ਹੋ ਗਏ ਹੋਣਗੇ। ਮੈਂ ਸਮਝਦਾ ਹਾਂ ਕਿ ਅਸੀਂ ਇਥੇ ਲੋਕਾਂ ਦੇ ਨੁਮਾਇੰਦੇ ਹਾਂ ਸਾਨੂੰ ਅਜਿਹਾ ਕੋਈ ਬਿਲ ਨਹੀਂ ਪਾਸ ਕਰਨਾ ਚਾਹੀਦਾ ਜਿਸ ਨਾਲ ਕਿ ਕਿਸੇ ਗਲ ਦਾ ਕੋਈ ਨਾਜਾਇਜ਼ ਫਾਇਦਾ ਉਠਾ ਕੇ ਮੈਂਬਰਾਂ ਨੂੰ ਨਜਾਇਜ਼ ਚੋਭਾਂ ਲਾਈਆਂ ਜਾਣ। ਇਸ ਤਰਮੀਮ ਨਾਲ ਅਜਿਹੇ ਲੂਪ ਹੋਲ ਰਹਿ ਜਾਂਦੇ ਹਨ। ਜੇ ਚਾਹੁਣ ਤਾਂ ਮੈਂ ਇਨ੍ਹਾਂ ਨੂੰ ਬਿਲ ਪੜ੍ਹ ਕੇ ਸੁਣਾ ਦਿੰਦਾ ਹਾਂ। ਕਲਾਜ਼ ਤਿੰਨ ਵਿਚ ਇਨ੍ਹਾਂ ਨੇ ਪ੍ਰੋਵੀਜਨ ਰਖੀ ਹੈ ਕਿ—

........that in which proceedings for removal are initiated......!

ਸੋ ਮੈਂ ਇਹ ਅਰਜ਼ ਕਰਾਂਗਾ ਕਿ ਪਹਿਲੀ ਟਰਮ ਖਤਮ ਹੋਣ ਤੋਂ ਬਾਦ ਤੁਸੀਂ ਜਿਹੜੀਆ ਇਨਕੁਆਇਰੀਆਂ ਕਰਵਾਉਣਾ ਚਾਹੁੰਦੇ ਹੋ ਉਨ੍ਹਾਂ ਦੀਆਂ ਪ੍ਰੋਸੀਡਿੰਗਜ਼ ਪਹਿਲੀ ਟਰਮ ਵਿਚ ਹੀ ਇਨੀਸ਼ੀਏਟ ਹੋ ਜਾਣੀਆਂ ਚਾਹੀਦੀਆਂ ਹਨ। ਜਿਸ ਮੈਂਬਰ ਦੇ ਖ਼ਿਲਾਫ ਇਨਕੁਆਇਰ ਪਹਿਲੀ ਟਰਮ ਵਿਚ ਸ਼ੁਰੂ ਹੋ ਚੁਕੀ ਹੋਵੇ ਉਸ ਦੇ ਖ਼ਿਲਾਫ ਐਕਸ਼ਨ ਲੈਣਾ ਮਨਾਸਬ ਹੋਵੇਗਾ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਹ ਵਰਡਜ਼ ਨੋਟ ਕਰ ਲਵੇ।

........if the proceedings for removal were initiated during the pendency of such term..........

ਯਾਨੀ ਪਹਿਲੀ ਟਰਮ ਜਿਸ ਦੀ ਬਿਨਾਂ ਤੇ ਕਿਸੇ ਵੀ ਐਕਸ਼ਨ ਨੂੰ ਐਕਸ਼ਨੇਬਲ ਬਣਾਇਆ ਜਾ ਸਕਦਾ ਹੈ, ਜੇ ਉਸ ਦੇ ਖਿਲਾਫ ਕੋਈ ਐਕਸ਼ਨ ਲੈਣਾ ਹੈ ਤਾਂ ਉਸ ਦੀਆਂ ਪ੍ਰੋਸੀਡਿੰਗਜ਼ ਉਸੇ ਪਹਿਲੀ ਟਰਮ ਵਿਚ ਹੀ ਇਨੀਸ਼ੀਏਟ ਹੋ ਜਾਣੀਆਂ ਚਾਹੀਦੀਆਂ ਹਨ। ਨਹੀਂ ਤਾਂ 7-8 ਸਾਲ ਗੁਜ਼ਰ ਜਾਣਗੇ ਅਤੇ ਫਿਰ ਐਕਸ਼ਨ ਲੈਣ ਨਾਲ ਕਈ ਪੇਚੀਦਗੀਆਂ ਪੈਦਾ ਹੋ ਜਾਣਗੀਆਂ। ਇਸ ਲਈ ਮੈਂ ਇਤਨੀ ਹੀ ਬੇਨਤੀ ਕਰਨੀ ਸੀ। ਜੇ ਮਨਿਸਟਰ ਇੰਚਾਰਜ਼ ਮੇਰੀ ਇਹ ਅਮੈਂਡਮੈਂਟ ਮੰਨ ਲੈਣ ਤਾਂ ਠੀਕ ਹੈ ਨਹੀਂ ਤਾਂ ਮੈਨੂੰ ਇਨ੍ਹਾਂ ਤੇ ਕੋਈ ਗਿਲਾ ਨਹੀਂ।

(ਇਸ ਵੇਲੇ ਸ੍ਰੀ ਡਿਪਟੀ ਸਪੀਕਰ ਨੇ ਕੁਰਸੀ ਸੰਭਾਲੀ)

चौधरी बलबीर सिंह (होशियारपुर) : उपाध्यक्ष महोदय, पंडित मोहन लाल जी ने जो तरमीम दी है वह ठीक नहीं है क्योंकि यदि एक आदमी के खिलाफ इलैक्शन पटीशन की जाती है तो ....(विघ्न)

पंडित मोहन लाल : मैंने क्लाज़ 3 के बारे में कहा है क्लाज़ 2 के बारे में नहीं।

चौधरी बलबीर सिंह : कोई बात नहीं । तो में कह रहा था कि इलैक्शन पैटीशन का फैसला होने में बहुत वक्त लगता है । कई बार तो ऐसा होता है कि टर्म तो खत्म हो जाती है मगर इलैक्शन पैटीशन का फैसला नहीं हो पाता । दूसरी इलैक्शन हो जाती है मगर पहली का फैसला नहीं होता ।

दूसरी बात यह है कि इस तरमीम में कहा गया है टर्म खत्म होने के बाद भी ऐक्शन लिया जा सकता है । मेरी अर्ज़ यह है कि इस तरह तो जिस के खिलाफ सियासी इख्तलाफ होंगें इसके खिलाफ भी यह ऐक्शन ले सकेंगे । अब भी पंचायतों के खिलाफ इस लिये ऐक्शन नहीं लिया जाता कि कुरप्शन को खत्म करना है बल्कि आम तौर पर इस तरह होता है कि सरकार सियासी बिना पर किसी पंचायत को पसंद नहीं करती इसलिये इनक्वायरी शुरू हो जाती है । इसलिये अगर टर्म खत्म होने के बाद ऐक्शन लिया जाएगा तो मामला लटका रहेगा ।

और इस में सियासी दखल बहुत होगा । अब भी जो ब्लाक समितियों के इलैक्शन होते हैं, उन में भी मैंबरों पर यह दबाव डाला जाता है कि किसी खास आदमी के लिए वोट पोल हों या किसी खास आदमी को वोट न पोल हो सकें । इस लिए सरकार को इस बारे में ध्यान रखना चाहिए।

दूसरी बात यह है कि डिवैल्पमैंट पर लाखों नहीं बलिक करोड़ों रुपया खच करने की बात कही जाती है । वह रुपया गबन हो जाता है । जब उस की इनक्वायरी शुरू होती है तो फिर सियासी दबाव में आकर बंद कर दी जाती है (विघ्न)

तो उपाध्यक्ष महोदय, मैं अर्ज़ करता हूं कि इस इनक्वयारी के लिए वाज़े टाईम मुकर्रर कर दिया जाए कि इस टाईम के अंदर-अंदर सारी कारवाई पूरी हो जाएगी । इसी तरह इलैक्शन पटीशन के लिए भी टाईम मुकर्रर होना चाहिये चाहे डे टू डे हियरिंग हो लेकिन यह नहीं कि 2, 4 साल के लिए लटका दी जाए । और जिन लोगों ने कुरप्शन की है वे इलैक्शन पैटीशन में ही रीमूव हो सकें और कुरप्ट पंचों या सरपंचों से छुटकारा पाया जा सके ।

ਰਾਜ ਮੰਤਰੀ ਲੋਕ ਨਿਰਮਾਣ (ਸਰਦਾਰ ਨਰਿੰਦਰ ਸਿਘ) : ਡਿਪਟੀ ਸਪੀਕਰ ਸਾਹਿਬ, ਪੰਡਿਤ ਜੀ ਨੇ ਜੋ ਸੁਝਾਵ ਦਿਤੇ ਹਨ ਉਹ ਬੜੇ ਵੈਲਯੂਏਬਲ ਹਨ । ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੁਸ਼ਕਲ ਇਹ ਹੁੰਦੀ ਹੈ ਕਿ ਕੋਈ ਕਾਨੂੰਨ ਅਜਿਹਾ ਬਣਾਈਏ ਤਾਂ ਅਦਾਲਤਾਂ ਉਸ ਦੇ ਖਿਲਾਫ ਫੈਸਲਾ ਦੇ ਦੇਂਦੀਆਂ ਹਨ । ਤਦ ਸਾਨੂੰ ਤਰਮੀਮ ਲਿਆਉਣੀ ਹੀ ਪੈਂਦੀ ਹੈ। ਜੋ ਪੰਡਿਤ ਜੀ ਨੇ ਫਰਮਾਇਆ ਹੈ ਕਿ ਵਕਤ ਬਹੁਤ ਹੋ ਜਾਂਦਾ ਹੈ ਉਸ ਦੇ ਬਾਰੇ ਮੈਂ ਇਹ ਅਰਜ਼ ਕਰਨੀ ਹੈ ਕਿ ਜਦ ਕੋਈ ਆਦਮੀ ਕੋਈ ਪੋਸਟ ਹੋਲਡ ਕਰ ਰਿਹਾ ਹੋਵੇ ਤਾਂ ਇਲਾਕੇ ਵਿਚ ਉਸ ਦਾ ਰੋਬ੍ਹ ਹੁੰਦਾ ਹੈ ਭਾਵੇਂ ਪੈਸੇ ਕਰਕੇ ਜਾਂ ਆਦਮੀਆਂ ਕਰਕੇ । ਪਰ ਉਸ ਦੇ ਖ਼ਿਲਾਫ ਬੋਲਣ ਦੀ ਕਿਸੇ ਨੂੰ ਹਿੰਮਤ ਨਹੀਂ ਪੈਂਦੀ ਜਿਸ ਕਰਕੇ ਸਰਕਾਰ ਕੋਲ ਉਸ ਵਿਰੁਧ ਸ਼ਿਕਾਇਤਾਂ ਨਹੀਂ ਪਹੁੰਚ ਸਕਦੀਆਂ ਤੇ ਸਰਕਾਰ ਨਾਂ ਤਾਂ ਇਨਕੁਆਇਰੀ ਕਰਵਾ ਸਕਦੀ ਹੈ ਤੇ ਨਾ ਹੀ

ਉਸ ਦੇ ਖਿਲਾਫ਼ ਕੋਈ ਐਕਸ਼ਨ ਹੀ ਲੈ ਸਕਦੀ ਹੈ । ਪਰ ਜਦ ਇਲੈਕਸ਼ਨ ਹੋਣ ਦਾ ਵਕਤ ਆਉਂਦਾ ਹੈ ਤਾਂ ਲੋਕ ਉਸ ਦੇ ਖਿਲਾਫ਼ ਚਾਰਜਿਜ਼ ਲਗਾਉਂਦੇ ਹਨ ਕਿ ਇਸ ਨੇ ਇਹ ਧੱਕਾ ਕੀਤਾ ਹੈ, ਇਹ ਜ਼ਿਆਦਤੀ ਕੀਤੀ ਹੈ ਇਸ ਕਰਕੇ ਇਸ ਦੇ ਕਾਗਜ਼ ਮਨਜ਼ੂਰ ਨਾ ਕੀਤੇ ਜਾਣ । ਤਾਂ ਸਰਕਾਰ ਦੇ ਨੋਟਿਸ ਵਿਚ ਅਜਿਹੀਆਂ ਗਲਾਂ ਆਉਂਦੀਆਂ ਹਨ ਜੋ ਪਹਿਲੇ 'ਨੋਟਿਸ ਵਿਚ ਨਹੀਂ ਆਈਆਂ ਹੁੰਦੀਆਂ । ਸਿਰਫ਼ ਦੁਬਾਰਾ ਇਲੈਕਸ਼ਨ ਵਿਚ ਉਨ੍ਹਾਂ ਸਰਪੰਚਾਂ ਜਾਂ ਪੰਚਾਂ ਦੇ ਖੜੇ ਹੋਣ ਵੇਲੇ ਲੋਕ ਸ਼ਿਕਾਇਤਾਂ ਕਰਦੇ ਹਨ । ਪਹਿਲਾਂ ਸਰਕਾਰ ਕੋਲ ਟਰਮ ਖਤਮ ਹੋਣ ਤੋਂ ਬਾਦ ਕੋਈ ਐਕਸ਼ਨ ਲੈਣ ਲਈ ਅਧਿਕਾਰ ਨਹੀਂ ਸਨ । ਇਸ ਲਈ ਇਹ ਬਿਲ ਲਿਆਂਦਾ ਹੈ । ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਸ ਬਿਲ ਨੂੰ ਇਸ ਤਰ੍ਹਾਂ ਹੀ ਪਾਸ ਕਰ ਲਿਆ ਜਾਵੇ ।

Mr. Deputy Speaker : Question is—

That the Punjab Gram Panchayat (Amendment) Bill, as passed by the Punjab Vidhan Parishad, be taken into consideration.

The motion was carried.

Mr. Deputy Speaker : Now the House will take up the Bill clause by clause.

CLAUSE 2

Mr. Deputy Speaker : Question is—

That clause 2 stand part of the Bill.

The motion was carried.

CLAUSE 3

Mr. Deputy Speaker : Question is—

That clause 3 stand part of the Bill.

The motion was carried.

CLAUSE 1

Mr. Deputy Speaker : Question is—

That clause 1 stand part of the Bill.

The motion was carried.

TITLE

Mr. Deputy Speaker : Question is—

That Title be the Title of the Bill.

The motion was carried.

Minister of State for Public Works (S. d. Narinder Singh) : Sir, I beg to move—

That the Punjab Gram Panchayat (Amendment) Bill as passed by the Punjab Vidhan Parishad, be passed.

Mr. Deputy Speaker Motion moved—

That the Punjab Gram Panchayat (Amendment) Bill, as passed by the Punjab Vidhan Parishad, be passed.

Mr. Deputy Speaker : Question is—

That the Punjab Gram Panchayat (Amendment) Bill, as passed by the Punjab Vidhan Parishad, be passed.

The motion was carried.

THE PUNJAB PANCHAYAT SAMITIS AND ZILA PARISHADS (AMENDMENT) BILL

Minister of State for Public Works (Sardar Narinder Singh) : Sir, I beg to move—

That the Punjab Panchayat Samitis and Zila Parishads (Amendment) Bill as passed by the Punjab Vidhan Parishad, be taken into consideration.

ਇਹ ਬਿਲ ਲਿਆਉਣ ਦੀ ਤਾਂ ਲੋੜ ਪਈ ਹੈ ਕਿ ਪੰਚਾਇਤ ਸੰਮਿਤੀ ਜਾਂ ਜ਼ਿਲ੍ਹਾ ਪ੍ਰੀਸ਼ਦ ਦਾ ਮੈਂਬਰ ਉਹ ਹੀ ਹੋ ਸਕਦਾ ਹੈ ਜਿਹੜਾ ਪਹਿਲਾਂ ਪੰਚ ਜਾਂ ਸਰਪੰਚ ਹੋਵੇ । ਪਹਿਲਾਂ ਇਸ ਬਿਲ ਵਿਚ ਕੁਝ ਉਮਿਸ਼ਨ ਰਹਿ ਗਈ ਸੀ ਕਿ ਭਾਵੇਂ ਪੰਚ ਜਾਂ ਸਰਪੰਚ ਰਹੇ ਜਾਂ ਨਾ ਰਹੇ । ਫੇਰ ਵੀ ਉਹ ਪੰਚਾਇਤ ਸੰਮਤੀ ਦਾ ਮੈਂਬਰ ਬਣ ਸਕਦਾ ਸੀ ਸੋ ਇਸ ਬੇਸਿਕ ਗਲਤੀ ਨੂੰ ਦੂਰ ਕੀਤਾ ਗਿਆ ਹੈ ।

Mr. Deputy Speaker : Motion moved.

That the Punjab Panchayat Samitis and Zila Parishads (Amendment) Bill, as passed by the Punjab Vidhan Parishad, be taken into consideration.

ਸਰਦਾਰ ਸਿਕੰਦਰ ਸਿੰਘ (ਸ੍ਰੀ ਹਰਗੋਬਿੰਦ ਪੁਰ) : ਇਹ ਜੋ ਬਿਲ ਮਨਿਸਟਰ ਸਾਹਿਬ ਨੇ ਪੇਸ਼ ਕੀਤਾ ਹੈ, ਉਸ ਦੀ ਰੀਜ਼ਨਿੰਗ ਤਾਂ ਦਰੁਸਤ ਹੈ ਕਿ ਜੇ ਕਿਸੇ ਦੀ ਬੇਸਿਕ ਕੁਆਲੀ-ਫਿਕੇਸ਼ਨ ਨਾ ਰਹੇ ਤਾਂ ਉਹ ਸੰਮਿਤੀ ਦਾ ਮੈਂਬਰ ਨਹੀਂ ਰਹਿ ਸਕਦਾ । ਪਰ ਹਾਲੇ ਕਈ ਗੱਲਾਂ ਰਹਿ ਗਈਆਂ ਹਨ ਜਿਹੜੀਆਂ ਕਿ ਸਰਕਾਰ ਨੂੰ ਕਰਨੀਆਂ ਚਾਹੀਦੀਆਂ ਸਨ । ਮਸਲਨ ਜੇ ਕੋਈ ਸੰਮਿਤੀ ਦੀ ਮੈਂਬਰੀ ਤੋਂ ਅਲਗ ਹੋ ਜਾਵੇ ਪਰ ਉਸ ਦੇ ਨਾਲ ਉਹ ਸੈਕਟਰੀ ਵੀ ਰਹੇ, ਇਹ ਠੀਕ ਨਹੀਂ । ਇਸ ਲਈ ਮੈਂ ਮਨਿਸਟਰ ਸਾਹਿਬ ਦੀ ਤਵਜੋ ਇਸ ਗੱਲ ਵਲ ਦਿਵਾਉਣਾ ਚਾਹੁੰਦਾ ਹਾਂ । ਹੋਰ ਕਈ ਮਸਲੇ ਹਨ ਜਿਹੜੇ ਕਿ ਇਨ੍ਹਾਂ ਨੂੰ ਬੜੇ ਕੰਪ੍ਰੀਹੈਨਸਿਵ ਤਰੀਕੇ ਨਾਲ ਨਜਿੱਠਣੇ ਚਾਹੀਦੇ ਹਨ । ਪੰਚਾਇਤ ਸੰਮਿਤੀਆਂ ਦੇ ਮੈਂਬਰਜ਼ ਦੀਆਂ ਕੁਆਲੀਫਿਕੇਸ਼ਨਜ਼ ਨੂੰ ਅੱਛੀ ਤਰ੍ਹਾਂ ਨਾਲ ਇਨਕਾਰਪੋਰੇਟ ਕੀਤਾ ਜਾਏ ਤਾਂ ਜੋ ਉਹ ਸਹੀ ਤੌਰ ਤੇ ਪਿੰਡ ਦੀਆਂ ਸੰਸਥਾਵਾਂ ਨੂੰ ਰੀਪਰੀਜ਼ੰਟ ਕਰ ਸਕਣ । ਮੈਂ ਤਾਂ ਹੋਰ ਕਈ ਮਸਲੇ ਅਰਜ਼ ਕਰਨੇ ਸਨ । ਲੋਕਲ ਬਾਡੀਜ਼ ਦੇ ਫ਼ੰਡ ਔਰ ਜ਼ਿਲਾ ਪ੍ਰੀਸ਼ਦ ਦੇ ਫ਼ੰਡਾਂ ਦਾ ਵੱਡਾ ਹਿੱਸਾ, ਜੋ ਬਜਟ ਦਾ 86 ਜਾਂ 87 ਫ਼ੀ ਸਦੀ ਬਣਦਾ ਹੈ, ਉਹ ਸਿਰਫ ਐਸਟੈਬਲਿਸ਼ਮੈਂਟ ਤੇ ਹੀ ਖਰਚ ਹੁੰਦਾ ਹੈ । ਕੋਈ 12 ਜਾਂ 13 ਫ਼ੀ ਸਦੀ ਵੀ ਬਜਟ ਦਾ ਲੋਕਾਂ ਤੇ ਖਰਚ ਨਹੀਂ ਹੁੰਦਾ । ਫ਼ੰਡਜ਼ ਇਕੱਠਾ ਕਰਨ ਲਈ ਟੈਕਸਾਂ ਦੀ ਉਗਰਾਹੀ ਠੀਕ ਢੰਗ ਨਾਲ ਹੋਣੀ ਚਾਹੀਦੀ ਹੈ । ਜਿਹੜੇ ਫੰਡ ਇਕਠੇ ਵੀ ਹੁੰਦੇ ਹਨ ਉਹ ਜਨਤਾ ਦੀ ਭਲਾਈ ਲਈ ਖ਼ਰਚ ਨਹੀਂ ਕੀਤੇ ਜਾਂਦੇ । ਇਹ ਜੋ ਪਿਛੇ ਜਿਹੇ ਚੋਣਾਂ ਹੋਈਆਂ ਹਨ ਇਨ੍ਹਾਂ ਨਾਲ ਪੰਚਾਇਤ ਸੰਮਿਤੀ ਦੀ ਆਮਦਨ ਘਟੀ ਹੈ । ਜੋ ਵਿਦਿਆ ਸਬੰਧੀ ਗਰਾਂਟਾਂ ਐਜੂਕੇਸ਼ਨ ਵੱਲ ਦੇਣੀਆਂ ਹਨ ਉਹ ਨਹੀਂ ਦੇ ਸਕਦੇ । ਇਨ੍ਹਾਂ ਦੀ ਮਾਲੀ ਪੁਜ਼ੀਸ਼ਨ ਬਹੁਤ ਖਰਾਬ ਹੋ ਗਈ ਹੈ । ਇਹ ਸਾਰੀਆਂ ਚੀਜ਼ਾਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ । ਇਸ ਨਾਲ ਮੈਂ ਮਿਨਿਸਟਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁੱਖ ਰਖਦੇ ਹੋਏ ਇਕ ਚੰਗਾ ਤੇ ਸੋਧਿਆ ਹੋਇਆ ਬਿਲ ਹਾਊਸ ਦੇ ਸਾਹਮਣੇ ਲਿਆਉਣ ।

चौधरी बलबीर सिंह (होशियारपुर) : उपाध्यक्ष महोदय, यह बिल जो लाया गया है, यह इतना माकूल बिल नहीं जितना कि इसको बताया गया है। इसकी अगर कलाज़ नं० 4 को देखें तो इसमें लिखा है :

"The Government may by notification remove any Member who in the opinion of the Government, has been guilty of misconduct in the discharge of his duties."

यह एक कितनी वग सी टर्म रख दी है "In the opinion of the Government" और गवर्नमैंट की राय क्या है? मिसकांडक्ट क्या है? जब तक इस बात को वाज़े नहीं करते, मिसकांडेकट की पूरी तरह तशरीह नहीं हो सकती। किसी मैंबर को इस बिना पर डिस्कवालीफ़ाई कर देना कि "in the opinion of the Government he has been found guilty of misconduct" यह तरीका ठीक नहीं और इसका हमेशा गलत तौर पर ही इस्तेमाल होता रहा है। फिर एक आदमी जो कि दूसरी तरफ डिसक्वालीफाई हो जाता है पर गवर्नमैंट के कानून अनुसार वह पंचायत समिति का चेयरमैन चलता जायेगा जब तक कि उसकी जगह नया आदमी न आ जाये। यह गलत बात है।

अगर कोई आदमी (चेयरमैन या वाईस—चेयरमैन) डिसकवालीफ़ाई हो जाता है तो उसको उसी वक्त रीमूव होना चाहिए। और पंचायत समिति का इलैकश्न होना चाहिए। एक महीने के अन्दर-अन्दर इलैकश्न जरूरी तौर पर होना चाहिए। एक आदमी जो पंचायत समिति का मैंबर नहीं है उस को पंचायत समिति का चेयर-मैन या वाईस चेयरमैन नहीं बनाया जाना चाहिए। (विघ्न) इन्हों ने इस में टाईम मुकर्रर नहीं किया। ऐक्ट की धारा 3 (ई) जो है इस में है—

"(c) he ceases to have the qualification on the basis of which he was elected as a Member of Panchayat Samiti :

Provided that a Chairman, Vice-Chairman or a Member, as the case may be, who ceases to have the qualification referred to in, clause (c) shall, unless the Government otherwise directs continue in office until his successor enters upon his duties."

तो अगर इस बारे में कोई समय निश्चित न किया गया कि कितने अरसे के अन्दर-अन्दर इस जगह को पुर किया जाए, तब तक ये पंचायत समिति ऐक्ट सारे का सारा मखौल का मजमून बन जाएगा।

हम कहते हैं कि हमारे मुल्क में कुरप्शन बहुत है। तो जब तक हम उसे दूर करने के लिए ठोस कदम नहीं उठाते तब तक ये कुरप्शन खत्म न होगी। जब डिस्क्रीशनरी पावर इस्तेमाल की जाती है तब ये भ्रष्टाचार हो जाता है। अगर कानून की धाराएँ जो बनी हैं और उस के मुताबिक काम चलाया जाय तो भ्रष्टाचार नहीं होगी। इस लिए मैं कहता हूं कि ये जो अमैंडमैण्ट है ये ठीक नहीं है। इस ग्राम पंचायत ऐक्ट पंजाब पंचायत समिति तथा जिला परिषद ऐक्ट को मुकम्मल तौर पर

[चौधरी बलबीर सिंह]

पेश नहीं किया गया । इस में बहुत सारी कमिएं हैं । इन तमाम कमिओं को ठीक करके इस को सही शकल में लाना चाहिए। इस हाऊस की एक कमेटी बनाई जाय जो कि ऐक्ट को सही रूप में हमारे सामने ला सके । ताकि हम जो इसकी Development पर खर्च कर रहे हैं वे ठीक तरीका से हो सके । मेरे दोस्त सरदार सिकन्द्र सिंह ने जो कहा है, बिलकुल ठीक कहा है । उन्हों ने कहा है कि हमारी Development होनी चाहिए । लेकिन Development की जो रकम है वे सारी रकम का 15% या 20% ही है और बाकी जो 80% या 85% की रकम है वे सारी की सारी मुलाजमों की तनखाहों पर खर्च होती है । डिवैलपमेंट करने बाला सटाफ भी बहुत है और है बिलकुल फ़जूल । अगर कोई कमेटी मुकर्रर कर दी जाये जो देखे कि फालतू सटाफ (आसामिएँ) कितनी हैं तो बेहतर होगा । पहिले सारा काम डिस्ट्रिक्ट बोर्डज के मातहत था । अब काफ़ी काम हैल्थ डिपार्टमैंट फेमिली प्लैनिंग और दूसरे महकमों ने वापस ले लिया है । काफ़ी काम महकमा तालीम ने ले लिया है । अब इस के पास जो बाकी काम है ये फजूल खर्चों का काम करते हैं । मोटरों, जीपों पे पैटरोल खर्च करने के इलावा इनके पास और कोई काम नहीं । पिछले मास हमारे मुख्य मन्त्री जी पठानकोट गए । और होशियार-पुर जिला के दो बी. डी. ओ. एक लड़की के साथ पकड़े गए ।

(विघन)

ਚੌਧਰੀ ਦਰਸ਼ਨ ਸਿੰਘ : ਇਸ ਦੇ ਵਿਚ ਰੈਲੇਵੈਂਸੀ ਦੀ ਕੀ ਗੱਲ ਹੈ ।

ਚੌਧਰੀ ਬਲਬੀਰ ਸਿੰਘ : ਇਹ ਬਿਲਕੁਲ ਠੀਕ ਹੈ ।

ਸ੍ਰੀ ਡਿਪਟੀ ਸਪੀਕਰ : ਚੌਧਰੀ ਸਾਹਿਬ, ਤੁਹਾਨੂੰ ਇਸ ਤਰ੍ਹਾਂ ਨਹੀਂ ਕਹਿਣਾ ਚਾਹੀਦਾ (The hon. Member should not say like this.)

चौधरी बलबीर सिंह : डिप्टी स्पीकर साहिब, यह कानून जो बन रहा है यह सारा डिफैक्टिव है । इसी तरह सारा रुपया जाया जाएगा । इस तरह इन मुलाजमों को तनखाह देने का कोई फ़ायदा नहीं । इस लिए ये जो अमेंडमैंट हैं ये निकम्मी है; ये ठीक तरीका से पश नहीं की गई । हमारे रुपए से अगर अच्छी तरह डिवैलपमैंट न हो सके तो इस का कोई फायदा नहीं ।

ਚੌਧਰੀ ਦਰਸ਼ਨ ਸਿੰਘ (ਆਦਮਪੁਰ) : ਡਿਪਟੀ ਸਪੀਕਰ ਸਾਹਿਬ, ਚੌਧਰੀ ਸਾਹਿਬ ਨੇ ਬੀ. ਡੀ. ਓਜ਼. ਦੀਆਂ ਗੱਲਾਂ ਕੀਤੀਆਂ ਹਨ ਹਾਲਾਂ ਕਿ ਬੀ. ਡੀ. ਓਜ਼. ਦਾ ਇਸ ਅਮੇਂਡ-ਮੈਂਟ ਵਿਚ ਕੋਈ ਜ਼ਿਕਰ ਨਹੀਂ ਹੈ । ਇਹ ਇਨ੍ਹਾਂ ਨੂੰ ਨਹੀਂ ਸੀ ਕਹਿਣਾ ਚਾਹੀਦਾ । ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਇਸ ਵਿਚ ਦੋ ਗੱਲਾਂ ਦੀ ਮੰਗ ਕੀਤੀ ਹੈ । (ਵਿਘਨ) ਹੁਸ਼ਿਆਰਪੁਰ ਦਾ ਜ਼ਿਲ੍ਹਾ ਇਕ ਅਜਿਹਾ ਜ਼ਿਲ੍ਹਾ ਹੈ ਜਿਸਨੇ ਇਨ੍ਹਾਂ ਨੂੰ ਜਨਮ ਦਿਤਾ ਹੈ । ਹੋਰ ਬਹੁਤ ਸਾਰਿਆਂ ਨੂੰ ਵੀ ਜਨਮ ਦਿਤਾ । (ਵਿਘਨ) ਇਹ ਹਨ ਚੌਧਰੀ ਕਰਤਾਰ

ਸਿੰਘ । ਇਨ੍ਹਾਂ ਤੋਂ ਵੱਡੀਆਂ ਕਿਹੜੀਆਂ ਹਸਤੀਆਂ ਹੋਣਗੀਆਂ ? ਦਰ ਅਸਲ ਗੱਲ ਇਹ ਹੈ ਕਿ ਇਨ੍ਹਾਂ ਨੇ ਇਸ ਅਮੈਂਡਿੰਗ ਬਿੱਲ ਨੂੰ ਦੇਖਿਆ ਨਹੀਂ । ਇਨ੍ਹਾਂ ਨੇ ਇਸ ਨੂੰ ਪੜ੍ਹਿਆ ਹੀ ਨਹੀਂ । ਇਸ ਵਿਚ ਸਿਰਫ਼ ਦੋ ਹੀ ਚੀਜ਼ਾਂ ਹਨ

5-00 p. m.

ਪਹਿਲੀ ਗੱਲ ਤਾਂ ਇਹ ਹੈ ਕਿ ਅਗਰ ਕੋਈ ਪੰਚਾਇਤ ਸੰਮਤੀ ਦਾ ਬੰਦਾ ਅਪਣੀ ਬੇਸਿਕ ਕੁਆਲਿਫਿਕੇਸ਼ੰਜ਼ ਲੂਜ਼ ਕਰ ਦਿੰਦਾ ਹੈ, ਜਿਸ ਦਿਨ ਤੋਂ ਉਹ ਲੂਜ਼ ਕਰਦਾ ਹੈ ਉਸ ਦਿਨ ਤੋਂ ਉਹ ਥੱਲੇ ਆ ਜਾਵੇ । ਇਹ ਦਰੁਸਤ ਗੱਲ ਹੈ । ਜਿਸ ਦਿਨ ਤੋਂ ਉਸ ਦੀ ਥੱਲੇ ਵਾਲੀ ਸਭਾ ਦੀ ਟਰਮ ਐਕਸਪਾਇਰ ਹੁੰਦੀ ਹੈ ਉਸ ਦਿਨ ਤੋਂ ਉਹ ਪੰਚਾਇਤ ਸੰਮਤੀ ਦਾ ਮੈਂਬਰ ਨਹੀਂ ਰਹੇਗਾ । ਦੂਸਰੀ ਚੀਜ਼ ਹੈ ਮਿਸਕੰਡਕਟ ਬਾਰੇ । ਇਸ ਵਿਚ ਇਹ ਪ੍ਰੋਵਾਈਡ ਕੀਤਾ ਗਿਆ ਹੈ ਕਿ ।

"(2) The Government may by notification remove any member who in the opinion of the Government, has been guilty of misconduct in the discharge of nis duties".

ਯਾਨੀ ਜਿਹੜਾ ਮੈਂਬਰ ਆਪਣੀ ਡਿਊਟੀ ਦੇ ਡਿਸਚਾਰਜ਼ ਵਿਚ ਕੋਈ ਮਿਸਕੰਡਕਟ ਕਰੇਗਾ ਉਸ ਨੂੰ ਰਿਮੂਵ ਕਰਨ ਦਾ ਅਖਤਿਆਰ ਗਵਰਨਮੈਂਟ ਨੂੰ ਹੋਵੇਗਾ । ਡਿਪਟੀ ਸਪੀਕਰ ਸਾਹਿਬ, ਦਰ ਅਮਲ ਇਸ ਰਿਮੂਵਲ ਦਾ ਹੱਕ ਤਾਂ ਗਵਰਨਮੈਂਟ ਨੂੰ ਪਹਿਲਾਂ ਹੀ ਹੈ । ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਐਕਟ ਦੀ ਸੈਕਸ਼ਨ 103 ਥੱਲੇ ਅਜਿਹਾ ਪ੍ਰੋਵੀਜ਼ਨ ਪਹਿਲਾਂ ਹੀ ਹੈ । ਇਸ ਐਕਟ ਦੀ ਸੈਕਸ਼ਨ 103 ਸਬ-ਸੈਕਸ਼ਨ 2 ਦੇ ਥੱਲੇ ਸਰਕਾਰ ਨੂੰ ਪਾਵਰਜ਼ ਹਨ ਕਿ ਅਗਰ ਕੋਈ ਸ਼ਖਸ ਆਪਣੀ ਡਿਊਟੀਜ਼ ਦੇ ਡਿਸਚਾਰਜ ਵਿਚ ਮਿਸਕੰਡਕਟ ਕਰਦਾ ਹੈ ਉਸ ਨੂੰ ਸਸਪੈਂਡ ਕਰ ਦੇਵੇ, ਰਿਮੂਵ ਕਰ ਦੇਵੇ । ਲੇਕਿਨ ਸਰਕਾਰ ਨੇ ਇਸ ਵਿਚ ਇਕ ਚੰਗੀ ਗੱਲ ਲਿਆਂਦੀ ਹੈ ਔਰ ਉਹ ਇਹ ਕਿ ਐਸਾ ਐਕਸ਼ਨ ਲੈਣ ਤੋਂ ਪਹਿਲਾਂ ਸਬੰਧਤ ਮੈਂਬਰ ਕੋਲੋਂ ਉਸ ਦਾ ਐਕਸਪਲੇਨੇਸ਼ਨ ਮੰਗ ਲਿਆ ਜਾਵੇ ਯਾਨੀ ਉਸ ਨੂੰ ਅਪਣੀ ਪੁਜ਼ੀਸ਼ਨ ਸਾਫ਼ ਕਰਨ ਦਾ ਮੌਕਾ ਦਿੱਤਾ ਗਿਆ ਹੈ । ਇਸ ਵਿਚ ਇਹ ਪ੍ਰੋਵੀਜ਼ੋ ਹੈ :

"Provided that before the Government notifies the removal of a Member, the reasons for his proposed removal shall be communicated to him, and he shall be given an opportunity of tendering an explanation in writing."

ਸਰਕਾਰ ਨੇ ਉਸ ਨੂੰ ਮੌਕਾ ਦਿੱਤਾ ਹੈ ਕਿ ਉਹ ਆਪਣੇ ਰੀਜ਼ੰਜ਼ ਰਿਕਾਰਡ ਕਰ ਕੇ ਭੇਜੇ ਕਿ ਇਨ੍ਹਾਂ ਵਜੂਹਾਤ ਦੀ ਬਿਨਾਂ ਤੇ ਤੈਨੂੰ ਰਿਮੂਵ ਕਰਨ ਲਗੇ ਹਾਂ ਅਗਰ ਤੂੰ ਕੋਈ ਰੀਜ਼ਨੇਬਲ ਜਵਾਬ ਦੇਣਾ ਹੈ ਤਾਂ ਬੇਸ਼ਕ ਦੇ ਲੈ । ਪਹਿਲੇ ਐਕਟ ਦੇ ਥੱਲੇ ਇਹ ਚੀਜ਼ ਪ੍ਰੋਵਾਈਡਿਡ ਨਹੀਂ ਸੀ । ਇਨ੍ਹਾਂ ਨੇ ਇਕ ਨਵਾਂ ਪ੍ਰਵੀਜ਼ਨ ਪਾਇਆ ਹੈ । ਹੋ ਸਕਦਾ ਹੈ ਕਿ ਉਸ ਨੂੰ ਬੂਲਜ਼ ਖ਼ਰੀਦਣ ਲਈ ਭੇਜਿਆ ਗਿਆ ਹੋਵੇ ਔਰ ਉਸ ਵਿਚ ਉਸ ਨੇ ਐਮਬੇਜ਼ਲਮੈਂਟ ਕੀਤੀ ਹੋਵੇ, ਜੀਪ ਦਾ ਨਾਜਾਇਜ਼ ਫ਼ਾਇਦਾ ਉਠਾਂਦਾ ਹੋਵੇ, ਆਫ਼ਿਸ ਫੰਡਜ਼ ਨੂੰ ਮਿਸਯੂਜ਼ ਕਰਦਾ ਹੋਵੇ—ਕਿਸੇ ਵੀ ਹਾਲਤ ਵਿਚ ਉਸ ਦੀ ਕੋਈ ਉਮਿਸ਼ਨ ਜਾਂ ਕਮਿਸ਼ਨ ਜਾਂ ਨੈਗਲੀਜੈਂਸ ਸਾਬਤ ਹੁੰਦੀ ਹੈ ਤਾਂ ਸਰਕਾਰ ਉਸ ਨੂੰ ਸਸਪੈਂਡ ਕਰ ਸਕਦੀ ਹੈ । ਲੇਕਿਨ ਸਰਕਾਰ ਇਹ ਚਾਹੁੰਦੀ ਹੈ ਕਿ ਉਹਨੂੰ ਲਾਹੁਣ ਤੋਂ ਪਹਿਲਾਂ ਸਫ਼ਾਈ ਪੇਸ਼ ਕਰਨ ਦਾ ਮੌਕਾ ਦਿੱਤਾ ਜਾਵੇ । ਇਹ ਚੀਜ਼ ਬਿਲਕੁਲ ਦਰੁਸਤ ਹੈ । ਅਗਰ ਮੇਰੇ ਦੋਸਤ ਗਵਰਨਮੈਂਟ ਕੋਲੋਂ ਇਹ ਪਾਵਰਜ਼ ਖੋਹਣਾ ਚਾਹੁੰਦੇ ਹਨ ਕਿ ਸੰਮਤੀ ਦੇ ਮੈਂਬਰਾਂ ਨੂੰ ਮਿਸਕੰਡਕਟ ਦੀ ਸੂਰਤ ਵਿਚ ਵੀ ਰਿਮੂਵ ਨਾ ਕੀਤਾ ਜਾਵੇ ਤਾਂ ਮੈਂ ਮਹਿਸੂਸ ਕਰਦਾ ਹਾਂ ਕਿ ਇਟ ਵਿਲ ਕ੍ਰੀਏਟ ਹੈਵਕ ।

[ਚੌਧਰੀ ਦਰਸ਼ਨ ਸਿੰਘ]

ਹਾਂ, ਮੈਂ ਇਨ੍ਹਾਂ ਮੈਂਬਰ ਸਾਹਿਬਾਨ ਦੇ ਇਸ ਖਦਸ਼ੇ ਨੂੰ ਸ਼ੇਅਰ ਕਰਦਾ ਹਾਂ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਇਲੈਕਸਨਜ਼ ਦੇ ਦੌਰਾਨ ਕਈ ਮੈਂਬਰਾਂ ਨੂੰ ਡਰਾਵੇ ਦਿੱਤੇ ਗਏ ਹੋਣਗੇ। ਪਰ ਨਾਲ ਹੀ ਮੈਂ ਕਹਾਂਗਾ ਕਿ ਜਿਸ ਕੇਸ ਬਾਰੇ ਇਲੈਕਸ਼ਨ ਪੈਟੀਸ਼ਨ ਹੋਈ ਹੋਈ ਹੋਵੇ ਉਸ ਦਾ ਜ਼ਿਕਰ ਕਰਨਾ ਮੁਨਾਸਿਬ ਨਹੀਂ ਹੁੰਦਾ। ਇਹ ਖ਼ਦਸ਼ਾ ਠੀਕ ਜਾਪਦਾ ਹੈ ਕਿ ਜਿਹੜੀ ਵੀ ਪਾਰਟੀ ਇਨ ਪਾਵਰ ਹੁੰਦੀ ਹੈ ਉਹ ਸੰਮਤੀ ਦੇ ਮੈਂਬਰਾਂ ਨੂੰ ਜਾਂ ਦੂਸਰੇ ਮੈਂਬਰਾਂ ਨੂੰ ਆਪਣੇ ਜਾਂ ਆਪਣੀ ਪਾਰਟੀ ਦੀਆਂ ਲੋੜਾਂ ਲਈ ਪੁਲਿਟੀਕਲ ਤੌਰ ਤੇ ਵਰਤਦੀ ਹੈ। ਲੇਕਿਨ ਕਿਸੇ ਵੀ ਕਾਨੂੰਨ ਦੀ ਰਾਹੀਂ ਇਸ ਤੇ ਰੁਕਾਵਟ ਨਹੀਂ ਪਾਈ ਜਾ ਸਕਦੀ। ਕਾਨੂੰਨ ਕਿਤਨਾ ਵੀ ਟਾਈਟ ਕਿਉਂ ਨਾ ਕਰ ਲਓ ਉਸ ਵਿਚ ਲੂਪਹੋਲ ਰਹਿ ਹੀ ਜਾਂਦੇ ਹਨ। ਇਸ ਵਿਚ ਕੌਮ ਦਾ, ਨੇਸ਼ਨ ਦਾ ਕੈਰੇਕਟਰ ਮੈਟਰ ਕਰਦਾ ਹੈ ਕਾਨੂੰਨ ਨਹੀਂ ਕਿਸੇ ਬੰਦੇ ਨੂੰ ਰੋਕ ਸਕਦਾ। ਕਈ ਮੁਲਕ ਐਸੇ ਹਨ ਜਿਥੇ ਕਾਨੂੰਨ ਰਿਜਿਡ ਨਹੀਂ ਹੈ, ਫੇਰ ਵੀ ਕੰਮ ਚੰਗੇ ਚਲਦੇ ਹਨ। ਬਰਤਾਨੀਆ ਦੀ ਮਿਸਾਲ ਹੀ ਆਪ ਦੇ ਸਾਹਮਣੇ ਹੈ। ਇਸ ਗੱਲ ਦੇ ਬਾਵਜੂਦ ਕਿ ਉਥੇ ਕੋਈ ਰਿਜਿਡ ਲਾ ਨਹੀਂ। ਕਿਤਨੇ ਕੁ ਉਥੇ ਆਦਮੀ ਫਲੋਰ ਕਰਾਸ ਕਰਦੇ ਹਨ ? ਕਿਤਨੀ ਐਡਲਟਰੇਸ਼ਨ ਹੁੰਦੀ ਹੈ ? ਕਿਤਨੇ ਘੋੜਿਆਂ ਦੀ ਲਿਦ ਮਸਾਲਿਆਂ ਵਿਚ ਪਾਈ ਜਾਂਦੀ ਹੈ ? ਪਰ ਇਥੇ ਲਖਾਂ ਆਦਮੀ ਹਰਦਵਾਰ ਦੀ ਯਾਤਰਾ ਕਰਦੇ ਆਏ ਹਨ। ਮੰਦਰਾਂ ਮਸਜਦਾਂ ਅਤੇ ਗੁਰਦੁਆਰਿਆਂ ਵਿਚ ਜਾਂਦੇ ਹਨ ਫੇਰ ਵੀ ਘੋੜਿਆਂ ਦੀ ਲਿਦ ਮਸਾਲਿਆਂ ਵਿਚ ਪਾਉਣੋਂ ਨਹੀਂ ਹਟਦੇ। ਤੇ ਇਹ ਬੇਸਿਕ ਕਰੈਕਟਰ ਹੈ ਨੇਸ਼ਨ ਦਾ ਜਿਹੜਾ ਮੈਟਰ ਕਰਦਾ ਹੈ।

ਇਸ ਲਈ ਮੈਂ ਕਹਾਂਗਾ ਕਿ ਇਸ ਬਿਲ ਵਿਚ ਜਿਹੜਾ ਪ੍ਰੋਵੀਜ਼ਨ ਰਖਿਆ ਹੈ ਇਸ ਦੇ ਲਈ ਗਵਰਨਮੈਂਟ ਮੁਬਾਰਿਕਬਾਦ ਦੀ ਮੁਸਤਹਕ ਹੈ। ਜ਼ਰੂਰੀ ਹੈ ਕਿ ਜਿਸ ਬੰਦੇ ਨੂੰ ਫ਼ਾਂਸੀ ਦੇਣੀ ਹੈ ਉਸ ਨੂੰ ਰੀਜ਼ਨੇਬਲ ਅਪਰਚੂਨਿਟੀ ਪ੍ਰੋਵਾਈਡ ਕੀਤੀ ਜਾਣੀ ਚਾਹੀਦੀ ਹੈ ਕਿ ਉਹ ਅਪਣੀ ਪੁਜ਼ੀਸ਼ਨ ਵਾਜ਼ੇਹ ਕਰੇ।

ਚੌਧਰੀ ਸਾਹਿਬ ਨੇ ਕਿਹਾ ਹੈ ਕਿ ਅਸੀਂ ਲਤਾ ਮੰਗੇਸ਼ਕਰ ਦੀ ਤਰ੍ਹਾਂ ਪਲੇਬੈਕ ਸਿੰਗਰ ਹਾਂ। ਅਸੀਂ ਤਾਂ ਅੱਗੇ ਆ ਕੇ ਗਾਉਣ ਵਾਲਿਆਂ ਵਿਚੋਂ ਹਾਂ। ਅੱਜ ਵੀ ਕਿਹਾ ਸੀ ਕਿ ਤੁਸੀਂ ਟਰਾਇਲ ਆਫ਼ ਸਟਰੈਂਗਥ ਕਰ ਲਉ (ਵਿਘਨ) ਜਿਤਨੀ ਦੇਰ ਪਾਰਟੀ ਦਾ ਫ਼ੈਸਲਾ ਹੈ ਅਸੀਂ ਸਪੋਰਟ ਕਰਾਂਗੇ ਹੀ। ਠੀਕ ਹੈ ਕਿ ਕਾਂਪਰੀਹੈਨਸਿਵ ਬਿਲ ਆਉਣਾ ਚਾਹੀਦਾ ਹੈ। ਇਹ ਚੀਜ਼ ਤਾਂ ਹਰ ਵੇਲੇ ਹਰ ਆਦਮੀ ਕਹਿ ਸਕਦਾ ਹੈ। ਇਨ੍ਹਾਂ ਨੂੰ ਚਾਹੀਦਾ ਸੀ ਕਿ ਕੋਈ ਆਪਣੀ ਅਮੈਂਡਮੈਂਟ ਦਿੰਦੇ। ਇਨ੍ਹਾਂ ਅਖਰਾਂ ਨਾਲ ਮੈਂ ਆਪ ਨੂੰ ਕਹਾਂਗਾ ਕਿ ਇਸ ਬਿਲ ਨੂੰ ਪਾਸ ਕਰਨਾ ਚਾਹੀਦਾ ਹੈ।

ਰਾਜ ਮੰਤਰੀ ਲੋਕ ਨਿਰਮਾਣ (ਸਰਦਾਰ ਨਰਿੰਦਰ ਸਿੰਘ) : ਡਿਪਟੀ ਸਪੀਕਰ ਸਾਹਿਬ, ਕਹਿਣ ਦੀ ਗੱਲ ਕੋਈ ਬਾਕੀ ਰਹੀ ਹੀ ਨਹੀਂ। ਇਹੀ ਕਹਿਣਾ ਸੀ ਕਿ ਚੌਧਰੀ ਸਾਹਿਬ ਨੇ ਬਿਲ ਦੀਆਂ ਆਖਰੀ ਲਾਈਨਾਂ ਨਹੀਂ ਪੜ੍ਹੀਆਂ। ਅਸੀਂ ਤਾਂ ਸਗੋਂ ਇਸ ਪ੍ਰੋਵੀਜ਼ਨ ਰਾਹੀਂ ਮੈਂਬਰਾਂ ਨੂੰ ਪਰੋਟੈਕਸ਼ਨ ਦਿੱਤੀ ਹੈ, ਉਨ੍ਹਾਂ ਨੂੰ ਰਾਈਟ ਦਿੱਤਾ ਹੈ ਕਿ ਉਹ ਅਪਣੀ ਪੁਜ਼ੀਸ਼ਨ ਵਾਜ਼ੇ ਕਰ ਸਕਣ। ਮੋਹਤਰਿਮ ਦੋਸਤ ਬੜੇ ਸਿਆਣੇ ਔਰ ਬੜੇ ਪੁਰਾਣੇ ਪਾਰਲੀਆਮੈਂਟੇਰੀਅਨ ਹਨ। ਜੋ ਰਾਏ ਇਨ੍ਹਾਂ ਨੇ ਦਿੱਤੀ ਹੈ ਅਗਰ ਫ਼ਿਟ ਬੈਠਦੀ ਹੋਈ ਤਾਂ ਜ਼ਰੂਰ ਉਸ ਨੂੰ ਧਿਆਨ ਵਿਚ ਲਿਆਵਾਂਗੇ। ਹੁਣ ਮੈਂ ਬੇਨਤੀ ਕਰਦਾ ਹਾਂ ਕਿ ਇਸ ਬਿਲ ਨੂੰ ਪਾਸ ਕਰ ਦਿੱਤਾ ਜਾਵੇ।

Mr. Deputy Speaker : Question is—

That the Punjab Panchayat Samitis and Zila Parishads (Amendment) Bill, as passed by the Punjab Vidhan Parishad, be taken into consideration.

The motion was carried.

Mr. Deputy Speaker : Now the House will take up the Bill Clause By Clause.

CLAUSE 2

Mr. Deputy Speaker : Question is—

That Clause 2 stand part of the Bill.

The motion was carried.

CLAUSE 3

Mr. Deputy Speaker : Question is—

That Clause 3 stand part of the Bill.

The motion was carried.

CLAUSE 4

Mr. Deputy Speaker : Question is—

That Clause 4 stand part of the Bill.

The motion was carried.

CLAUSE 5

Mr. Deputy Speaker : Question is—

That Clause 5 stand part of the Bill.

The motion was carried.

CLAUSE 1

Mr. Deputy Speaker : Question is—

That Clause 1 stand part of the Bill.

The motion was carried.

TITLE

Mr. Deputy Speaker : Question is—

That Title be the Title of the Bill.

The motion was carried.

The Minister of State for Public Works (Sardar Narinder Singh) : Sir, I beg to move—

> That the Punjab Panchayat Samitis and Zila Parishads (Amendment) Bill, as passed by the Punjab Vidhan Parishad, be passed.

Mr. Deputy Speaker: Motion moved—

> That the Punjab Panchayat Samitis and Zila Parishads (Amendment) Bill, as passed by the Punjab Vidhan Parishad, be passed.

चौधरी बलबीर सिंह (होशियारपुर) : चौधरी साहिब ने कुछ सवाल उठाए हैं और यह कहा है कि मैंने बिल को देखा ही नहीं इसे पढ़ा ही नहीं । जनाब डिप्टी स्पीकर साहिब, इसको अगर आप दुबारा पढ़ लें तो साफ़ जाहिर है:

> The Government may by notification remove any Member who in the opinion of the Government, has been guilty of misconduct in the discharge of his duties.

इस में गवनमेंट की उपीनियन है कि वह देखे कि फलां मैम्बर ने अपनी ड्यूटीज़ को डिस्चार्ज करने में कोई कोताही तो नहीं की । उन की कोई ड्यूटीज़ मुकर्रर नहीं हैं । इस सम्बन्ध में कोई साफ नहीं किया हुआ कि कौन सी बात उस की ड्यूटी में आती है और कौन सी नहीं आती । ऐसा गवर्नमेंट कर नहीं सकती जब तक कि किसी कोर्ट से उस के विरुद्ध कोई फैसला या वरडिक्ट नहीं मिल जाता ।

सरकार की राए में ही उस आदमी को हटा दिया जाए । उपाध्यक्ष महोदय, इन्होंने कहा कि हम बैक ग्राउंड से गाने वाले नहीं हैं सामने निकल कर गाने वाले हैं । हां, यह अब कोठे से उतर कर बाजार में आ जाएँ तो दूसरी बात है । सवाल तो गाने के कायदे का है....

श्री उपाध्यक्ष : गाने बजाने का मोशन से कोई सन्बन्ध नहीं है । (Singing has nothing to do with the motion under discussion.)

चौधरी बलबीर सिंह : वह इस शक्ल में है कि इन्होंने कहा कि यहां कोई नाजायज बात नहीं होती । पंजाब में कई म्युनिसपैलिटीज़ को ससपैंड किया गया जिन को हाई कोर्ट ने गलत करार दिया । ज़िला परिषद के बेशुमार मैंबरों, पंचायत समितियों और म्युनिसिपैलिटीज़ के मैंबरों को जिन को ससपैंड किया गया हाई कोर्ट ने बहाल किया । इस लिये मैं कहता हूं कि जब तक मिसकंडक्ट के चार्ज को प्रूव करने के लिये वाज़े तौर पर कानून या कलाज़ नहीं होगी और इनक्वायरी के लिये कोई बाकायदा अफसर नहीं मुकर्रर किया जाता तो गड़बड़ रहेगी । 'In the opinion of the Government' के शब्द बड़े वेग हैं, और इन का गलत इस्तेमाल होगा ।

दूसरी बात यह है कि जो चेयरमैन या वाइस चेयरमैन यहां से बन कर आएं वहां से तो हट जाए लेकिन फिर भी वह वाईस-चेयरमैन या चेयरमैन बने रह सकते हैं, और कितनी देर रहें इस का समय भी निश्चित नहीं है । चौधरी दर्शन सिंह जी ने कहा अब मैं क्या कहूं इन्होंने तो अपनी कारगुज़ारी पूरी की है जिस का सिला इन को जरुर मिलेगा ।

ਰਾਜ ਮੰਤਰੀ ਲੋਕ ਨਿਰਮਾਣ : ਸਪੀਕਰ ਸਾਹਿਬ ਕੋਈ ਨਵੀਂ ਗੱਲ ਤਾਂ ਆਈ ਨਹੀਂ ਜਿਸ ਦਾ ਜਵਾਬ ਦਿਤਾ ਜਾਵੇ। (ਵਿਘਨ) ਕੋਈ ਆਫਿਸ ਖਾਲੀ ਨਹੀਂ ਛਡਿਆ ਜਾ ਸਕਦਾ, ਜਦ ਕਿ ਡਿਊ ਡੇਟ ਨੂੰ ਇਲੈਕਸ਼ਨ ਹੋਣੀ ਹੋਵੇ। (ਵਿਘਨ) ਕਿਵੇਂ ਮੁਕਰੱਰ ਕਰ ਸਕਦੇ ਹਾਂ, ਕੋਈ ਐਮਰਜੈਂਸੀ ਆ ਜਾਵੇ। (ਵਿਘਨ)

Mr. Deputy Speaker: Please address the Chair.

ਰਾਜ ਮੰਤਰੀ : ਮੇਰੀ ਦੋਬਾਰਾ ਅਰਜ਼ ਹੈ ਕਿ ਜਿਹੜੇ ਵੀ ਚੰਗੇ ਸੁਝਾਅ ਆਏ ਹਨ ਉਨ੍ਹਾਂ ਤੇ ਗ਼ੌਰ ਕੀਤਾ ਜਾਵੇਗਾ, ਹੁਣ ਇਸ ਨੂੰ ਪਾਸ ਕੀਤਾ ਜਾਵੇ।

Mr. Deputy Speaker: Question is—

That the Punjab Panchayat Samitis and Zila Parishads (Amendment) Bill, as passed by the Punjab Vidhan Parishad, be passed.

The motion was carried.

Mr. Deputy Speaker: The House stands adjourned till 2.00 p.m. tomorrow, the 21st May, 1968.

5.16 p.m.

(The Sabha then adjourned till 2.00 p.m. on Tuesday, the 21st May, 1968)

7(8—25-9-68—305 copies—Pb. Govt. Press, Patiala.

APPENDIX

to

PUNJAB VIDHAN SABHA DEBATES

Vol. III, No. 1

Dated 20th May, 1968

VEHICLES MAINTAINED BY THE HEALTH DEPARTMENT

*1092. **Shri Balramji Dass Tandon**: Will the Minister for Health be pleased to state:

(a) the total number of vehicles maintained by the Health Department in the State at present;

(b) the number of the said vehicles which are running these days and of those which are lying out of order for the last one week or so;

(c) the number of vehicles out of those mentioned in part (a) above which have been donated by the World Health Organisation ?

Mahant Ram Parkash Dass :

(a) 280 vehicles.

(b) (i) No. of vehicles running these days .. 251 ..

(ii) No. of vehicles out of order for the last one week or so .. 29 ..

(c) Nil.

CLASS III AND CLASS IV EMPLOYEES WORKING IN V. J. HOSPITAL AND RAM LAL EYE HOSPITAL, AMRITSAR.

*1181. **Dr. Baldev Parkash** : Will the Minister for Health and Food and Supplies be pleased to state :

(a) the number and names of class III and class IV employees working at present in the V. J. Hospital and the Ram Lal Eye Hospital, Amritsar togetherwith number of those amongst them who are permanent and temporary, separately;

(b) the period of stay of each of the officials referred to in part (a) above posted at Amritsar;

(c) the dates of appointments of each of the said officials together with the dates when they joined service along with their home addresses;

(d) whether any complaints against any of the said officials are pending with the Government at present; if so, the details thereof be placed on the Table of the House ?

Copy of D. O. Letter No. 15551-5 (Health)-2/68 dated 18-5-68 from the Health Minister, Punjab Chandigarh to the Speaker, Punjab Vidhan Sabha, Chandigarh.

(ਅੱਧ-ਸਰਕਾਰੀ ਪੱਤਰ ਨੰ: 15551-5 ਸਿਹਤ-2-68/——ਮਿਤੀ: 18-5-68 ਦੀ ਕਾਪੀ ਜੋ ਕਿ ਸਿਹਤ ਮੰਤਰੀ, ਪੰਜਾਬ, ਚੰਡੀਗੜ੍ਹ ਵੱਲੋਂ ਸਕਤਰ, ਵਿਧਾਨ ਸਭਾ, ਪੰਜਾਬ, ਵਲ ਭੇਜੀ ਗਈ ।)

ਮਿਤੀ 20-5-68 ਦੀ ਪ੍ਰਸ਼ਨਾਂ ਦੀ ਸੂਚੀ ਵਿਚ ਦਿੱਤੇ ਗਏ ਪੰਜਾਬ ਵਿਧਾਨ ਸਭਾ ਸਟਾਰਡ ਪ੍ਰਸ਼ਨ ਨੰ: 1181 ਦਾ ਜਵਾਬ ਤਿਆਰ ਨਹੀਂ ਹੈ । ਲੋੜੀਂਦੀ ਸੂਚਨਾ ਖੇਤਰਾਂ ਤੋਂ ਮੰਗਵਾਈ ਜਾ ਰਹੀ ਹੈ । ਇਸ ਲਈ ਮੈਂ ਤੁਹਾਨੂੰ ਇਸ ਪ੍ਰਸ਼ਨ ਦਾ ਜਵਾਬ ਦੇਣ ਦਾ ਸਮਾਂ ਵਧਾਉਣ ਲਈ ਬੇਨਤੀ ਕਰਦਾ ਹਾਂ । ਇਹ ਪ੍ਰਸ਼ਨ 1-6-68 ਤੋਂ ਪਿਛੋਂ ਕਿਸੇ ਵੀ ਪ੍ਰਸ਼ਨ-ਸੂਚੀ ਵਿੱਚ ਪਾਇਆ ਜਾ ਸਕਦਾ ਹੈ ।

UNIFORMS SUPPLIED TO CLASS IV EMPLOYEES IN D. C.'S OFFICE AND SUB-DIVISION AND TEHSIL OFFICES OF AMRITSAR DISTRICT

***1182 Dr. Baldev Parkash,** : Will the Minister for Revenue and Local Government be pleased to state :—

(a) the number and names of Class IV employees working at present in the D.C.'s. Office and the Sub-Divisions and Tehsil Offices in district Amritsar;

(b) the total number of class IV employees amongst those referred to in part (a) above who received their full summer and winter uniforms before 31st March, 1968;

(c) the names and number of such class IV employees amongst them who have not received their uniforms of summer and winter seasons;

(d) whether it is a fact that only 2 cotton uniforms were supplied to the said employees instead of 3 uniforms; if so, the reasons therefor ?

Copy of D.O. letter No. 3025-E(III)68/2286 dated the 20th May, 1968, from the Minister for Revenue and Local Government Department, Punjab, Chandigarh, to the Speaker, Punjab Vidhan Sabha, Chandigarh.

The answer to Starred Punjab Vidhan Sabha Question No. 1182 appearing in the list of questions for 20th May, 1968 is not ready. The requisite information is being collected from the quarters concerned, I am, therefore, to request that time for answering this question may kindly be extended and this question included in the list of questions for any date after the 27th May, 1968.

PUNJAB VIDHAN SABHA

DEBATES

21st May, 1968

Vol. III–No. 2

OFFICIAL REPORT

CONTENTS

Tuesday, the 21st May, 1968

Punjab Vidhan Sabha Secretariat, Chandigarh

Price : Rs. 6.60

P.T.O.

ERRATA

to

Punjab Vidhan Sabha Debates

Vol. III—No. 2, dated the 21st May, 1968.

Read	*For*	*Page*	*Line*
Bill (s)	Pill (s)	Title Page (ii)	8th from below
Charged	Charges	(2)3	9
Please	XXeX	(2)11	Last line
Callous	Calous	(2) 11	6th from below
ਲੈਂਡ	ਲਂਡ	(2)13	17
ਸ਼੍ਰੀ ਅ. ਵਿਸ਼ਵਨਾਥਨ	ਸ਼੍ਰੀ. ਅ. ਵਿਸ਼ਵਨਾਥਨ	(2)15	4th from below
Mr. Speaker	Mr. Sepeaker	(2)20	18
Chief Minister	Chief inister	(2)2∠	15
ਅੱਧੇ	ਅੱਧ	(2)22	11th from below
[21st May, 1968	[21st May, 1986	2(24)	Headline
ਸੱਬਰਵਾਲ	ਸੱਬਭਰਵਾਲ	(2)24	13th from below
ਫਿਰ	ਫਿਰਾਂ	(2)25	10
ਪੈਂਦੀਆਂ	ਪਂਦੀਆਂ	(2)25	11
ਜਾਂ	ਜ	(2)25	11
ਹਿਟ	ਇਟ	(2)25	16
ਬੇਸ	ਥੇਸ	(2)26	9
speeches	speches	(2)34	3
ਇਸ	f ਸ	(2)35	9
ਮਹਿਸੂਸ	ਮਹਿਸਸ	(2)35	10th from below
ਮੈਂ	ਮਂ	(2)36	21
ਕੋਰਟ	ਹੋਰਟ	(2)48	2nd from below
Legislative	Legislatjve	(2)51	10
ਬਲੈਕ	ਬਲਕ	(2)69	2
रखने	ररवन	(2)72	6th from below
ਦੂਰ	ਦਰ	(2)74	8
ਗੌਰਮਿੰਟ	ਗੈਰਮਿੰਟ	(2)76	9th :rom below

PUNJAB VIDHAN SABHA

Tuesday, the 21st May, 1968

The Vidhan Sabha met in the Hall of the Punjab Vidhan Bhavan Sector 1 Chandigarh, at 2.00 P.M. of the Clock. Mr. Speaker (Lt. Col. Joginder Singh Mann) in the Chair.

STARRED QUESTIONS AND ANSWERS

AMOUNT INVOLVED IN NAPCO INDUSTRIES, FARIDABAD

***1111. Shri Balramji Dass Tandon :** Will the Chief Minister be pleased to state—

(a) whether Government has under-written any amount of loan given by America to the Napco Industries at Faridabad, through the Punjab National Bank of India ; if so, the total amount involved together with the date when the same was under-written ;

(b) whether the said bank has given any notice to the Government for the recovery of the said amount ; if so, the action being taken to recover the said amount ?

ਮਹੰਤ ਰਾਮ ਪ੍ਰਕਾਸ਼ ਦਾਸ (ਸਿਹਤ, ਖ਼ੁਰਾਕ ਅਤੇ ਸਪਲਾਈ ਮੰਤਰੀ) ਸਪੀਕਰ ਸਾਹਿਬ, ਮੈਂ ਸਵਾਲ ਦਾ ਜਵਾਬ ਹਾਊਸ ਦੀ ਟੇਬਲ ਤੇ ਰਖਦਾ ਹਾਂ । (ਵਿਘਨ)

(a) ਹਾਂ । 2.3 ਮਿਲੀਅਨ ਡਾਲਰ (1.74 ਕਰੋੜ ਰੁਪਏ) 19 ਮਈ, 1963 ਨੂੰ ।

(b) ਹਾਂ, ਰਹਿਨ ਨਾਮੇ ਦੀਆਂ ਸ਼ਰਤਾਂ ਨੂੰ ਮੁੱਖ ਰਖਦਿਆਂ ਹੋਇਆਂ ਨੈਪਕੋ ਦੀ ਅਚਲ ਸੰਪਤੀ ਪੰਜਾਬ ਸਰਕਾਰ ਨੇ ਆਪਣੇ ਕਬਜ਼ੇ ਵਿਚ 9 ਅਪਰੈਲ, 1967 ਨੂੰ ਲੈ ਲਈ ਸੀ । ਹੋਰ ਲੋੜੀਂਦੀ ਕਾਨੂੰਨੀ ਕਾਰਵਾਈ ਵੀ ਨੈਪਕੋ ਤੋਂ ਰਕਮ ਵਸੂਲ ਕਰਨ ਦੀ ਕੀਤੀ ਜਾ ਰਹੀ ਹੈ ।

ਚੌਧਰੀ ਦਰਸ਼ਨ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਮੈਂ ਫਾਰ ਦੀ ਇਨਫਰਮੇਸ਼ਨ ਆਫ਼ ਦੀ ਮਨਿਸਟਰ ਇਹ ਦੱਸਣਾ ਚਾਹੁੰਦਾ ਹਾਂ ਕਿ ਸਟਾਰਡ ਕੁਐਸਚਨਾਂ ਦੇ ਜਵਾਬ ਇਸ ਹਾਊਸ ਵਿਚ ਪੜ੍ਹੇ ਜਾਂਦੇ ਹਨ ਹਾਊਸ ਦੇ ਟੇਬਲ ਤੇ ਲੇ ਨਹੀਂ ਕੀਤੇ ਜਾਂਦੇ ।

ਮੰਤਰੀ : ਮੈਂ ਪੰਜਾਬੀ ਘਟ ਪੜ੍ਹ ਸਕਦਾ ਹਾਂ ਅਤੇ ਇਹ ਸਾਫ ਨਹੀਂ ਲਿਖਿਆ ਹੋਇਆ ਇਸ ਲਈ ਮੈਂ ਇਸ ਨੂੰ ਹਾਊਸ ਦੀ ਟੇਬਲ ਤੇ ਲੇ ਕਰ ਦਿਤਾ ਹੈ (ਇਸ ਸਮੇਂ ਇਸ ਸਵਾਲ ਦਾ ਜਵਾਬ ਵਿੱਤ ਮੰਤਰੀ ਡਾਕਟਰ ਜਗਜੀਤ ਸਿੰਘ ਨੇ ਪੜ੍ਹ ਦਿਤਾ)

ਚੌਧਰੀ ਦਰਸ਼ਨ ਸਿੰਘ : ਕੀ ਵਿੱਤ ਮੰਤਰੀ ਸਾਹਿਬ ਦੱਸਣਗੇ ਕਿ 1 ਕਰੋੜ 74 ਲਖ ਰੁਪਏ ਦੀ ਰਕਮ ਨੂੰ ਪੰਜਾਬ ਸਰਕਾਰ ਨੇ ਰਾਈਟ ਆਫ ਕੀਤਾ ? 9 ਅਪਰੈਲ, 1967 ਨੂੰ ਜਿਹੜੇ ਐਸੈਟੱਸ ਆਪਣੇ ਕਬਜ਼ੇ ਵਿਚ ਲਏ ਹਨ ਕੀ ਉਨ੍ਹਾਂ ਦੀ ਅਸੈਸਮੈਂਟ ਕਰਵਾ ਲਈ ਗਈ ਹੈ ?

ਵਿੱਤ ਮੰਤਰੀ : ਮੈਂ ਆਨਰੇਬਲ ਮੈਂਬਰ ਨੂੰ ਦੱਸ ਦਿਆਂ ਕਿ ਅਸੀਂ ਰਾਈਟ ਆਫ ਨਹੀਂ ਕੀਤਾ ਅੰਡਰ ਰਾਈਟ ਕੀਤਾ ਹੈ । ਇਨ੍ਹਾਂ ਦੋਹਾਂ ਵਿਚ ਬਹੁਤ ਫ਼ਰਕ ਹੈ ।

ਚੌਧਰੀ ਦਰਸ਼ਨ ਸਿੰਘ : ਕੀ ਵਿੱਤ ਮੰਤਰੀ ਸਾਹਿਬ ਦੱਸਣਗੇ ਕਿ ਇਸ ਕੰਪਨੀ ਦੇ ਜਿੰਨੇ ਐਸੈਟੱਸ ਸਨ ਇਨ੍ਹਾਂ ਨੇ ਉਨ੍ਹਾਂ ਨੂੰ ਅਸੈਸ ਕੀਤਾ ?

ਵਿੱਤ ਮੰਤਰੀ : ਅਸੀਂ ਐਸੈਟੱਸ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ ਹੈ।

ਚੌਧਰੀ ਦਰਸ਼ਨ ਸਿੰਘ : ਇਹ ਐਸੈਟੱਸ ਕਿੰਨੀ ਵੈਲਿਯੂ ਦੇ ਹਨ ?

ਵਿੱਤ ਮੰਤਰੀ : ਐਗਜ਼ੈਕਟ ਅਮਾਊਂਟ ਤਾਂ ਮੈਂ ਇਸ ਵਕਤ ਦੱਸ ਨਹੀਂ ਸਕਦਾ ਪਰ ਜਿੰਨੇ ਵੀ ਐਸੈਟੱਸ ਕੰਪਨੀ ਦੇ ਸੀ ਪੰਜਾਬ ਗੌਰਮੈਂਟ ਨੇ ਉਸ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ ਹੈ ਅਤੇ ਇਕ ਆਫੀਸਰ ਪਰਮਾਨੈਂਟ ਤੌਰ ਤੇ ਬਿਠਾ ਦਿੱਤਾ ਗਿਆ ਹੈ ਟੂ ਵਾਚ ਦੀ ਇਨਟਰੈਸਟਸ ਆਫ਼ ਦੀ ਗੌਰਮੈਂਟ ।

ਕਾਮਰੇਡ ਸਤਪਾਲ ਕਪੂਰ : ਕੀ ਵਜ਼ੀਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਕੀ ਉਨ੍ਹਾਂ ਨੇ ਇਸ ਕੰਪਨੀ ਦੇ ਐਸੈਟੱਸ ਨੂੰ ਅਸੈਸ ਕਰਵਾ ਲਿਆ ਹੈ ਜਾਂ ਅਜੇ ਕਰਵਾਣਾ ਹੈ ? ਕੋਈ ਕਨਫਿਊਜ਼ਨ ਜਿਹਾ ਪੈ ਗਿਆ ਹੈ ਇਸ ਨੂੰ ਕਿਰਪਾ ਕਰਕੇ ਦੂਰ ਕਰ ਦੇਣ ।

ਵਿੱਤ ਮੰਤਰੀ : ਅਸੈਸ ਕਰਵਾ ਲਿਆ ਹੈ ਪਰ ਇਸ ਵਕਤ ਐਗਜ਼ੈਕਟ ਅਮਾਊਂਟ ਮੈਂ ਦੱਸ ਨਹੀਂ ਸਕਦਾ। ਮੇਰੇ ਪਾਸ ਫ਼ਿਗਰਜ਼ ਨਹੀਂ।

ਲੈਫਟੀਨੈਂਟ ਭਾਗ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਸ ਕੰਪਨੀ ਲਈ ਲੋਨ ਤਾਂ ਦਿਤਾ ਅਮਰੀਕਾ ਨੇ ਅਤੇ ਫ਼ਰਮ ਸੀ ਨੈਪਕੋ ਜਿਹੜੀ ਕਾਇਮ ਹੋਈ ਫਰੀਦਾਬਾਦ ਵਿਚ ਅਤੇ ਰੁਪਿਆ ਪੰਜਾਬ ਨੈਸ਼ਨਲ ਬੈਂਕ ਨੇ ਦਿੱਤਾ ਤਾਂ ਉਸ ਵਿੱਚ ਪੰਜਾਬ ਗੌਰਮੈਂਟ ਕਿਥੇ ਅਤੇ ਕਿਸ ਤਰ੍ਹਾਂ ਆ ਗਈ ?

ਵਿੱਤ ਮੰਤਰੀ : ਇਹ ਤਾਂ ਬਹੁਤ ਵਡਾ ਇਸ਼ੂ ਹੈ ਕਿ ਕਿਵੇਂ ਸਰਕਾਰ ਆ ਗਈ ਪਰ ਮੈਂ ਉਨ੍ਹਾਂ ਦੀ ਇਨਫਾਰਮੇਸ਼ਨ ਲਈ ਇੰਨਾ ਦੱਸ ਦੇਣਾ ਚਾਹੁੰਦਾ ਹਾਂ ਕਿ ਇਹ ਸੌਦਾ ਸਰਦਾਰ ਪਰਤਾਪ ਸਿੰਘ ਕੈਰੋਂ ਦੇ ਵੇਲੇ ਕੀਤਾ ਗਿਆ ਸੀ ਅਤੇ ਨੈਪਕੋ ਕਾਇਮ ਕੀਤਾ ਗਿਆ ਅਤੇ ਅਮਰੀਕਾ ਵਲੋਂ ਇਕ ਖਾਸ ਸਕੀਮ ਅਨੁਸਾਰ ਏਡ ਦਿੱਤੀ ਗਈ। ਪਰ ਜਿਹੜਾ ਮਾਲ ਅਮਰੀਕਾ ਤੋਂ ਇਥੇ ਪਹੁੰਚਿਆ ਉਹ ਨਾਕਸ ਨਿਕਲਿਆ। ਇਹ ਏਡ ਯੂ. ਐਸ. ਆਈ. ਐਸ. ਨੇ ਦਿੱਤੀ ਸੀ ਤੇ ਪੰਜਾਬ ਸਰਕਾਰ ਨੇ ਜ਼ਮਾਨਤ ਦਿੱਤੀ ਸੀ ਕਿ ਜੇਕਰ ਕੰਪਨੀ ਵਿਚ ਕੋਈ ਗੱਲ ਹੋ ਜਾਵੇ ਤਾਂ ਪੰਜਾਬ ਗੌਰਮੈਂਟ ਜ਼ਿੰਮੇਵਾਰ ਹੋਵੇਗੀ ਤੇ ਇਹ ਜ਼ਿੰਮੇਵਾਰੀ ਪੰਜਾਬ ਗੌਰਮੈਂਟ ਦੇ ਸਿਰ ਸੀ । ਇਸ ਦੇ ਨਾਲ ਹੀ ਰੀਆਰਗੇਨਾਈਜ਼ੇਸ਼ਨ ਐਕਟ ਵਿਚ ਵੀ ਇਸ ਗੱਲ ਦੀ ਸਾਡੀ ਹੀ ਜ਼ਿੰਮੇਦਾਰੀ ਹੈ । ਹਰਿਆਣਾ ਸਰਕਾਰ ਨਾਲ ਅਜੇ ਇਸ ਸਬੰਧ ਵਿਚ ਕੇਸ ਚਲ ਰਿਹਾ ਹੈ । ਇਸ ਜ਼ਿੰਮੇਵਾਰੀ ਨੂੰ ਸਾਹਮਣੇ ਰਖ ਕੇ ਪੰਜਾਬ ਸਰਕਾਰ ਨੇ ਇਸ ਤੇ ਆਪਣਾ ਕਬਜ਼ਾ ਕੀਤਾ ਹੈ।

FOODGRAINS IN PROVINCIAL RESERVE AS ON 1ST FEBRUARY, 1968

***1110. Shri Balramji Dass Tandon :** Will the Minister for Health and Food and Supplies be pleased to state —

(a) the name of the different types of foodgrains together with the quantity of each lying in the Provincial Reserve as on 1st February, 1968 and the total amount invested thereon;

(b) the names of the foodgrains together with their quantity exported to the other States from 1st May, 1967 to 1st February, 1968, and the average price per quintal charges in each case ?

ਮਹੰਤ ਰਾਮ ਪ੍ਰਕਾਸ਼ ਦਾਸ : ਲੋੜੀਂਦੀ ਸੂਚਨਾ ਦੇਣ ਵਾਲਾ ਸਟੇਟਮੈਂਟ ਵਿਧਾਨ ਸਭਾ ਦੇ ਸਾਮ੍ਹਣੇ ਪੇਸ਼ ਹੈ ।

ਸਟੇਟਮੈਂਟ

(ੳ)	ਜਿਨਸ	1 ਫਰਵਰੀ, 1968 ਨੂੰ ਰਾਜ ਸਰਕਾਰ ਭੰਡਾਰ ਵਿਚ ਪਏ ਅਨਾਜ ਦੀ ਮਿਕਦਾਰ	ਕੁਲ ਰਕਮ ਜੋ ਖਰਚ ਕੀਤੀ ਗਈ
1.	ਵਧੀਆ ਕਣਕ	146,885.5 ਟਨੀਜ਼	ਰੁ. 11,28,22,761.57
2.	ਦੜਾ ਮੈਕਸੀਕਨ ਕਣਕ	10,863.8 ,,	ਰੁ. 30,80,35,965.[illegible]0
3.	ਵਿਦੇਸ਼ੀ ਕਣਕ	196.0 ,,	ਰੁ. 1,31,320.00
4.	ਚੌਲ ਵਧੀਆ ਬਾਸਮਤੀ	1,086.6 ,,	ਰੁ. 12,60,485.77
5.	ਚੌਲ ਆਮ ਬਾਸਮਤੀ	11,286.2 ,,	ਰੁ. 1,19,63,454.59
6.	ਚੌਲ ਬੇਗਮੀ	2,669.6 ,,	ਰੁ. 26,69,224.40
7.	ਚੌਲ ਪਰਮਲ	1.6 ,,	ਰੁ. 1,624.94
8.	ਚੌਲ ਚੀਨਾ	22.7 ,,	ਰੁ. 18,864.24
9.	ਚੌਲ ਦੜਾ	1.5 ,,	ਰੁ. 1,224.00
	ਜੋੜ	173,013.5 ,,	ਰੁ. 13,69,04,925.41

(ਅ)	ਜਿਨਸ	1 ਮਈ, 1967 ਤੋਂ 1 ਫਰਵਰੀ 1968 ਰਾਜ ਸਰਕਾਰ ਭੰਡਾਰ ਵਿਚੋਂ ਬਾਹਰ ਭੇਜੇ ਗਏ ਅਨਾਜ ਦੀ ਮਿਕਦਾਰ	ਅਨਾਜ ਵੇਚਣ ਦੀ ਕੀਮਤ ਜਿਸ ਵਿਚ ਬੋਰੀਆਂ ਦੀ ਕੀਮਤ ਸੇਲ ਟੈਕਸ ਤੇ ਰੇਲਵੇ ਸਟੇਸ਼ਨ ਤੋਂ ਪਹੁੰਚਾਣ ਦਾ ਖਰਚ ਸ਼ਾਮਿਲ ਹੈ। ਦਰ ਫ਼ੀ ਕਵਿੰਟਲ
1.	ਵਧੀਆ ਕਣਕ	85,629 ਟਨੀਜ਼	ਰੁ. 97.10
2.	ਦੜਾ/ਮੈਕਸੀਕਨ ਕਣਕ	8,227 ,,	ਰੁ. 92.07
3.	ਚੌਲ ਬਾਸਮਤੀ ਵਧੀਆ	200 ,,	ਰੁ. 108.00
4.	ਚੌਲ ਬਾਸਮਤੀ ਆਮ	12,873 ,,	ਰੁ. 100.00
5.	ਚੌਲ ਪਰਮਲ	1,380 ,,	ਰੁ. 90.19
6.	ਚੌਲ ਬੇਗਮੀ	1,806 ,,	ਰੁ. 82.11
	ਜੋੜ	110,115 ਟਨੀਜ਼	

ਚੌਧਰੀ ਦਰਸ਼ਨ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਿਹੜੀ ਕਣਕ ਬਾਹਰਲੀਆਂ ਸਟੇਟਾਂ ਨੂੰ ਪੰਜਾਬ ਸਰਕਾਰ ਵਲੋਂ ਭੇਜੀ ਗਈ, ਇਸ ਤੋਂ ਪੰਜਾਬ ਸਰਕਾਰ ਨੂੰ ਕਿੰਨਾ ਫ਼ਾਇਦਾ ਹੋਇਆ ?

ਮੰਤਰੀ : ਇਸ ਲਈ ਤਾਂ ਜੇਕਰ ਵਖਰਾ ਸਵਾਲ ਦੇ ਦਿਉ ਤਾਂ ਇਨਫਾਰਮੇਸ਼ਨ ਇਕੱਠੀ ਕਰ ਦਿਆਂਗਾ ।

EXEMPTION OF PATTI TOWN IN AMRITSAR DISTRICT FROM THE PROVISIONS OF PUNJAB SHOPS AND COMMERCIAL ESTABLISHMENTS ACT, 1958

***1109. Shri Balramji Dass Tandon** : Will the Minister for Labour and Welfare be pleased to state—

(a) whether it is a fact that the town of Patti in district Amritsar was exempted in 1965 from the provisions of the Punjab Shops and Commercial Establishments Act, 1958, relating to weekly closure of shops due to Indo-Pak war of 1965 ;

(b) if the reply to part (a) above be in the affirmative; whether any other city or town was similarly exempted; if so, their names;

(c) whether there is any proposal under the consideration of the Government to reimpose weekly closure of shops in the said town; if so, the time by which it is likely to be implemented ?

ਸ੍ਰੀ ਪਿਆਰਾ ਰਾਮ ਧੰਨੋਵਾਲੀ : (ੳ) ਜੀ ਹਾਂ ।

(ਅ) ਪੰਜਾਬ ਦੀਆਂ ਸਾਰੀਆਂ ਦੁਕਾਨਾਂ ਅਤੇ ਵਪਾਰਿਕ ਅਦਾਰਿਆਂ ਨੂੰ ਪੰਜਾਬ ਸ਼ਾਪਸ ਅਤੇ ਕਮਰਸ਼ਿਅਲ ਐਸਟੈਬਲਿਸ਼ਮੈਂਟ ਐਕਟ, 1958 ਦੀ ਧਾਰਾ 10 (1) ਤੋਂ 14 ਸਤੰਬਰ 1965 ਤੋਂ ਛੋਟ ਦਿੱਤੀ ਗਈ ਸੀ ।

(ੲ) ਨਹੀਂ ਜੀ ।

ਸ੍ਰੀ ਹਰਬੰਸ ਲਾਲ ਖੰਨਾ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਹ ਐਕਟ ਪੱਟੀ ਵਿਚ ਅਜੇ ਤਕ ਲਾਗੂ ਨਹੀਂ ਕੀਤਾ ਗਿਆ ਅਤੇ ਛੋਟ ਵਾਪਸ ਨਹੀਂ ਲਈ ਗਈ ।

ਮੰਤਰੀ : ਇਹ ਤਾਂ ਤੁਸੀਂ ਇਨਫਾਰਮੇਸ਼ਨ ਦੇ ਰਹੇ ਹੋ ।

ਸ੍ਰੀ ਬਲਰਾਮਜੀ ਦਾਸ ਟੰਡਨ : ਕੀ ਵਜ਼ੀਰ ਸਾਹਿਬ ਦਸਣਗੇ ਕਿ 1965 ਵਿਚ ਜਦ ਜੰਗ ਲਗੀ ਤਾਂ ਪੰਜਾਬ ਦੀਆਂ ਸਾਰੀਆਂ ਦੁਕਾਨਾਂ ਨੂੰ ਪੰਜਾਬ ਸ਼ਾਪਸ ਐਕਟ ਦੀ ਧਾਰਾ 10 (1) ਤੋਂ ਛੋਟ ਦਿਤੀ ਗਈ ਸੀ ਅਤੇ ਇਹ ਕਿਹਾ ਗਿਆ ਸੀ ਕਿ ਜਦ ਹਾਲਾਤ ਨਾਰਮਲ ਹੋ ਜਾਣਗੇ ਤਾਂ ਇਸ ਧਾਰਾ ਨੂੰ ਫਿਰ ਲਾਗੂ ਕਰ ਦਿਤਾ ਜਾਵੇਗਾ । ਪਰ ਹੁਣ ਜਦ ਕਿ ਲੜਾਈ ਬੰਦ ਹੈ ਅਤੇ ਹਾਲਾਤ ਨਾਰਮਲ ਹੋ ਗਏ ਹਨ ਇਸ ਧਾਰਾ ਨੂੰ ਪੱਟੀ ਵਿਚ ਲਾਗੂ ਕਿਉਂ ਨਹੀਂ ਕੀਤਾ ਗਿਆ ? ਇਸ ਦੇ ਲਾਗੂ ਨਾ ਕਰਨ ਨਾਲ ਵਰਕਰਾਂ ਦੀ ਵੀਕਲੀ ਛੁਟੀ ਮਾਰੀ ਜਾਂਦੀ ਹੈ ਫਿਰ ਕੀ ਵਜ੍ਹਾ ਹੈ ਕਿ ਇਸ ਤੋਂ ਪੱਟੀ ਨੂੰ ਹੀ ਸਿਰਫ ਛੋਟ ਦਿੱਤੀ ਗਈ ਹੈ ?

ਮੰਤਰੀ : ਇਸ ਦੀ ਮਿਆਦ 30 ਜੂਨ, 1968 ਤਕ ਐਕਸਟੈਂਡ ਕਰ ਦਿੱਤੀ ਗਈ ਸੀ । ਲੋੜ ਪੈਣ ਤੇ ਦੁਬਾਰਾ ਇਸ਼ ਧਾਰਾ ਨੂੰ ਲਾਗੂ ਕਰ ਦਿੱਤਾ ਜਾਵੇਗਾ ।

ਸ਼੍ਰੀ ਬਲਰਾਮਜੀ ਦਾਸ ਟੰਡਨ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਨ੍ਹਾਂ ਨੇ ਕਿਹਾ ਹੈ ਕਿ ਇਸ ਧਾਰਾ ਨੂੰ ਦੁਬਾਰਾ ਲਾਗੂ ਕਰ ਦਿੱਤਾ ਜਾਵੇਗਾ ਉਹ ਕਦ ਤੋਂ ਕਰ ਦਿਤਾ ਜਾਵੇਗਾ ਕਿਉਂਕਿ ਇਸ ਨਾਲ ਵਰਕਰਾਂ ਨੂੰ ਵੀਕਲੀ ਛੁਟੀ ਨਹੀਂ ਮਿਲਦੀ ।

ਮੰਤਰੀ : ਮੈਂ ਅਰਜ਼ ਕਰਦਾ ਹਾਂ ਕਿ ਇਸ ਨੂੰ 30 ਜੂਨ 1968 ਤਕ ਐਕਸਟੈਂਡ ਕਰ ਦਿੱਤਾ ਗਿਆ ਹੈ ਇਸ ਤੋਂ ਬਾਦ ਵਿਚਾਰ ਕਰ ਲਿਆ ਜਾਵੇਗਾ ।

Mr. Speaker : Question hour is over now.

ਕਾਮਰੇਡ ਭਾਨ ਸਿੰਘ ਭੌਰਾ : ਸਪੀਕਰ ਸਾਹਿਬ, ਮੈਂ ਇਕ ਪ੍ਰਿਵਿਲੇਜ ਮੋਸ਼ਨ ਪਰਸੋਂ ਦਿੱਤੀ ਸੀ ਪਰ ਉਹ ਕਲ ਵੀ ਨਹੀਂ ਆਈ । ਉਹ ਬੜੀ ਜ਼ਰੂਰੀ ਹੈ । ਪਿਛਲੇ ਸੈਸ਼ਨ ਵਿਚ ਚੀਫ਼ ਮਨਿਸਟਰ ਸਾਹਿਬ ਨੇ ਇਹ ਬਿਆਨ ਦਿੱਤਾ ਸੀ ਕਿ 5 ਸਟੈਂਡਰਡ ਏਕੜ ਦੀ ਥਾਂ 7 ਏਕੜ ਤੇ ਰਿਲੀਫ਼ ਦਿੱਤਾ ਜਾਵੇਗਾ । ਇਸ ਬਾਰੇ ਕੋਈ ਬਿਲ ਹਾਊਸ ਵਿਚ ਨਹੀਂ ਆਇਆ ਪਰ ਡੀ. ਸੀ. ਨੂੰ ਇਹ ਹਦਾਇਤਾਂ ਪੁਜ ਗਈਆਂ ਹਨ ਕਿ 7 ਏਕੜ ਤੇ ਰਿਲੀਫ਼ ਦਿਓ । ਇਹ ਹਾਊਸ ਦੇ ਪ੍ਰਿਵਿਲੇਜ ਦਾ ਸਵਾਲ ਹੈ । ਇਸ ਕਰਕੇ ਇਹ ਮਾਮਲਾ ਪ੍ਰਿਵਿਲੇਜ ਕਮੇਟੀ ਨੂੰ ਭੇਜਿਆ ਜਾਵੇ ।

ਸ਼੍ਰੀ ਸਪੀਕਰ : ਉਸ ਨੂੰ ਐਗਜ਼ਾਮਿਨ ਕਰ ਰਹੇ ਹਾਂ (We are examining the matter.)

ਸ਼੍ਰੀ ਅ. ਵਿਸ਼ਵਨਾਥਨ : ਸਪੀਕਰ ਸਾਹਿਬ, ਮੈਂ ਇਕ ਸੈਂਸਰ ਮੋਸ਼ਨ ਦਿੱਤੀ ਸੀ ।

ਸ਼੍ਰੀ ਸਪੀਕਰ : ਜੋ ਕੁਝ ਤੁਸੀਂ ਦਿੱਤਾ ਹੈ ਉਹ ਸਭ ਕੁਝ ਤੁਹਾਡੇ ਸਾਹਮਣੇ ਆ ਜਾਵੇਗਾ । (Whatever you have given, will come before the House.)

ਸਰਦਾਰ ਗੁਰਚਰਨ ਸਿੰਘ (ਬਾਘਾ ਪੁਰਾਣਾ) : ਸਪੀਕਰ ਸਾਹਿਬ, ਕਲ ਤੁਸੀਂ ਮੇਰੀ ਐਡਜਰਨਮੈਂਟ ਮੋਸ਼ਨ ਨੂੰ ਪੈਂਡਿੰਗ ਰਖ ਦਿੱਤਾ । ਮੈਂ ਤੁਹਾਨੂੰ ਚੈਂਬਰ ਵਿਚ ਮਿਲ ਕੇ ਡਾਕੂਮੈਂਟ ਦਿਖਾਏ ਸਨ ।

ਸ਼੍ਰੀ ਸਪੀਕਰ : ਉਸ ਨੂੰ ਵੀ ਟੇਕ ਅਪ ਕਰ ਲਵਾਂਗੇ (We will take up that too.)

ਚੌਧਰੀ ਸਤ ਦੇਵ : ਸਪੀਕਰ ਸਾਹਿਬ, ਮੇਰੀ ਵੀ ਇਕ ਸੈਂਸਰ ਮੋਸ਼ਨ ਸੀ ।

ਸ਼੍ਰੀ ਸਪੀਕਰ : ਹੁਣੇ ਦੇਖ ਕੇ ਦਸਦਾ ਹਾਂ (I will let you know just now after consulting the record.)

ਸ੍ਰੀ ਅ. ਵਿਸ਼ਵਨਾਥਨ : ਸਪੀਕਰ ਸਾਹਿਬ, ਮੇਰੀ ਇਕ ਐਡਜਰਨਮੈਂਟ ਮੋਸ਼ਨ ਸੀ ।

ਸ੍ਰੀ ਸਪੀਕਰ : ਉਹ ਅਜ ਨਹੀਂ ਕਲ ਆਵੇਗੀ (That will be taken up to-morrow, not today.)

ਸ੍ਰੀ ਹਰਬੰਸ ਲਾਲ ਖੰਨਾ : ਸਪੀਕਰ ਸਾਹਿਬ, ਮੇਰੀ ਵੀ ਇਕ ਸੈਂਸਰ ਮੋਸ਼ਨ ਸੀ ਉਸ ਦਾ ਕੀ ਬਣਿਆ ਹੈ ?

ਸਰਦਾਰ ਸ਼ਿੰਗਾਰਾ ਸਿੰਘ : ਸਪੀਕਰ ਸਾਹਿਬ, ਮੈਂ ਵੀ ਇਕ ਕਾਲ-ਅਟੈਨਸ਼ਨ ਮੋਸ਼ਨ ਦਿੱਤੀ ਸੀ । ਉਹ ਅਜੇ ਤਕ ਨਹੀਂ ਆਈ ।

ਸਰਦਾਰ ਗੁਰਨਾਮ ਸਿੰਘ : ਕੀ ਕਟ ਮੋਸ਼ਨ ? (ਹਾਸਾ)

ਸ੍ਰੀ ਸਪੀਕਰ : ਮੈਨੂੰ ਦੇਖ ਲੈਣ ਦਿਉ । ਜੇ ਹੋਈਆਂ ਤਾਂ ਆ ਜਾਣਗੀਆਂ (Let me consult the record. If there is any, that will be taken up.)

ਸ੍ਰੀ ਹਰਬੰਸ ਲਾਲ ਖੰਨਾ : ਸਪੀਕਰ ਸਾਹਿਬ, ਜਿਹੜੀ ਸੈਂਸਰ ਮੋਸ਼ਨ ਦਾ ਮੈਂ ਨੋਟਿਸ ਦਿਤਾ ਹੈ, ਉਸ ਬਾਰੇ ਤੁਹਾਡਾ ਕੀ ਫੈਸਲਾ ਹੈ ?

Mr. Speaker : The Hon. Member has not indicated the place of occurrence of the incident.

ਸ੍ਰੀ ਸਪੀਕਰ : ਮੈਂ ਤੁਹਾਡੇ ਕੋਲੋਂ ਪੁਛਿਆ ਸੀ । ਮੈਂ ਤੁਹਾਨੂੰ ਬੁਲਾਇਆ ਸੀ ਪਰ ਤੁਸੀਂ ਆਏ ਨਹੀਂ । (I had enquired from you. I had also sent for you but you did not come.)

ਸ੍ਰੀ ਹਰਬੰਸ ਲਾਲ ਖੰਨਾ : ਇਹ ਅੰਮ੍ਰਿਤਸਰ ਦੀ ਗੱਲ ਹੈ ।

ਇਕ ਮਾਨਯੋਗ ਮੈਂਬਰ : ਹਾਂ, ਮਰਜ਼ੀ ਸਾਹਿਬ, ਅਜਿਹੇ ਕੰਮ ਅੰਮ੍ਰਿਤਸਰ ਹੀ ਕਰ ਸਕਦੇ ਹਨ (ਹਾਸਾ) ।

ਸ੍ਰੀ ਅ. ਵਿਸ਼ਵਨਾਥਨ : ਸਪੀਕਰ ਸਾਹਿਬ, ਮੈਂ 5 ਪ੍ਰਿਵਿਲੇਜ ਮੋਸ਼ਨ ਦਿੱਤੇ ਸਨ ਉਨ੍ਹਾਂ ਦਾ ਕੀ ਬਣਿਆ ਹੈ । (ਹਾਸਾ)

ਸ੍ਰੀ ਸਪੀਕਰ : 5 ਮੋਸ਼ਨਾਂ ? (Five Motions?)

ਸ੍ਰੀ ਅ. ਵਿਸ਼ਵਨਾਥਨ : ਹਾਂ ਜੀ, 5 ਮੋਸ਼ਨਾਂ, ਪੂਰੀਆਂ ਪੰਜ ।

ਸ੍ਰੀ ਸਪੀਕਰ : ਅਜ ਆਈਆਂ ਹਨ ਮੈਨੂੰ ਦੇਖ ਲੈਣ ਦਿਓ, ਕਲ ਲੈ ਲਵਾਂਗੇ । (Those have been received to-day. Let me examine, we will take them up to-morrow.)

ਸ੍ਰੀ ਅ. ਵਿਸ਼ਵਨਾਥਨ : ਪਹਿਲੀ ਲੈ ਲਉ, ਉਹ ਤਾਂ ਤੁਹਾਡੇ ਪਰਸਨਲ ਨਾਲਜ ਵਿਚ ਹੈ ।

ਸ਼੍ਰੀ ਸਪੀਕਰ : ਮੇਰੇ ਪਰਸਨਲ ਨਾਲਜ ਵਿਚ ਕੁਝ ਵੀ ਨਹੀਂ ਹੈ । (I have nothing within my personal knowledge.)

ਸ਼੍ਰੀ ਹਰਬੰਸ ਲਾਲ ਖੰਨਾ : ਸਪੀਕਰ ਸਾਹਿਬ, ਕਾਰ ਰੋਕਣ ਦੀ ਗੱਲ ਤੁਹਾਡੇ ਪਰਸਨਲ ਨਾਲਜ ਵਿਚ ਹੈ ਇਸ ਲਈ ਇਸ ਨੂੰ ਟੇਕਅੱਪ ਕਰ ਲਿਆ ਜਾਵੇ ।

ਸ਼੍ਰੀ ਸਪੀਕਰ : ਇਸ ਕੁਰਸੀ ਤੇ ਬੈਠ ਕੇ ਕੁਝ ਵੀ ਪਰਸਨਲ ਨਾਲਜ ਵਿਚ ਨਹੀਂ ਰਹਿੰਦਾ । (Nothing remains within personal knowledge after occupying this seat.)

CALL-ATTENTION NOTICES

Mr. Speaker : Now we take up call-attention notices. (*Noise*)

Mr. Speaker : Let me first take up call-attention notices.

Call-Attention Notice No. 1 has been given notice of by Sardar Balwant Singh.

Sardar Balwant Singh : Sir, I beg to draw the attention of the Government towards an urgent matter of public importance, namely, the serious situation already created by calculated attempts and a planned conspiracy on the part of the State Government to smash the fabric of Hindu-Sikh unity so ably and tenaciously built by the previous Ministry headed by Sardar Gurnam Singh. These attempts have been made by the State Government at Ludhiana and Patiala. At Ludhiana a substantial portion of a temple was smashed by Police in a most shameless manner and at Patiala a portion of land belonging to a temple was unjustifiedly handed over for the purposes of starting a College.

These attempts have already created tension and a serious situation.

The State Government must unequivocally declare that it would not discriminate a temple against a Gurdwara nor a Gurdwara against a Masjid and instead of calculatedly weakening Hindu-Sikh unity would try to strengthen it further in national interests.

Mr. Speaker : Admitted. The Government will make a statement.

Now we take up Call-Attentton Notice No. 3, which is in the name of Dr. Baldev Parkash.

Dr. Baldev Parkash : Sir, I beg to draw the attention of the Government towards a matter of urgent public importance, namely, the situation prevailing in the State by the acute scarcity being experienced by consumers throughout the State of Dalda and other types of hydrogenated oils. Dalda has become an article of daily and indispensable use and its acute scarcity creates unprecedented difficulties and hardship to the masses. The State Government should immediately take measures to undo this scarcity and come to the relief of the common man.

Mr. Speaker : Admitted. The Government will make a statement.

There is a Call-Attention motion given notice of by Comrade Satya Pal Dang and Comrade Bhan Singh Bhaura.

Comrade Satya Pal Dang Sir, I beg to draw the attention of the Government towards an urgent matter of public importance, namely, serious discontentment that has arisen among various categories of Government employees because of discriminatory attitude of the Government in the matter of pay revision. The Government have revised the grades and scales of pay of certain categories of Police Officers without waiting for report of the Pay Commission while others have been told to wait for the Report of the Pay Commission. The latter categories include temporary Engineers (Irrigation and Power), Class IV employees, etc. etc.

In view of the obvious importance of the matter, the Government may make a statement in the House.

Mr. Speaker : Admitted. The Government will make a statement.

There is a Call-Attention Notice No. 6 which stands in the name of Comrade Satya Pal Dang, etc. etc.

Comrade Satya Pal Dang : Sir, I beg to draw the attention of the Government towards a matter of urgent public importance, namely, the acute discontentment that has arisen amongst industrial workers of State as a result of the failure of the Government either to renew the appointment of the Presiding Officer, Labour Court, Jullundur or to appoint new Presiding Officer in his place with effect from 1st March, 1968.

Due to this failure of the Government, there has not been functioning any Labour Court in the State since 1st March, 1968. A very large number of disputes, applications and complaints were pending before the Labour Court, Jullundur on 1st March, 1968 when the term of the appointment of the Presiding Officer ended.

The vital interests of industrial workers are suffering and they have been seriously perturbed over the matter.

In view of the great and urgent importance of the matter, the Government may please be asked to make a statement in the House.

[*At this stage the Minister for Labour and Welfare* (*Shri Piara Ram Dhanowali*) *rose in his seat.*]

Mr. Speaker : Admitted. Can the Minister concerned make a statement just now ?

ਕਿਰਤ ਅਤੇ ਭਲਾਈ ਮੰਤਰੀ (ਸ੍ਰੀ ਪਿਆਰਾ ਰਾਮ ਧੰਨੋਵਾਲੀ) : ਸਪੀਕਰ ਸਾਹਿਬ, ਸਰਕਾਰ ਇਸ ਤੇ ਸਰਗਰਮੀ ਨਾਲ ਵਿਚਾਰ ਕਰ ਰਹੀ ਹੈ ਕਿ ਲੇਬਰ ਕੋਰਟ ਦਾ ਪ੍ਰੀਜ਼ਾਈਡਿੰਗ ਅਫ਼ਸਰ ਨਿਯੁਕਤ ਕਰ ਦਿੱਤਾ ਜਾਵੇ ।

ਸ੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਮੈਨੂੰ ਇਕ ਸਵਾਲ ਪੁੱਛਣ ਦਾ ਅਧਿਕਾਰ ਹੈ। ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਇਸ ਬਾਰੇ 1 ਮਾਰਚ, 1968 ਤੋਂ ਹੁਣ ਤਕ ਕੋਈ ਫੈਸਲਾ ਕਿਉਂ ਨਹੀਂ ਹੋਇਆ ?

ਕਿਰਤ ਅਤੇ ਭਲਾਈ ਮੰਤਰੀ : ਅਸੀਂ ਇਸ ਬਾਰੇ ਪੂਰੀ ਤਰ੍ਹਾਂ ਵਿਚਾਰ ਕਰ ਰਹੇ ਹਾਂ। ਪੂਰੀ ਤਰ੍ਹਾਂ ਸਕਰੂਟੀਨਾਈਜ਼ ਕਰਕੇ ਫੈਸਲਾ ਕਰਾਂਗੇ। ਅਸੀਂ ਇਸ ਨਾਲ ਸਬੰਧਤ ਫ਼ਾਈਲਾਂ ਮੰਗਵਾਈਆਂ ਹਨ। ਉਹ ਫ਼ਾਈਲਾਂ ਦੇਖ ਰਹੇ ਹਾਂ। ਉਹ ਫ਼ਾਈਲਾਂ ਹੁਣ ਚੀਫ ਮਨਿਸਟਰ ਸਾਹਿਬ ਦੇ ਕੋਲ ਪਈਆਂ ਹਨ। ਹੁਣ ਜਲਦੀ ਹੀ ਇਨ੍ਹਾਂ ਦਾ ਫੈਸਲਾ ਕਰ ਦਿੱਤਾ ਜਾਵੇਗਾ।

ਸ੍ਰੀ ਸਤਪਾਲ ਡਾਂਗ : ਕੀ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਹੀ ਫੈਸਲਾ ਹੋ ਜਾਵੇਗਾ ?

ਕਿਰਤ ਅਤੇ ਭਲਾਈ ਮੰਤਰੀ : ਬਹੁਤ ਜਲਦੀ ਹੀ ਕਰ ਦਿਆਂਗੇ।

ਸ੍ਰੀ ਸਤਪਾਲ ਡਾਂਗ : ਕੀ ਪਿਛਲੇ ਅਫ਼ਸਰ ਨੂੰ ਇਸ ਕਰਕੇ ਹਟਾਇਆ ਗਿਆ ਸੀ ਕਿ ਉਸ ਨੂੰ ਇਕ ਸਿਫ਼ਾਰਿਸ਼ ਕੀਤੀ ਗਈ ਸੀ ਪਰ ਉਸ ਨੇ ਉਹ ਸਿਫ਼ਾਰਿਸ਼ ਨਹੀਂ ਸੀ ਮੰਨੀ ?

(ਸ਼ੋਰ) (ਵਿਘਨ)

(ਕੋਈ ਜਵਾਬ ਨਹੀਂ ਦਿੱਤਾ ਗਿਆ)

ਸ੍ਰੀ ਮਨਮੋਹਨ ਕਾਲੀਆ : ਸਪੀਕਰ ਸਾਹਿਬ, ਮੇਰੀ ਵੀ ਇਕ ਕਾਲ-ਅਟੈਨਸ਼ਨ ਮੋਸ਼ਨ ਹੈ। ਉਸ ਦਾ ਜਵਾਬ ਮੈਨੂੰ ਹੁਣੇ ਹੀ ਇਹ ਮਿਲਿਆ ਹੈ ਕਿ........

ਸ੍ਰੀ ਸਪੀਕਰ : ਪਹਿਲਾਂ ਇਹ ਤਾਂ ਖਤਮ ਹੋ ਜਾਣ ਦਿਓ। ਇਹ ਪੂਰੀਆਂ ਹੋ ਜਾਣ ਤੋਂ ਬਾਅਦ ਦਸਣਾ। (Let us first finish those in hand. Thereafter you may raise your point.)

The next Call-Attention Motion (No. 7) stands in the names of Comrades Satya Pal Dang, Jangir Singh Joga and Bhan Singh Bhaura.

Comrade Satya Pal Dang : I beg to draw the attention of the Government to a matter of urgent public importance, namely, the acute discontentment that has arisen amongst the peasants of the State because of the reported decision of the Punjab Government to permit the reimposition of octroi duty on foodgrains and other agricultural produce by the Urban Local Bodies in the State.

In view of the great and urgent importance of the matter, the Government may please be directed to make a statement in the House.

Mr. Speaker : This is admitted. The Government will make a statement.

Call-Attention Motion No. 8 has been given notice of by Comrade Satya Pal Dang.

Comrade Satya Pal Dang : Sir, I beg to draw the attention of the Government towards an urgent matter of public importance, namely, an ordinance to exempt land revenue on holdings of five acres or less was issued on the 27th June, 1967. The Ordinance was later replaced by an Act providing for exemption up to 5 Standard Acres.

[Comrade Satya Pal Dang]

This Act duly passed by both Houses and assented to by the Governor has not been implemented. In fact the Government of Punjab are reported to have issued instructions to the District Authorities not to implement this Act and instead to work on the basis of the limit of 7 ordinary acres.

The failure/refusal of the Government to implement the Act providing for exemption up to 5 standard acres and reported illegal instructions to District authorities not to implement this Act have created considerable discontentment amongst the people.

In view of the importance of the matter, the Government may please be directed to make a statement in the House.

Mr. Speaker : This is admitted. The Government will make a statement.

The notice of Call-Attention Motion standing at serial No. 9 has been received from Chaudhri Satya Dev.

ਚੌਧਰੀ ਸਤ ਦੇਵ : ਮੈਂ ਸਰਕਾਰ ਦਾ ਧਿਆਨ ਇਕ ਲੋਕ ਹਿੱਤ ਦੇ ਬਹੁਤ ਜ਼ਰੂਰੀ ਮਸਲੇ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਅਬੋਹਰ ਸੀਡ ਫਾਰਮ ਦੇ ਮੁਜ਼ਾਰਿਆਂ ਨਾਲ ਬੜੀ ਬੇਇਨਸਾਫੀ ਹੋ ਰਹੀ ਹੈ । ਗਰੀਬ ਮੁਜ਼ਾਰਿਆਂ ਨੂੰ ਸੀਡ ਫ਼ਾਰਮ ਤੇ ਮੈਨੇਜਰ ਦੀ ਜ਼ਿਆਦਤੀ ਦੇ ਕਾਰਨ ਕਢਿਆ ਜਾ ਰਿਹਾ ਹੈ ਜਿਹੜੇ ਕਿ ਲਗਾਤਾਰ ਇਸ ਜ਼ਮੀਨ ਤੇ ਪਿਛਲੇ 10/12 ਸਾਲਾਂ ਤੋਂ ਕਾਸ਼ਤ ਕਰਦੇ ਆ ਰਹੇ ਹਨ । ਇਨ੍ਹਾਂ ਉਪਰ ਕਲਕੂਤ ਸਿਸਟਮ ਲਾਗੂ ਕੀਤਾ ਜਾ ਰਿਹਾ ਹੈ—ਫ਼ਸਲ ਦੀ ਪੈਦਾਵਾਰ ਦਾ ਕਰਾਏ ਵਜੋਂ ਹਿੱਸਾ ਦੇਣਾ । ਇਸ ਤੋਂ ਤੰਗ ਆ ਕੇ ਇਕ ਮੁਜ਼ਾਰੇ ਨੇ ਗਾਂਧੀ ਚੌਕ, ਅਬੋਹਰ ਵਿਚ 9/10 ਦਿਨਾਂ ਤੋਂ ਭੁਖ ਹੜਤਾਲ ਕੀਤੀ ਹੋਈ ਹੈ ਅਤੇ ਉਸ ਦੀ ਸਿਹਤ ਬਹੁਤ ਖ਼ਰਾਬ ਹੋ ਗਈ ਹੈ । ਸਰਕਾਰ ਨੂੰ ਬਹੁਤ ਸਾਰੇ ਨੋਟਿਸ ਤੇ ਤਾਰਾਂ ਦਿੱਤੀਆਂ ਗਈਆਂ ਹਨ ਅਤੇ ਇਹ ਮਾਮਲਾ ਬਾਰ ਬਾਰ ਐਸ. ਡੀ. ਓ., ਫਾਜ਼ਲਕਾ ਦੇ ਨੋਟਿਸ ਵਿਚ ਲਿਆਂਦਾ ਗਿਆ ਹੈ ਲੇਕਿਨ ਗੌਰਮਿੰਟ ਨੇ ਇਸ ਵਲ ਕੋਈ ਧਿਆਨ ਨਹੀਂ ਦਿੱਤਾ । ਇਸ ਸਬੰਧੀ ਸਰਕਾਰ ਨੂੰ ਬਿਆਨ ਦੇਣਾ ਚਾਹੀਦਾ ਹੈ ਕਿ ਇਨ੍ਹਾਂ ਗਰੀਬ ਮੁਜ਼ਾਰਿਆਂ ਨਾਲ ਜਾਣ ਬੁਝ ਕੇ ਕਿਉਂ ਜ਼ਿਆਦਤੀ ਕੀਤੀ ਜਾ ਰਹੀ ਹੈ ।

Mr. Speaker: This is admitted. The Government will make a statement.

The next notice of Call-Attention Motion (No. 10) stands in the name of Sardar Shangara Singh.

Sardar Shangara Singh: Sir, I beg to draw the attention of the Government towards an urgent matter of public importance, namely, that there is a great resentment amongst the candidates due to the non-declaration of the result of P. C. S. (Executive) Examination held in 1965. The Government should clarify the whole position in this respect and state the reasons for such a delay.

ਸ੍ਰੀ ਅ. ਵਿਸ਼ਵਨਾਥਨ : ਸਪੀਕਰ ਸਾਹਿਬ, ਅਰਜੈਂਟ ਮੈਟਰ ਔਫ ਪਬਲਿਕ ਇੰਪਾਰਟੈਂਸ ਕੀ ਹੈ ?

ਸ਼੍ਰੀ ਸਪੀਕਰ : ਇਨ੍ਹਾਂ ਤੋਂ ਤੇਜ਼ੀ ਨਾਲ ਕਿਹਾ ਗਿਆ ਹੈ । This is also admitted and Government will make a statement. (The hon. Member pronounced these words hastily. This is also admitted and Government will make a statement.)

ਸ਼੍ਰੀ ਮਨਮੋਹਨ ਕਾਲੀਆ : ਮੈਂ ਅਰਜ਼ ਕਰਦਾ ਹਾਂ ਕਿ ਮੈਂ ਇਕ ਕਾਲ-ਅਟੈਨਸ਼ਨ *ਮੋਸ਼ਨ ਦਿਤੀ ਸੀ ਹੁਣੇ ਜੁਵਾਬ ਆਇਆ ਹੈ ਕਿ ਉਹ ਡਿਸਅਲਾਉ ਕਰ ਦਿੱਤੀ ਗਈ ਹੈ ਕਿਉਂਕਿ ਮਨਿਸਟਰ ਸਾਹਿਬ ਨੇ ਇਸ ਬਾਰੇ 29 ਫਰਵਰੀ, 1968 ਨੂੰ ਜੁਵਾਬ ਹਾਊਸ ਵਿਚ ਦੇ ਦਿੱਤਾ ਸੀ । ਇਸ ਕਰਕੇ ਡਿਸਅਲਾਉ ਕੀਤਾ ਹੈ । ਮੈਂ ਜੋ ਮਸਲਾ ਹੁਣ ਰੱਖਿਆ ਹੈ ਉਹ ਇਹ ਹੈ ਕਿ ਭੁਖ ਹੜਤਾਲੀਏ 11 ਮਈ, 1968 ਤੋਂ ਬੈਠੇ ਹੋਏ ਹਨ ਅਤੇ ਦੂਜਾ ਜਥਾ 20 ਮਈ, 1968 ਤੋਂ ਬੈਠਿਆ ਹੋਇਆ ਹੈ । ਕਾਲ-ਅਟੈਨਸ਼ਨ ਮੋਸ਼ਨ 29 ਫਰਵਰੀ, 1968 ਤੋਂ ਬਾਦ ਦੀ ਹੈ । ਇਸ ਲਈ, ਜਨਾਬ, ਇਸ ਨੂੰ ਅਲਾਉ ਕਰਨਾ ਚਾਹੀਦਾ ਹੈ ।

(*Interruptions and Noise in the House*)

Mr. Speaker I won't allow this. This is not the practice of the House to allow things like this.

ਸ਼੍ਰੀ ਮਨਮੋਹਨ ਕਾਲੀਆ : ਮੇਰੀ ਪ੍ਰਾਰਥਨਾ ਇਹ ਨਹੀਂ ਕਿ ਡਿਸਅਲਾਉ ਕਰੋ ਜਾਂ ਅਲਾਉ ਕਰੋ ...... (ਸ਼ੋਰ)

ਸ਼੍ਰੀ ਸਪੀਕਰ : ਤੁਸੀਂ ਲਿਖ ਕੇ ਭੇਜ ਦਿਉ । ਜਾਂ ਆਕੇ ਗੱਲ ਕਰ ਲਵੋ (You send it in writing or have a talk personally with me.)

ਸ਼੍ਰੀ ਸਤ ਪਾਲ ਡਾਂਗ : ਇਸ ਸਬਜੈਕਟ ਉਤੇ ਮੈਂ ਐਡਜਰਨਮੈਂਟ **ਮੋਸ਼ਨ ਦਿੱਤੀ ਸੀ । ਮੈਂ ਤੁਹਾਡੇ ਚੈਂਬਰ ਵਿਚ ਗਿਆ ਸੀ । ਤੁਸੀਂ ਉਥੇ ਐਗਰੀ ਕੀਤਾ ਸੀ ਕਿ ਇਸ ਤੇ

---

*Shri Manmohan Kalia M.L.A, and Comrade Harkishan Singh Surjeet M.L.A. We want to draw the attention of the Governments towards an urgent matter of public importance, arising out of hunger strike since 11th May, 1968 by Shri Jaswant Singh Samra, General Secretary, Punjab Roadways and Shri Gurbax Singh, President, Chandigarh branch of Punjab Roadways against the attitude of the Punjab Government in the matter of service and bonus of the Roadways employees and in particular against the inhuman. illegal, and discriminatory behaviour of the General Manager, Punjab Roadways, Jullundur Depot in refusing to take back on service most of the employees who had taken part in the General Strike of the Punjab Roadways and the calous behaviour of the Government in not taking immediate steps to save the lives of the aforesaid Shri Jaswant Singh Samra and Shri Gurbux Singh who are lying in precarious condition at Chandigarh with imminent danger to their lives. The Transport Minister should be requested to make immediate statement.

**Please refer to foot note on the next page.

ਕਾਲ-ਅਟੈਨਸ਼ਨ ਮੋਸ਼ਨ ਐਡਮਿਟ ਕਰ ਲਵਾਂਗੇ । ਤੇ ਹੁਣ ਤੁਸੀਂ ਇਸ ਨੂੰ ਤੇ ਕਾਲੀਆ ਸਾਹਿਬ, ਦੀ ਅਡਜਰਨਮੈਂਟ ਮੋਸ਼ਨ ਨੂੰ ਕਾਲ ਅਟੈਨਸ਼ਨ ਮੋਸ਼ਨ ਵਿਚ ਐਡਮਿਟ ਕਰ ਲਉ ।

Mr. Speaker: I hold the same opinion what I told the hon. Member in my Chamber.

Shri Manmohan Kalia: Sir, the matter arises out of......

Mr. Speaker: Admitted as Call-Attention Motions and the Govenment will make a statement.

ADJOURNMENT MOTIONS

ਸ੍ਰੀ ਅ. ਵਿਸ਼ਵਨਾਥਨ : ਲੁਧਿਆਣੇ ਵਿਚ ਪੁਲਿਸ ਦੁਆਰਾ ਮੰਦਰ ਗਿਰਾਣ ਦੇ ਸਿਲਸਿਲੇ ਵਿਚ 16 ਤਾਰੀਖ ਨੂੰ ਬਾਈ ਪੋਸਟ ਐਡਜਰਨਮੈਂਟ ਮੋਸ਼ਨ ਭੇਜੀ ਸੀ । ਕਲ ਤੁਸੀਂ ਕਿਹਾ ਸੀ ਕਿ ਇਹ ਮੋਸ਼ਨ ਮਿਲੀ ਨਹੀਂ ਇਹ ਮੋਸ਼ਨ ਅੱਜ ਪੇਸ਼ ਹੋਣੀ ਚਾਹੀਦੀ ਸੀ !

ਸ਼੍ਰੀ ਸਪੀਕਰ : ਇਹ ਮੋਸ਼ਨ ਅੱਜ 11-30 ਵਜੇ ਮਿਲੀ ਹੈ । ਸਾਨੂੰ ਇਸ ਨੂੰ ਲੈਣ ਲਈ ਪੈਸੇ ਵੀ ਹੋਰ ਲਾਉਣੇ ਪਏ ਹਨ ਕਿਉਂਕਿ ਇਹ ਬੈਰੰਗ ਹੋ ਗਈ ਸੀ । (This motion was received by the office at 11.30 A.M. to-day. We had to pay some amount in order to get it because the letter was under-stamped.)

ਸ੍ਰੀ ਅ. ਵਿਸ਼ਵਨਾਥਨ : ਪੈਸੇ ਮੇਰੇ ਕੋਲੋਂ ਲੈ ਲਵੋ ਤੇ ਇਸ ਨੂੰ ਐਡਮਿਟ ਕਰ ਲਉ । ਐਡਜਰਨਮੈਂਟ ਮੋਸ਼ਨ ਪਬਲਿਕ ਇਨਟਰੈਸਟ ਵਿੱਚ ਹੈ । ਆਪ ਇਸ ਨੂੰ ਐਲਾਊ ਕਰ ਲਉ । ਐਲਾਊ ਕਰਨ ਵਾਸਤੇ $1\frac{1}{2}$ ਘੰਟੇ ਦੀ ਮੋਹਲਤ ਹੁੰਦੀ । ਹੈ ਪਰ ਇਹ ਮੋਸ਼ਨ ਤਾਂ ਤੁਹਾਨੂੰ 11-00 ਵਜੇ ਮਿਲ ਗਈ ਸੀ । ਇਸ ਲਈ ਇਸ ਨੂੰ ਐਲਾਊ ਕਰਨਾ ਚਾਹੀਦਾ ਹੈ ।

Mr. Speaker: I will see to it. I will examine it and let the hon. Members know..(ਸ਼ੋਰ)

ADJOURNMENT MOTION UNDER RULE 67

(No. 6)

(*Converted into Call-Attention Notice*)

**Comrade Satyapal Dang, and Comrade Bhan Singh Bhaura have given notice of their intention to move for the adjournment of the House to discuss a matter of utmost public importance, namely, the failure of the Government to reinstate all the employees of Punjab Roadways who went on strike from 26th February, 1968 to 1st March, 1968 because of refusal of the Government to honour an agreement it reached with the employees representatives regarding bonus.

The vindictive attitude adopted by the Government of Punjab and its refusal to reinstate all the employees have given rise to grave misgivings not only in the minds of the employees but also of general public as well.

It is widely suspected and feared that the Punjab Government are motivated with a view to benefit the private operators at the cost of the Punjab Roadways, a public undertaking.

Against the vindictive attitude of the Punjab Govenrment, two leaders of the Punjab Roadways employees have been on fast unto death for the last 10 days or so in Chandigarh and two more are resorting to similar fasts in Jullundur.

ਡਾਕਟਰ ਬਲਦੇਵ ਪ੍ਰਕਾਸ਼ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਮੇਰਾ ਪੁਆਇੰਟ ਆਫ ਆਰਡਰ ਇਹ ਹੈ, ਸਪੀਕਰ ਸਾਹਿਬ ਕਿ ਹੁਣੇ ਸਾਨੂੰ ਇਕ ਨੋਟਿਸ ਮਿਲਿਆ ਹੈ ਕਿ ਅਸੈਂਬਲੀ ਸਿਨੇ-ਡਾਈ ਐਡਜਰਨ ਹੋ ਰਹੀ ਹੈ । ਤੁਸੀਂ ਕਿਹਾ ਹੈ ਕਿ ਐਡਜਰਨਮੈਂਟ ਮੋਸ਼ਨ ਦੇਖ ਕੇ ਡਿਸੀਜ਼ਨ ਦਿਆਂਗਾ ਜੇ ਸਭਾ ਹੁਣ ਸਾਈਨੇ ਡਾਈ ਐਡਜਰਨ ਹੋ ਜਾਂਦੀ ਹੈ ਤਾਂ ਤੁਸੀਂ ਕਦ ਦੇਖੋਗੇ । ਐਡਜਰਨਮੈਂਟ ਮੋਸ਼ਨ 2½ ਘੰਟੇ ਪਹਿਲਾਂ ਪਹੁੰਚ ਚੁੱਕੀ ਸੀ । ਮੈਂ ਤੁਹਾਨੂੰ ਰਿਕੁਐਸਟ ਕਰਾਂਗਾ ਕਿ ਗੌਰਮਿੰਟ ਨੂੰ ਕਹੋ ਕਿ ਉਹ ਇਸ ਤੇ ਧਿਆਨ ਦੇਵੇ । ਸਰਕਾਰ ਦੀ ਪੁਲਿਸ ਨੇ ਮਿਉਂਸੀਪਲ ਕਮੇਟੀ ਦੇ ਲੋਕਾਂ ਨਾਲ ਮਿਲ ਕੇ ਇਹ ਮੰਦਰ ਗਿਰਾ ਦਿੱਤਾ । ਅਸੀਂ ਚਾਹੁੰਦੇ ਹਾਂ ਕਿ ਪੰਜਾਬ ਵਿੱਚ ਕਿਸੇ ਕਿਸਮ ਦੀ ਕਮਿਊਨਲ ਟੈਨਸ਼ਨ ਕਰੀਏਟ ਨਾ ਹੋਵੇ । ਇਸ ਕਰਕੇ, ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਇਸ ਐਡਜਰਨਮੈਂਟ ਮੋਸ਼ਨ ਨੂੰ ਐਡਮਿਟ ਕਰੋ ਅਤੇ ਇਸ ਤੇ ਡਿਸਕਸ਼ਨ ਹੋਣੀ ਚਾਹੀਦੀ ਹੈ ।

Mr. Speaker: The Chief Minister will make a statement just now.

ਮੁੱਖ ਮੰਤਰੀ (ਸਰਦਾਰ ਲਛਮਣ ਸਿੰਘ ਗਿੱਲ) : ਸਪੀਕਰ ਸਾਹਿਬ, ਲੁਧਿਆਣੇ ਦੇ ਵਿੱਚ ਇਹ ਗੀਤਾ ਮੰਦਰ ਦੇ ਮੁਤਾਲਿਕ ਜੋ ਗੱਲ ਕਹੀ ਗਈ ਹੈ, ਮੈਂ ਇਸ ਦੇ ਸਾਰੇ ਕੇਸ ਨੂੰ ਦੇਖਿਆ ਹੈ । ਡੈਪੂਟੇਸ਼ਨ ਵੀ ਮੇਰੇ ਕੋਲ ਦੋ ਤਿੰਨ ਆਏ ਨੇ । ਮੈਂ ਉਨ੍ਹਾਂ ਦੀ ਮੁਕੰਮਲ ਤਸੱਲੀ ਕੀਤੀ ਹੈ । ਪੁਜ਼ੀਸ਼ਨ ਇਹ ਹੈ ਕਿ ਕੋਈ ਨਜ਼ੂਲ ਲੈਂਡ ਸੀ ਜੋ ਮਿਊਂਸੀਪਲ ਕਮੇਟੀ ਨੂੰ ਦਿੱਤੀ ਗਈ ਸੀ । ਮੈਨੂੰ ਪੂਰੀ ਤਰ੍ਹਾਂ ਯਾਦ ਨਹੀਂ 1954 ਜਾਂ 1956 ਵਿੱਚ ਕਿਸੇ ਸਾਲ ਵਿੱਚ ਉਨ੍ਹਾਂ ਨੂੰ ਦਿੱਤੀ ਗਈ । ਉਸ ਗੌਰਮਿੰਟ ਦੀ ਲੈਂਡ ਦੇ ਅੰਦਰ ਇਨ੍ਹਾਂ ਨੇ ਚਾਰ ਦੀਵਾਰੀ ਕਨਸਟ੍ਰਕਟ ਕਰਨੀ ਸ਼ੁਰੂ ਕਰ ਦਿੱਤੀ । ਬਗੈਰ ਕਿਸੇ ਪਰਮਿਸ਼ਨ ਦੇ, ਔਰ ਬਗੈਰ ਮਿਉਂਸੀਪਲ ਕਮੇਟੀ ਨੂੰ ਨਕਸ਼ਾ ਸਬਮਿਟ ਕਰਨ ਦੇ ਇਨ੍ਹਾਂ ਨੇ ਕੰਮ ਸ਼ੁਰੂ ਕਰ ਦਿੱਤਾ । ਇਨਸਪੈਕਟਰ ਉਸ ਜਗ੍ਹਾ ਗਿਆ । ਤਿੰਨ ਨੋਟਿਸਿਜ਼ ਇਨ੍ਹਾਂ ਨੂੰ ਦਿੱਤੇ ਗਏ ਜੋ ਲਾਅ ਦੇ ਮੁਤਾਬਿਕ ਜ਼ਰੂਰੀ ਸੀ । ਲੇਕਿਨ ਉਹ ਫਿਰ ਵੀ ਨਹੀਂ ਰੁਕੇ ਔਰ ਰਾਤ ਨੂੰ ਕੰਮ ਕਰਨਾ ਸ਼ੁਰੂ ਕਰ ਦਿੱਤਾ । (ਸ਼ੋਰ) (ਵਿਘਨ) ਮੈਂ ਆਪਣੇ ਦੋਸਤਾਂ ਨੂੰ ਕਹਾਂਗਾ (ਸ਼ੋਰ) ਕਿਉਂਕਿ ਉਨ੍ਹਾਂ ਨੇ ਜ਼ਬਰਦਸਤੀ ਕੀਤੀ । ਬਗੈਰ ਕਿਸੇ ਨਕਸ਼ੇ ਦੇ ਔਰ ਬਗੈਰ ਗੌਰਮਿੰਟ ਦੀ ਇਜਾਜ਼ਤ ਦੇ ਉਨ੍ਹਾਂ ਨੇ ਇਹ ਕੰਮ ਸ਼ੁਰੂ ਕੀਤਾ ਸੀ ਇਸ ਲਈ ਉਸ ਦੀਵਾਰ ਨੂੰ ਗਿਰਾ ਦਿੱਤਾ ਹੈ । (ਵਿਘਨ) ਮੇਰੇ ਨਾਲ ਉਸ ਮੰਦਰ ਦੇ ਆਦਮੀ ਸਨ ਅਤੇ ਮਿਊਂਸੀਪਲ ਕਮਿਸ਼ਨਰ ਵੀ ਸੀ । ਉਨ੍ਹਾਂ ਨੇ ਆਪਣੇ ਕਮਰੇ ਵਿਚ ਬੈਠ ਕੇ ਫਾਈਲਾਂ ਵੇਖੀਆਂ । ਪੂਰੀ ਸੈਟਿਸਫੈਕਸ਼ਨ ਨਾਲ ਗੌਰਮਿੰਟ ਨੇ ਐਕਸ਼ਨ ਲਿਆ ਹੈ (ਵਿਘਨ) (ਸ਼ੋਰ)

ਸ੍ਰੀ ਅ. ਵਿਸ਼ਵਨਾਥਨ : ਸਪੀਕਰ ਸਾਹਿਬ; ਮੈਂ ਇਸਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਇਹ ਇਥੇ ਗਲਤ ਬਿਆਨੀਆਂ ਕਰ ਰਹੇ ਹਨ । ਮੈਂ ਇਸ ਤੇ ਕੁਝ ਕਹਿਣਾ ਚਾਹੁੰਦਾ ਹਾਂ । ਇਸ ਐਡਜਰਨਮੈਂਟ ਮੋਸ਼ਨ ਤੇ ਡਿਸਕਸ਼ਨ ਹੋਣੀ ਚਾਹੀਦੀ ਹੈ । ਬਾਤ ਇਹ ਹੈ ਜੀ ਇਹ ਜੋ ਜ਼ਮੀਨ ਹੈ (ਵਿਘਨ) (ਸ਼ੋਰ)

Chief Minister (Sardar Lachhman Singh Gill): Sir, h can ask only one question in this regard.

Shri A. Vishwanathan: It is not a Call-Attention Motion. The Chief Minister should know the Rules of Procedure and Conduct of Business in the Punjab Legislative Assembly. He is a Chief Minister. It is an Adjournment Motion. I have every right to raise a discussion.

Mr. Speaker : No. My dear Vishwanathan, I have not allowed the Adjournment Motion. How can you raise discussion ? Mr. Vishwa Nathan, you can ask only one question.

(*At this stage Shri A. Vishwanathan again rose in his seat*)

Chief Minister : I rise on a point of order, Sir. The hon. Member has no right to say anything.

ਡਾਕਟਰ ਬਲਦੇਵ ਪਰਕਾਸ਼: ਇਸਦੀ ਸਹੀ ਪੁਜੀਸ਼ਨ ਹਾਊਸ ਦੇ ਸਾਹਮਣੇ ਆਉਣੀ ਚਾਹੀਦੀ ਹੈ।

Mr. Speaker : How can I allow him to read his Adjournment Motion. (*Interruption*). Mr. Vishwanathan, I cannot allow the Adjournment Motion. I have not allowed it so far. When I allow it, you can certainly raise discussion on it.

Shri A. Vishwanathan ; Sir, It is a matter of urgent importance.

Mr. Speaker : But under what Rule I should allow you ?

ਸ੍ਰੀ ਅ. ਵਿਸ਼ਵਨਾਥਨ : ਸਪੀਕਰ ਸਾਹਿਬ, ਤੁਸੀਂ ਚੀਫ ਮਨਿਸਟਰ ਨੂੰ ਸਟੇਟਮੈਂਟ ਦੇਣ ਦੀ ਇਜਾਜ਼ਤ ਦਿਤੀ ਹੈ । Why should he give one side of the picture and a wrong and distorted side of the picture ?

ਮੁਖ ਮੰਤਰੀ : ਸਪੀਕਰ ਸਾਹਿਬ, ਮੈਂ ਜੋ ਸਟੇਟਮੈਂਟ ਦਿਤੀ ਹੈ ਇਹ ਬਿਲਕੁਲ ਠੀਕ ਹੈ । ਇਹ ਕਹਿੰਦੇ ਹਨ ਕਿ ਚੀਫ ਮਨਿਸਟਰ ਅਤੇ ਮਨਿਸਟਰਜ਼ ਗਲਤ ਬਿਆਨੀਆਂ ਕਰਦੇ ਹਨ । ਇਹ ਸਾਬਤ ਕਰਕੇ ਦਿਖਾਉਣ ਜੋ ਗੱਲ ਗਲਤ ਕਹੀ ਗਈ ਹੈ । (ਵਿਘਨ)

ਸ੍ਰੀ ਅ. ਵਿਸ਼ਵਨਾਥਨ : ਇਨ੍ਹਾਂ ਨੇ ਕਿਹਾ ਹੈ ਕਿ ਸਾਬਤ ਕਰੋ । ਸਪੀਕਰ ਸਾਹਿਬ ਜੇ ਇਜਾਜ਼ਤ ਦਿਉ ਤਾਂ ਮੈਂ ਸਾਬਤ ਕਰਾਂ ।

ਸ੍ਰੀ ਸਪੀਕਰ : ਸਰਦਾਰ ਬਲਵੰਤ ਸਿੰਘ ਨੇ ਇਕ ਕਾਲ-ਅਟੈਨਸ਼ਨ ਮੋਸ਼ਨ ਦਿਤੀ ਹੈ । ਤੁਸਾਂ ਵੀ ਐਡਜਰਨਮੈਂਟ ਮੋਸ਼ਨ ਦਿਤੀ ਹੈ । ਸੋ ਤੁਸੀਂ ਸਵਾਲ ਕਰਨ ਵੇਲੇ ਉਨ੍ਹਾਂ ਨਾਲ ਫ਼ੈਸਲਾ ਕਰ ਲਵੋ (ਵਿਘਨ) (Sardar Balwant Singh has given notice of a Call Attention Motion and you have also given notice of an Adjournment Motion. So you may please consult him before putting any question.)

ਸ੍ਰੀ ਅ. ਵਿਸ਼ਵਨਾਥਨ : ਸਪੀਕਰ ਸਾਹਿਬ, ਮੈਂ ਤਾਂ ਇਕੋ ਹੀ ਸਵਾਲ ਪੁਛਦਾ ਹਾਂ ; ਪਹਿਲਾਂ ਮੈਂ ਪਾਰਟ ਏ ਪੁਛਦਾ ਹਾਂ (ਸ਼ੋਰ) ਕੀ ਇਹ ਠੀਕ ਹੈ ਕਿ ਇਹ ਜ਼ਮੀਨ ਪਹਿਲੇ ਡੀਫੈਂਸ ਡਿਪਾਰਟਮੈਂਟ ਕੋਲ ਸੀ ਫਿਰ ਪੀ. ਡਬਲਿਊ. ਡੀ. ਦੇ ਪਾਸ ਆ ਗਈ, ਫਿਰ 1954 ਵਿਚ ਮਿਉਂਸੀਪਲ ਕਮੇਟੀ ਦੇ ਪਾਸ ਆ ਗਈ ਜਿਸ ਤੇ ਗੀਤਾ ਮੰਦਰ ਬਣਾਇਆ ਗਿਆ ?

(ਬੀ) ਕੀ ਇਹ ਠੀਕ ਹੈ ਕਿ ਗੀਤਾ ਮੰਦਰ ਦੀ ਰਾਮ ਲੀਲ੍ਹਾ ਕਮੇਟੀ ਵਾਲੇ 7 ਤਰੀਕ ਨੂੰ ਐਗਜ਼ੈਕਟਿਵ ਅਫ਼ਸਰ ਨੂੰ ਮਿਲੇ ਉਸਨੇ ਕਿਹਾ ਕਿ ਮੰਡੇ ਨੂੰ ਮੈਨੂੰ ਮਿਲੋ ਫਿਰ ਮੈਂ ਫ਼ੈਸਲਾ ਦਿਆਂਗਾ। (ਸ਼ੋਰ)

(ਸੀ) ਉਸੀ ਮੰਡੇ ਨੂੰ ਦੋ-ਤਿੰਨ ਸੌ ਪੁਲਿਸ ਦੇ ਆਦਮੀ ਲਿਆਕੇ ਗੀਤਾ ਮੰਦਰ ਨੂੰ ਗਿਰਾ ਦਿਤਾ ਗਿਆ। (ਸ਼ੋਰ) (ਵਿਘਨ)

(ਡੀ) ਪਾਰਟ ਡੀ ਇਹ ਹੈ ਕਿ.... (ਸ਼ੋਰ) (ਵਿਘਨ)

ਆਵਾਜ਼ਾਂ: ਕੀ ਇਹ ਇਕ ਸਵਾਲ ਹੈ ?

ਸ੍ਰੀ ਸਪੀਕਰ : ਅਗਰ ਆਪ ਨੇ ਇਸੀ ਤਰ੍ਹਾਂ ਬੀਹੇਵ ਕਰਨਾ ਹੈ ਤਾਂ ਮੈਂ ਵਾਰਨ ਕਰਦਾ ਹਾਂ ਕਿ ਇਹ ਏ:, ਬੀ., ਸੀ., ਡੀ... ਨਾ ਕਰੋ। I do not allow like that. (ਸ਼ੋਰ) (ਵਿਘਨ)। (If you behave like that then I warn you that you sho ld not ask these A.B.C.D. etc. I do not allow like that.)

ਸਰਦਾਰ ਗੁਰਨਾਮ ਸਿੰਘ : ਸਪੀਕਰ ਸਾਹਿਬ, ਤੁਸੀਂ ਵੀ ਤਾਂ ਸਵਾਲਾਂ ਵਿਚ ਪਾਰਟ ਏ., ਬੀ., ਸੀ., ਡੀ. ਐਡਮਿਟ ਕਰਦੇ ਹੋ, ਤੁਸੀਂ ਵੀ ਨਾ ਕਰਿਆ ਕਰੋ।

ਸ੍ਰੀ ਅ. ਵਿਸ਼ਵਨਾਥਨ : ਸਪੀਕਰ ਸਾਹਿਬ, ਮੈਂ ਏ. ਬੀ. ਸੀ. ਡੀ.—

(ਸ਼ੋਰ) (ਵਿਘਨ)

Mr. Speaker: I say you have asked the questions. Let the Minister reply now.

ਸ੍ਰੀ ਅ. ਵਿਸ਼ਵਨਾਥਨ : ਸਪੀਕਰ ਸਾਹਿਬ, ਗੀਤਾ ਮੰਦਰ ਜੋ 70 ਸਾਲ ਪੁਰਾਣਾ ਹੈ ਔਰ ਉਸਨੂੰ ਚੀਫ਼ ਮਨਿਸਟਰ ਨੇ ਡੀਮਾਲਿਸ਼ ਕੀਤਾ ਹੈ। (ਸ਼ੋਰ) (ਵਿਘਨ)

ਮੁੱਖ ਮੰਤਰੀ : ਗਲ ਤਾਂ ਖੈਰ ਕੋਈ ਨਹੀਂ ਸੀ। ਮੈਂ ਅਰਜ਼ ਕਰਦਾ ਹਾਂ ਕਿ ਮੰਦਰ ਨੂੰ ਬਿਲਕੁਲ ਨਹੀਂ ਛੇੜਿਆ ਗਿਆ। ਚਾਰ ਦੀਵਾਰੀ ਕਿਉਂਕਿ ਅਨਆਥੋਰਾਈਜ਼ਡ ਜਗਾਹ ਤੇ ਸੀ ਔਰ ਗੌਰਮਿੰਟ ਦੀ ਜਗਾਹ ਤੇ ਬਣੀ ਹੋਈ ਸੀ, ਇਸ ਲਈ ਉਸਨੂੰ ਗਿਰਾਉਣਾ ਸਾਡਾ ਫਰਜ਼ ਸੀ ਔਰ ਮੈਂ ਗਿਰਾਇਆ ਹੈ। (ਸ਼ੋਰ) ਮੈਂ ਆਪਣੀ ਇਸ ਸਟੇਟ ਵਿਚ ਕੋਈ ਵੀ ਇਹੋ ਜਿਹੀ ਅਨਆਥੋਰਾਈਜ਼ਡ ਗਲ ਸਹਿਣ ਨੂੰ ਤਿਆਰ ਨਹੀਂ। (ਵਿਘਨ)

ਸ੍ਰੀ ਅ. ਵਿਸ਼ਵਨਾਥਨ : ਸਪੀਕਰ ਸਾਹਿਬ, ਇਕ ਕਮੇਟੀ ਬਣਾ ਦਿਤੀ ਜਾਵੇ ਜੋ ਇਸ ਬਾਰੇ ਆਪਣੀ ਰਿਪੋਰਟ ਪੇਸ਼ ਕਰੇ। ਮੈਂ ਚੀਫ਼ ਮਨਿਸਟਰ ਨੂੰ ਚੈਲੰਜ ਕਰਦਾ ਹਾਂ ਕਿ ਜੇ ਮੈਂ ਗਲਤ ਬਿਆਨੀ ਕਰਦਾ ਹਾਂ ਤਾਂ ਮੈਂ ਮੈਂਬਰੀ ਛਡਣ ਨੂੰ ਤਿਆਰ ਹਾਂ ਔਰ ਜੇ ਚੀਫ਼ ਮਨਿਸਟਰ ਗਲਤ ਬਿਆਨੀ ਕਰਦੇ ਹਨ ਤਾਂ ਇਹ ਵੀ ਗੱਦੀ ਛਡਣ ਲਈ ਤਿਆਰ ਹੋਣ। (ਸ਼ੋਰ)

ਡਾਕਟਰ ਬਲਦੇਵ ਪਰਕਾਸ਼ : ਸਪੀਕਰ ਸਾਹਿਬ, ਚੀਫ਼ ਮਨਿਸਟਰ ਨੇ ਕਿਹਾ ਹੈ ਕਿ ਮੰਦਰ ਨੂੰ ਹੱਥ ਨਹੀਂ ਲਾਇਆ ਔਰ ਚਾਰ ਦੀਵਾਰੀ ਨੂੰ ਛੇੜਿਆ ਹੈ । ਲੇਕਿਨ ਮੇਰੇ ਮਿੱਤਰ ਨੇ ਕਿਹਾ ਹੈ ਕਿ ਇਹ ਗਲਤ ਹੈ । ਇਸ ਲਈ ਸਪੀਕਰ ਸਾਹਿਬ, ਜਾਂ ਤਾਂ ਕਮੇਟੀ ਮੁਕੱਰਰ ਕਰ ਦਿਤੀ ਜਾਵੇ ਜਾਂ ਆਪ ਜਾ ਕੇ ਮੌਕਾ ਵੇਖੋ । (ਸ਼ੋਰ) ਇਹ ਜੋ ਬਿਆਨ ਦਿਤੇ ਜਾ ਰਹੇ ਹਨ ਇਨ੍ਹਾਂ ਦੀ ਸਚਾਈ ਦਾ ਹਾਉਸ ਨੂੰ ਪਤਾ ਲਗਣਾ ਚਾਹੀਦਾ ਹੈ ਕਿ ਕੀ ਚੀਫ਼ ਮਨਿਸਟਰ ਠੀਕ ਕਹਿੰਦੇ ਹਨ ਜਾਂ ਮੈਂਬਰ ਠੀਕ ਕਹਿ ਰਿਹਾ ਹੈ । We leave it to you, Sir

Mr. Speaker : I will see myself. (*Cheers*)

ਮੁੱਖ ਮੰਤਰੀ : (ਲੀਡਰ ਆਫ਼ ਦੀ ਆਪੋਜ਼ੀਸ਼ਨ ਨੂੰ ਸੰਬੋਧਨ ਕਰਦੇ ਹੋਏ) ਤੁਸੀਂ ਆਪ ਹੀ ਜਾ ਕੇ ਦੇਖ ਲਉ ।

ਸਰਦਾਰ ਗੁਰਨਾਮ ਸਿੰਘ : ਸਪੀਕਰ ਸਾਹਿਬ, ਜੇ ਸਾਨੂੰ ਐਪੁਆਇੰਟ ਕਰ ਦੇਣ ਤਾਂ ਅਸੀਂ ਹੀ ਜਾ ਕੇ ਦੇਖ ਲਵਾਂਗੇ ।

ANNOUNCEMENT BY THE SECRETARY REGARDING CERTAIN BILLS

Secretary : I beg to lay on the Table of the House a statement showing the Bills which were passed by the Punjab State Legislature during its November—December, 1967 Session and which have since been assented to by the President of India/Governor of Punjab.

Statement showing the Bills which were passed by the Punjab State Legislature during its November December, 1967 Session and which have since been assented to by the President of India/Governor of Punjab

---

1. The Punjab Requisitioning and Acquisition of Immovable Property (Amendment) Bill, 1967.
2. The Punjab Local Authorities (Aided Schools) Amendment Bill, 1967.
3. The Punjab Cattle Fairs (Regulation) Bill, 1967.
4. The Punjab Ayurvedic and Unani Practitioners (Amendment and Validation) Bill, 1967.

PANEL OF CHAIRMEN

Mr. Speaker: Under Rule 13(1) of the Rules of Procedure and Conduct of Business in the Punjab Legislative Assembly, I nominate the following members to serve on the Panel of Chairmen :—

(1) Pt. Mohan Lal
(2) Shri Lal Chand Suberwal
(3) Shri Surjit Singh (Barnala)
(4) Dr. Bhagat Singh

NO-CONFIDENCE MOTION AGAINST A DEPUTY MINISTER

ਡਾਕਟਰ ਬਲਦੇਵ ਪ੍ਰਕਾਸ਼ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਜਿਹੜੀ ਸੈਂਸਰ ਮੋਸ਼ਨ ਦਾ ਨੋਟਿਸ ਸ੍ਰੀ ਹਰਬੰਸ ਲਾਲ ਜੀ ਨੇ ਦਿੱਤਾ ਹੋਇਆ ਹੈ ਉਸ ਬਾਰੇ ਟਾਈਮ ਫ਼ਿਕਸ ਕਰਨਾ ਸੀ । ਇਥੇ ਤਾਂ ਸਾਇਨੇ ਡਾਈ ਦੀ ਮੋਸ਼ਨ ਵੀ ਆ ਗਈ ਹੈ, ਉਸ ਸੈਂਸਰ ਮੋਸ਼ਨ ਬਾਰੇ ਕੀ ਹੋਇਆ ਹੈ ?

ਸ੍ਰੀ ਸਪੀਕਰ : ਸਾਇਨੇ ਡਾਈ ਦੀ ਮੋਸ਼ਨ ਮੇਰੇ ਪਾਸ ਤਾਂ ਕੋਈ ਨਹੀਂ ਆਈ । (I have not received the Motion for the adjournment of the House *sine die* yet.)

ਆਪੋਜ਼ੀਸ਼ਨ ਵਲੋਂ ਬਹੁਤ ਸਾਰੇ ਮਾਨਯੋਗ ਮੈਂਬਰ : ਸਾਡੇ ਪਾਸ ਤਾਂ ਆ ਗਈ ਹੈ ।

ਸਰਦਾਰ ਗੁਰਨਾਮ ਸਿੰਘ : ਇਹ ਵੇਖੋ, ਸਾਡੇ ਕੋਲ ਇਹ ਸਰਕੂਲੇਟ ਵੀ ਹੋ ਗਈ ਹੈ ।

ਸ੍ਰੀ ਸਪੀਕਰ : ਮੇਰੇ ਕੋਲ ਕੋਈ ਨਹੀਂ ਆਈ । (I have not received it)
(ਵਿਘਨ)

ਮੁੱਖ ਮੰਤਰੀ : ਸਾਈਨੇ ਡਾਈ ਤਾਂ ਤਦ ਹੋਵੇਗੀ ਜਦ ਮੈਂ ਮੂਵ ਕਰਾਂਗਾ । ਬਾਕੀ ਮੈਂ ਆਪਣੇ ਉਨ੍ਹਾਂ ਦੋਸਤਾਂ ਨੂੰ ਇਸ ਗੱਲ ਦਾ ਯਕੀਨ ਦਿਵਾਉਂਦਾ ਹਾਂ ਕਿ ਤੁਹਾਨੂੰ ਐਨ ਨਿੱਸਲ ਕਰਕੇ ਜਾਵਾਂਗੇ (ਵਿਘਨ)

ਸਰਦਾਰ ਗੁਰਨਾਮ ਸਿੰਘ : ਮੇਰਾ ਖ਼ਿਆਲ ਹੈ ਕਿ ਅਸੀਂ ਚੀਫ਼ ਮਨਿਸਟਰ ਨੂੰ ਅੱਛੀ ਤਰ੍ਹਾਂ ਨਿਸਲ ਕਰਕੇ ਕਢਾਂਗੇ (ਸ਼ੋਰ) ਚੰਗੀ ਤਰ੍ਹਾਂ ਨਿੱਸਲ ਕਰਕੇ ਕਢਾਂਗੇ । (ਵਿਘਨ)

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਇਨ੍ਹਾਂ ਨੂੰ ਬੇਨਤੀ ਕੀਤੀ ਜਾਵੇ ਕਿ ਇਸ ਲਫ਼ਜ਼ ਨੂੰ ਵਾਪਸ ਲੈਣ । ਕਲ੍ਹ ਤਾਂ ਇਹ ਕੁਛ ਹੋਰ ਕਹਿੰਦੇ ਸਨ ਕਿ ਇਜਲਾਸ ਇਸ ਕਰਕੇ ਨਹੀਂ ਬੁਲਾਇਆ, ਇਜਲਾਸ ਕਿਸੇ ਹੋਰ ਮਤਲਬ ਵਾਸਤੇ ਬੁਲਾਇਆ ਹੈ ਕਿਉਂਕਿ ਹਾਊਸ ਦੇ ਸਾਹਮਣੇ ਬਿਜ਼ਨੇਸ ਹੈ ਔਰ ਅੱਜ ਕਹਿਦੇ ਹਨ ਕਿ ਸਾਨੂੰ ਨਿੱਸਲ ਕਰਨ ਲਈ ਇਜਲਾਸ ਸਦਿਆ ਹੈ (ਵਿਘਨ)

ਮੁੱਖ ਮੰਤਰੀ : ਨਿੱਸਲ ਦੇ ਮਹਿਨੇ, ਮੇਰੇ ਨੁਕਤਾ ਨਿਗਾਹ ਨਾਲ, ਹਵਾ ਫੁਲ ਕਰਨਾ ਹੈ । ਜੇ ਤੁਹਾਨੂੰ ਇਸ ਉਤੇ ਕੋਈ ਇਤਰਾਜ਼ ਹੈ ਤਾਂ ਮੈਂ ਇਹ ਲਫ਼ਜ਼ ਵਾਪਸ ਲੈਂਦਾ ਹਾਂ ।

चौधरी बलबीर सिंह : ग्रान ए प्वायंट ग्राफ ग्रार्डर सर । ग्रध्यक्ष महोदय, मैं ग्राप की रूलिंग इस बात पर चाहता हूं कि यहां पर कोई ग्रानरेबल मैम्बर कोई शब्द कहे क्या उस के मायने वह ठीक माने जाएंगे जो कि वह खुद ठीक समझता हो या उस के वह मायने ठीक समझे जाएंगे जो कि डिक्शनरी में हों । ग्राप इस सम्बन्ध में अपनी राए दें क्योंकि कल को मैं एक लफज़ कह देता हूं । मैं कह देता हूं कि मेरे कहने के मुताबिक इस के मायने यह हैं और डिक्शनरी कुछ और कहती है अगर इस बारे में ग्राप अपना फैसला नहीं देंगे तब तक इस से गड़बड़ हो जाएगी इस तरह तो हर ग्रादमी अपने तौर पर हर लफज़ का कोई और मायने लेगा, जब कि डिक्शनरी में कोई और ही मायने होंगे । ग्राप इस सम्बन्ध में अपनी वाजे रूलिंग दें ।

ਸ਼੍ਰੀ ਸਪੀਕਰ : ਚੌਧਰੀ ਸਾਹਿਬ, ਤੁਸੀਂ ਪਹਿਲੇ ਪੰਜਾਬੀ ਪੜ੍ਹ ਲਓ ਤੇ ਤੁਹਾਨੂੰ ਨਿੱਸਲ ਦੇ ਮਾਇਨੇ ਵੀ ਆਪਣੇ ਆਪ ਆ ਜਾਣਗੇ । (Addressing hon. Member Chaudhri Balbir Singh : The hon. Member should first learn Punjabi language. Then he will come to know the meanings of the word 'Nissal'.)

चौधरी बलबीर सिंह : ग्रध्यक्ष महोदय, जितनी मैं पंजाबी जानता हूं उतनी तो शायद वह भी नहीं जानते होंगे । ग्राप देखें कि उन्होंने एक लफज़ कहा और फिर यह कहा कि मैं इस के मायने यह समझता हूं । उन्होंने यह भी कहा कि अगर इस के कोई और मायने हों तो मैं यह शब्द वापस लेता हूं । मुझे एतराज़ तो उस तरीके पर है जिस तरीके से उन्होंने कहा । सवाल यह नहीं है । सवाल तो यह है कि जो लफज़ यहां पर कहे जाएं क्या उन के मायने वह सही समझे जाएंगे जो कि डिक्शनरी में हों या कि वह जो कि ग्रानरेबल मैम्बर सही समझते हों । इस बात पर मैं ग्राप की रूलिंग चाहता हूं ।

ਮੁੱਖ ਮੰਤਰੀ : ਮੈਂ ਨਿਹਾਇਤ ਜ਼ਿੰਮੇਵਾਰੀ ਨਾਲ ਕਹਿਣਾ ਚਾਹੁੰਦਾ ਹਾਂ ਕਿ 'ਨਿੱਸਲ' ਦੇ ਮਾਇਨੇ "ਅਰੇਂਜਮੈਂਟ" ਕਰਨਾ ਹੈ । (ਵਿਘਨ) ਮੈਂ ਕਿਹਾ ਸੀ ਕਿ ਨਿੱਸਲ ਕਰਕੇ ਭੇਜਾਂਗੇ । ਇਸ ਦੇ ਮਾਇਨੇ ਇਹ ਹਨ ਕਿ ਐਰੇਂਜਮੈਂਟ ਕਰਕੇ ਭੇਜਾਂਗੇ (ਵਿਘਨ)

Mr. Speaker: Now the Minister to move the Bill.

Minister for Co-operation and Parliamentary Affairs (Ch. Kartar Singh) Sir, I beg to introduce the Punjab Legislative Assembly (Allowances of Members)........(*Interruptions and noise*).

ਡਾਕਟਰ ਬਲਦੇਵ ਪ੍ਰਕਾਸ਼ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਜਿਹੜੀ ਸੈਂਸਰ ਮੋਸ਼ਨ ਦਾ ਨੋਟਿਸ ਸ੍ਰੀ ਹਰਬੰਸ ਲਾਲ ਜੀ ਨੇ ਦਿੱਤਾ ਹੋਇਆ ਹੈ ਉਸ ਦਾ ਕੀ ਬਣਿਆ ਹੈ ? ਉਸ ਬਾਰੇ ਕੋਈ ਫੈਸਲਾ ਨਹੀਂ ਹੋਇਆ । ਉਸ ਸਬੰਧ ਵਿਚ ਤੁਸਾਂ ਪੁਛਿਆ ਸੀ ਕਿ ਕਿਹੜੀ ਜਗਾਹ ਦਾ ਵਾਕਿਆ ਹੈ । ਇਹ ਅੰਮ੍ਰਿਤਸਰ ਦਾ ਵਾਕਿਆ ਹੈ ।

ਸ਼੍ਰੀ ਸਪੀਕਰ : ਡਾਕਟਰ ਸਾਹਿਬ, ਇਸ ਦੇ ਮੁਤਅਲੱਕ ਫਿਰ ਪਹਿਲਾਂ ਡਿਸਟ੍ਰਿਕਟ ਅਥਾਰਿਟੀਜ਼ ਨੂੰ ਪੁਛ ਲਈਏ । (Addressing Dr. Baldev Parkash : Then we should enquire from District authorities in this regard first.)

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਸੈਂਸਰ ਮੋਸ਼ਨ ਦਾ ਪ੍ਰੋਸੀਜਰ ਇਹ ਨਹੀਂ ਹੁੰਦਾ ਕਿ ਪਹਿਲੇ ਡਿਸਟ੍ਰਿਕਟ ਅਥਾਰਿਟੀਜ਼ ਨੂੰ ਪੁਛਿਆ ਜਾਵੇ । ਸੈਂਸਰ ਮੋਸ਼ਨ ਦਾ ਰੂਲ ਇਹ ਹੈ ਕਿ ਜਦੋਂ ਇਸ ਸਬੰਧ ਵਿਚ ਕੋਈ ਨੋਟਿਸ ਆਪ ਦੇ ਪਾਸ ਆਵੇ ਤਾਂ ਤੁਸੀਂ ਇਹ ਵੇਖਣਾ ਹੁੰਦਾ ਹੈ ਕਿ ਇਹ ਇਨ ਆਰਡਰ ਹੈ ਜਾਂ ਨਹੀਂ । ਇਹ ਨਹੀਂ ਕਿ ਤੁਸੀਂ ਪੁਛੋ ਕਿ ਵਾਕਿਆ ਹੋਇਆ ਹੈ ਜਾਂ ਨਹੀਂ ਜਾਂ ਕਿਥੇ ਹੋਇਆ ਹੈ ।

ਸ੍ਰੀ ਸਪੀਕਰ : ਅਗਰ ਉਹ ਗਲਤ ਹੋਵੇ ਤਾਂ ਫਿਰ ? (What will be the position if that is wrong ?)

ਸਰਦਾਰ ਗੁਰਨਾਮ ਸਿੰਘ : ਭਾਵੇਂ ਗਲਤ ਹੋਵੇ । ਸੈਂਸਰ ਮੋਸ਼ਨ ਭਾਵੇਂ ਗਲਤ ਇਨਸੀਡੈਂਟ ਤੇ ਆ ਜਾਵੇ ਤੁਹਾਨੂੰ ਉਹ ਹਾਊਸ ਅੱਗੇ ਪੁਟ ਕਰਨੀ ਪਵੇਗੀ ।

ਸ੍ਰੀ ਲਾਲ ਚੰਦ ਸੱਬਰਵਾਲ : ਸਪੀਕਰ ਸਾਹਿਬ, ਤੁਸੀਂ ਰੂਲ 65 ਨੂੰ ਪੜ੍ਹੋ ।

Sardar Gurnam Singh: You cannot go beyond it. Rule 65 of the Rules of Procedure and Conduct of Business in the Punjab Legislative Assembly is clear, which says:

(1) "A motion expressing want of confidence in, or disapproving the policy in a particular respect of a Minister or the Ministry as a whole, may be made, subject to the following restrictions, namely :—

* * * * * *

(2) If the Speaker is of the opinion that the motion is in order he shall read the motion to the Assembly and shall request those members who are in favour of leave being granted to rise in their places, and if not less than one fifth of the then existing strength of the members of the House, rise accordingly, the Speaker shall intimate that the leave is granted and that the motion will be taken on such day, not being more than ten days from the day on which the leave is asked, as he may appoint........"

So you have to put it to the Assembly. It is not that type of case where you should make enquiry.

ਟਰਾਂਸਪੋਰਟ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਮਜੀਠਾ) : ਉਨ੍ਹਾਂ ਨੂੰ ਇਸ ਬਾਰੇ ਐਗਜ਼ਾਮਿਨ ਕਰ ਲੈਣ ਦਿਉ ।

ਵਿੱਤ ਮੰਤਰੀ (ਡਾਕਟਰ ਜਗਜੀਤ ਸਿੰਘ) : ਅਗਰ ਸਪੀਕਰ ਸਾਹਿਬ ਸਮਝਣ ਕਿ ਤੁਹਾਡੀ ਗੱਲ ਗਲਤ ਹੈ ਤਾਂ ਉਹ ਇਸ ਨੂੰ ਆਉਟ ਆਫ਼ ਆਰਡਰ ਵੀ ਕਰਾਰ ਦੇ ਸਕਦੇ ਹਨ ।

ਕੈਪਟਨ ਰਤਨ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ ।

ਆਪੋਜ਼ੀਸ਼ਨ ਵੱਲੋਂ ਆਵਾਜ਼ਾਂ : ਤੁਹਾਨੂੰ ਤਾਂ ਬੋਲਣੋਂ ਮਨਾਹ ਕੀਤਾ ਹੋਇਆ ਹੈ ।

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਜਿਸ ਤਰ੍ਹਾਂ ਲੀਡਰ ਆਫ਼ ਦੀ ਆਪੋਜ਼ੀਸ਼ਨ ਨੇ ਕਿਹਾ ਹੈ ਇਹ ਜਿਹੜੀ ਸੈਂਸਰ ਮੋਸ਼ਨ ਲਿਆਏ ਹਨ ਅਗਰ ਤੁਸੀਂ ਸਮਝਦੇ ਹੋ ਕਿ ਇਹ ਇਨ ਆਰਡਰ ਹੈ ਫਿਰ ਇਹ ਹਾਊਸ ਦੇ ਸਾਹਮਣੇ ਪੁਟ ਹੋਣੀ ਚਾਹੀਦੀ ਹੈ ।

[ਕੈਪਟਨ ਰਤਨ ਸਿੰਘ]

In case the requisite number of members rise in favour of it then let us admit it. But that should be done only if you feel it in order.

(*Cheers from the Opposition*)

Mr. Speaker : I have to satisfy myself whether it is in order.

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਇਨ ਆਰਡਰ ਦਾ ਮਤਲਬ ਇਹ ਹੁੰਦਾ ਹੈ ਕਿ ਤੁਸੀਂ ਵੇਖੋ ਕਿ ਸੈਂਸਰ ਮੋਸ਼ਨ ਦੀ ਵਰਡਿੰਗ ਠੀਕ ਹੈ ਜਾਂ ਨਹੀਂ ਇਹ ਨਹੀਂ ਕਿ ਹੈਪਨਿੰਗ ਹੋਈ ਹੈ ਜਾਂ ਨਹੀਂ । ਇਹ ਚੀਜ਼ ਮੈਂ ਕਲੀਅਰ ਕਰ ਦਿਆਂ । ਅੱਜ ਅਸੀਂ ਅਗਰ ਲਿਖ ਕੇ ਦੇ ਦਿੰਦੇ ਹਾਂ ਕਿ :

"This House expresses its want of confidence in the Ministry."

ਤਾਂ ਕੀ ਤੁਸੀਂ ਵੈਰੀਫਾਈ ਕਰਦੇ ਫਿਰੋਗੇ ਕਿ ਕੀ ਗੱਲ ਹੈ ? ਕੀ ਤੁਸੀਂ ਅੰਮ੍ਰਿਤਸਰ, ਜਲੰਧਰ ਜਾਂ ਲੁਧਿਆਣੇ ਭਜਦੇ ਫਿਰੋਗੇ ? ਸੋ ਤੁਸੀਂ ਤਾਂ ਇਹ ਵੇਖਣਾ ਹੈ ਕਿ ਮੋਸ਼ਨ ਦੀ ਵਰਡਿੰਗ ਠੀਕ ਹੈ ਕਿ ਨਹੀਂ, ਇਨ ਟਾਈਮ ਆਈ ਹੈ ਜਾਂ ਨਹੀਂ, ਰੂਲਜ਼ ਆਫ਼ ਪ੍ਰੋਸੀਜਰ ਦੇ ਮੁਤਾਬਿਕ ਹੈ ਜਾਂ ਨਹੀਂ । ਤੁਸਾਂ ਸਿਰਫ਼ ਇਹੀ ਚੀਜ਼ ਵੇਖਣੀ ਹੁੰਦੀ ਹੈ, ਇਹ ਨਹੀਂ ਕਿ ਤੁਸੀਂ ਕਲੈਰੀਫਾਈ ਕਰਵਾਉ ਕਿ ਫਲਾਨੇ ਬੰਦੇ ਦਾ ਕੰਡਕਟ ਕੈਸਾ ਹੈ, ਮਿਸਬੀਹੇਵੀਅਰ ਹੈ ਕਿ ਨਹੀਂ, ਮਿਸਕੰਡਕਟ ਹੈ ਕਿ ਨਹੀਂ, ਲੁਧਿਆਣੇ ਹੋਇਆ ਹੈ ਜਾਂ ਅੰਮ੍ਰਿਤਸਰ ਹੋਇਆ ਹੈ । ਇਨ ਆਰਡਰ ਦਾ ਮਤਲਬ ਇਹ ਹੈ ਕਿ ਰੂਲਜ਼ ਦੇ ਮੁਤਾਬਿਕ ਇਹ ਇਨ ਆਰਡਰ ਹੈ ਜਾਂ ਨਹੀਂ ।

Mr. Sepeaker : The Censure Motion reads as under;

"This House Censures the misbehaviour and mis-conduct of hon. Deputy Minister Shri Karnail Singh while interfering in an enquiry to be conducted by an Enquiry Officer against the conduct of a Medical Practitioner who happens to be a Government Servant........"

This was in the papers. Who wants to take the responsibility ?

ਡਾਕਟਰ ਬਲਦੇਵ ਪ੍ਰਕਾਸ਼ : ਰੈਸਪਾਂਸੀਬਿਲਿਟੀ ਹਾਊਸ ਲਵੇਗਾ ।

ਸ੍ਰੀ ਲਾਲ ਚੰਦ ਸੱਬਰਵਾਲ : ਜਿਹੜੇ ਮੈਂਬਰ ਇਸ ਦੀ ਸਪੋਰਟ ਵਿਚ ਖੜੇ ਹੋਣਗੇ— ਪਹਿਲੇ ਤਾਂ ਇਹ ਨੰਬਰ 35 ਸੀ ਅਤੇ ਹੁਣ ਤਾਂ 20/21 ਹੀ ਹੈ— ਉਨ੍ਹਾਂ ਦੀ ਜ਼ਿੰਮੇਵਾਰੀ ਹੈ ।

Mr. Speaker : The Censure Motion further reads as follows :—

"The Hon. Deputy Minister went on the spot and threatened the Enquiry Officer to stop the enquiry........"

ਸਹਿਕਾਰਤਾ ਮੰਤਰੀ (ਚੌਧਰੀ ਕਰਤਾਰ ਸਿੰਘ) : ਆਨ ਏ ਪੁਆਇੰਟ ਆਫ਼ ਆਰਡਰ, ਸਰ । ਮੇਰੀ ਅਰਜ਼ ਹੈ ਕਿ ਇਸ ਐਵਾਨ ਵਿਚ ਸਰਦਾਰ ਕਰਨੈਲ ਸਿੰਘ ਮਰਤ੍ਰੀ ਦੇ ਖਿਲਾਫ਼ ਕੋਈ ਮੋਸ਼ਨ ਨਹੀਂ ਆ ਸਕਦੀ ਕਿਉਂਕਿ ਇਹ ਮੈਟਰ ਸਬਜੁਡਿਸ ਹੈ । (ਵਿਘਨ) ਇਹ ਕੇਸ ਰਜਿਸਟਰ ਹੋ ਚੁਕਾ ਹੈ ਅਤੇ ਇਨਵੈਸਟੀਗੇਸ਼ਨ ਹੋ ਰਹੀ ਹੈ । (ਵਿਘਨ) ਆਪਣੀ ਤਸੱਲੀ ਕਰ ਲਉ । ਇਹ ਇਥੇ ਮੂਵ ਨਹੀਂ ਹੋ ਸਕਦੀ ਅਤੇ ਇਸ ਤੇ ਬਹਿਸ ਵੀ ਨਹੀਂ ਹੋ ਸਕਦੀ ।

Mr. Speaker : Now the Minister says that the case is under investigation and is sub-judice.

(*Voices from Opposition* : *No, no.*)

ਸ਼੍ਰੀ ਲਾਲ ਚੰਦ ਸਬਰਵਾਲ : ਸਪੀਕਰ ਸਾਹਿਬ ਮਰੜ੍ਹੀ ਸਾਹਿਬ, ਦੇ ਖਿਲਾਫ਼ ਕੋਈ ਕੇਸ ਰਜਿਸਟਰ ਨਹੀਂ ਹੈ । (ਵਿਘਨ)

ਸਰਦਾਰ ਗੁਰਨਾਮ ਸਿੰਘ : ਇਹ ਆਪ ਕਹਿ ਦੇਣ ਕਿ ਇਨ੍ਹਾਂ ਦੇ ਖਿਲਾਫ ਕੋਈ ਕੇਸ ਰਜਿਸਟਰਡ ਹੈ । (ਵਿਘਨ)

ਸ਼੍ਰੀ ਲਾਲ ਚੰਦ ਸਬਰਵਾਲ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਬ, ਅਵੱਲ ਤਾਂ ਇਨ੍ਹਾਂ ਦੇ ਖਿਲਾਫ਼ ਕੋਈ ਕੇਸ ਰਜਿਸਟਰਡ ਹੈ ਹੀ ਨਹੀਂ ਲੇਕਿਨ ਅਗਰ ਹੋਵੇ ਵੀ ਤਾਂ ਰੂਲ ਇਹ ਮੋਸ਼ਨ ਲਿਆਉਣ ਨੂੰ ਬਾਰ ਨਹੀਂ ਕਰਦਾ ਰੈਜ਼ੋਲੂਸ਼ਨ ਨੂੰ ਬਾਰ ਕਰਦਾ ਹੈ । ਇਹ ਮੋਸ਼ਨ ਇਕ ਮਿਨਿਸਟਰ ਦੇ ਕੰਡਕਟ ਦੇ ਖਿਲਾਫ ਹੈ । ਦੂਜੇ ਉਨ੍ਹਾਂ ਦੇ ਖਿਲਾਫ ਕੋਈ ਕੇਸ ਨਹੀਂ ਹੈ । ਇਹ ਜੋ ਚੌਧਰੀ ਸਾਹਿਬ ਨੇ ਕਿਹਾ ਹੈ ਕਿ ਇਹ ਮਾਮਲਾ ਸਬਜੁਡਿਸ ਹੈ ਇਹ ਸਿਰਫ ਬਚਣ ਲਈ ਹੀ ਇਕ ਢੰਗ ਹੈ । (ਵਿਘਨ)

ਸ਼੍ਰੀ ਸਤਪਾਲ ਡਾਂਗ : ਆਨ ਏ ਪੁਆਇੰਟ ਆਫ ਆਰਡਰ ਸਰ । ਮੈਂ ਆਪ ਦੇ ਨੋਟਿਸ ਵਿਚ ਇਹ ਗਲ ਲਿਆਉਣੀ ਚਾਹੁੰਦਾ ਹਾਂ ਕਿ ਜਿਸ ਡਾਕਟਰ ਨਾਲ ਇਹ ਵਾਕਾ ਹੋਇਆ ਹੈ ਉਹ ਇਕ ਸਰਕਾਰੀ ਕਰਮਚਾਰੀ ਹੈ । ਇਹ ਅਗਰ ਕੋਈ ਕਿਸੇ ਦੇ ਖਿਲਾਫ ਪ੍ਰੋਸੀਕਿਊਸ਼ਨ ਲਾਂਚ ਕਰੇ ਤਾਂ ਉਸ ਨੂੰ ਗੌਰਮਿੰਟ ਤੋਂ ਇਜਾਜ਼ਤ ਲੈਣੀ ਪੈਂਦੀ ਹੈ । ਇਹ ਦਸਣ ਕਿ ਕੀ ਉਸ ਡਾਕਟਰ ਨੇ ਮਰੜ੍ਹੀ ਸਾਹਬ ਦੇ ਖਿਲਾਫ ਕੇਸ ਰਜਿਸਟਰ ਕਰਾਉਣ ਦੀ ਇਜਾਜ਼ਤ ਲਈ ਹੈ ਅਤੇ ਇਨ੍ਹਾਂ ਨੇ ਇਜਾਜ਼ਤ ਦਿੱਤੀ ਹੈ ? ਅਗਰ ਇਜਾਜ਼ਤ ਹੀ ਨਹੀਂ ਦਿੱਤੀ ਤਾਂ ਕੇਸ ਕਿਥੇ ਚਲ ਰਿਹਾ ਹੈ ? (ਵਿਘਨ)

ਇਹ ਝੂਠ ਬੋਲਦੇ ਰਹੇ ਹਨ । ਪਹਿਲਾਂ ਵੀ ਜਦੋਂ ਕੋਹਲੀ ਸਾਹਿਬ ਦੇ ਖਿਲਾਫ ਨੋ ਕਾਨਫੀਡੈਂਸ ਮੋਸ਼ਨ ਆਈ ਸੀ ਤਾਂ ਵੀ ਆਪ ਨੇ ਇਸ ਬਾਤ ਦੇ ਰੇਜ਼ ਕਰਨ ਨੂੰ ਡਿਸਐਲਾਊ ਨਹੀਂ ਸੀ ਕੀਤਾ, ਸਿਰਫ ਇਕ ਛੋਟੀ ਜਿਹੀ ਗਲਤੀ ਕਢੀ ਸੀ ਕਿ ਅੰਮ੍ਰਿਤਸਰ ਦਾ ਨਾਮ ਨਹੀਂ ਹੋਣਾ ਚਾਹੀਦਾ । ਅਗਰ ਮੁਕੱਦਮਾ ਚਲਦਾ ਵੀ ਹੋਵੇ ਤਾਂ ਅਗਰ ਆਪ ਐਲਾਊ ਨਹੀਂ ਕਰਦੇ ਤਾਂ ਆਪ ਲੈਜਿਸਲੇਟਰਜ਼ ਦਾ ਇਕ ਹਕ ਨਹੀਂ ਦਿੰਦੇ । ਇਥੇ ਹਾਊਸ ਨੂੰ ਸਾਈਨੇ ਡਾਈ ਐਡਜਰਨ ਕਰਨ ਦਾ ਨੋਟਿਸ ਆਇਆ ਤਾਂ ਕਹਿ ਦਿਤਾ ਕਿ ਇਕ ਸਟਾਫ ਦੇ ਮੈਂਬਰ ਦੀ ਗਲਤੀ ਕਰਕੇ ਇਥੇ ਆ ਗਿਆ । ਮਤਲਬ ਇਹ ਹੈ ਕਿ ਛਾਪ ਕੇ ਰਖ ਲਿਆ ਹੈ ਜਦੋਂ ਚਾਹੁਣਗੇ ਡਿਸਟ੍ਰੀਬਿਊਟ ਕਰਾ ਦੇਣਗੇ । ਮਗਰ ਰੂਲਜ਼ ਕਹਿੰਦੇ ਹਨ ਕਿ ਅਗਰ ਕੋਈ ਸੈਂਸਰ ਦੀ ਮੋਸ਼ਨ ਆਉਂਦੀ ਹੈ ਤਾਂ ਇਟ ਹੈਜ਼ ਟੂ ਬੀ ਟੇਕਨ ਅਪ ਵਿਦਿਨ ਟੈਨ ਡੇਜ਼ ਐਟ ਦੀ ਲਟੈਸਟ । ਇਸ ਲੈਈ ਇਹ ਨਹੀਂ ਹੋਣਾ ਚਾਹੀਦਾ ਕਿ ਇਹ ਮੋਸ਼ਨ ਪੈਂਡਿੰਗ ਹੀ ਰਹੇ ਅਤੇ ਹਾਊਸ ਨੂੰ ਸਿਨੇਡਾਈ ਐਡਜਰਨ ਕਰਨ ਦੀ ਮੋਸ਼ਨ ਪਹਿਲਾਂ ਆ ਜਾਵੇ ਅਤੇ ਕਹਿ ਦਿੱਤਾ ਜਾਵੇ ਕਿ ਹੁਣ ਤਾਂ ਹਾਊਸ ਐਡਜਰਨ ਹੋ ਗਿਆ ਹੈ । ਰੂਲ ਕਹਿੰਦਾ ਹੈ ਕਿ ਐਜ਼ ਸੂਨ ਐਜ਼ ਮੇ ਬੀ ਪਾਸੀਬਲ ਇਟ ਹੈਜ਼ ਟੂ ਬੀ ਪ੍ਰੈਜ਼ੈਂਟਿਡ ਇਨ ਦੀ ਹਾਊਸ । ਉਹ ਪੁਆਇੰਟ ਪਹਿਲਾਂ ਰੇਜ਼ ਹੋ ਚੁਕਾ ਹੈ ਅਤੇ ਡੀਸਾਈਡ ਹੋ ਚੁਕਾ ਹੈ ਹੁਣ ਤਾਂ ਗਿਣਤੀ ਕਰਾ ਲਉ ਅਤੇ ਜੇ ਰੀਕਵਾਇਰਡ ਨੰਬਰ ਆਫ ਮੈਂਬਰਜ਼ ਇਸ ਦੇ ਹਕ ਵਿਚ ਹੋਣ ਤਾਂ ਇਹ ਐਡਮਿਟ ਹੋ ਜਾਵੇ ।

• **ਮੁੱਖ ਮੰਤਰੀ :** ਸਪੀਕਰ ਸਾਹਿਬ, ਇਸ ਕੇਸ ਵਿਚ ਮੈਂ ਕੋਈ ਐਕਸ਼ਨ ਲਿਆ ਹੈ, ਇਸ ਵੇਲੇ ਧਿਆਨ ਵਿਚ ਨਹੀਂ । ਮੈਂ ਆਪਣੇ ਅਫ਼ਸਰ ਨੂੰ ਕਿਹਾ ਹੈ ਕਿ ਹੁਣੇ ਵੇਖ ਕੇ....(ਵਿਘਨ)

[ਮੁੱਖ ਮੰਤਰੀ]

ਬੋਲਣ ਤਾਂ ਦਿਉ । ਸਪੀਕਰ ਸਾਹਬ, ਮੈਂ ਹੁਣੇ ਆਪ ਦੇ ਨੋਟਿਸ ਵਿਚ ਲਿਆ ਦੇਵਾਂਗਾ ਤਾਕਿ ਪਤਾ ਚਲ ਜਾਵੇ ਕਿ ਕੇਸ ਸਬਜੁਡਿਸ ਤਾਂ ਨਹੀਂ । ਮੈਂ ਕੋਈ ਗਲ ਕਹਿਣ ਤੋਂ ਪਹਿਲਾਂ ਪੱਕਾ ਹੋਣਾ ਚਾਹੁੰਦਾ ਹਾਂ ਇਸ ਲਈ ਇਸ ਨੂੰ ਥੋੜੀ ਦੇਰ ਲਈ ਪੋਸਟਪੋਨ ਕਰ ਦਿਉ ਅਤੇ ਹੋਰ ਕੰਮ ਉਨੀ ਦੇਰ ਕਰ ਲਉ ।

ਸਰਦਾਰ ਗੁਰਨਾਮ ਸਿੰਘ : ਐਕਸ਼ਨ ਮਨਿਸਟਰ ਸਾਹਿਬ ਦੇ ਖਿਲਾਫ ਲਿਆ ਹੈ ਜਾਂ ਕਿਸੇ ਹੋਰ ਦੇ ਖਿਲਾਫ—–(ਵਿਘਨ) ਇਸ ਦੀ ਰੈਲੇਵੈਂਸੀ ਤਾਂ ਹੈ ਨਹੀਂ।

If the Chief Minister takes action against the Minister then that motion would be held irrelevant. He has to tell the House whether he has taken action against the minister.

ਅਤੇ ਫਿਰ ਐਕਸ਼ਨ ਐਸਾ ਹੈ ਕਿ ਯਾਦ ਹੀ ਨਹੀਂ ਹੈ ।

(ਵਿਘਨ)

ਸ੍ਰੀ ਸਪੀਕਰ : ਇਹ ਹਾਲੇ ਪੈਂਡਿੰਗ ਹੈ । ਉਨ੍ਹਾਂ ਦੀ ਗੱਲ ਆ ਲੈਣ ਦਿਉ ਫਿਰ ਫੈਸਲਾ ਕਰ ਦਿਆਂਗੇ (I keep this Motion pending. Let the Chief Minister have his say. Then we will decide about it.)

ਡਾਕਟਰ ਬਲਦੇਵ ਪ੍ਰਕਾਸ਼: ਸਪੀਕਰ ਸਾਹਿਬ, ਇਹ ਮਾਮਲਾ ਸਬਜੁਡਿਸ ਹੈ ਜਾਂ ਨਹੀਂ, ਚੀਫ ਮਨਿਸਟਰ ਸਾਹਿਬ ਨੇ ਕੋਈ ਐਕਸ਼ਨ ਲਿਆ ਹੈ ਜਾਂ ਨਹੀਂ । ਇਸ ਗੱਲ ਦਾ ਇਸ ਮੋਸ਼ਨ ਨਾਲ ਕੋਈ ਤਾਲੁਕ ਨਹੀਂ ।

ਸ੍ਰੀ ਸਪੀਕਰ : ਕੋਈ ਹਰਜ ਨਹੀਂ ਹੈ, ਅੱਧੇ ਘੰਟੇ ਬਾਦ ਫੈਸਲਾ ਕਰ ਲਵਾਂਗੇ । (Even then there is no harm. We will decide about it after half an hour.)

ਡਾਕਟਰ ਬਲਦੇਵ ਪ੍ਰਕਾਸ਼ : ਇਸ ਨਾਲ ਤਾਲੁੱਕ ਤਾਂ ਹੈ ਨਹੀਂ ਪਰ ਅੱਧ ਘੰਟੇ ਬਾਦ ਫੈਸਲਾ ਕਰ ਲੈਣਾ ।

ਸ੍ਰੀ ਮਨਮੋਹਨ ਕਾਲੀਆ : ਸਪੀਕਰ ਸਾਹਿਬ, ਜਦੋਂ ਕੋਹਲੀ ਸਾਹਿਬ ਦੇ ਖਿਲਾਫ ਕੇਸ ਆਇਆ ਸੀ ਤਾਂ ਉਨ੍ਹਾਂ ਦੇ ਖਿਲਾਫ ਕੇਸ ਰਜਿਸਟਰ ਹੋਇਆ ਹੋਇਆ ਸੀ ਅਤੇ ਮਾਮਲਾ ਸਬਜੁਡਿਸ ਸੀ ਮਗਰ ਫਿਰ ਵੀ ਮੋਸ਼ਨ ਐਡਮਿਟ ਹੋਈ ਸੀ ।

ਸ੍ਰੀ ਅ: ਵਿਸ਼ਵਨਾਥਨ : ਆਨ ਏ ਪੁਆਇੰਟ ਆਫ ਆਰਡਰ, ਸਰ । ਆਪ ਨੇ ਸੈਂਸਰ ਮੋਸ਼ਨ ਪੜ੍ਹ ਦਿਤੀ ਹੈ ....

ਸ੍ਰੀ ਸਪੀਕਰ : ਹਾਲੇ ਨਹੀਂ ਪੜ੍ਹੀ । ਆਪ ਐਸੇ ਹੀ ਕਹਿੰਦੇ ਹੋ ਕਿ ਪੜ੍ਹ ਦਿਤੀ ਹੈ, ਗੱਲ ਸੁਣਦੇ ਹੋ ਨਹੀਂ (ਵਿਘਨ) (I have not yet read out the motion. You are making a wrong observation that it has been read out. You do not listen.)

श्री ग्र० विश्वनाथन : ग्रान ए प्वायंट ग्राफ ग्रार्डर, सर । स्पीकर साहब, एक बहुत इम्पार्टैंट कन्स्टीटयूशनल प्वायंट है । असैंबली का जो ईयर होता है वह फाईनैंशल ईयर होता है जो पहली अप्रैल से शुरू होता है आप का ध्यान आर्टीकल 176 की तरफ दिलाना चाहता हूं ।

"At the commencement of the first session after each general election to the Legislative Assembly and at the commencement of the first session of each year the Governor shall address the Legislative Assembly or in the case of a Legislative Council etc.......... "

Financial year starts from 1st April, This is the first session of the new year and according to Article 176 of the Constitution of India, the Governor [*********] addressed this House.

Mr. Speaker : That is calendar year. You got Budget Session and both the Houses were addressed by the Governor and you were also in this House. Please don't disturb.

श्री ग्र० विश्वनाथन : फाईनैंशल ईयर पहली अप्रैल से शुरु होता है । पहली असैम्बली 18 अप्रैल को प्रोरोग हो गई थी यानी पिछला सैशन खत्म हो गया था । अब नया सैशन शुरु हुआ है । **(विघ्न)**

ਮੁੱਖ ਮੰਤਰੀ : ਇਨ੍ਹਾਂ ਨੇ ਜੋ ਗਵਰਨਰ ਸਾਹਿਬ ਦੇ ਐਡਰੈਸ ਦੇਣ ਦੇ ਸਬੰਧ ਵਿਚ [* * *] ਦਾ ਲਫ਼ਜ਼ ਵਰਤਿਆ ਹੈ, ਇਹ ਨਹੀਂ ਸੀ ਵਰਤਣਾ ਚਾਹੀਦਾ । ਇਸ ਨੂੰ ਰਿਕਾਰਡ ਵਿਚੋਂ ਕਢ ਦਿਤਾ ਜਾਵੇ, ਚੰਗਾ ਨਹੀਂ ਲਗਦਾ ।

ਸ਼੍ਰੀ ਸਪੀਕਰ : ਹਾਂ ਜੀ, ਕਢ ਦਿਉ । (Yes, it is expunged.)

BILL (S)

THE PUNJAB LEGISLATIVE ASSEMBLY (ALLOWANCES OF MEMBERS) AMENDMENT BILL, 1968

Minister for Parliamentary Affairs (Chaudhri Kartar Singh) : Sir I beg to introduce the Punjab Legislative Assembly (Allowances of Members) Amendment Bill.

Minister for Parliamentary Affairs : Sir, I beg to move :

That the Punjab Legislative Assembly (Allowances of Members) Amendment Bill, be taken into consideration at once.

ਸਪੀਕਰ ਸਾਹਿਬ, ਆਪ ਦੀ ਇਜਾਜ਼ਤ ਨਾਲ ਮੈਂ ਦੋ ਤਿੰਨ ਗਲਾਂ ਅਰਜ਼ ਕਰਨੀਆਂ ਚਾਹੁੰਦਾ ਹਾਂ । ਸਾਰੇ ਮੈਂਬਰਾਂ ਨੂੰ ਸਿਰਫ 300 ਰੁ: ਮਾਹਵਾਰ ਐਲਾਉਂਸ ਮਿਲਦਾ ਹੈ । ਅਗਰ ਰੁਪਏ ਦੀ ਕੀਮਤ ਦਾ ਮੁਕਾਬਲਾ ਪਹਿਲਾਂ ਦੀ ਇਸ ਦੀ ਕੀਮਤ ਨਾਲ ਕਰੀਏ ਤਾਂ ਇਹ ਸਿਰਫ 12 ਪੈਸੇ ਰਹਿ ਗਈ ਹੈ । ਆਪ ਨੇ ਦੇਖਿਆ ਹੋਵੇਗਾ ....

(ਵਿਘਨ)

---

*Expunged as ordered by the Chair.

[Parliamentary Affairs Minister]

ਕਿ ਸਰਕਾਰ ਨੇ ਆਪਣੇ ਸਾਰੇ ਕਰਮਚਾਰੀਆਂ ਦੀਆਂ ਤਨਖਾਹਾਂ ਵਧਾ ਦਿਤੀਆਂ ਹਨ-ਸਕੂਲ ਟੀਚਰਜ਼ ਦੀਆਂ, ਛੋਟੇ ਅਤੇ ਪੀ. ਸੀ. ਐਸ. ਅਫਸਰਾਂ ਦੀਆਂ ਤਨਖਾਹਾਂ ਵੀ ਵਧ ਗਈਆਂ ਹਨ। ਇਸ ਬਾਰੇ ਪਾਰਲੀਮੈਂਟਰੀ ਐਫੇਅਰਜ਼ ਕਮੇਟੀ ਦੇ ਸਾਰੇ ਮੈਂਬਰਾਂ ਨੇ ਸਿਵਾਏ ਕਾਮਰੇਡ ਸੁਰਜੀਤ ਜੀ ਦੇ, ਜੋ ਚੁਪ ਰਹੇ ਅਤੇ ਜਿਨ੍ਹਾਂ ਨੇ ਵੋਟ ਨਹੀਂ ਦਿਤਾ, ਬਾਕੀ ਸਾਰੇ ਦੇ ਸਾਰੇ ਮੈਂਬਰਾਂ ਨੇ ਇਸ ਬਿਲ ਨੂੰ ਯੂਨਾਨੀਮਸਲੀ ਸਪੋਰਟ ਕੀਤਾ ਕਿ 300 ਤੋਂ ਵਧਾ ਕੇ ਅਲਾਉਂਸ 400 ਰੁ: ਕਰ ਦਿਤਾ ਜਾਵੇ (ਵਿਘਨ) ਮੈਂ ਆਪ ਦੀ ਇਜਾਜ਼ਤ ਨਾਲ ਹਾਊਸ ਅਗੇ ਅਰਜ਼ ਕਰਦਾ ਹਾਂ ਇਸ ਵਿਚ ਸੰਗਣ ਦੀ ਕੋਈ ਗਲ ਨਹੀਂ ਹੈ। ਇਸ ਨਾਲ ਪਬਲਿਕ ਨਾਰਾਜ਼ ਨਹੀਂ ਹੋ ਸਕਦੀ। ਜੋ ਅਮੀਰ ਮੈਂਬਰ ਹੈ ਉਸ ਨੂੰ ਤਾਂ ਇਸ ਨਾਲ ਫਰਕ ਨਹੀਂ ਪੈਂਦਾ ਮਗਰ ਜੋ ਮਿਡਲ ਕਲਾਸ ਦਾ ਮੈਂਬਰ ਹੈ ਅਗਰ ਉਸ ਦੇ ਪਾਸ 10-15 ਉਸ ਦੇ ਨਾਲ ਕੰਮ ਕਰਨ ਵਾਲੇ ਆਉਂਦੇ ਹਨ ਤਾਂ ਉਸ ਨੂੰ ਉਨ੍ਹਾਂ ਦਾ ਖਰਚ ਵੀ ਦੇਣਾ ਪੈਂਦਾ ਹੈ ਜੋ ਉਹ ਨਹੀਂ ਕਰ ਸਕਦਾ, ਉਸ ਨੂੰ ਤਕਲੀਫ ਹੁੰਦੀ ਹੈ। ਮੈਂ ਇਨ੍ਹਾਂ ਨੂੰ ਕਹਾਂਗਾ ਕਿ ਕਿਸੇ ਕੰਮ ਵਿਚ ਦਲੇਰੀ ਵੀ ਦਿਖਾਉਣੀ ਚਾਹੀਦੀ ਹੈ, ਹਰ ਗਲ ਤੇ ਆਪੋਜ਼ੀਸ਼ਨ ਦੀ ਖਾਤਰ ਅਤੇ ਸ਼ਕ ਦੀ ਖਾਤਰ ਆਪੋਜ਼ੀਸ਼ਨ ਨਹੀਂ ਕਰਨੀ ਚਾਹੀਦੀ ਇਹੀ ਕਹਿ ਕੇ ਮੈਂ ਇਹ ਬਿਲ ਮੂਵ ਕਰਦਾ ਹਾਂ।

Mr. Speaker: Motion moved—

That the Punjab Legislative Assembly (Allowances of Members) Amendment Bill be taken into consideration at once.

ਸ੍ਰੀ ਲਾਲ ਚੰਦ ਸੱਬਰਵਾਲ (ਜਲੰਧਰ ਉੱਤਰ) : ਸਪੀਕਰ ਸਾਹਿਬ, ਚੌਧਰੀ ਕਰਤਾਰ

3.00 P. M.

ਸਿੰਘ ਹੋਰਾਂ ਨੇ ਇਸ ਬਿਲ ਨੂੰ ਇਸ ਮੌਕੇ ਤੇ ਪੇਸ਼ ਕੀਤਾ ਹੈ ਜਦ ਕਿ ਪਹਿਲੇ ਲਏ ਹੋਏ ਪੈਸੇ ਵੀ ਮੋੜਨ ਦਾ ਸਹਿਮ ਲਗਾ ਹੋਇਆ ਹੈ ਜਿਹੜਾ ਅਲਾਉਂਸ ਅਪ੍ਰੈਲ ਦਾ ਜਾਂ ਇਸ ਤੋਂ ਬਾਦ ਦਿੱਤਾ ਜਾਵੇਗਾ ਉਹ ਵੀ ਮੁੜ ਜਾਣ ਦਾ ਫਿਕਰ ਹੈ। ਅਤੇ ਇਹ ਇਸ ਬਿਲ ਰਾਹੀਂ ਮੰਗ ਕਰਦੇ ਹਨ ਕਿ 300 ਦੀ ਥਾਂ ਮੈਂਬਰਾਂ ਦਾ ਅਲਾਉਂਸ 400 ਰੁਪਏ ਮਹੀਨਾ ਕਰ ਦਿਤਾ ਜਾਵੇ। (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਗੱਲ ਕਿਉਂ ਕਿ ਸਬ-ਜੂਡਿਸ ਹੈ ਇਸ ਲਈ ਇਸ ਦੇ ਬਾਰੇ ਵਿਚ ਇਹ ਕੁਝ ਕਹਿ ਨਹੀਂ ਸਕਦੇ।

ਸ੍ਰੀ ਲਾਲ ਚੰਦ ਸੱਬਰਵਾਲ : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਕੁਝ ਨਹੀਂ ਕਹਿਣਾ ਚਾਹੁੰਦਾ ਕਿਉਂਕਿ ਅਜ ਇਹ ਬੀਮਾਰ ਹਨ ਅਤੇ ਹੋ ਸਕਦਾ ਹੈ ਇਨ੍ਹਾਂ ਦਾ ਬਲੱਡ ਪ੍ਰੈਸ਼ਰ ਵੀ ਵਧ ਗਿਆ ਹੋਵੇ ਇਸ ਲਈ ਇਨ੍ਹਾਂ ਵਲੋਂ ਕੀਤੇ ਗਏ ਵਿਘਨ ਲਈ ਇਨ੍ਹਾਂ ਨੂੰ ਅਲਾਉਂਸ ਦਿੰਦਾ ਹਾਂ। (ਚੌਧਰੀ ਕਰਤਾਰ ਸਿੰਘ ਵਲੋਂ ਵਿਘਨ) ਸਪੀਕਰ ਸਾਹਿਬ, ਇਧਰ ਵੀ ਉਹੀ ਮਰਜ਼ ਹੈ। (ਹਾਸਾ)

ਮੈਂ ਇਹ ਅਰਜ਼ ਕਰ ਰਿਹਾ ਸਾਂ ਕਿ ਇਨ੍ਹਾਂ ਹਾਲਾਤ ਦੇ ਅੰਦਰ ਜੋ ਅਜ ਸਟੇਟ ਵਿਚ ਬਜਟ ਬਾਰੇ ਹਨ ਇਨ੍ਹਾਂ ਨੂੰ ਕੋਈ ਹੋਰ ਫਿਨਾਂਸ਼ਲ ਇਮਪਲੀਕੇਸ਼ਨ ਨਹੀਂ ਕਰਨੀ ਚਾਹੀਦੀ । ਇਹ ਚੰਗੀ ਗਲ ਨਹੀਂ ਸੀ । (ਸਰਦਾਰ ਪਰਕਾਸ਼ ਸਿੰਘ ਵਲੋਂ ਵਿਘਨ) ਇਥੇ ਸਰਦਾਰ ਪਰਕਾਸ਼ ਸਿੰਘ ਹੋਰਾਂ ਵਲੋਂ ਇਹ ਟੋਕ ਕੀਤੀ ਗਈ ਹੈ ਕਿ ਤੁਸੀਂ ਭਾਵੇਂ ਤਿੰਨ ਸੌ ਲੈ ਲਉ । ਮੈਂ ਇਨ੍ਹਾਂ ਨੂੰ ਕਹਾਂਗਾ ਕਿ ਜੇ ਕਰ ਤੁਹਾਡਾ ਕੋਈ ਲਾ ਡੀਪਾਰਟਮੈਂਟ ਹੈ ਅਤੇ ਉਸ ਪਾਸ ਅਕਲ ਹੈ ਤਾਂ ਉਸ ਤੋਂ ਤੁਸੀਂ ਪੁਛਣ ਦੀ ਕੋਸ਼ਿਸ ਕਰਿਆ ਕਰੋ ਤਾਂ ਕਿ ਪਤਾ ਲਗ ਸਕੇ ਕਿ ਬਿਲ ਕਿਸ ਤਰੀਕੇ ਨਾਲ ਪੇਸ਼ ਕੀਤੇ ਜਾਣੇ ਚਾਹੀਦੇ ਹਨ । ਇਹ ਨਹੀਂ ਹੋ ਸਕਦਾ ਕਿ ਬਿਲ ਵਿਚ ਤਾਂ ਅਲਾਊਂਸ ਨੂੰ 300 ਤੋਂ 400 ਕਰ ਦਿਤਾ ਜਾਵੇ ਅਤੇ ਨਾਲ ਇਹ ਵੀ ਲਿਖ ਦਿੱਤਾ ਜਾਵੇ ਕਿ ਜੇਕਰ ਤਿੰਨ ਸੌ ਲੈਣਾ ਚਾਹੋ ਤਾਂ ਲੈ ਸਕਦੇ ਹੋ । ਸਪੀਕਰ ਸਾਹਿਬ ਮੈਂ ਗਿਲ ਸਾਹਿਬ ਨੂੰ ਕਹਾਂਗਾ ਕਿ ਇਸ ਤਰ੍ਹਾਂ ਆਫ਼ ਹੈਂਡ ਸੋਚਣ ਨਾਲ ਨਤੀਜਾ ਚੰਗਾ ਨਹੀਂ ਨਿਕਲਦਾ ਫਿਰਾਂ ਹਾਈਕੋਰਟ ਦੀਆਂ ਦੀਵਾਰਾਂ ਨਾਲ ਟਕਰਾਂ ਮਾਰਨੀਆਂ ਪੈਂਦੀਆਂ ਹਨ ਅਤੇ ਕੋਈ ਵੀ ਅਮੈਂਡਮੈਂਟ ਜ ਲੈਜੀਸਲੇਸ਼ਨ ਬੜੀ ਸੋਚ ਵਿਚਾਰ ਕਰਨ ਤੋਂ ਬਾਦ ਲਿਆਣੀ ਚਾਹੀਦੀ ਹੈ ਆਫ਼ ਹੈਂਡ ਗਲ ਨਹੀਂ ਕਰ ਦੇਣੀ ਚਾਹੀਦੀ ।

ਸਪੀਕਰ ਸਾਹਿਬ, ਅਜ ਦੇ ਮਾਹੌਲ ਨੂੰ ਸਾਹਮਣੇ ਰਖਕੇ ਟ੍ਰੇਯਰੀ ਬੈਂਚਾਂ ਤੋਂ ਇਹ ਗੱਲ ਨਹੀਂ ਆਉਣੀ ਚਾਹੀਦੀ ਸੀ। ਇਹ ਠੀਕ ਹੈ ਕਿ ਚੀਫ ਮਨਿਸਟਰ ਸਾਹਿਬ ਦਾ ਕਹਿਣਾ ਹੈ ਕਿ ਮਹਿੰਗਾਈ ਨਾਲ ਕਾਫ਼ੀ ਫਰਕ ਪਿਆ ਹੈ । ਐਮਪਲਾਈਜ਼ ਇਟ ਹੋਏ ਹਨ ਇਸੇ ਤਰ੍ਹਾਂ ਉਨ੍ਹਾਂ ਦੀਆਂ ਤਨਖਾਹਾਂ ਵੀ ਵਧਾ ਦਿਤੀਆਂ ਗਈਆਂ ਹਨ ਇਸ ਲਈ ਐਮ. ਐਲ. ਏਜ਼. ਸਾਹਿਬਾਨ ਦੇ ਅਲਾਊਂਸ ਨੂੰ ਵੀ 400 ਤਕ ਵਧਾ ਦਿੱਤਾ ਜਾਵੇ । ਸਪੀਕਰ ਸਾਹਿਬ, ਇਹ ਜਿਹੜਾ ਅਸੂਲ ਇਨ੍ਹਾਂ ਦੇ ਸਾਹਮਣੇ ਹੈ ਮੈਂ ਇਸ ਨੂੰ ਗਲਤ ਸਮਝਦਾ ਹਾਂ । ਦਰਅਸਲ ਸਾਡੇ ਦੇਸ਼ ਵਿਚ ਅਜ ਤਕ ਤਾਂ ਇਹ ਚੀਜ਼ ਲੋਕਾਂ ਦੇ ਮਨ ਵਿਚ ਆਈ ਹੈ ਕਿ ਐਮ. ਐਲ. ਏਜ਼ ਜੋ ਬੰਦੇ ਹਨ ਉਹ ਜਨਤਾ ਦੀ ਸੇਵਾ ਕਰਦੇ ਹਨ । ਉਹ ਜਨਤਾ ਦੇ ਸੇਵਾਦਾਰ ਹਨ ਅਤੇ ਜਿਹੜੇ ਪੈਸੇ ਉਨ੍ਹਾਂ ਨੂੰ ਅਲਾਊਂਸ ਦੇ ਤੌਰ ਤੇ ਮਿਲਦੇ ਹਨ ਉਹ ਉਨ੍ਹਾਂ ਦੀ ਕੀਤੀ ਸੇਵਾ ਦਾ ਕੰਪਨਸੇਸ਼ਨ ਨਹੀਂ (ਵਿਘਨ) ਅਤੇ ਇਹ ਮੈਨਟੇਲੈਟੀ ਨਹੀਂ ਹੋਣੀ ਚਾਹੀਦੀ ਕਿ ਬਾਹਰ ਲੋਕਾਂ ਵਿਚ ਇਹ ਨਜ਼ਰ ਆਵੇ ਕਿ ਅਸੀਂ ਤਾਂ ਆਪਣਾ ਐਲਾਉਂਸ ਵਧਾਣ ਲਈ ਮੰਗ ਕਰਦੇ ਫਿਰਦੇ ਹਾਂ । ਇਸ ਤਰ੍ਹਾਂ ਸਾਡੇ ਬਾਰੇ ਵਿਚ ਪਬਲਿਕ ਦਾ ਇਮਪ੍ਰੈਸ਼ਨ ਗਲਤ ਹੁੰਦਾ ਹੈ (ਵਿਘਨ) ਇਥੇ ਬਿਲ ਪੇਸ਼ ਕਰਨ ਲਗਿਆਂ ਵਜ਼ੀਰ ਸਾਹਿਬ ਨੇ ਇਹ ਆਰਗੂ ਕੀਤਾ ਕਿ ਮਹਿੰਗਾਈ ਹੋ ਗਈ ਇਸ ਲਈ ਅਲਾਊਂਸ ਵਧਾ ਦਿੱਤਾ ਜਾਵੇ (ਵਿਘਨ) ਮੈਨੂੰ ਦੋ ਮਿੰਟ ਸੁਣ ਤਾਂ ਲਉ (ਵਿਤ ਮੰਤਰੀ ਅਤੇ ਹੋਰ ਕੁਝ ਟ੍ਰੇਯਰੀ ਬੈਂਚਾਂ ਤੇ ਬੈਠੇ ਮੈਂਬਰਾਂ ਵਲੋਂ ਵਿਘਨ) ਸਪੀਕਰ ਸਾਹਿਬ, ਮੈਂ ਕੁਝ ਚਿਰ ਲਈ ਬੈਠ ਜਾਂਦਾ ਹਾਂ ਇਨ੍ਹਾਂ ਸਾਰਿਆਂ ਨੂੰ ਜੋ ਇਸ ਤਰ੍ਹਾਂ ਵਿਘਨ ਪਾ ਰਹੇ ਹਨ ਕੋਰਸ ਗਾ ਲੈਣ ਦਿਉ (ਹਾਸਾ) ਮੈਂ ਮਗਰੋਂ ਬੋਲ ਲਵਾਂਗਾ ।

ਸਪੀਕਰ ਸਾਹਿਬ, ਅਸਲ ਗਲ ਇਹ ਹੈ ਕਿ ਦੇਸ਼ ਵਿਚ ਹਾਲਾਂ ਤਕ ਲੋਕਾਂ ਦੇ ਦਿਲ ਵਿਚ ਇਹ ਧਾਰਨਾ ਹੈ ਕਿ ਐਮ. ਐਲ. ਏਜ਼. ਕੁਰਬਾਨੀ ਦੇ ਰਸਤੇ ਤੇ ਤੁਰਨ ਵਾਲੇ ਹੁੰਦੇ ਹਨ (ਸਰਦਾਰ ਹਰਭਜਨ ਸਿੰਘ ਵਲੋਂ ਵਿਘਨ) ਇਹ ਤਾਂ ਕੁਰਬਾਨੀ ਦੇ ਬਕਰੇ ਹਨ । ਮੈਂ ਇਨ੍ਹਾਂ ਨੂੰ

[ਸ਼੍ਰੀ ਲਾਲ ਚੰਦ ਸੱਬਰਵਾਲ]

ਕੁਝ ਨਹੀਂ ਕਹਿਣਾ ਚਾਹੁੰਦਾ ਇਹ ਨਵੇਂ ਨਵੇਂ ਮੈਂਬਰ ਬਣੇ ਹਨ ਅਤੇ ਮੈਂ ਸਮਝਦਾ ਹਾਂ ਕਿ ਅਜੇ ਇਨਾਂ ਸਿਆਸਤ ਵਿਚ ਪੈਰ ਧਰਿਆ ਹੀ ਹੈ । ਇਨ੍ਹਾਂ ਨੂੰ ਆਪ ਕੁਰਬਾਨੀ ਦਾ ਬਕਰਾ ਨਹੀਂ ਬਣਨਾ ਚਾਹੀਦਾ ਨਹੀਂ ਤਾਂ ਚੌਧਰੀ ਸਾਹਿਬ ਵਰਗੇ, ਜਿਨ੍ਹਾਂ ਨੇ ਬਿਲ ਪੇਸ਼ ਕੀਤਾ ਹੈ, ਜੋ ਬਹੁਤ ਪੁਰਾਣੇ ਸਿਆਸਤਦਾਨ ਹਨ, ਨੂੰ ਵੀ ਕੁਰਬਾਨੀ ਦਾ ਬਕਰਾ ਬਣਨਾ ਪੈ ਜਾਵੇਗਾ । ਅਜ ਪਬਲਿਕ ਦੇ ਅੰਦਰ ਐਮ. ਐਲ. ਏਜ਼. ਦੇ ਬਾਰੇ ਵਿਚ ਇਕ ਰਾਏ ਕਾਇਮ ਹੈ ਕਿ ਮੈਂਬਰ ਤਾਂ ਤਪ ਕਰਦੇ ਹਨ, ਕੁਰਬਾਨੀ ਲਈ ਜਾਂਦੇ ਹਨ । ਪਰ ਜਦ ਇਸ ਤਰ੍ਹਾਂ ਦਾ ਬਿਲ ਵੇਖਣਗੇ ਤਾਂ ਲੋਕ ਕੀ ਮਹਿਸੂਸ ਕਰਨਗੇ ? ਇਹ ਮੈਂ ਮੰਨਦਾ ਹਾਂ ਕਿ ਇਨ੍ਹਾਂ ਨੂੰ ਤਾਂ 500 ਰੁਪਏ ਜਾਂ ਇਕ ਹਜ਼ਾਰ ਰੁਪਏ ਦਿਤੇ ਜਾਣ ਤਾਂ ਵੀ ਥੋੜ੍ਹਾ ਹੈ ਪਰ ਇਹ ਕੋਈ ਅਸੂਲ ਨਹੀਂ ਜਿਸ ਤੇ ਇਹ ਬਿਲ ਬੇਸ ਕੀਤਾ ਜਾ ਸਕੇ ਅਤੇ ਸਾਨੂੰ ਇਕ ਮੁਲਾਜ਼ਮ ਵਾਂਗ ਜਾਂ ਇਕ ਵਪਾਰੀ ਵਾਂਗ ਮਹਿਸੂਸ ਨਹੀਂ ਕਰਨਾਂ ਚਾਹੀਦਾ, ਸਾਨੂੰ ਉਸ ਰਿਕਸ਼ੇ ਵਾਲੇ ਅਤੇ ਛਾਬੜੀ ਵਾਲੇ ਨੂੰ ਵੀ ਸਾਹਮਣੇ ਰਖਣਾ ਚਾਹੀਦਾ ਹੈ ਜਿਸ ਨੂੰ 150 ਜਾਂ 200 ਰੁਪਏ ਤਕ ਦੀ ਆਮਦਨ ਮਹੀਨੇ ਵਿਚ ਹੁੰਦੀ ਹੈ ਅਤੇ ਉਸਨੂੰ ਗੁਜ਼ਾਰਾ ਕਰਨਾ ਪੈਂਦਾ ਹੈ । ਉਹ ਸਾਡਾ ਵੋਟਰ ਹੈ ਅਤੇ ਇਸ ਤਰ੍ਹਾਂ ਦੇ ਲੋਕਾਂ ਦੀ ਮੈਜਾਰਟੀ ਹੈ । ਉਨ੍ਹਾਂ ਦੇ ਸਾਹਮਣੇ ਸਾਡਾ ਇਨਟ੍ਰੈਸਟ ਹਿਟ ਹੁੰਦਾ ਹੈ ਜਦ ਉਹ ਇਹ ਸੋਚਣ ਲਗ ਪੈਣ ਕਿ ਐਮ. ਐਲ. ਏਜ਼. ਤਾਂ ਆਪਣੇ ਅਲਾਊਂਸ ਨੂੰ 300 ਰੁ: ਤੋਂ 400 ਕਰਨ ਲਈ ਰੋਂਦੇ ਫਿਰਦੇ ਹਨ, ਸਾਡਾ ਫ਼ਾਇਦਾ ਇਹ ਕਦੋਂ ਸੋਚਣ ਲਗੇ ਹਨ । ਮੈਂ ਚੌਧਰੀ ਦਰਸ਼ਨ ਸਿੰਘ ਨੂੰ ਦੱਸਣਾ ਚਾਹੁੰਦਾ ਹਾਂ ਕਿ ਮਹਾਤਮਾ ਗਾਂਧੀ ਨੇ ਇਹ ਕਿਹਾ ਸੀ ਕਿ ਹਰ ਗਰੀਬ ਆਦਮੀ ਪਾਸ ਇਕ ਕੋਠਾ ਹੋਣਾ ਚਾਹੀਦਾ ਹੈ ਅਤੇ ਉਸੇ ਤਰ੍ਹਾਂ ਦਾ ਹੀ ਇਕ ਕੋਠਾ ਇਕ ਵਜ਼ੀਰ ਪਾਸ ਵੀ ਹੋਣਾ ਚਾਹੀਦਾ ਹੈ (ਵਿਘਨ) ਤਾਂ ਹੀ ਅਸੀਂ ਗਰੀਬ ਜਨਤਾ ਨੂੰ ਆਪਣੇ ਨਾਲ ਰਖ ਸਕਦੇ ਹਾਂ । ਮੈਂ ਤਾਂ ਮਹਾਤਮਾ ਗਾਂਧੀ ਜੀ ਦੇ ਆਈਡੀਅਲ ਨੂੰ ਕੋਟ ਕਰ ਰਿਹਾ ਹਾਂ ਕਿ ਉਨ੍ਹਾਂ ਦਾ ਆਈਡੀਅਲ ਕਿਸ ਨਜ਼ਰੀਏ ਦਾ ਸੀ (ਵਿਘਨ) ਇਹ ਗਲ ਯੂਨਾਈਟਿਡ ਫਰੰਟ ਦੀ ਵਜ਼ਾਰਤ ਤੇ ਲਾਗੂ ਨਹੀਂ ਹੁੰਦੀ, ਕਾਂਗਰਸ ਪਾਰਟੀ ਦੇ ਵਜ਼ੀਰਾਂ ਲਈ ਮਹਾਤਮਾ ਜੀ ਨੇ ਕਹੀ ਸੀ । (ਵਿਘਨ) ਜਿਹੜਾ ਹੁਣ ਨਵਾਂ ਬਲੱਡ ਉਠਿਆ ਹੈ, ਮੈਂ ਜਾਣਦਾ ਹਾਂ ਪਰ ਇਨ੍ਹਾਂ ਨੂੰ ਪੁਰਾਣੇ ਬਲੱਡ ਤੋਂ ਸਬਕ ਲੈਣਾ ਚਾਹੀਦਾ ਹੈ ਅਤੇ ਗਾਂਧੀ ਦੇ ਇਸ ਕਥਨ ਨੂੰ ਸਾਹਮਣੇ ਰਖਣਾ ਚਾਹੀਦਾ ਹੈ । ਇਸ ਲਈ, ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਖ਼ਲਾਕੀ ਤੌਰ ਤੇ ਅਤੇ ਅਸੂਲੀ ਤੌਰ ਤੇ ਇਹ ਬਿਲ ਨਹੀਂ ਸੀ ਲਿਆਣਾ ਚਾਹੀਦਾ । ਇਸ ਤਰ੍ਹਾਂ ਹਾਊਸ ਦੇ ਮੈਂਬਰਾਂ ਦਾ ਅਲਾਓਂਸ ਵਧਾਣ ਨਾਲ ਕੋਈ ਫਰਕ ਨਹੀਂ ਪਏਗਾ । ਮੈਂ ਇਹ ਸਮਝਦਾ ਹਾਂ ਕਿ ਮੈਂਬਰਾਂ ਵਿਚੋਂ ਕੋਈ 70 ਜਾਂ 80 ਫ਼ੀ ਸਦੀ ਮੈਂਬਰ ਤਾਂ ਆਪਣੇ ਕਸ਼ਟ ਦੂਰ ਕਰ ਹੀ ਲੈਂਦੇ ਹਨ ਕਿਸੇ ਨਾ ਕਿਸੇ ਤਰ੍ਹਾਂ, ਜਿੰਨੇ ਕਸ਼ਟ ਉਹ ਝੱਲ ਕੇ ਮੈਂਬਰ ਬਣੇ ਹੁੰਦੇ ਹਨ। (ਵਿਘਨ) ਮੈਂ ਵੀ ਸ਼ਾਇਦ ਉਨ੍ਹਾਂ ਵਿਚੋਂ ਇਕ ਹੋਵਾਂ । ਮੈਨੂੰ ਇਸ ਬਹਿਸ ਵਿਚ ਨਹੀਂ ਪੈਣਾ ਚਾਹੀਦਾ ਪਰ ਮੈਂ ਇੰਨਾਂ ਜ਼ਰੂਰ ਕਹਾਂਗਾ ਕਿ ਪਬਲਿਕ ਦੀ ਹਮਦਰਦੀ ਇਸ ਤਰ੍ਹਾਂ ਸਾਡੇ ਨਾਲ ਨਹੀਂ ਰਹੇਗੀ ਜੇਕਰ ਅਸੀਂ 300 ਰੁਪਏ ਤੋਂ 400 ਰੁਪਏ ਅਲਾਊਂਸ ਕਰ ਦਿਤਾ । ਉਹ ਕਹਿਣਗੇ ਕਿ ਇਨ੍ਹਾਂ ਮੈਂਬਰਾਂ ਨੂੰ ਵੀ ਮੁਲਾਜ਼ਮਾਂ ਵਾਲੀ ਮਰੀ ਪੈ ਗਈ ਹੈ । ਇਹ ਤਾਂ ਜਨਤਾ ਪਾਰਟੀ ਵਲੋਂ ਗਲ ਆ ਰਹੀ ਹੈ, ਕਾਂਗਰਸ ਵਾਲੇ ਜਦ ਆਏ ਤਾਂ ਵੇਖਾਂਗੇ ਕੀ ਕਰਨਗੇ । ਮੈਂ ਇਸ ਬਿਲ ਦੀ ਵਿਰੋਧਤਾ ਕਰਦਾ ਹਾਂ ।

ਸ਼੍ਰੀ **ਸਤਪਾਲ ਡਾਂਗ** (ਅੰਮ੍ਰਿਤਸਰ-ਪੱਛਮ) : ਸਪੀਕਰ ਸਾਹਿਬ, ਇਹ ਬਿਲ ਪੇਸ਼ ਕਰਦਿਆਂ ਚੌਧਰੀ ਕਰਤਾਰ ਸਿੰਘ ਹੋਰਾਂ ਇਕ ਅੱਛੀ ਗਲ ਕਹੀ ਹੈ ਕਿ ਸਾਨੂੰ ਇਹ ਚੀਜ਼ ਕਰਨ

ਤੋਂ ਸੰਗਣਾ ਨਹੀਂ ਚਾਹੀਦਾ । ਇਸ ਦਾ ਭਾਵ ਇਹ ਹੈ ਕਿ ਚੌਧਰੀ ਸਾਹਿਬ ਨੇ ਆਪ ਵੀ ਸਮਝਿਆ ਅਤੇ ਮਹਿਸੂਸ ਕੀਤਾ ਹੈ ਕਿ ਇਸ ਬਿਲ ਨੂੰ ਪੇਸ਼ ਕਰਨ ਵਿਚ ਕੋਈ ਸੰਗਣ ਵਾਲੀ ਗੱਲ ਹੈ । ਇਹ ਦਲੀਲ ਦਿੱਤੀ ਗਈ ਕਿ ਰੁਪਏ ਦੀ ਕੀਮਤ ਘਟ ਗਈ ਹੈ ਅਤੇ 300 ਰੁਪਏ ਵਿਚ ਗੁਜ਼ਾਰਾ ਨਹੀਂ ਹੁੰਦਾ, ਇਸ ਲਈ ਇਹ ਅੈਲਾਊਂਸ ਵਧਣਾ ਚਾਹੀਦਾ ਹੈ। ਮੈਂ ਇਹ ਸਮਝਦਾ ਹਾਂ ਕਿ ਕੋਈ ਐਮ. ਐਲ. ਏ. ਹੋਲ-ਟਾਇਮ ਫੰਕਸ਼ਨ ਨਹੀਂ ਕਰਦਾ ਸਿਵਾਏ ਮਨਿਸਟਰਾਂ ਦੇ ਔਰ ਮਨਿਸਟਰਾਂ ਦੀਆਂ ਤਨਖਾਹਾਂ ਇਸ ਬਿਲ ਦੇ ਮਾਤਹਿਤ ਨਹੀਂ ਬਣਦੀਆਂ ਸਗੋਂ ਇਕ ਵਖਰੇ ਬਿਲ ਦੇ ਤਹਿਤ ਬਣਦੀਆਂ ਹਨ । ਇਸ ਲਈ ਐਮ. ਐਲ. ਏਜ਼. ਦਾ ਟਾਕਰਾ ਸਰਕਾਰੀ ਮੁਲਾਜ਼ਮਾਂ ਨਾਲ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਹ ਹੋਲ-ਟਾਈਮ ਕੰਮ ਕਰਦੇ ਹਨ ਜਦ ਕਿ ਕੋਈ ਮੈਂਬਰ ਹੋਲ ਟਾਇਮ ਜਨਤਾ ਦਾ ਕੰਮ ਨਹੀਂ ਕਰਦਾ । ਸਾਰੇ ਹਾਊਸ ਵਿਚ ਅਜਿਹਾ ਕੋਈ ਮੈਂਬਰ ਨਹੀਂ ਹੋਵੇਗਾ ਜਿਹੜਾ ਇਹ ਕਹਿ ਸਕੇ ਕਿ ਮੈਂ ਹੋਰ ਕੋਈ ਕੰਮ ਨਹੀਂ ਕਰਦਾ ਸਗੋਂ ਹਰ ਵੇਲੇ ਜਨਤਾ ਨਾਲ ਹੀ ਕਾਨਟੈਕਟ ਰਖਦਾ ਹਾਂ । ਮੁਲਾਜ਼ਮਾ ਦੀ ਗਲ ਹੋਰ ਹੈ ਅਤੇ ਇਨ੍ਹਾਂ ਮੈਂਬਰਾਂ ਦੀ ਗੱਲ ਹੋਰ ਹੈ ।

ਦੂਜੀ ਗੱਲ ਇਸ ਤੋਂ ਵੀ ਵਡੀ ਹੈ। ਪੰਜਾਬ ਸਰਕਾਰ ਦੇ ਚੌਥੇ ਦਰਜੇ ਦੇ ਸਰਕਾਰੀ ਮੁਲਾਜ਼ਮਾਂ ਦੀ ਸਾਲਾਨਾ ਤਰੱਕੀ ਸਿਰਫ ਅਠ ਆਨੇ ਹੈ । ਇਹ ਤਰੱਕੀ ਉਸ ਵੇਲੇ ਦੀ ਹੈ ਜਦੋਂ ਕਿ ਕਣਕ ਦੋ ਰੁਪਏ ਮਣ ਹੁੰਦੀ ਸੀ ਤਾਂ ਅਠ ਆਨੇ ਸਾਲਾਨਾ ਤਰੱਕੀ ਦਿੱਤੀ ਜਾਂਦੀ ਸੀ । ਪਰ ਹੁਣ ਜਦ ਕਿ ਮਿਨਿਸਟਰ ਸਾਹਿਬ ਦੇ ਆਪਣੇ ਕਹਿਣ ਅਨੁਸਾਰ ਰੁਪਏ ਦੀ ਕੀਮਤ 12 ਪੈਸੇ ਰਹਿ ਗਈ ਹੈ ਤਾਂ ਗੌਰਮਿੰਟ ਕਿਉਂ ਨਹੀਂ ਉਨ੍ਹਾਂ ਦੀ ਸਾਲਾਨਾ ਤਰੱਕੀ ਅਠ ਆਨੇ ਤੋਂ ਵਧਾ ਕੇ 2 ਰੁਪਏ ਕਰ ਦੇਂਦੀ। ਫਿਰ 30 ਰੁਪਏ ਤੇ ਆ ਕੇ ਉਨ੍ਹਾਂ ਦੀ ਤਨਖਾਹ ਖਤਮ ਹੋ ਜਾਂਦੀ ਹੈ । ਪਰ ਉਨ੍ਹਾਂ ਦੀ ਤਨਖਾਹ ਜਾਂ ਸਾਲਾਨਾ ਤਰੱਕੀ ਵਧਾਉਣ ਲਈ ਇਹ ਸਰਕਾਰ ਤਿਆਰ ਨਹੀਂ ।

(ਇਸ ਵੇਲੇ ਸ੍ਰੀ ਡਿਪਟੀ ਸਪੀਕਰ ਕੁਰਸੀ ਤੇ ਬੈਠੇ)

ਜੇ ਸਰਕਾਰ ਇਸ ਵਾਸਤੇ ਤਿਆਰ ਨਹੀਂ ਹੈ ਤਾਂ ਫਿਰ ਇਸ ਵੇਲੇ ਮੈਂਬਰਾਂ ਦਾ ਅਲਾਊਂਸ 300 ਤੋਂ ਵਧਾ ਕੇ 400 ਕਰਨ ਦੀ ਇਨ੍ਹਾਂ ਕੋਲ ਕਿਹੜੀ ਜਸਟੀਫੀਕੇਸ਼ਨ ਹੈ ? ਸਰਕਾਰ ਨੂੰ ਅਜਿਹੀਆਂ ਤਜਵੀਜ਼ਾਂ ਦਿਤੀਆਂ ਗਈਆਂ ਹਨ ਕਿ ਉਹ ਜੇ ਇਹ ਚਾਹੁੰਦੀ ਹੈ ਕਿ ਮੈਂਬਰ ਆਪਣੀਆਂ ਡਿਊਟੀਆਂ ਚੰਗੀ ਤਰ੍ਹਾਂ ਡਿਸਚਾਰਜ ਕਰਨ ਤਾਂ ਉਹ ਉਨ੍ਹਾਂ ਨੂੰ ਕੁਝ ਹੋਰ ਸਹੂਲਤਾਂ ਦੇਵੇ । ਜਿਸ ਤਰ੍ਹਾਂ ਕਿ ਪਾਰਲੀਮੈਂਟ ਦੇ ਮੈਂਬਰਾਂ ਨੂੰ ਸਾਰੇ ਦੇਸ਼ ਵਿਚ ਜਾਣ ਲਈ ਫਰੀ ਰੇਲਵੇ ਦੇ ਪਾਸ ਇਸ਼ੂ ਹੋਏ ਹੁੰਦੇ ਹਨ ਇਸ ਤਰ੍ਹਾ ਹੀ ਐਮ. ਐਲ. ਏਜ਼. ਨੂੰ ਵੀ ਫਰੀ ਪਾਸ ਮਿਲਣੇ ਚਾਹੀਦੇ ਹਨ । ਇਸ ਤਰ੍ਹਾਂ ਇਹ ਮੈਂਬਰ ਲੋਕਾਂ ਕੋਲ ਜਾਕੇ ਉਨ੍ਹਾਂ ਦੀ ਚੰਗੀ ਸੇਵਾ ਕਰ ਸਕਦੇ ਹਨ । 300 ਰੁਪਏ ਤੋਂ ਵਧਾ ਕੇ 400 ਰੁਪਏ ਮਹੀਨਾ ਕਰਨ ਨਾਲ ਕੋਈ ਫ਼ਾਇਦਾ ਨਹੀਂ ਹੋਵੇਗਾ ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਹਾਊਸ ਦਾ ਧਿਆਨ ਇਸ ਪਾਸੇ ਦਿਵਾਉਣਾ ਚਾਹੁੰਦਾ ਹਾਂ ਕਿ ਸਾਡੇ ਲੇਬਰ ਮਨਿਸਟਰ ਸਾਹਿਬ ਨੇ ਇੰਡਸਟਰੀ ਦੀ ਲੇਬਰ ਦੇ ਮਿਨੀਮਮ ਵੇਜਿਜ਼ ਮੁਕਰੱਰ ਕੀਤੇ ਹਨ । ਪੰਜਾਬ ਵਿਚ ਸਭ ਤੋਂ ਵਡੀ ਇੰਡਸਟਰੀ ਟੈਕਸਟਾਈਲ ਦੀ ਹੈ। ਟੈਕਸਟਾਈਲ ਦੇ ਮਜ਼ਦੂਰਾਂ ਦੇ ਜਿਹੜੇ ਮਿਨੀਮਮ ਵੇਜ ਇਸ ਸਰਕਾਰ ਨੇ ਮੁਕਰੱਰ ਕੀਤੇ ਹਨ, ਡਿਪਟੀ ਸਪੀਕਰ ਸਾਹਿਬ, ਉਹ ਡੀ.ਏ. ਨੂੰ ਵਿਚ ਜੋੜ ਕੇ 75 ਰੁਪਏ ਮਹੀਨਾ ਹੈ ।

[ਕਾਮਰੇਡ ਸਤਪਾਲ ਡਾਂਗ]

ਇਸ ਮਹਿੰਗਾਈ ਦੇ ਜ਼ਮਾਨੇ ਵਿਚ ਉਸਨੂੰ 75 ਰੁਪਏ ਮਹੀਨੇ ਨਾਲ ਗੁਜ਼ਾਰਾ ਕਰਨਾ ਪਏਗਾ । ਫਿਰ ਇਨ੍ਹਾਂ 75 ਰੁਪਏ ਵਿਚ ਉਸ ਮਜ਼ਦੂਰ ਨੂੰ ਸਾਰਾ ਦਿਨ ਕੰਮ ਕਰਨਾ ਪਏਗਾ ਕਿਉਂਕਿ ਫੈਕਟਰੀ ਐਕਟ ਅਨੁਸਾਰ ਉਹ ਹੋਰ ਕੋਈ ਕੰਮ ਨਹੀਂ ਕਰ ਸਕਦਾ। ਇਸ ਤਰ੍ਹਾਂ 75 ਰੁਪਏ ਵਿਚ ਹੀ ਉਸ ਨੂੰ ਆਪਣੇ ਪਰਵਾਰ ਦਾ, ਬੀਵੀ ਅਤੇ ਬਚਿਆਂ ਦਾ ਪੇਟ ਭਰਨਾ ਪੈਂਦਾ ਹੈ । ਪਰ ਇਥੇ ਮੈਂਬਰਾ ਦਾ ਅਲਾਊਂਸ 300 ਤੋਂ ਵਧਾਕੇ 400 ਕਰ ਦਿਤਾ ਜਾਂਦਾ ਹੈ ਪਰ ਉਨ੍ਹਾਂ ਗਰੀਬਾਂ ਨਾਲ ਕੋਈ ਇਨਸਾਫ਼ ਨਹੀਂ ਕੀਤਾ ਜਾਂਦਾ । ਇਥੇ ਸਾਰੇ ਹਾਊਸ ਵਿਚ ਕੋਈ ਇਕ ਮੈਂਬਰ ਹੀ ਉਠ ਕੇ ਦਸੇ ਕਿ ਉਹ ਹੋਰ ਕੋਈ ਕੰਮ ਨਹੀਂ ਕਰਦਾ ਤੇ ਸਾਰਾ ਵਕਤ ਜਨਤਾ ਦੀ ਭਲਾਈ ਲਈ ਲਗਾਉਂਦਾ ਹੈ । ਸਿਵਾਏ ਮਿਨਿਸਟਰਾਂ ਦੇ ਹੋਰ ਕੋਈ ਮੈਂਬਰ ਅਜਿਹਾ ਨਹੀਂ ਕਰਦਾ ਤੇ ਮਿਨਿਸਟਰਾਂ ਦੀਆਂ ਤਨਖਾਹਾਂ ਵਖਰੇ ਬਿਲ ਦੇ ਤਹਿਤ ਬਣਦੀਆਂ ਹਨ । ਇਹ ਅਸੈਂਬਲੀ ਦੇ ਮੈਂਬਰਾਂ ਦੀਆਂ ਤਨਖਾਹਾਂ ਵਧਾਉਣ ਦਾ ਬਿਲ ਤਾਂ ਪਾਸ ਕਰਨ ਲਗੇ ਹਨ ਪਰ ਗਰੀਬ ਜਨਤਾ ਦਾ ਕੋਈ ਖਿਆਲ ਨਹੀਂ ਰਖਿਆ ਜਾ ਰਿਹਾ । ਸਰਕਾਰੀ ਮੁਲਾਜ਼ਮ ਹਨ ਜਿਨ੍ਹਾਂ ਦੀਆਂ ਜਾਇਜ਼ ਮੰਗਾਂ ਹਨ ਪਰ ਉਹ ਨਹੀਂ ਮੰਨੀਆਂ ਜਾ ਰਹੀਆਂ । ਖੇਤ ਮਜ਼ਦੂਰ ਹਨ ਜਿਨ੍ਹਾਂ ਨੂੰ ਛੇ ਛੇ ਮਹੀਨੇ ਬਾਦ ਦੀ ਆਮਦਨ ਹੁੰਦੀ ਹੈ, ਉਨ੍ਹਾਂ ਵਲ ਕੋਈ ਧਿਆਨ ਨਹੀਂ ਦਿਤਾ ਜਾ ਰਿਹਾ । ਮਜ਼ਦੂਰਾਂ ਦੀ ਘਟੋ ਘਟ ਉਜਰਤ ਇਨਾਂ ਨੂੰ 75 ਰੁਪਏ ਰਖੀ ਹੈ ਉਸ ਨੂੰ ਰੀਵਾਈਜ਼ ਕਰਨ ਵਾਸਤੇ ਇਹ ਤਿਆਰ ਨਹੀਂ ਹਨ । ਜੇ ਐਮ. ਐਲ. ਏਜ਼. ਦੀਆਂ ਤਨਖਾਹਾਂ ਵਧਾਈਆਂ ਗਈਆਂ ਤਾਂ ਲੋਕਾਂ ਨੂੰ ਜਵਾਬ ਨਹੀਂ ਦਿੱਤਾ ਜਾ ਸਕੇਗਾ । ਇਸ ਲਈ ਮੈਂ ਇਸ ਬਿਲ ਦੀ ਮੁਖਾਲਫ਼ਤ ਕਰਦਾ ਹਾਂ ਅਤੇ ਚੌਧਰੀ ਸਾਹਿਬ ਨੂੰ ਅਰਜ਼ ਕਰਦਾ ਹਾਂ ਕਿ ਉਹ ਇਹ ਬਿਲ ਵਾਪਸ ਲੈ ਲੈਣ । ਹੁਣ ਅਜਿਹਾ ਕੋਈ ਨਵਾਂ ਕਾਜ਼ ਨਹੀਂ ਪੈਦਾ ਹੋਇਆ ਜਿਸ ਕਰਕੇ ਇਹ ਤਨਖਾਹ ਵਧਾਣੀ ਜ਼ਰੂਰੀ ਹੋਵੇ । ਇਸ ਕਰਕੇ ਮੈਂ ਇਸ ਬਿਲ ਦੀ ਮੁਖਾਲਫ਼ਤ ਕਰਦਾ ਹਾਂ ।

ਸਰਦਾਰ ਅਮਰ ਸਿੰਘ ਦੋਸਾਂਝ (ਫਿਲੌਰ) : ਡਿਪਟੀ ਸਪੀਕਰ ਸਾਹਿਬ, ਮੇਰੇ ਦੋਸਤਾਂ ਨੇ ਇਸ ਬਿਲ ਦੇ ਖ਼ਿਲਾਫ ਬੜੀਆਂ ਜਜ਼ਬਾਤੀ ਗੱਲਾਂ ਕੀਤੀਆਂ ਹਨ (ਸਰਕਾਰੀ ਬੈਂਚਾਂ ਵਲੋਂ ਥੰਪਿੰਗ) ਡਿਪਟੀ ਸਪੀਕਰ ਸਾਹਿਬ, ਸਾਡੇ ਦੇਸ਼ ਵਿਚ ਜਿਥੇ ਹੋਰ ਕਈ ਇਮਰਾਜ਼ ਹਨ ਉਥੇ ਇਹ ਵੀ ਇਕ ਮਰਜ਼ ਹੈ ਕਿ ਸਸਤੀ ਸ਼ੋਹਰਤ ਪ੍ਰਾਪਤ ਕੀਤੀ ਜਾਵੇ । ਡਿਪਟੀ ਸਪੀਕਰ ਸਾਹਿਬ, ਜੇ ਹਾਊਸ ਵਿਚ ਨਿਗਾਹ ਮਾਰੀ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਇਥੋਂ ਦੇ ਮੈਂਬਰਾ ਵਿਚ ਬੜੀ ਭਾਰੀ ਡਿਸਪੈਰੇਟੀ ਨਜ਼ਰ ਆਵੇਗੀ । ਚੀਫ ਮਿਨਿਸਟਰ ਨੂੰ ਕੁਝ ਮਿਲਦਾ ਹੈ, ਮਿਨਿਸਟਰ ਨੂੰ ਕੁਝ ਪਰ ਮੈਂਬਰ ਨੂੰ ਤਾਂ ਬਹੁਤ ਥੋੜਾ ਮਿਲਦਾ ਹੈ । ਇਸ ਡਿਸਪੈਰੇਟੀ ਕਰਕੇ ਹੀ ਕੁਰੱਪਸ਼ਨ ਵਧਦੀ ਹੈ । ਔਰ ਇਸ ਡਿਸਪੈਰੇਟੀ ਨੂੰ ਦੂਰ ਕਰਨ ਵਾਸਤੇ ਹੀ ਸੋਸ਼ਲਿਜ਼ਮ ਦਾ ਨਾਹਰਾ ਲਾਇਆ ਜਾਂਦਾ ਹੈ (ਵਿਘਨ) ਇਕ ਮੈਂਬਰ ਨੂੰ ਬੜੇ ਭਾਰੀ ਸਿਆਸੀ ਫਰਾਇਜ਼ ਪੂਰੇ ਕਰਨੇ ਪੈਂਦੇ ਹਨ ।

(ਸਰਦਾਰ ਬਲਵੰਤ ਸਿੰਘ ਵਲੋਂ ਵਿਘਨ)

ਸ੍ਰੀ ਡਿਪਟੀ ਸਪੀਕਰ : ਸਰਦਾਰ ਬਲਵੰਤ ਸਿੰਘ ਤੁਸੀਂ ਇੰਟਰਪਟ ਨਾ ਕਰੋ । (Sardar Balwant Singh should not interrupt.)

ਸਰਦਾਰ ਅਮਰ ਸਿੰਘ ਦੋਸਾਂਝ : ਡਿਪਟੀ ਸਪੀਕਰ ਸਾਹਿਬ, ਸਰਦਾਰ ਬਲਵੰਤ ਸਿੰਘ ਦੀ ਡਿਸਪੈਰੇਟੀ ਦੂਰ ਹੋ ਚੁਕੀ ਹੈ । (ਸਰਕਾਰੀ ਬੈਂਚਾਂ ਵਲੋਂ ਥੰਪਿੰਗ) ਇਥੇ ਕਈ ਸਤਿਕਾਰ ਯੋਗ ਮੈਂਬਰ ਹਨ ਜੋ ਆਪਣੀ ਡਿਸਪੈਰੇਟੀ ਦੂਰ ਕਰ ਚੁਕੇ ਹਨ, ਹੁਣ ਉਨ੍ਹਾਂ ਨੂੰ ਡਿਸਪੈਰੇਟੀ ਦੂਰ ਕਰਨ ਦੀ ਲੋੜ ਨਹੀਂ ਹੈ (ਸਰਕਾਰੀ ਬੈਂਚਾਂ ਵਲੋਂ ਪ੍ਰਸੰਸਾ) (ਵਿਘਨ)

ਡਿਪਟੀ ਸਪੀਕਰ ਸਾਹਿਬ, ਮੈਂ ਚੌਧਰੀ ਕਰਤਾਰ ਸਿੰਘ ਜੀ ਨੂੰ ਇਹ ਬਿਲ ਲਿਆਉਣ ਲਈ ਮੁਬਾਰਕਬਾਦ ਦਿੰਦਾ ਹਾਂ । ਉਨ੍ਹਾਂ ਨੇ ਮੈਂਬਰਾਂ ਦੇ ਜਜ਼ਬਾਤ ਦੀ ਸਹੀ ਤਰਜਮਾਨੀ ਕੀਤੀ ਹੈ । ਇਹ ਇਕ ਰੀਐਕਸ਼ਨਰੀ ਗੌਰਮਿੰਟ ਦਾ ਕਿਰਦਾਰ ਹੁੰਦਾ ਹੈ ਕਿ ਮੈਂਬਰ ਖੁਦ ਕਫ਼ੀਲ ਨਾ ਹੋ ਜਾਣ

(ਸ਼੍ਰੀ ਸਤਪਾਲ ਡਾਂਗ ਵਲੋਂ ਵਿਘਨ)

ਜਿਨ੍ਹਾਂ ਮੈਂਬਰਾਂ ਨੂੰ ਰੂਸ ਤੋਂ ਰੁਪਿਆ ਆਉਂਦਾ ਹੈ, ਉਨ੍ਹਾਂ ਦੀ ਵੀ ਡਿਸਪੈਰੇਟੀ ਦੂਰ ਹੋ ਚੁਕੀ ਹੈ । ਸ਼ੋਰ (ਵਿਘਨ) (ਸਰਕਾਰੀ ਬੈਂਚਾਂ ਵਲੋਂ ਪ੍ਰਸੰਸਾ)

ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਜਿਨ੍ਹਾਂ ਮੈਂਬਰਾਂ ਨੇ ਆਪਣੀ ਕੰਸਟੀ-ਚੂਐਂਸੀ ਦੀ ਸੇਵਾ ਕਰਨੀ ਹੈ ਔਰ ਦਿਆਨਤਦਾਰੀ ਨਾਲ ਸੇਵਾ ਕਰਨੀ ਹੈ ਇਹ ਉਨ੍ਹਾਂ ਦੀ ਸਹੀ ਜ਼ਰੂਰਤ ਹੈ ਜਿਸ ਨੂੰ ਹਾਊਸ ਵਿਚ ਪੇਸ਼ ਕੀਤਾ ਗਿਆ ਹੈ ।

ਜਿਥੋਂ ਤਕ ਮੇਰੇ ਦੋਸਤਾਂ ਦਾ ਇਹ ਕਹਿਣਾ ਹੈ ਕਿ ਐਮ. ਐਲ. ਏ. ਹੋਲ—ਟਾਈਮ ਵਰਕਰ ਨਹੀਂ ਹੈ. ਮੈਂ ਉਨ੍ਹਾਂ ਨਾਲ ਇਤਫ਼ਾਕ ਨਹੀਂ ਰਖਦਾ । ਇਕ ਐਮ. ਐਲ. ਏ. ਇਕ ਲਖ ਲੋਕਾਂ ਨੂੰ ਰੀਪ੍ਰੀਜ਼ੈਂਟ ਕਰਦਾ ਹੈ । ਉਨ੍ਹਾਂ ਲੋਕਾਂ ਦੀਆਂ ਚਿੰਤਾਵਾਂ ਉਸ ਦੇ ਦਿਮਾਗ ਵਿਚ ਹਰ ਵੇਲੇ ਰਹਿੰਦੀਆਂ ਹਨ । ਇਸ ਲਈ ਐਮ. ਐਲ. ਏਜ਼. ਨੂੰ ਵਧ ਤੋਂ ਵਧ ਸਹੂਲਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਤਾਂ ਜੋ ਉਹ ਆਪਣਾ ਕੰਮ, ਜਨਤਾ ਦੀ ਸੇਵਾ, ਵਧ ਤੋਂ ਵਧ ਖੁਸ਼ਅਸਲੂਬੀ ਨਾਲ ਕਰ ਸਕਣ । ਇਸ ਤੋਂ ਵਧ ਹੋਰ ਕੁਝ ਕਹਿਣ ਦੀ ਮੈਂ ਲੋੜ ਨਹੀਂ ਸਮਝਦਾ ।

ਸਰਦਾਰ ਜੰਗੀਰ ਸਿੰਘ ਫਗੂਵਾਲੀਆ (ਸੰਗਰੂਰ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਚੌਧਰੀ ਸਾਹਿਬ ਨੇ ਲਿਆਂਦਾ ਹੈ ਮੈਂ ਇਸ ਦੇ ਬਾਰੇ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡਾ ਖਿਆਲ ਹੈ ਕਿ ਅਸੀਂ ਇਥੇ ਕਮਾਈ ਕਰਨ ਵਾਸਤੇ ਨਹੀਂ ਆਉਂਦੇ । (ਵਿਰੋਧੀ ਬੈਂਚਾਂ ਵਲੋਂ ਪ੍ਰਸੰਸਾ) (ਵਿਘਨ) ਹੁਣ ਸੁਣ ਲਓ ਘਬਰਾਓ ਨਾ । ਜੇ ਗੌਰਮਿੰਟ ਕੋਲ ਰੁਪਏ ਫਾਲਤੂ ਹਨ ਤਾਂ ਉਹ ਕਿਸਾਨਾਂ ਨੂੰ ਸਹੂਲਤਾਂ ਦੇਵੇ । ਉਸ ਨੇ 5 ਏਕੜ ਦਾ ਮਾਲੀਆ ਮਾਫ ਕੀਤਾ ਹੈ,ਹੁਣ 5 ਏਕੜ ਦੀ ਥਾਂ ਤੇ 10 ਏਕੜ ਵਾਲਿਆਂ ਨੂੰ ਮਾਲੀਏ ਦੀ ਸਹੂਲਤ ਦਿਓ । (ਤਾੜੀਆਂ) ਭੱਠਾ ਮਜ਼ਦੂਰ ਹੜਤਾਲ ਕਰੀ ਬੈਠੇ ਹਨ, ਉਨ੍ਹਾਂ ਨੂੰ ਮਦਦ ਦਿਓ (ਤਾੜੀਆਂ) ਹੋਰ ਸਰਕਾਰੀ ਮੁਲਾਜ਼ਮਾਂ ਦੀਆਂ ਤਨਖਾਹਾਂ ਵਧਾਓ । ਹੋਰ ਮਜ਼ਦੂਰਾਂ ਦੀ ਹਾਲਤ ਵਲ ਧਿਆਨ ਦਿਓ । (ਤਾੜੀਆਂ) ਡਿਪਟੀ ਸਪੀਕਰ ਸਾਹਿਬ, ਕਾਂਗਰਸ ਦਾ ਅਸੂਲ ਹੈ ਕਿ ਕੁੱਲੀ, ਗੁੱਲੀ ਅਤੇ ਜੁੱਲੀ ਸਭ ਨੂੰ ਦਿਤੀ ਜਾਵੇ ਪਰ ਅਜ ਬਹੁਤੇ ਗਰੀਬਾਂ ਕੋਲ ਇਹ 3 ਚੀਜ਼ਾਂ ਨਹੀਂ ਹਨ । ਤੁਸੀਂ ਹਰੀਜਨਾਂ ਨੂੰ ਜ਼ਮੀਨਾਂ ਦਿੱਤੀਆਂ ਹਨ ਪਰ ਉਨ੍ਹਾਂ ਕੋਲ ਬੈਲ ਖਰੀਦਣ ਲਈ ਪੈਸੇ ਨਹੀਂ ਹਨ । ਉਨ੍ਹਾਂ ਹਰੀਜਨਾਂ ਲਈ ਤੁਸੀਂ ਪੈਸੇ ਦਾ ਪਰਬੰਧ ਕਰੋ ਤਾਂ ਕਿ ਉਹ ਬੈਲ ਖਰੀਦ ਕੇ ਕੰਮ ਕਰ ਸਕਣ । ਹਰੀਜਨਾ ਨੂੰ ਹੋਰ ਜ਼ਮੀਨਾਂ ਵੀ ਦਿਓ । ਅਜ ਕਦੀ ਮਾਸਟਰ ਹੜਤਾਲ ਕਰਦੇ ਹਨ, ਕਦੇ ਮਜ਼ਦੂਰ ਹੜਤਾਲ ਕਰਦੇ ਹਨ । ਹਰ ਪਾਸੇ ਹਾਹਾਕਾਰ ਮਚੀ ਹੋਈ ਹੈ ਤੁਸੀਂ ਐਮ. ਐਲ. ਏਜ਼. ਦੀ ਤਨਖਾਹ ਵਧਾਉਣ ਦੀ ਥਾਂ ਇਨ੍ਹਾਂ ਵਲ ਧਿਆਨ ਦਿਓ ।

(ਵਿੱਤ ਮੰਤਰੀ ਡਾਕਟਰ ਜਗਜੀਤ ਸਿੰਘ ਵਲੋਂ ਵਿਘਨ)

[ਸਰਦਾਰ ਜੰਗੀਰ ਸਿੰਘ ਫਗੂਵਾਲੀਆ]

ਡਾਕਟਰ ਸਾਹਿਬ, ਘਬਰਾਉ ਨਹੀਂ, ਜ਼ਰਾ ਧਿਆਨ ਨਾਲ ਸੁਣ ਲਉ । ਮੈਂਬਰਾਂ ਦੀਆਂ ਤਨਖਾਹਾਂ ਵਧਾਉਣ ਦੀ ਥਾਂ ਤੁਸੀਂ ਜੋ ਤਕਾਵੀਆਂ ਗਰੀਬ ਕਿਸਾਨਾਂ ਨੂੰ ਦਿੱਤੀਆਂ ਹਨ ਉਹ ਤਕਾਵੀਆਂ ਮਾਫ ਕਰ ਦਿਓ । ਕਿਸਾਨ ਫਲੱਡਜ਼ ਦੇ ਮਾਰੇ ਹੋਏ ਹਨ । ਇਹ ਵਿਚਾਰੇ ਆਪਣੀਆਂ ਮੱਝਾਂ ਗਾਈਆਂ ਤੇ ਬੈਲ ਨੀਲਾਮ ਕਰਾਉਂਦੇ ਹਨ ਕਰਜ਼ਾ ਉਤਾਰਨ ਲਈ । ਇਸ ਲਈ ਇਨ੍ਹਾਂ ਦਾ ਕਰਜ਼ਾ ਮੁਆਫ ਕਰਨਾ ਚਾਹੀਦਾ ਹੈ । ਅਸੀਂ ਇਥੇ ਸੇਵਾ ਕਰਨ ਲਈ ਆਏ ਹਾਂ । ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡਾ ਭਾਵੇਂ 200 ਰੁਪਿਆ ਕਰ ਦਿਉ । ਗਰੀਬਾਂ ਨੂੰ ਰੋਟੀ ਦਿਉ । ਗਰੀਬ ਕਿਸਾਨਾਂ ਦਾ ਕਰਜ਼ਾ ਮੁਆਫ ਕਰ ਦਿਓ ਤਾਂ ਜੋ ਉਹ ਰਜ ਕੇ ਰੋਟੀ ਖਾ ਸਕਣ । ਕਿਸਾਨ ਮਾਰਿਆ ਮਾਰਿਆ ਫਿਰਦਾ ਹੈ ਜਿਨ੍ਹਾਂ ਦੀਆਂ ਮੱਝਾਂ, ਗਾਈਆਂ ਤੇ ਬੈਲ ਨੀਲਾਮ ਹੋ ਜਾਂਦੇ ਹਨ । ਮੈਂ ਅਪੀਲ ਕਰਦਾ ਹਾਂ ਕਿ ਬਜਾਏ ਇਸ ਦੇ ਕਿ ਸਾਡੀਆਂ ਤਨਖਾਹਾਂ ਵਧਣ ਗਰੀਬ ਕਿਸਾਨਾਂ ਨੂੰ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ । ਇਸ ਬਿਲ ਨੂੰ ਵਾਪਸ ਲੈ ਲੈਣਾ ਚਾਹੀਦਾ ਹੈ । ਇਸ ਤਰ੍ਹਾਂ ਇਸ ਬਿਲ ਨੂੰ ਪਾਸ ਕਰਕੇ ਸਾਡੇ ਮਥੇ ਤੇ ਕਲੰਕ ਦਾ ਟਿੱਕਾ ਨਾਂ ਲਾਉ ।

ਸਰਦਾਰ ਜੰਗੀਰ ਸਿੰਘ ਦਰਦ : (ਦਾਖਾ ਐਸ. ਸੀ.) ਮੈਂ ਵਜ਼ੀਰ ਸਾਹਿਬ ਨੂੰ ਮੁਬਾਰਕਬਾਦ ਪੇਸ਼ ਕਰਦਾ ਹਾਂ ਕਿ ਜਿਨ੍ਹਾਂ ਨੇ ਇਹ ਬਿਲ ਲਿਆਂਦਾ ਹੈ। ਜਿਹੜੇ ਇਸ ਬਿਲ ਦੀ ਮੁਖਾਲਫਤ ਕਰਦੇ ਹਨ ਉਹ ਦੋ ਕਿਸਮ ਦੇ ਲੋਕ ਹਨ । ਇਕ ਤਾਂ ਉਹ ਜਿਨ੍ਹਾਂ ਦੇ ਮਾਂ ਬਾਪ ਨੇ ਉਨ੍ਹਾਂ ਲਈ ਕਾਫੀ ਰੁਪਿਆ ਇਕਠਾ ਕੀਤਾ ਹੋਇਆ ਹੈ ਤੇ ਉਸ ਰੁਪਏ ਦੀ ਸ਼ਕਤੀ ਨਾਲ ਰਾਜਨੀਤਕ ਮੈਦਾਨ ਵਿਚ ਆਏ ਹਨ ਅਤੇ ਦੂਜੇ ਉਹ ਜੋ ਕੁਰੱਪਟ ਹਨ ਅਤੇ ਜਿਨਾਂ ਨੇ ਕੁਰੱਪਸ਼ਨ ਰਾਹੀਂ ਦੌਲਤ ਇਕਠੀ ਕੀਤੀ ਹੋਈ ਹੈ । ਜੇਕਰ ਗਿਲ ਸਾਹਿਬ ਦੀ ਹਕੂਮਤ ਵਿਚ ਜਾਨ ਹੈ ਤਾਂ ਜਿਹੜੇ ਲੋਕ ਕੁਰੱਪਸ਼ਨ ਰਾਹੀਂ ਪੈਸੇ ਇਕਠੇ ਕਰਦੇ ਹਨ ਉਨ੍ਹਾਂ ਦੀ ਇਨਕੁਆਇਰੀ ਕੀਤੀ ਜਾਵੇ। ਸਾਰੇ ਪੰਜਾਬ ਵਿਚ ਸ਼ਾਪ ਐਕਟ ਲਾਗੂ ਹੁੰਦਾ ਹੈ । ਦੁਕਾਨਦਾਰਾਂ ਨੂੰ ਅਪਣੇ ਵਪਾਰ ਆਦਿ ਲਈ ਇਕ ਨੀਅਤ ਸਮਾਂ ਦੁਕਾਨ ਵਿਚ ਦੇਣਾ ਪੈਂਦਾ ਹੈ ਪਰ ਗਰੀਬ ਐਮ. ਐਲ. ਏ. ਦਾ ਕੰਮ ਅਜਿਹਾ ਹੈ ਕਿ ਨਾਂ ਇਸ ਨੂੰ ਦਿਨ ਵੇਲੇ ਆਰਾਮ ਅਤੇ ਨਾਂ ਹੀ ਰਾਤ ਵੇਲੇ ਚੈਨ ਹੁੰਦਾ ਹੈ । ਹਰ ਵਕਤ ਜਨਤਾ ਦੀਆਂ ਤਕਲੀਫਾਂ ਨੂੰ ਦੂਰ ਕਰਨ ਵਿਚ ਇਹ ਰੁਝਿਆ ਰਹਿੰਦਾ ਹੈ । ਨਾ ਕੋਈ ਐਕਟ ਅਤੇ ਨਾ ਹੀ ਕੋਈ ਮਾਰਲ ਕੋਡ ਇਸ ਦੀ ਭਲਾਈ ਲਈ ਨਿਸਚਿਤ ਕੀਤਾ ਗਿਆ ਹੈ । (ਸ਼ੋਰ,ਵਿਘਨ)

ਠੀਕ ਹੈ ਕਿ ਕਈ ਐਮ. ਐਲ. ਏਜ਼ ਐਸੇ ਹਨ ਜੋ ਏਅਰ ਕੰਡੀਸ਼ਨ ਕੋਠੀਆਂ ਵਿਚ ਬੈਠੇ ਹਨ । ਹਿੰਦੁਸਤਾਨ ਦੇ ਪਾਲਿਟੀਸ਼ਨਾਂ ਵਿਚ ਜਾਨ ਨਹੀਂ ਰਹੀ । ਇਹ ਲੀਡ ਨਹੀਂ ਦਿੰਦੇ ਬਲਕਿ ਇਹ ਜਨਤਾ ਤੋਂ ਲੀਡ ਕਬੂਲ ਕਰਦੇ ਹਨ । ਜਿਹੜੇ ਕਿਸਾਨ ਹਨ ਉਨ੍ਹਾਂ ਨੇ ਆਪਣੇ ਹਕੂਕ ਦੀ ਰਾਖੀ ਲਈ ਕਿਸਾਨ ਸਭਾ ਬਣਾਈ ਹੋਈ ਹੈ । ਲੇਬਰ ਨੇ ਲੇਬਰ ਯੂਨੀਅਨ ਬਣਾਈ ਹੋਈ ਹੈ ਪਰ ਜਿਹੜੇ ਇਹ ਪੁਲਿਟੀਕਲ ਬੰਦੇ ਨੇ ਇਹ ਆਪਣੇ ਰਾਈਟਸ ਦੀ ਰਖਿਆ ਲਈ ਕੁਝ ਵੀ ਨਹੀਂ ਕਰਦੇ । (ਆਵਾਜ਼ਾਂ ਆਪੋਜ਼ੀਸ਼ਨ ਵਲੋਂ ਸ਼ੋਰ)—ਡਾਂਗ ਸਾਹਿਬ ਕਹਿੰਦੇ ਹਨ ਐਮ. ਐਲ. ਏਜ਼. ਯੂਨੀਅਨ ਬਣਾ ਲੈਣ ।

ਇਸ ਬਿਲ ਦੇ ਵਿਰੋਧੀਆਂ ਵਿਚ ਉਹ ਲੋਕ ਹਨ ਜੋ ਇਸ ਦੇ ਵਿਰੁਧ ਬੋਲ ਰਹੇ ਹਨ ਜਿਨ੍ਹਾਂ ਨੇ ਜੰਮੂ, ਕਸ਼ਮੀਰ ਤੇ ਕਾਲਕਾ ਸ਼ਿਮਲਾ ਦੇ ਰੂਟ ਪਰਮਿਟ ਲੈ ਕੇ ਦੌਲਤ ਕਮਾਈ ਹੋਈ ਹੈ । ਜਦੋਂ ਟਰਾਂਸਪੋਰਟ ਨੈਸ਼ਨਲਾਈਜ਼ ਕਰਨ ਦਾ ਸਵਾਲ ਆਉਂਦਾ ਹੈ ਤਾਂ ਇਹ ਲੋਕ ਇਸ

ਵਿਚ ਰੁਕਾਵਟ ਪਾਉਂਦੇ ਹਨ । ਕਾਮਰੇਡ ਸਤਪਾਲ ਜੀ ਤੁਸੀਂ ਸਾਡੇ ਵਰਗੇ ਇਹੋ ਜਿਹੇ ਗਰੀਬ ਹਰੀਜਨਾਂ ਵਲ ਵੀ ਵੇਖੋ । ਇਹ ਲੋਕ ਤੁਹਾਨੂੰ ਕੀ ਕਹਿਣਗੇ । ਜਿਹੜਾ ਆਦਮੀ ਲੈਜਿਸਲੇਟਰ ਹੋ ਕੇ ਵੀ ਜਿੰਦਗੀ ਦੀਆਂ ਲੋੜਾਂ ਅਤੇ ਮਜਬੂਰੀਆਂ ਵਿਚ ਬੰਨ੍ਹਿਆਂ ਹੋਇਆ ਹੈ ਉਹ ਲਾਲਚ ਤੋਂ ਉਪਰ ਉਠਕੇ ਜਨਤਾ ਦੀ ਕੋਈ ਸੇਵਾ ਨਹੀਂ ਕਰ ਸਕਦਾ । ਜੋ ਅਮੀਰ ਹੈ, ਕੈਪਿਟੇਲਿਸਟ ਹੈ, ਉਹ ਗਰੀਬ ਨਾਲ ਕਦੇ ਵੀ ਪੁਲੀਟੀਕਲ ਅਤੇ ਇਕਨਾਮਿਕ ਪਾਵਰ ਸ਼ੇਅਰ ਨਹੀਂ ਕਰਦਾ ਅਤੇ ਜੇ ਕਰਨੀ ਵੀ ਪਵੇ ਤਾਂ ਇਨਫਲੂਐਂਸਿੰਗ ਪਾਵਰ ਆਪਣੇ ਹੀ ਹੱਥਾਂ ਵਿਚ ਰਖਦਾ ਹੈ । ਮਸਲਨ ਜਦੋਂ ਕੋਈ ਰੂਟ ਪਰਮਿਟ ਲਈ ਜਾਂ ਕਿਸੇ ਇੰਡਸਟਰੀ ਲਈ ਜਾਂਦਾ ਹੈ ਤਾਂ ਵਜ਼ੀਰ ਆਪਣੀ ਮਜਬੂਰੀ ਜ਼ਾਹਿਰ ਕਰਦਾ ਹੋਇਆ ਕਹਿੰਦਾ ਹੈ ਕਿ ਚੀਫ ਮਨਿਸਟਰ ਨੂੰ ਮਿਲ ਲਉ । ਸਾਰੀ ਮਨੌਪਲੀ ਤਾਂ ਚੀਫ ਮਨਿਸਟਰ ਦੀ ਹੁੰਦੀ ਹੈ । ਇਕਨਾਮਿਕ ਪਾਵਰ ਤਾਂ ਅਮੀਰ ਆਦਮੀ ਗਰੀਬ ਨਾਲ ਬਿਲਕੁਲ ਹੀ ਸ਼ੇਅਰ ਨਹੀਂ ਕਰਦਾ । ਮਿਸਾਲ ਵਜੋਂ ਵਾਘੇ ਤੋਂ ਲੈ ਕੇ ਰਾਜਕੁਮਾਰੀ ਤਕ ਕਿਸੇ ਗਰੀਬ ਦੀ ਕੋਈ ਫੈਕਟਰੀ ਕੋਈ ਟ੍ਰਾਂਸਪੋਰਟ ਕੰਪਨੀ, ਕੋਈ ਐਗਰੀਕਲਚਰ ਫਾਰਮ ਦਿਖਾ ਦਿਉ । ਇਹ ਚੀਜ਼ਾਂ ਕਦੇ ਕਿਸੇ ਗਰੀਬ ਦੀਆਂ ਨਹੀਂ ਹੋਣਗੀਆਂ ਤੇ ਹੁਣ ਕਮਿਊਨਿਸਟ ਕਹਿੰਦੇ ਹਨ ਕਿ ਤਨਖਾਹ ਨਾਂ ਵਧਾਉ । ਇਨ੍ਹਾਂ ਦੀਆਂ ਗਲਾਂ ਦਾ ਕੋਈ ਮਤਲਬ ਨਹੀਂ । ਇਨਾਂ ਦਾ ਤਾਂ ਵਨ ਵੇ ਟ੍ਰੈਫਿਕ ਹੀ ਰਹਿੰਦਾ ਹੈ । ਟੈਕਸ ਨਾ ਲਗਣ ਤਾਂ ਪੈਸੇ ਕਿਥੋਂ ਆਉਣ । ਜੇ ਕਿਤੇ ਸੀ. ਆਈ ਡੀ. ਨੂੰ ਇਨ੍ਹਾਂ ਲੋਕਾਂ ਦੀ ਆਮਦਨੀ ਦੇ ਜ਼ਰੀਏ ਪਤਾ ਕਰਨ ਲਈ ਕਿਹਾ ਜਾਏ ਤਾਂ ਸਾਨੂੰ ਇਨ੍ਹਾਂ ਦੇ ਸਾਰੇ ਕੰਮਾਂ ਦਾ ਪਤਾ ਲਗ ਜਾਏਗਾ । ਜਦੋਂ ਤੁਸੀਂ ਲੁਟਿਆ ਤਾਂ ਜਨਤਾ ਨੇ ਕੁਝ ਨਹੀਂ ਕਿਹਾ । ਸੋ ਤਨਖਾਹ 500 ਰੁਪਏ ਵੀ ਕਰ ਦਿਤੀ ਜਾਵੇ ਤਾਂ ਘੱਟ ਹੈ ।

ਸ੍ਰੀ ਸੱਤਪਾਲ ਡਾਂਗ : ਇਨ੍ਹਾਂ ਨੇ ਕਿਹਾ ਇਨਕੁਆਇਰੀ ਸੀ. ਆਈ. ਡੀ. ਕੋਲੋਂ ਕਰਵਾਈ ਜਾਵੇ । ਮੈਂ ਤੁਹਾਡੇ ਰਾਹੀਂ ਇਹ ਪ੍ਰਾਰਥਨਾ ਕਰਦਾ ਹਾਂ ਕਿ ਜਿਹੜੇ ਜਿਹੜੇ ਨਾਂ ਇਹ ਲੈਂਦੇ ਹਨ ਇਸ ਪਾਸਿਉਂ ਇਹ ਲੈ ਦੇਣ ਅਤੇ ਜਿਹੜੇ ਜਿਹੜੇ ਨਾਂ ਅਸੀਂ ਲੈਣਾ ਚਾਹੁੰਦੇ ਹਾਂ ਦੂਸਰੇ ਪਾਸਿਉਂ ਅਸੀਂ ਲੈ ਦੇਈਏ । ਇਸ ਤੇ ਹਾਈ ਕੋਰਟ ਦਾ ਕਮਿਸ਼ਨ ਬਿਠਾ ਦਿਤਾ ਜਾਏ ਅਸੀਂ ਦਸਾਂਗੇ ਕਿਸਨੇ ਐਮ. ਐਲ. ਏ. ਬਣਨ ਤੋਂ ਬਾਅਦ ਪੈਸਾ ਇਕਠਾ ਕੀਤਾ ਹੈ । ਹਾਈ ਕੋਰਟ ਦਾ ਕਮਿਸ਼ਨ ਬਿਠਾ ਦਿਤਾ ਜਾਏ ।

चौधरी बलबीर सिंह (होशियारपुर) चौधरी करतार सिंह ने सब पार्टियों के लीडरों के साथ बातचीत करके इस बिल को पेश किया है । पोलीटीकल पार्टीज़ के लीडर्ज को चौधरी करतार सिंह ने कहा था कि अगर इस बिल की मुखालिफत करनी है तो वह बिल को पेश नहीं करेंगे । अगर मुखालिफत नहीं करनी तो पेश करेंगे । उस दिन जनसंघ के लीडर श्री कृष्ण लाल जी, कम्युनिस्ट पार्टी के लीडर सरदार तेजा सिंह स्वतन्त्र और श्री हरकिशन सिंह सुरजीत वहां पर मौजूद थे । श्री सुरजीत ने कहा कि मैं न्यूटरल रहूंगा । दुनियां को बेवकूफ बनाने के लिए अगर मैंने मुखालिफत की तो उसको वापस ले लूंगा जब पहले अलाऊंस भी बढ़ाया गया था तो भी मैं इस की मुखालिफत करने के लिए खड़ा हुआ । उस वक्त स. गुरदियाल सिंह ढिलों स्पीकर थे । उन्हों ने भी इस की मुखालिफत की (विघ्न) 1957 से 1962 के दौरान बस के किराए वही रहे लेकिन 1962 की

[चौधरी बलबीर सिंह]

इलक्शन में यह किराए पसन्द नहीं किए गए और बढ़ा दिए गए। (विघ्न) मैं तो अब भी बस में ही आता हूं और बस का ही किराया लेता हूं मैंने एक साईकल भी रखा हुआ है दूसरों की तरह मैं स्कूटरों आदि पर नहीं चढ़ता। (विघ्न) लेकिन मुझे अफसोस है कि (विघ्न) डिप्टी स्पीकर साहिब मैं अपने दोस्तों से कहूंगा कि वे जो सरकार को सबक सिखाते हैं उनको खुद भी सबक सीखने चाहिए। (थंपिंग)

चौधरी करतार सिंह ने कहा है कि अगर इस बिल की कोई मुखालिफत करेगा तो मैं इस को वापस ले लूंगा। इस बिल की बहुत से मैंबरों ने मुखालिफत की है। इस लिए मैं उनको कहूंगा कि वे आपने वायदे के मुताबिक इस को वापस ले लें (थंपिंग)

और मैं यह चाहूंगा कि इस हाऊस के अन्दर बैठे सबको बेवकूफ बनाने की कोशिश न करें (थंपिंग)।

ਕੁਮਾਰੀ ਸਰਲਾ ਪ੍ਰਾਸ਼ਰ (ਨੰਗਲ) : ਡਿਪਟੀ ਸਪੀਕਰ ਸਾਹਿਬ, ਜਿਸ ਵੇਲੇ ਬਿੱਲ ਸਾਹਮਣੇ ਆਇਆ ਤਾਂ ਮੇਰੇ ਸਾਥੀ ਜੋ ਅਪੋਜ਼ੀਸ਼ਨ ਬੈਂਚਿਜ਼ ਤੇ ਬੈਠੇ ਹਨ, ਇਸ ਉਤੇ ਬੋਲਣ ਲਈ ਉਠੇ ਤਾਂ ਮੈਂ ਸੋਚ ਰਹੀ ਸੀ ਕਿ ਇਸ ਬਿਲ ਦੀ ਕੋਈ ਮੁਖਾਲਫਤ ਨਹੀਂ ਕਰੇਗਾ। ਮੇਰਾ ਖਿਆਲ ਸੀ ਕਿ ਕੋਈ ਕੰਮ ਦੀ ਗਲ ਕਰਨਗੇ। ਇਸ ਲਈ ਮੈਂ ਸੁਣਨ ਦੀ ਪੂਰੀ ਪੂਰੀ ਕੋਸ਼ਿਸ਼ ਕੀਤੀ। ਲੇਕਿਨ ਸ੍ਰੀ ਸੱਬਰਵਾਲ ਜੀ ਨੇ ਆਪਣੀ ਸਪੀਚ ਵਿਚ ਮਹਾਤਮਾਂ ਗਾਂਧੀ ਦਾ ਹਵਾਲਾ ਦਿਤਾ ਹੈ। (ਵਿਘਨ) ਉਨ੍ਹਾਂ ਨੇ ਕਿਹਾ ਕਿ ਅਸੀਂ ਪਬਲਿਕ ਕੋਲੋਂ ਪੈਸੇ ਨਹੀਂ ਲੈਂਦੇ (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦੀ ਹਾਂ ਕਿ ਅਸੀਂ 20-21 ਸਾਲਾਂ ਵਿਚ ਆਜ਼ਾਦੀ ਤੋਂ ਬਾਅਦ ਵੀ ਆਪਣੇ ਦੇਸ਼ ਵਿਚੋਂ ਜਨਤਾ ਦੀ ਗਰੀਬੀ ਦੂਰ ਨਹੀਂ ਕਰ ਸਕੇ। (ਵਿਘਨ) ਕਈ ਐਮ. ਐਲ. ਏਜ਼. ਤਾਂ ਐਮ. ਐਲ. ਏ. ਸ਼ਿਪ ਨੂੰ ਹਾਬੀ ਸਮਝਦੇ ਹਨ। ਇਹ ਉਕਾ ਹੀ ਗਲਤ ਹੈ। (ਵਿਘਨ) ਇਲੈਕਸ਼ਨ ਦੇ ਦੌਰਾਨ ਮੈਂ ਆਪਣੇ ਹਲਕੇ ਵਿਚ ਗਈ। ਉਨ੍ਹਾਂ ਨੇ ਕਿਹਾ ਹੈ ਕਿ ਵੋਟਾਂ ਲੈਣ ਵਾਸਤੇ ਤਾਂ ਸਾਰੇ ਆ ਜਾਂਦੇ ਹਨ ਪਰ ਬਾਅਦ ਵਿਚ ਕੋਈ ਵੀ ਦਰਸ਼ਨ ਨਹੀਂ ਦਿੰਦਾ। ਕਿਸੇ ਵੀ ਮੈਂਬਰ ਦੇ ਦਰਸ਼ਨ ਨਹੀਂ ਹੁੰਦੇ। ਅਸਲ ਵਿਚ ਐਮ. ਐਲ. ਏ. ਤਾਂ ਆਪਣੇ ਬਿਜ਼ਨੈਸ ਵਿਚ ਰੁਝੇ ਰਹਿੰਦੇ ਹਨ ਉਨਾਂ ਨੂੰ ਪਬਲਿਕ ਦਾ ਕੰਮ ਨਹੀਂ ਸੁਝਦਾ। (ਵਿਘਨ) (ਸ਼ੋਰ)। ਮੈਂ ਐਮ. ਏ. ਬੀ. ਟੀ. ਹਾਂ। ਮੇਰੀ ਹਾਲਤ ਕੁਝ ਐਸੀ ਹੈ ਕਿ ਮੇਰੇ ਸਾਥੀਆਂ ਨੇ ਕਿਹਾ ਹੈ ਕਿ ਤੁਸੀਂ ਆਪਣਾ ਸਕੂਲ ਖੋਲ੍ਹ ਲਵੋ। ਮੈਂ ਉਨਾਂ ਨੂੰ ਇਹੋ ਕਿਹਾ ਹੈ ਕਿ ਮੈਨੂੰ ਇਤਨਾ ਟਾਈਮ ਨਹੀਂ ਹੈ। ਮੈਂ ਤਾਂ ਸੋਚਦੀ ਹਾਂ ਕਿ ਇਕ ਇਨਸਾਨ ਜੋ ਐਮ. ਐਲ. ਏ. ਬਣ ਜਾਂਦਾ ਹੈ ਉਸ ਦੀ ਬਹੁਤ ਜ਼ਿਮੇਂਵਾਰੀ ਹੋ ਜਾਂਦੀ ਹੈ। ਉਸ ਨੇ ਹਜ਼ਾਰਾਂ, ਲੱਖਾਂ ਆਦਮੀਆਂ ਦੀਆਂ ਪ੍ਰਾਬਲਮਜ਼ ਨੂੰ ਹਲ ਕਰਨਾ ਹੁੰਦਾ ਹੈ।ਐਮ. ਐਲ. ਏ. ਦਾ ਤਾਂ ਉਸ ਨੂੰ ਇਕ ਸਰਟੀਫਿਕੇਟ ਹੀ ਮਿਲਿਆ ਹੁੰਦਾ ਹੈ (ਵਿਘਨ) ਮੈਂ ਮੰਗ ਕਰਦੀ ਹਾਂ ਕਿ ਐਮ. ਐਲ. ਏ. ਨੂੰ ਰੈਜ਼ੀਡੈਂਸ਼ਿਲ ਫੇਸਿਲਿਟੀਜ਼ ਦੇਣੀਆਂ ਚਾਹੀਦੀਆਂ ਹਨ ਟੈਲੀਫੋਨ ਮਿਲਣਾ ਚਾਹੀਦਾ ਹੈ। ਇਕ ਸਟਨੋ ਮਿਲਣਾ ਚਾਹੀਦਾ ਹੈ (ਵਿਘਨ)

ਇਕ ਮਾਨਯੋਗ ਮੈਂਬਰ : ਕਾਰ ਵੀ ਮਿਲਣੀ ਚਾਹੀਦੀ ਹੈ।

ਕੁਮਾਰੀ ਸਰਲਾ ਪ੍ਰਾਸ਼ਰ : ਤੁਸੀਂ ਗੱਲਾਂ ਸੁਣੀ ਜਾਵੋ। ਜੇ ਮੈਂ ਗਲਤ ਕਹਾਂਗੀ ਤਾਂ ਫਿਰ ਤੁਸੀਂ ਜਵਾਬ ਦੇ ਲੈਣਾ। ਇਸ ਲਈ ਇਸ ਹਾਊਸ ਦੇ ਵਿਚ ਤੁਹਾਨੂੰ ਇਕ ਸਲਾਹ ਦਿਤੀ

ਜਾਂਦੀ ਹੈ । ਕਈ ਪਾਰਟੀਆਂ ਐਮ. ਐਲ. ਏਜ਼ ਨੂੰ ਲਾਈਸੰਸ ਲੈਣ ਲਈ ਜਾਂ ਪਰਮਿਟ ਲੈਣ ਲਈ ਮਿਨਿਸਟਰ ਕੋਲ ਜਾਣ ਲਈ ਮਜ਼ਬੂਰ ਕਰਦੀਆਂ ਹਨ । ਲੇਕਿਨ ਅਜਿਹੀ ਹੇਰਾ ਫੇਰੀ ਨਹੀਂ ਹੋਣੀ ਚਾਹੀਦੀ । (ਵਿਘਨ) । ਡਾਂਗ ਸਾਹਿਬ ਨੇ ਕਿਹਾ ਹੈ ਕਿ ਰਿਕਸ਼ੇ ਵਾਲਾ ਇਹ ਕਹੇਗਾ ਕਿ ਆਪਣੇ ਪੈਸੇ ਵਧਾਉਣ ਲਈ ਗਲਾਂ ਕਰਦੇ ਹਨ । ਮੈਂ ਮੰਨਦੀ ਹਾਂ । ਮੈਂ ਉਨ੍ਹਾਂ ਦੇ (ਵਿਘਨ) ਉਹ ਕਦੇ ਨਹੀਂ ਇਹ ਮਹਿਸੂਸ ਕਰਨਗੇ । ਇਸ ਲਈ ਇਹ ਜਿਹੜੇ ਪੈਸੇ ਵਧਾਏ ਜਾ ਰਹੇ ਹਨ ਮਾੜੀ ਗੱਲ ਨਹੀਂ ।

ਕਮਿਊਨਿਸਟ ਵੀਰ ਕਹਿੰਦੇ ਹਨ ਕਿ ਅਸੀਂ ਦੇਸ਼ ਨੂੰ ਪੂੰਜੀਪਤੀਆਂ ਟਾਟਾ ਤੇ ਬਿਰਲੇ ਦੇ ਸ਼ਿਕੰਜੇ ਵਿਚੋਂ ਕੱਢਕੇ ਦੇਸ਼ ਵਿਚ ਸਮਾਜਵਾਦ ਲਿਆਉਣਾ ਚਾਹੁੰਦੇ ਹਾਂ । ਲੇਕਿਨ ਮੈਂ ਕਹਿੰਦੀ ਹਾਂ ਕਿ ਸਮਾਜਵਾਦ ਤਾਂ ਹੀ ਦੇਸ਼ ਵਿਚ ਆ ਸਕਦਾ ਹੈ ਕਿ ਜੇ ਅਸੀਂ ਗਰੀਬਾਂ ਦੀਆਂ ਮੁਸ਼ਕਲਾਂ ਨੂੰ ਦੂਰ ਕਰਕੇ ਸਾਰਿਆਂ ਨੂੰ ਉਤਾਂਹ ਚੁਕੀਏ (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਆਦਾ ਟਾਈਮ ਨਹੀਂ ਲਵਾਂਗੀ ਬਲਕਿ ਮੈਂ ਇਸ ਬਿਲ ਦੇ ਲਿਆਉਣ ਵਾਸਤੇ ਚੌਧਰੀ ਕਰਤਾਰ ਸਿੰਘ ਨੂੰ ਔਰ ਇਸ ਗੌਰਮਿੰਟ ਨੂੰ ਮੁਬਾਰਕਬਾਦ ਦਿੰਦੀ ਹਾਂ । ਮੈਂ ਕਹਿੰਦੀ ਹਾਂ ਕਿ ਮਨਿਸਟਰ ਔਰ ਐਮ. ਐਲ. ਏ. ਦੇ ਦਰਮਿਆਨ ਜੋ ਡਿਸਪੈਰਿਟੀ ਹੈ ਉਸ ਨੂੰ ਘੱਟ ਕੀਤਾ ਜਾਵੇ ਤਾਂਕਿ ਅੱਜ ਇਸ ਲੋਕਰਾਜ ਵਿਚ ਆਇਆ ਰਾਮ ਤੇ ਗਇਆ ਰਾਮ ਨਾ ਬਣਨ । (ਥੰਪਿਗ)

ਡਿਪਟੀ ਸਪੀਕਰ ਸਾਹਿਬ, ਮੈਂ ਆਪ ਦੀ ਰਾਹੀਂ ਫਿਰ ਇਨ੍ਹਾਂ ਨੂੰ ਇਸ ਬਿਲ ਲਈ ਮੁਬਾਰਕਬਾਦ ਦਿੰਦੀ ਹਾਂ ਔਰ ਇਹ ਕਹਿਣਾ ਚਾਹੁੰਦੀ ਹਾਂ ਕਿ ਅਗਰ ਇਸ ਦੇਸ਼ ਵਿਚ ਡੈਮੋਕਰੇਸੀ ਨੂੰ ਪਨਪਦੇ ਹੋਏ ਦੇਖਣਾ ਹੈ, ਅਗਰ ਇਸ ਦੇਸ਼ ਵਿਚ ਸਮਾਜਵਾਦ ਲਿਆਉਣਾ ਹੈ, ਅਗਰ ਇਸ ਦੇਸ਼ ਵਿਚੋਂ ਉਸ ਸੁਸਾਇਟੀ ਨੂੰ ਬਦਲਣਾ ਹੈ ਜਿਸ ਉਤੇ ਪੂੰਜੀਪਤੀਆਂ ਦਾ ਕਬਜਾ ਹੈ ਤਾਂ ਜ਼ਰੂਰੀ ਹੈ ਕਿ ਪਬਲਿਕ ਦੇ ਜਿਹੜੇ ਨੁਮਾਇੰਦੇ ਹਨ ਉਨਾਂ ਨੂੰ ਠੀਕ ਤਰ੍ਹਾਂ ਨਾਲ ਕੰਮ ਕਰਨ ਦਾ ਮੌਕਾ ਦਿਤਾ ਜਾਵੇ । ਉਨ੍ਹਾਂ ਨੂੰ ਸਿਰਫ 400 ਰੁਪਿਆ ਹੀ ਨਾ ਦਿਤਾ ਜਾਵੇ ਸਗੋਂ ਇਸ ਤੋਂ ਅਲਾਵਾ ਉਨ੍ਹਾਂ ਲਈ ਫਰੀ ਕਨਵੇਐਂਸ ਹੋਵੇ, ਫਰੀ ਅਕਾਮੋਡੇਸ਼ਨ ਹੋਵੇ, ਫਰੀ ਟੈਲੀਫੂਨ ਹੋਵੇ, ਸਟੈਨੋ ਹੋਵੇ । ਸਾਨੂੰ ਇਹ ਗਲ ਆਪਣੇ ਦਿਮਾਗ ਵਿਚੋਂ ਕਢ ਦੇਣੀ ਚਾਹੀਦੀ ਹੈ ਕਿ ਐਮ. ਐਲ. ਏਜ਼. ਹੋਲ-ਟਾਈਮਰਜ਼ ਨਹੀਂ ਹਨ । ਰਾਤ ਦਿਨ ਸਾਡੇ ਦਿਮਾਗ ਵਿਚ ਦੇਸ਼ ਸੇਵਾ ਦਾ, ਦੇਸ਼ ਦੀ ਗਰੀਬ ਜਨਤਾ ਦੀ ਸੇਵਾ ਦਾ ਖਿਆਲ ਹੁੰਦਾ ਹੈ । ਹਰ ਵੇਲੇ ਅਸੀਂ ਉਨ੍ਹਾਂ ਦੇ ਕੰਮਾਂ ਵਿਚ ਰੁਝੇ ਰਹਿੰਦੇ ਹਾਂ ਔਰ ਇਸ ਕੰਮ ਵਿਚ ਕਿਸੇ ਨੂੰ ਪੈਸਾ ਕਮਾਉਣ ਦਾ ਖਿਆਲ ਕੋਈ ਨਹੀਂ ਹੁੰਦਾ । ਇਸ ਲਈ ਫਰਜ਼ ਬਣਦਾ ਹੈ ਕਿ ਇਹ ਦੇਖਿਆ ਜਾਵੇ ਕਿ ਸਾਨੂੰ ਕਿਸੇ ਤਰ੍ਹਾਂ ਦੀ ਕੋਈ ਤੰਗੀ ਨਾ ਹੋਵੇ ਰੋਟੀ ਦਾ ਮਸਲਾ, ਕਪੜੇ ਦਾ ਮਸਲਾ, ਰਿਹਾਇਸ਼ ਦਾ ਮਸਲਾ ਸਾਡੇ ਸਿਰ ਤੇ ਸਵਾਰ ਨਾ ਹੋਵੇ । ਇਸ ਲਈ ਕਹਾਂਗੀ ਕਿ 400 ਦੀ ਥਾਂ 500 ਰੁਪਿਆ ਕੀਤਾ ਜਾਵੇ ਅਤੇ ਬਾਕੀ ਦੀਆਂ ਫੇਸਿਲੀਟੀਜ਼ ਦਿਤੀਆਂ ਜਾਣ ।

ਕੈਪਟਨ ਰਤਨ ਸਿੰਘ (ਗੜ੍ਹਸ਼ੰਕਰ) : ਡਿਪਟੀ ਸਪੀਕਰ ਸਾਹਿਬ, ਜਿਹੜਾ ਬਿਲ ਚੌਧਰੀ ਕਰਤਾਰ ਸਿਘ ਜੀ ਨੇ ਪੇਸ਼ ਕੀਤਾ ਹੈ ...... (ਵਿਘਨ)

ਸ਼੍ਰੀ ਡਿਪਟੀ ਸਪੀਕਰ : ਮੈਂ ਮੈਂਬਰ ਸਾਹਿਬਾਨ ਨੂੰ ਅਰਜ਼ ਕਰਾਂਗਾ ਕਿ ਥੋੜਾ ਥੋੜਾ ਟਾਈਮ ਲੈ ਕੇ ਖ਼ਤਮ ਕਰਨ ਦੀ ਕੋਸ਼ਿਸ਼ ਕਰਨ ਕਿਉਂਕਿ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਬੋਲਣਾ ਹੈ ।

[ਸ੍ਰੀ ਡਿਪਟੀ ਸਪੀਕਰ]

(I would like to request the hon. Members that they should take as little time as possible and finish their speeches, because there are so many members to speak).

ਕੈਪਟਨ ਰਤਨ ਸਿੰਘ : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਚੌਧਰੀ ਕਰਤਾਰ ਸਿੰਘ ਜੀ ਨੇ ਹਾਊਸ ਵਿਚ ਪੇਸ਼ ਕੀਤਾ ਹੈ ਚਾਹੀਦਾ ਤਾਂ ਇਹ ਸੀ ਕਿ ਇਸ ਨੂੰ ਹੋਰ ਜ਼ਿਆਦਾ ਅੱਛਾ ਬਣਾਇਆ ਜਾਂਦਾ ਔਰ ਉਹ ਇਸ ਕਰਕੇ ਨਹੀਂ ਕਿ ਮੈਂਬਰਾਂ ਦੇ ਐਲਾਊਂਸ ਦੇ ਪੈਸੇ ਕੁਝ ਜ਼ਿਆਦਾ ਵਧਾਉਣੇ ਹਨ ਬਲਕਿ ਇਸ ਲਈ ਕਿ ਪਬਲਿਕ ਦੇ ਨੁਮਾਇੰਦਿਆਂ ਦੀ ਮਾਲੀ ਹਾਲਤ ਐਸੀ ਹੋਵੇ, ਉਨ੍ਹਾਂ ਨੂੰ ਇਸ ਪ੍ਰਕਾਰ ਦੀਆਂ ਫੈਸਿਲਿਟੀਜ਼ ਹੋਣ ਜਿਨ੍ਹਾਂ ਨਾਲ ਉਹ ਬੇਫਿਕਰ ਹੋ ਕੇ ਆਪਣੇ ਫ਼ਰਾਇਜ਼ ਨੂੰ ਸਹੀ ਤਰੀਕੇ ਨਾਲ ਨਿਭਾਉਣ ਵਿਚ ਕਾਮਯਾਬ ਹੋ ਸਕਣ । ਜਦੋਂ ਅਸੀਂ ਹਿੰਦੁਸਤਾਨ ਦਾ ਮੁਕਾਬਲਾ ਬਾਹਰਲੀ ਦੁਨੀਆਂ ਦੇ ਮੁਲਕਾਂ ਨਾਲ ਕਰਦੇ ਹਾਂ ਤਾਂ ਉਸ ਸਮੇਂ ਸਾਨੂੰ ਇਸ ਗੱਲ ਦਾ ਫ਼ਖਰ ਹੁੰਦਾ ਹੈ ਕਿ ਇਕ ਹਿੰਦੁਸਤਾਨੀ ਬੜਾ ਬਹਾਦੁਰ ਹੈ, ਬੜਾ ਇਨਟੈਲੀਜੈਂਟ ਹੈ ਲੇਕਿਨ ਇਕ ਆਦਤ ਸਾਨੂੰ ਬੜੀ ਮਾੜੀ ਪਈ ਹੋਈ ਹੈ, ਇਸ ਵਿਚ ਸਾਡੀ ਬੜੀ ਬੁਰਾਈ ਹੈ, ਜਿਹੜੀ ਸਾਨੂੰ ਦੂਰ ਕਰਨੀ ਚਾਹੀਦੀ ਹੈ ਅਤੇ ਇਹ ਹੈ ਫ਼ਰੇਬਪੁਨਾ, ਹਿਪੋਕਰੇਸੀ । ਜਦ ਤਕ ਸਾਡੇ ਵਿਚੋਂ ਫ਼ਰੇਬਪੁਨਾ ਖਤਮ ਨਹੀਂ ਹੁੰਦਾ ਅਸੀਂ ਆਪਣੇ ਮੁਲਕ ਨੂੰ ਅੱਗੇ ਨਹੀਂ ਲੈ ਜਾ ਸਕਾਂਗੇ । ਸਾਰੇ ਹਿੰਦੁਸਤਾਨ ਵਿਚ, ਸਾਰੀ ਦੁਨੀਆਂ ਵਿਚ ਲੈਜਿਸਲੇਟਰਜ਼ ਨੂੰ, ਕੀ ਫੈਸਿਲਿਟੀਜ਼ ਹਨ, ਸਾਨੂੰ ਇਹ ਗੱਲ ਨਜ਼ਰ ਅੰਦਾਜ਼ ਨਹੀਂ ਕਰਨੀ ਚਾਹੀਦੀ । ਤੁਸੀਂ ਵੇਖੋ ਕਿ ਅਮਰੀਕਾ ਵਿਚ ਪਬਲਿਕ ਰਿਪ੍ਰਿਜ਼ੈਂਟੇਟਿਵਜ਼ ਨੂੰ, ਕਾਂਗਰਸਮੈਨ ਨੂੰ ਗਵਰਨਮੈਂਟ ਵੱਲੋਂ ਆਫਿਸ ਦੀਆਂ ਸਾਰੀ ਫੈਸਿਲਿਟੀਜ਼ ਹਨ, ਸਾਲਾਨਾ ਐਲਾਉਂਸ ਹੈ ਲੇਕਿਨ ਇਥੇ ਇਕ ਲੈਜਿਸਲਟਰ ਨੂੰ ਸਾਰੇ ਪੰਜਾਬ ਵਿਚ ਵੀ ਫ਼ਰੀ ਟਰੈਵਲ ਕਰਨ ਦੀ ਇਜਾਜ਼ਤ ਨਹੀਂ ਹੈ । ਅਗਰ ਸੂਬੇ ਵਿਚੋਂ ਕੋਈ ਅਫ਼ਸਰ ਜਾਂ ਪਬਲਿਕ ਦਾ ਕੋਈ ਨੁਮਾਇੰਦਾ ਗਵਰਨਮੈਂਟ ਆਫ਼ ਇੰਡੀਆ ਦੀ ਕਿਸੇ ਕਮੇਟੀ ਜਾਂ ਕਮਿਸ਼ਨ ਦਾ ਮੈਂਬਰ ਬਣਦਾ ਹੈ ਤਾਂ ਉਸ ਨੂੰ ਉਸ ਥਾਂ ਤੇ ਪੁੱਜਣ ਲਈ ਏਅਰ ਪੈਸੇਜ ਮਿਲਦਾ ਹੈ ਤਾਂ ਕਿ ਮੀਟਿੰਗ ਪਲੇਸ ਤੇ ਜਲਦੀ ਪਹੁੰਚ ਸਕੇ ਲੇਕਿਨ ਅਗਰ ਪੰਜਾਬ ਦਾ ਕੋਈ ਮੈਂਬਰ ਅਸੈਂਬਲੀ ਉਸ ਕਮੇਟੀ ਜਾਂ ਕਮਿਸ਼ਨ ਦਾ ਮੈਂਬਰ ਹੋਵੇ ਤਾਂ ਉਸ ਨੂੰ ਏਅਰ ਪੈਸੇਜ ਨਹੀਂ ਮਿਲਦਾ ਉਸ ਨੂੰ ਸਿਰਫ਼ ਫ਼ਸਟ ਕਲਾਸ ਦਾ ਕਿਰਾਇਆ ਮਿਲਦਾ ਹੈ । ਮੈਂ ਸਮਝਦਾ ਹਾਂ ਕਿ ਇਸ ਬਿਲ ਦੀ ਰਾਹੀਂ ਚੌਧਰੀ ਸਾਹਿਬ ਨੂੰ ਇਹ ਪ੍ਰਬੰਧ ਕਰਨਾ ਚਾਹੀਦਾ ਸੀ ਕਿ ਅਗਰ ਕੋਈ ਪੰਜਾਬ ਦਾ ਮੈਂਬਰ ਅਸੈਂਬਲੀ ਜਾਂ ਕੌਂਸਲ ਗਵਰਨਮੈਂਟ ਆਫ਼ ਇੰਡੀਆ ਦੀ ਕਿਸੇ ਕਮੇਟੀ ਜਾਂ ਕਮਿਸ਼ਨ ਦਾ ਮੈਂਬਰ ਬਣਦਾ ਹੈ ਤਾਂ ਉਸ ਨੂੰ ਏਅਰ ਪੈਸੇਜ ਮਿਲੇਗਾ ।

ਮੈਂ ਹੈਰਾਨ ਹਾਂ ਕਿ ਡਾਂਗ ਸਾਹਿਬ ਨੇ ਦੋ ਚਾਰ ਗੱਲਾਂ ਕਹੀਆਂ ਹਨ, ਉਹ ਇਸ ਸਮੇਂ ਇਥੇ ਬੈਠੇ ਨਹੀਂ ਹਨ, ਉਠ ਕੇ ਚਲੇ ਗਏ ਹਨ । ਮੇਰਾ ਦਿਲ ਨਹੀਂ ਸੀ ਕਰਦਾ ਕਿ ਮੈਂ ਉਨ੍ਹਾਂ ਦੇ ਸਬੰਧ ਵਿਚ ਕੁਝ ਕਹਾਂ ਲੇਕਿਨ ਡਾਂਗ ਸਾਹਿਬ ਦਾ ਵਜਨ ਤੋਲ ਲਿਆ ਜਾਵੇ ਕਿ ਸੰਨ 1967 ਵਿਚ ਇਲੈਕਸ਼ਨਜ਼ ਤੋਂ ਬਾਅਦ ਜਦ ਇਥੇ ਆਏ ਤਾਂ ਕਿਤਨਾ ਸੀ ਔਰ ਹੁਣ ਕਿਤਨਾ ਹੈ । ਘਟੋ ਘਟ 10 ਪੌਂਡ ਦਾ ਵਾਧਾ ਹੋਇਆ ਹੋਣਾ ਹੈ । ਮੈਨੂੰ ਨਹੀਂ ਪਤਾ ਕਿ ਕਿਸ ਤਰ੍ਹਾਂ ਵਧਿਆ । ਬਹਰ ਹਾਲ ਉਹ ਅਪਣੇ ਪੁਰਾਣੇ ਕਪੜੇ ਪਾ ਕੇ ਵੇਖ ਲੈਣ.... ।

ਕਾਮਰੇਡ ਭਾਨ ਸਿੰਘ ਭੌਰਾ : ਆਪਣੇ ਨਾਲ ਬਰਾਬਰ ਬਰਾਬਰ ਤੋਲ ਕੇ ਵੇਖ ਲਓ ।

ਕੈਪਟਨ ਰਤਨ ਸਿੰਘ : ਮੈਂ ਤਾਂ ਇਕ ਕਿਸਾਨ ਆਦਮੀ ਹਾਂ । ਹੱਲ ਵਾਹੁੰਦਾ ਹਾਂ ਉਨ੍ਹਾਂ ਨੇ ਤਾਂ ਹੱਲ ਵਾਹੁਣਾ ਨਹੀਂ (ਵਿਘਨ) ।

ਚੌਧਰੀ ਬਲਬੀਰ ਸਿੰਘ : ਇਹ ਤਾਂ ਤੁਹਾਨੂੰ ਵੀ ਉਠਾ ਲੈਣ ਵਾਲਿਆਂ ਵਿਚੋਂ ਹਨ । (ਵਿਘਨ)

ਕੈਪਟਨ ਰਤਨ ਸਿੰਘ : ਇਹ ਧਾਰਾਂ ਲੈਣ ਗਿੱਝੇ ਹੋਏ ਹਨ । ਇਨ੍ਹਾਂ ਦਾ ਕੋਈ ਕਸੂਰ ਨਹੀਂ । (ਵਿਘਨ) ਮੈਂ ਦਹੀਂ ਖਾਂਦਾ ਹਾਂ । ਹਾਂ, ਤੇ ਮੈਂ ਕਹਿ ਰਿਹਾ ਸੀ ਕਿ ਇਹ ਇਕ ਸੰਜੀਦਗੀ ਨਾਲ ਸੋਚਣ ਵਾਲਾ ਬਿਲ ਹੈ । ਇਸ ਨੂੰ ਦੋਹਾਂ ਪਾਸਿਆਂ ਵੱਲੋਂ ਲਾਈਟਲੀ ਨਹੀਂ ਲੈਣਾ ਚਾਹੀਦਾ । ਮੇਰੇ ਆਪੋਜ਼ੀਸ਼ਨ ਦੇ ਭਰਾਵਾਂ ਨੂੰ ਇਹ ਨਹੀਂ ਸਮਝਣਾ ਚਾਹੀਦਾ ਕਿ ਚੂੰਕਿ ਗਵਰਨਮੈਂਟ ਬਿਲ ਲਿਆਈ ਹੈ ਇਸ ਲਈ ਇਸ ਨੂੰ ਅਪੋਜ਼ ਹੀ ਕਰਨਾ ਹੈ । ਮੈਂ ਸਮਝਦਾ ਹਾਂ ਕਿ ਇਕ ਕਮੇਟੀ ਬਣੀ ਉਸ ਵਿਚ ਆਪ ਦੇ ਵੀ ਲੀਡਰ ਆਏ । ਲੀਡਰਾਂ ਦੇ ਫੈਸਲੇ ਅਨੁਸਾਰ ਚੌਧਰੀ ਸਾਹਿਬ ਇਸ ਬਿਲ ਨੂੰ ਲਿਆਏ ਹਨ । ਚੌਧਰੀ ਸਾਹਿਬ ਕੋਲੋਂ ਇਸ ਵਿਚ ਇਕ ਕੋਤਾਹੀ ਜ਼ਰੂਰ ਹੋ ਗਈ ਕਿ ਜਿਹੜੇ ਸੁਝਾਵ ਸਾਡੇ ਲੀਡਰ ਨੇ ਲਿਖ ਕੇ ਦਿੱਤੇ ਸਨ ਉਨ੍ਹਾਂ ਨੂੰ ਇਸ ਬਿਲ ਵਿਚ ਨਹੀਂ ਲਿਆਂਦਾ । ਜ਼ਰੂਰੀ ਹੈ ਕਿ ਲੇਜਿਸਲੇਟਰਜ਼ ਨੂੰ ਟੈਲੀਫੂਨ ਮਿਲਣਾ ਚਾਹੀਦਾ ਹੈ । ਜੇ ਕਰ ਐਮ. ਐਲ. ਏਜ਼. ਫ਼ਲੈਟਸ ਬਾਰੇ ਕਿਸੇ ਦੂਸਰੀ ਸਟੇਟ ਵਿਚੋਂ ਪਤਾ ਕੀਤਾ ਜਾਵੇ ਤਾਂ ਗਿਆਤ ਹੋਵੇਗਾ ਕਿ ਉਥੇ ਔਰ ਸਾਡੇ ਸੂਬੇ ਵਿਚ ਕਿਤਨਾ ਫ਼ਰਕ ਹੈ । ਜਿਸ ਫ਼ਲੈਟ ਵਿਚ ਡਾਂਗ ਸਾਹਿਬ ਰਹਿੰਦੇ ਹਨ ਅਗਰ ਉਨ੍ਹਾਂ ਨੂੰ ਬਾਹਰੀ ਆਮਦਨੀ ਨਾ ਹੋਵੇ ਤਾਂ ਉਸ ਵਿਚ ਰਹਿ ਹੀ ਨਹੀਂ ਸਕਦੇ । ਸਾਡੇ ਵਿਚ ਗਰੀਬ ਐਮ.ਐਲ.ਏ. ਭਰਾ ਵੀ ਆਉਂਦੇ ਹਨ । ਗਰੀਬ ਐਮ.ਐਲ.ਏ. ਹੋਣਾ ਕੋਈ ਗੁਨਾਹ ਨਹੀਂ ਹੈ, ਲੇਕਿਨ ਉਸ ਗਰੀਬ ਨੂੰ ਇਸ ਗੱਲ ਤੋਂ ਬਚਾਣਾ ਚਾਹੀਦਾ ਹੈ ਕਿ ਉਹ ਕੁਰੱਪਟ ਨਾ ਹੋਵੇ । ਉਸ ਦਾ ਵਾਹਿਦ ਹੱਲ ਇਹੀ ਹੈ ਕਿ ਉਸ ਦੇ ਪਾਸ ਇਤਨੀ ਫ਼ੈਸਿਲਿਟੀਜ਼ ਹੋਣ ਕਿ ਉਹ ਕਿਸੇ ਤਰ੍ਹਾਂ ਕਮੀ ਮਹਿਸੂਸ ਹੀ ਨਾਂ ਕਰੇ । ਜਿਸ ਵਕਤ ਇਥੇ ਚੰਡੀਗੜ੍ਹ ਵਿਚ ਉਸ ਦੇ ਪਾਸ ਕੋਈ ਅੱਠ ਦਸ ਮਹਿਮਾਨ ਆ ਜਾਣ ਤਾਂ ਉਸ ਨੂੰ ਇਸ ਗੱਲ ਦੀ ਲੋੜ ਨਾ ਪਵੇ ਕਿ ਉਹ ਉਨ੍ਹਾਂ ਨੂੰ ਕਿਸੇ ਚੰਗੇ ਖਾਂਦੇ ਪੀਂਦੇ ਬੰਦੇ ਦੇ ਘਰ ਲੈ ਜਾਵੇ ਕਿਉਂਕਿ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਅਗਰ ਕੋਈ ਐਮ. ਐਲ. ਏ. ਅਪਣੇ ਮਹਿਮਾਨਾਂ ਨੂੰ ਲੈਕੇ ਕਿਸੇ ਦੇ ਘਰ ਲੈ ਜਾਂਦਾ ਹੈ ਤਾਂ ਉਹ ਸਮਝਦਾ ਹੈ ਕਿ ਮੈਂ ਇਸ ਦੇ ਅਹਿਸਾਨ ਹੇਠ ਆ ਗਿਆ ਹਾਂ । ਸੋ ਇੰਤਜ਼ਾਮ ਇਸ ਕਦਰ ਅੱਛਾ ਹੋਣਾ ਚਾਹੀਦਾ ਹੈ ਕਿ ਉਹ ਇਹ ਘਾਟਾ ਮਹਿਸੂਸ ਨਾ ਕਰੇ ਅਤੇ ਨਾਂ ਹੀ ਕਿਸੇ ਦੇ ਘਰ ਰੋਟੀ ਖਾਣ ਲਈ ਜਾਵੇ । ਇਲੇਕਸ਼ਨਜ਼ ਵਿਚ ਕੀ ਹੁੰਦਾ ਹੈ ? ਤੁਹਾਡੇ ਵਰਕਰਜ਼ ਆਪਣਾ ਸਾਰਾ ਕੰਮ ਛਡ ਕੇ ਦਰ-ਬ-ਦਰ ਭਟਕ ਕੇ ਤੁਹਾਡਾ ਕੰਮ ਕਰਦੇ ਹਨ, ਤੁਹਾਡੇ ਆਦਮੀਆਂ ਨੂੰ ਰੋਟੀ ਤਕ ਖਵਾਉਂਦੇ ਹਨ ਲੇਕਿਨ ਜਦ ਉਹ ਦੋ ਚਾਰ ਆਦਮੀ ਲੈਕੇ ਇਥੇ ਚੰਡੀਗੜ੍ਹ ਆ ਜਾਣ ਤਾਂ ਐਮ. ਐਲ. ਏ. ਤਕਲੀਫ ਮਹਿਸੂਸ ਕਰਦਾ ਹੈ ਕਿਉਂਕਿ ਉਹ ਖਰਚ ਬਰਦਾਸ਼ਤ ਨਹੀਂ ਕਰ ਸਕਦਾ ਅਤੇ ਉਨ੍ਹਾਂ ਨੂੰ ਟਾਲਦਾ ਹੈ । ਉਨ੍ਹਾਂ ਨੂੰ ਕਹਿ ਦਿੰਦਾ ਹੈ ਕਿ ਕਮੇਟੀ ਦੀ ਮੀਟਿੰਗ ਹੈ । ਇਸ ਤਰ੍ਹਾਂ ਉਨ੍ਹਾ ਨੂੰ ਬ੍ਰੇਕਫ਼ਾਸਟ ਵੇਲੇ, ਲੰਚ ਵੇਲੇ ਜਾਂ ਡਿਨਰ ਵੇਲੇ ਮੀਟਿੰਗਜ਼ ਰਖਣੀਆਂ ਪੈਂਦੀਆਂ ਹਨ । ਇਸ ਤਰ੍ਹਾਂ ਉਸ ਨੂੰ ਬੁਰੀ ਤਰ੍ਹਾਂ ਨਾਲ ਇਸ ਐਮਬੈਰੇਸਿੰਗ ਪੁਜ਼ੀਸ਼ਨ ਦਾ ਸਾਹਮਣਾ ਕਰਨਾ ਪੈਂਦਾ ਹੈ । ਜ਼ਰੂਰੀ ਹੈ ਕਿ ਉਸ ਨੂੰ ਇਸ ਐਮਬੇਰੇਸਮੈਂਟ ਤੋਂ ਬਚਾਇਆ ਜਾਵੇ । ਗਰੀਬ ਐਮ. ਐਲ. ਏਜ਼ ਨੂੰ ਇਸ ਤਰ੍ਹਾਂ ਦੀ ਐਮਬੈਰੇਸਮੈਂਟ ਤੋਂ ਬਚਾਉਣ ਲਈ ਸਾਡਾ ਫਰਜ਼ ਬਣਦਾ ਹੈ ਕਿ ਉਸ ਦੀਆਂ ਸੁਵਿਧਾਵਾਂ ਦਾ

[ਕੈਪਟਨ ਰਤਨ ਸਿੰਘ]

ਖਾਤਰਖਾਹ ਇੰਤਜ਼ਾਮ ਕੀਤਾ ਜਾਵੇ ਤੁਸੀਂ ਹਾਈਕੋਰਟ ਦੇ ਜਜਾਂ ਨੂੰ ਲੈ ਲਉ । ਉਨ੍ਹਾਂ ਦੀ ਤਨਖਾਹ ਕਿਉਂ ਸਭ ਤੋਂ ਜ਼ਿਆਦਾ ਰਖੀ ਗਈ ਹੈ ? ਇਸ ਲਈ ਕਿ ਉਨ੍ਹਾਂ ਨੂੰ ਕੁਰਪਟ ਹੋਣ ਦੀ ਜ਼ਰੂਰਤ ਨਾ ਮਹਿਸੂਸ ਹੋਵੇ । ਇਸ ਕਰਕੇ ਤੁਹਾਡਾ ਪਬਲਿਕ ਮੈਨ ਦਾ ਫਰਜ਼ ਬਣਦਾ ਹੈ ਕਿ ਜਨਤਾ ਦੇ ਨੁਮਾਇੰਦਿਆਂ ਨੂੰ ਹਰ ਤਰ੍ਹਾਂ ਦੀ ਇਸ ਪ੍ਰਕਾਰ ਦੀ ਐਮਬੈਰੇਸਮੈਂਟ ਤੋਂ ਬਚਾਇਆ ਜਾਵੇ ਤਾਂ ਕਿ ਉਹ ਕਿਸੇ ਤਰ੍ਹਾਂ ਵੀ ਪੈਸੇ ਜਾਂ ਪਾਵਰ ਨੂੰ ਮਿਸਯੂਜ਼ ਕਰਨ ਦੇ ਲਾਲਚ ਵਿਚ ਨਾ ਪੈਣ ।

ਇਸ ਬਿਲ ਵਿਚ ਜਿਹੜਾ 400 ਰੁਪਿਆ ਰਖਿਆ ਹੈ, ਮੈਂ ਸਮਝਦਾ ਹਾਂ ਕਿ ਇਹ ਥੋੜਾ ਰਖਿਆ ਹੈ। ਅਜ ਕਲ ਇਕ ਅਮ.ਐਲ.ਏ. ਫੁਲ-ਟਾਈਮਰ ਹੀ ਨਹੀਂ ਬਲਕਿ ਡਬਲ ਫੁਲ-ਟਾਈਮਰ ਹੁੰਦਾ ਹੈ । ਤੁਸੀਂ ਕਿਸੇ ਵੀ ਅਫ਼ਸਰ ਨੂੰ ਦਫ਼ਤਰ ਦੇ ਟਾਈਮ ਤੋਂ ਬਾਅਦ ਬੁਲਾ ਨਹੀਂ ਸਕਦੇ ਲੇਕਿਨ ਡਿਪਟੀ ਸਪੀਕਰ ਸਾਹਿਬ, ਸਾਨੂੰ ਰਾਤ ਦੇ ਬਾਰਾਂ-ਬਾਰਾਂ ਵਜੇ ਪੰਜ-ਪੰਜ ਸੱਤ-ਸੱਤ ਆਦਮੀ ਆ ਕੇ ਜਗਾ ਦਿੰਦੇ ਹਨ ਅਤੇ ਤੜਕੇ ਚਾਰ ਚਾਰ ਵਜੇ ਆ ਕੇ ਕਹਿੰਦੇ ਹਨ ਕਿ ਤੁਸੀਂ ਉਠੇ ਕਿਉਂ ਨਹੀਂ ਦਿਨ ਚੜ੍ਹ ਗਿਆ ਹੈ । ਇਹ ਹੈ ਐਮ. ਐਲ. ਏ. ਦੀ ਪੁਜ਼ੀਸ਼ਨ । ਜਥੇਦਾਰ ਸਾਹਿਬ ਨੇ ਪੈਸੇ ਵਾਲਿਆਂ ਦੀ ਗੱਲ ਕੀਤੀ ਹੈ । ਮੈਂ ਸਮਝਦਾ ਹਾਂ ਕਿ ਡਿਵੈਲਪਮੈਂਟ ਜਿਤਨੀ ਹੋ ਸਕੇ ਕਰੋ । ਲੇਕਿਨ ਇਕ ਲਖ ਰੁਪਿਆ ਬਚਾਉਣ ਨਾਲ ਡਿਵੈਲਪਮੈਂਟ ਨਹੀਂ ਹੋਣ ਲਗੀ । ਤੁਹਾਡੇ ਲੀਡਰ ਉਸ ਕਮੇਟੀ ਵਿਚ ਆਏ ਸਨ । ਉਨ੍ਹਾਂ ਦੇ ਫ਼ੈਸਲੇ ਦੇ ਮੁਤਾਬਿਕ ਹੀ ਇਹ ਬਿਲ ਆਇਆ ਹੈ । ਤੁਸੀਂ ਆਪ ਇਸ ਨੂੰ ਮੰਨੇ। ਮਗਰ ਹੁਣ ਇਥੇ ਅਪੋਜ਼ ਕਰਕੇ ਅਖ਼ਬਾਰਾਂ ਵਿਚ ਸਿਰਫ ਆਪਣੀ ਪਬਲਿਸਿਟੀ ਦੀ ਖਾਤਰ ਕਹਿੰਦੇ ਹੋ ਤਾਂ ਜੋ ਤੁਸੀਂ ਕਹਿ ਸਕੋ ਕਿ ਅਸਾਂ ਤਾਂ ਵੋਟਿੰਗ ਵੀ ਕਰਾਈ ਪਰ ਗਵਰਨਮੈਂਟ ਨਹੀਂ ਮੰਨੀ। ਇਹ ਗੱਲ ਠੀਕ ਨਹੀਂ ਹੈ । ਇਹ ਫਰੇਬ ਕਿਉਂ ਕਰਦੇ ਹੋ ? ਇਸ ਫ਼ਰੇਬ ਵਿਚ ਨਾ ਪਵੋ । ਮੈਂ ਕਹਾਂਗਾ ਕਿ ਹਿੰਦੂਸਤਾਨ ਦੇ ਕੈਰੈਕਟਰ ਵਿਚੋਂ ਇਸ ਫ਼ਰੇਬ ਨੂੰ ਕਢ ਕੇ ਬਾਹਰ ਸੁਟੋ ।

ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਬਿਲ ਦੀ ਹਿਮਾਇਤ ਕਰਦਾ ਹਾਂ। ਮੈਂ ਚੌਧਰੀ ਸਾਹਿਬ ਨੂੰ ਕਹਾਂਗਾ ਕਿ ਜਿਹੜੀਆਂ ਗੱਲਾਂ ਕਹੀਆਂ ਹਨ ਉਨ੍ਹਾਂ ਵੱਲ ਜ਼ਰੂਰ ਧਿਆਨ ਦਿਉ । ਇਕ ਤਾਂ ਐਮ. ਐਲ. ਏਜ਼ ਫ਼ਲੈਟ ਔਰ ਕਮਰਿਆਂ ਦਾ ਕਿਰਾਇਆ ਘਟ ਹੋਣਾ ਚਾਹੀਦਾ ਹੈ । ਦੂਸਰੇ ਸੂਬਿਆਂ ਵਿਚ ਵੀ ਬਹੁਤ ਘਟ ਹੈ । ਮੈਂਬਰਾਂ ਨੂੰ ਦੂਸਰੀਆਂ ਫੈਸਿਲਿਟੀਜ਼ ਮਿਲਣੀਆਂ ਚਾਹੀਦੀਆਂ ਹਨ ਜਿਨ੍ਹਾਂ ਬਾਰੇ ਜ਼ਿਕਰ ਕੀਤਾ ਗਿਆਂ ਹੈ। ਟਰਾਂਸਪੋਰਟ ਵਿਦਿਨ ਦੀ ਸਟੇਟ ਫਰੀ ਹੋਣੀ ਚਾਹੀਦੀ ਹੈ ਅਤੇ ਜਿਹੜਾ ਮੈਂ ਗਵਰਨਮੈਂਟ ਆਫ਼ ਇੰਡੀਆ ਦੀਆਂ ਕਮੇਟੀਆਂ ਦੀਆਂ ਮੀਟਿੰਗਜ਼ ਬਾਰੇ ਕਿਹਾ ਹੈ, ਉਨ੍ਹਾਂ ਨੂੰ ਅਟੈਂਡ ਕਰਨ ਵਾਸਤੇ ਲੈਜਿਸਲੇਟਰਜ਼ ਨੂੰ ਏਅਰ ਪੈਸੇਜ ਮਿਲਣਾ ਚਾਹੀਦਾ ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਜਿਹੜੇ ਐਮ. ਐਲ. ਏਜ਼. ਕਿਸੇ ਪਾਰਟੀ ਦੇ ਪੇਡ ਵਰਕਰਜ਼ ਹਨ, ਉਨ੍ਹਾਂ ਨੂੰ ਮਹਿਸੂਸ ਨਹੀਂ ਹੁੰਦਾ ਹੋਵੇਗਾ, ਉਹ ਦਿਖਾਵਾ ਕਰ ਸਕਦੇ ਹਨ ।

ਪਰ ਜੋ ਪੇਡ ਵਰਕਰਜ਼ ਨਹੀਂ ਹੁੰਦੇ ਜਿਨ੍ਹਾਂ ਨੇ ਇਸੇ 300-400 ਰੁਪਏ ਵਿਚ ਗੁਜ਼ਾਰਾ ਕਰਨਾ ਹੁੰਦਾ ਹੈ ਉਨ੍ਹਾਂ ਤੇ ਤਰਸ ਖ਼ਾਕੇ ਨਹੀਂ ਸਗੋਂ ਇਸ ਲਈ ਕਿ ਉਹ ਆਪਣੀ ਖੁਦਦਾਰੀ ਨੂੰ ਬਚਾ ਸਕਣ, ਉਹ ਕੁਰਪਸ਼ਨ ਤੋਂ ਦੂਰ ਰਹਿ ਸਕਣ, ਉਨ੍ਹਾਂ ਨੂੰ ਕੁਰਪਸ਼ਨ ਕਰਨ ਦੀ ਲੋੜ ਮਹਿਸੂਸ ਨਾ ਹੋਵੇ, ਉਨ੍ਹਾਂ ਨੂੰ ਇਸ ਯੋਗ ਬਣਾਇਆ ਜਾਣਾ ਚਾਹੀਦਾ ਹੈ । ਜਿਸ ਤਰ੍ਹਾਂ ਭੈਣ ਸਰਲਾ ਪ੍ਰਾਸ਼ਰ ਹੋਰਾਂ ਨੇ ਕਿਹਾ ਸੀ ਕਿ ਤੁਸੀਂ ਹੋਰ ਦੇਸ਼ਾ ਦੇ ਲੈਜਿਸਲੇਟਰਜ਼ ਨੂੰ ਜੋ ਤੁਨਖਾਹ ਅਤੇ ਫਸਿਲਟੀਜ਼ ਮਿਲਦੀਆਂ ਹਨ ਉਹ ਦਿਉ । ਇਸ ਬਿਲ ਨੂੰ ਤਾਂ ਹੁਣ ਪਾਸ ਕਰ ਦਿਉ ਅਤੇ

ਨਾਲ ਹੀ ਹਾਊਸ ਦੀ ਇਕ ਕਮੇਟੀ ਬਣਾਉ ਜੋ ਇਸ ਗੱਲ ਦੀ ਘੋਖ ਕਰੇ ਅਤੇ ਦਸੇ ਕਿ ਬਾਹਰਲੇ ਦੇਸ਼ਾਂ ਵਿਚ ਕੀ ਹਾਲਤ ਹੈ ਅਤੇ ਇਥੋਂ ਦੇ ਲੈਜਿਸਲੇਟਰ ਨੂੰ ਕਿਸ ਤਰ੍ਹਾਂ ਖੁਦਦਾਰੀ ਨਾਲ ਕੰਮ ਕਰਨ ਦੇ ਯੋਗ ਬਣਾਇਆ ਜਾ ਸਕਦਾ ਹੈ। ਉਹ ਸਾਰੀਆਂ ਫੈਸਿਲਟੀਜ਼ ਇਥੇ ਵੀ ਪਰੋਵਾਈਡ ਹੋਣੀਆਂ ਚਾਹੀਦੀਆਂ ਹਨ। ਧੰਨਵਾਦ।

ਸ਼੍ਰੀ ਹਰਬੰਸ ਲਾਲ ਖੰਨਾ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ ਨੇ ਕਿਹਾ ਸੀ ਕਿ ਅਧੇ ਘੰਟੇ ਮਗਰੋਂ ਸੈਂਸਰ ਮੋਸ਼ਨ ਟੇਕ ਅਪ ਕੀਤੀ ਜਾਵੇਗੀ। ਹੁਣ ਤਾਂ ਇਕ ਘੰਟਾ ਹੋ ਚੁਕਿਆ ਹੈ।

ਸ਼੍ਰੀ ਡਿਪਟੀ ਸਪੀਕਰ : ਉਹ ਵੀ ਟੇਕ ਅਪ ਕਰ ਲੈਂਦੇ ਹਾਂ। ਇਸ ਬਿਲ ਦੀ ਡਿਸਕਸ਼ਨ ਨੂੰ ਖਤਮ ਕਰ ਲਈਏ। We will take it up (That will also be taken up. Let us finish the discussion on this Bill. Then we will take it up.)

ਕਾਮਰੇਡ ਹਰਦਿਤ ਸਿੰਘ ਭੱਠਲ (ਸੰਗਰੂਰ): ਡਿਪਟੀ ਸਪੀਕਰ ਸਾਹਿਬ, ਇਹ ਜੋ ਬਿਲ ਪੇਸ਼ ਹੈ ਮੈਂ ਇਸਦੇ ਹਕ ਵਿਚ ਨਹੀਂ ਹਾਂ। (ਵਿਘਨ) ਇਹ ਇਸ ਲਈ ਕਿ ਜਦੋਂ ਅਸੀਂ ਲੋਕਾਂ ਦੇ ਪਾਸ ਵੋਟਾਂ ਮੰਗਣ ਜਾਂਦੇ ਹਾਂ ਤਾਂ ਉਸ ਵਕਤ ਸਾਡੇ ਵਿਚੋਂ ਇਕ ਵੀ ਐਸਾ ਮੈਂਬਰ ਨਹੀਂ ਹੁੰਦਾ ਜੋ ਇਹ ਕਹੇ ਕਿ ਭਰਾਵੋ ਮੈਂ ਇੰਨੀ ਤਨਖਾਹ ਲਵਾਂਗਾ ਤਾਂ ਕੰਮ ਕਰਾਂਗਾ। ਅਸੀਂ ਖੇਤ ਮਜ਼ਦੂਰ, ਕਾਰਖਾਨਾ ਮਜ਼ਦੂਰ, ਕਿਸਾਨ ਅਤੇ ਛੋਟੇ ਮੁਲਾਜ਼ਮਾਂ ਦੇ ਘਰ ਜਾ ਜਾ ਕੇ ਇਹ ਕਹਿੰਦੇ ਹਾਂ ਕਿ ਭਰਾਵੋ ਸਾਨੂੰ ਵੋਟਾਂ ਪਾਉ ਅਤੇ ਸੇਵਾ ਦਾ ਮੌਕਾ ਬਖਸ਼ੋ। ਇਹ ਗੱਲਾਂ ਅਸੀਂ ਗਲ ਵਿਚ ਪਲੂ ਪਾ ਕੇ ਕਹਿੰਦੇ ਸੀ ਕਿ ਅਸੀਂ ਤੁਹਾਡੀ ਸੇਵਾ ਕਰਾਂਗੇ। (ਵਿਘਨ) ਮੈਂ ਕਿਸੇ ਤੇ ਜ਼ਾਤੀ ਅਟੈਕ ਨਹੀਂ ਕਰ ਰਿਹਾ। ਜਿਹੜੀ ਗੱਲ ਤਸੀਂ ਕਹਿੰਦੇ ਹੋ ਉਹੀ ਮੈਂ ਵੀ ਕਹਿ ਕੇ ਇਥੇ ਆਇਆ ਹਾਂ (ਵਿਘਨ) ਉਸ ਵਕਤ ਅਸੀਂ ਸਾਰੇ ਸੇਵਾ ਦਾ ਮੌਕਾ ਮੰਗਦੇ ਹਾਂ। ਇਸ ਲਈ, ਭਰਾਵੋ, ਸੋਚੋ ਕਿ ਅਜ ਜੋ ਸ਼ਹਿਰੀ ਜਾਂ ਦਿਹਾਤੀ ਮਜ਼ਦੂਰ ਹੈ ਜਿਸਦੀ ਸਵਾਣੀ ਖੇਤਾਂ ਵਿਚ ਕਪਾਹ ਚੁਗਦੀ ਫਿਰਦੀ ਹੈ, ਜਿਸ ਦੇ ਬੱਚੇ ਉਸ ਦੇ ਨਾਲ ਸਾਰਾ ਸਾਰਾ ਦਿਨ ਕੰਮ ਕਰਵਾਉਂਦੇ ਹਨ ਅਤੇ ਜਿਸ ਤੋਂ ਵੋਟ ਲੈਕੇ ਅਤੇ ਉਸ ਦੀ ਸੇਵਾ ਕਰਨ ਦਾ ਮੌਕਾ ਲੈ ਕੇ ਅਸੀਂ ਇਥੇ ਆਏ ਹਾਂ ਉਸ ਦੀ ਕੀ ਹਾਲਤ ਹੈ ਅਤੇ ਉਸ ਲਈ ਅਸੀਂ ਕੀ ਕਰ ਰਹੇ ਹਾਂ। ਤੁਸੀਂ ਇਹ ਸੋਚੋ (ਵਿਘਨ) ਕੀ ਉਸ ਦੀ ਹਾਲਤ ਬਾਰੇ ਵੀ ਕਿਸੇ ਨੇ ਸੋਚਿਆ ਹੈ ? ਨਹੀਂ, ਕਿਸੇ ਨੇ ਨਹੀਂ ਸੋਚਿਆ। ਫਿਰ ਕਿਸਾਨ ਵਲ ਵੇਖੋ। ਉਸ ਦੀ ਹਾਲਤ ਵੀ ਹੇਠਾਂ ਜਾ ਰਹੀ ਹੈ। ਕੁਝ ਦੋਸਤ ਕਹਿੰਦੇ ਹਨ ਕਿ ਚੂੰਕਿ ਕਣਕ ਦੀ ਫਸਲ ਚੰਗੀ ਹੋ ਗਈ ਹੈ, ਕਿਸਾਨ ਦੀ ਹਾਲਤ ਵੀ ਸੁਧਰ ਗਈ ਹੈ। ਮਗਰ ਉਨ੍ਹਾਂ ਚੀਜ਼ਾਂ ਦੇ ਮੁਲ ਵਲ ਨਹੀਂ ਦੇਖਦੇ ਜਿਨ੍ਹਾਂ ਦੀ ਕਿਸਾਨ ਨੂੰ ਲੋੜ ਪੈਂਦੀ ਹੈ। ਜਿਹੜੀ ਚੀਜ਼ 20 ਰੁਪਏ ਨੂੰ ਮਿਲਦੀ ਸੀ ਉਹ ਅਜ 200/- ਰੁਪਏ ਨੂੰ ਮਿਲਦੀ ਹੈ, ਪੰਜ ਰੁਪਏ ਨੂੰ ਆਉਣ ਵਾਲਾ ਸੰਦ 40/ ਰੁਪਏ ਨੂੰ ਲਭਦਾ ਹੈ। ਜੋ ਬਲਦ ਪਹਿਲਾਂ 150/- ਰੁਪਏ ਨੂੰ ਮਿਲਦਾ ਸੀ ਅਜ ਉਸ ਦੀ ਕੀਮਤ 1,500 ਜਾਂ 2,000 ਰੁਪਏ ਹੋ ਗਈ ਹੈ। ਜੋ ਮਝ ਉਸ ਵੇਲੇ 100 ਰੁਪਏ ਨੂੰ ਮਿਲਦੀ ਸੀ ਅਜ ਉਹ ਵੀ 2,000 ਰੁਪਏ ਤੋਂ ਘਟ ਦੀ ਨਹੀਂ ਮਿਲਦੀ। ਹਲ ਜਿਹੜਾ ਕਿ ਪੰਜ ਰੁਪਏ ਨੂੰ ਮਿਲਦਾ ਸੀ ਅਜ ਲਗਭਗ 40 ਰੁਪਏ ਦਾ ਮਿਲਦਾ ਹੈ। ਹਰ ਕਿਸਾਨ ਨੂੰ ਤਿੰਨ ਹਲ ਰਖਣੇ ਪੈਂਦੇ ਹਨ। ਕਹੀ ਜੋ ਇਕ ਰੁਪਏ ਦੀ ਮਿਲਦੀ ਸੀ ਅਜ ਉਸ ਦੀ ਕੀਮਤ 11 ਰੁਪਏ ਹੈ। ਦੋ ਦੋ ਆਨੇ ਨੂੰ ਮਿਲਣ ਵਾਲੇ ਦਾਤੀ ਖੁਰਪੇ ਅਜ ਚਾਰ, ਸਾਢੇ ਚਾਰ ਰੁਪਏ ਨੂੰ ਮਿਲਦੇ ਹਨ।

[ਕਾਮਰੇਡ ਹਰਦਿਤ ਸਿੰਘ ਭੱਠਲ]

ਇਸ ਲਈ ਅਗਰ ਕਿਰਸਾਨੀ ਦੇ ਸਾਰੇ ਖਰਚਾਂ ਨੂੰ ਕਢਕੇ ਦੇਖਿਆ ਜਾਵੇ ਤਾਂ ਪਤਾ ਲਗੇਗਾ ਕਿ ਉਸ ਦੇ ਪਲੇ ਕੀ ਪੈਂਦਾ ਹੈ । ਉਹ ਤਾਂ ਠੀਕ ਤਰ੍ਹਾਂ ਨਾਲ ਰੋਟੀ ਵੀ ਨਹੀਂ ਖਾ ਸਕਦਾ । ਉਸ ਬਾਰੇ ਕੁਝ ਸੋਚੋ । ਉਸ ਤੇ ਮਾਲੀਆ, ਆਬਿਆਨਾ ਵਗੈਰਾ ਕਈ ਤਰ੍ਹਾਂ ਦੇ ਟੈਕਸ ਲਗੇ ਹੋਏ ਹਨ । ਇਕ ਹੋਰ ਵੀ ਜ਼ੁਲਮ ਉਸ ਨਾਲ ਕੀਤਾ ਹੋਇਆ ਹੈ । ਇਕ ਤੇ ਸਾਢੇ ਚਾਰ ਰੁਪਏ ਏਕੜ ਦਾ ਟੈਕਸ ਲਾਇਆ ਹੋਇਆ ਹੈ, ਇਸ ਨੂੰ ਬੰਦ ਕਰੋ। ਮਿਰਚਾਂ ਤੇ ਵੀ ਇਸੇ ਦਰ ਨਾਲ ਟੈਕਸ ਲਾਇਆ ਹੈ । ......(ਵਿਘਨ) ਮੂੰਗਫਲੀ ਤੇ ਟੈਕਸ ਲਾਇਆ ਹੋਇਆ ਹੈ ਇਸ ਨੂੰ ਬੰਦ ਕਰੋ ਅਤੇ ਨਰਮੇ ਕਪਾਹ ਤੇ ਜੋ ਟੈਕਸ ਹੈ ਉਸ ਨੂੰ ਬੰਦ ਕਰੋ ਜੋ ਕਿ ਫੀ ਏਕੜ $4\frac{1}{2}$ ਰੁਪਏ ਦੀ ਦਰ ਨਾਲ ਹੈ । ਇਨ੍ਹਾਂ ਸਾਰੇ ਟੈਕਸਾਂ ਨੂੰ ਮਾਫ ਕਰੋ ਤੇ ਆਪ ਵਧ ਪੈਸੇ ਨਾ ਲਓ।

ਸਰਦਾਰ ਗੁਰਬਚਨ ਸਿੰਘ (ਰੋਪੜ) : ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਇਸ਼ੂ ਤਾਂ ਹੋਰ ਹੈ । ਇਹ ਹੋਰ ਹੋਰ ਗੱਲਾਂ ਤੇ ਹੀ ਟਾਈਮ ਲੈ ਰਹੇ ਹਨ । ਜੋ ਬਿਲ ਦਾ ਇਸ਼ੂ ਹੈ ਉਸ ਤੇ ਤਾਂ ਇਹ ਬੋਲਦੇ ਨਹੀਂ । ਦੂਜੇ ਪਾਸੇ ਵਲ ਹੀ ਜਾ ਰਹੇ ਹਨ । ਇਹ ਕੜਾਹ ਪਰਸ਼ਾਦ ਤਾਂ ਹੈ ਨਹੀਂ ਇਹ ਸਿਰਫ ਬਿਲ ਦੀ ਗੱਲ ਕਰਨ ।

ਕਾਮਰੇਡ ਹਰਦਿੱਤ ਸਿੰਘ ਭੱਠਲ : ਮੈਂ ਤਾਂ ਕਿਸਾਨ ਦੀ ਬਿਹਤਰੀ ਦੀ ਗੱਲ ਕਰ ਰਿਹਾ ਹਾਂ ਜਿਸ ਦੀਆਂ ਵੋਟਾਂ ਲੈ ਕੇ ਆਪ ਸਾਰੇ ਇਥੇ ਆਏ ਹੋ ਅਜ ਮਜ਼ਦੂਰਾਂ ਦੀ ਹਾਲਤ ਕੀ ਹੈ, ਉਨ੍ਹਾਂ ਨੂੰ ਰੋਟੀ ਨਹੀਂ ਮਿਲਦੀ । ਇਹ ਜੋ ਤੀਜੇ ਅਤੇ ਚੌਥੇ ਦਰਜੇ ਦੇ ਛੋਟੇ ਮੁਲਾਜ਼ਮ ਹਨ ਉਹਨਾਂ ਦੀ ਹਾਲਤ ਦੇਖੋ । ਜੇ ਉਹ ਜਥੇਬੰਦ ਹੋ ਕੇ ਰੋਟੀ ਮੰਗਦੇ ਹਨ ਤਾਂ ਉਨ੍ਹਾਂ ਨੂੰ ਡਾਂਗਾ ਨਾਲ ਕੁਟਿਆ ਜਾਂਦਾ ਹੈ, ਰੋਡਵੇਜ਼ ਦੇ ਵਰਕਰਾਂ ਨੂੰ ਡਾਂਗਾ ਮਾਰੀਆਂ ਗਈਆਂ ਅਜ ਵੀ ਉਹ ਇਥੇ ਚੰਡੀਗੜ੍ਹ ਵਿਚ ਭੁਖ ਹੜਤਾਲ ਕਰੀ ਬੈਠੇ ਹਨ । ਇਨ੍ਹਾਂ ਦੀ ਗੱਲ ਵੀ ਸੋਚੋ। ਫਿਰ ਅਸੀਂ ਉਨ੍ਹਾਂ ਨਾਲ ਕੁਝ ਵਾਦੇ ਕੀਤੇ ਸਨ, ਹੁਣ ਉਨ੍ਹਾਂ ਨੂੰ ਪੂਰੇ ਕਰੋ । ਇਥੇ ਇਕ ਬੀਬੀ ਨੇ ਕਿਹਾ ਸੀ ਕਿ ਸਾਨੂੰ ਅਗਰ 300 ਤੋਂ 400 ਰੁਪਿਆ ਮਿਲਣ ਲੱਗ ਜਾਵੇ ਤਾਂ ਰਿਕਸ਼ਾ ਵਾਲਿਆਂ ਨੂੰ ਕੀ ਘਾਟਾ ਪੈ ਜਾਵੇਗਾ । ਮਗਰ ਇਹ ਭੁਲ ਜਾਂਦੇ ਹਨ ਕਿ ਜੋ ਉਨ੍ਹਾਂ ਲੋਕਾਂ ਨੇ ਟੈਕਸ ਦੇਣੇ ਹਨ ਉਸੇ ਵਿਚੋਂ ਇਹ ਪੈਸਾ ਜਾਣਾ ਹੈ । ਉਨ੍ਹਾਂ ਲੋਕਾਂ ਤੇ ਟੈਕਸਾਂ ਦਾ ਬੋਝ ਵਧੇਗਾ । ਇਸ ਲਈ ਇਹ ਬਿਲ ਲਾਗੂ ਨਹੀਂ ਕਰਨਾ ਚਾਹੀਦਾ । ਫਿਰ ਇਕ ਸਾਥੀ ਨੇ ਕਿਹਾ ਸੀ ਕਿ ਸਰਕਾਰ ਨੇ ਜੋ ਪੇ ਕਮਿਸ਼ਨ ਬਣਾਇਆ ਹੋਇਆ ਹੈ ਜਿੰਨੀ ਦੇਰ ਉਹ ਤਨਖਾਹਾਂ ਵਗ਼ੈਰਾ ਦਾ ਫੈਸਲਾ ਨਹੀਂ ਕਰ ਦਿੰਦਾ ਉਨੀ ਦੇਰ ਇਹ ਨਹੀਂ ਹੋਣਾ ਚਾਹੀਦਾ । ਪਰ ਅਸੀਂ ਤਨਖਾਹਦਾਰ ਤਾਂ ਨਹੀਂ ਹਾਂ ਅਸੀਂ ਤਾਂ ਵੋਟਾਂ ਲੈਕੇ ਇਥੇ ਆਏ ਹਾਂ । ਸਾਨੂੰ ਤਾਂ ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ । ਸਾਡੇ ਪਾਸ ਆਪਣੀ ਜ਼ਾਤੀ ਜਾਇਦਾਦ ਹੈ, 300 ਰੁਪਿਆ ਮਾਹਵਾਰ ਮਿਲਦਾ ਹੈ, ਰੋਜ਼ ਦਾ 25 ਰੁਪਏ ਭੱਤਾ ਮਿਲਦਾ ਹੈ । ਜੇ ਅਸੀਂ ਹਾਲੇ ਵੀ ਭੁਖੇ ਮਰਦੇ ਹਾਂ ਤਾਂ ਉਨ੍ਹਾਂ ਦਾ ਤਾਂ ਸੋਚੋ ਜਿਨ੍ਹਾਂ ਦੀਆਂ ਬੀਬੀਆਂ ਖੇਤਾਂ ਵਿਚ ਅਨਾਜ ਚੁਗਦੀਆਂ ਫਿਰਦੀਆਂ ਹਨ ਤੇ ਬੱਲੀ ਬੱਲੀ ਨੂੰ ਭਟਕਦੀਆਂ ਹਨ । ਉਨ੍ਹਾਂ ਦਾ ਹਾਲ ਵੀ ਦੇਖੋ ਜਿਨ੍ਹਾਂ ਦਾ ਕਿਰਾਇਆ ਪੂਰਾ ਨਹੀਂ ਹੁੰਦਾ, ਢਿਡ ਨਹੀਂ ਭਰਦਾ ਅਤੇ ਜਿਨ੍ਹਾਂ ਦੀਆਂ ਵੋਟਾਂ ਨਾਲ ਅਸੀਂ ਇਥੇ ਆਏ ਹਾਂ । ਇਹ ਗੱਲ ਸੋਚਣ ਵਾਲੀ ਹੈ । ਫਿਰ ਚੌਧਰੀ ਸਾਹਿਬ ਨੇ ਰੁਪਏ ਦੀ ਘਟੀ ਕੀਮਤ ਦਾ ਜ਼ਿਕਰ ਕੀਤਾ । ਇਹ ਮੇਰੇ ਪੁਰਾਣੇ ਦੋਸਤ ਹਨ ਪਰ ਮੈਂ ਇਨ੍ਹਾਂ ਤੋਂ ਪੁਛਦਾ ਹਾਂ ਕਿ ਕੀ ਇਹ ਐਮ. ਐਲ. ਏਜ਼. ਦੇ ਰੁਪਏ ਦੀ ਹੀ ਕੀਮਤ ਘਟੀ ਹੈ, ਜਾਂ ਹੋਰ ਛੋਟੇ ਮੁਲਾਜ਼ਮਾਂ ਦੇ ਰੁਪਏ ਦੀ ਵੀ ਕੀਮਤ ਘਟ ਹੋ ਗਈ ਹੈ ? ਕੀ ਐਮ. ਐਲ. ਏਜ਼ ਨੂੰ

ਰੁਪਏ ਦੀ ਚੀਜ਼ ਛਟਾਂਕ ਮਿਲਦੀ ਹੈ ਤੇ ਦੂਜਿਆਂ ਨੂੰ ਰੁਪਏ ਦੀ ਮਣ ਮਿਲਦੀ ਹੈ ? ਗਰੀਬਾਂ ਦੀ ਗੱਲ ਵੀ ਸੋਚੋ । ਆਪਣੇ ਹੀ ਢਿਡ ਭਰਨ ਦੀ ਗੱਲ ਨਾ ਸੋਚੀ ਜਾਵੇ । ਪਿੰਡਾਂ ਵਿਚ ਇਕ ਬੋਲੀ ਪਾਉਂਦੇ ਹਨ ਕਿ ਅੰਨ੍ਹਾਂ ਪੱਟੂ ਵੰਡੇ ਸ਼ੀਰਨੀ ਮੁੜ ਘੁੜ ਘਰਦਿਆਂ ਨੂੰ ਦੇਵੇ । ਗਿਲ ਸਾਹਿਬ ਜਨਤਾ ਨੂੰ ਕੁਝ ਦਿਓ । ਅਸੀਂ ਕਹਿੰਦੇ ਹਾਂ ਕਿ ਜਨਤਾ ਦਾ ਫਾਇਦਾ ਕਰੋ, ਇਹ ਦਿੰਦੇ ਹਨ ਘਰ ਵਾਲਿਆਂ ਨੂੰ । ਇਹ ਜੋ ਜਨਤਾ ਪਾਰਟੀ (ਅੰਨ੍ਹਾ) ਹੈ ਇਹ ਐਮ. ਐਲ. ਏਜ਼ ਦਾ ਢਿਡ ਪਾਲਣ ਲਗ ਗਿਆ ਹੈ, ਲੋਕਾਂ ਦੇ ਫਾਇਦੇ ਦੀ ਬਜਾਏ ਆਪਣਾ ਹੀ ਢਿਡ ਪਾਲਣ ਲਗ ਗਿਆ ਹੈ । ਇਸ ਲਈ ਬੇਨਤੀ ਕਰਾਂਗਾ ਕਿ ਮਜ਼ਦੂਰ ਦਾ, ਕਿਸਾਨ ਦਾ ਅਤੇ ਛੋਟੇ ਮੁਲਾਜ਼ਮ ਦਾ ਭਲਾ ਸੋਚੋ ਆਪਣੇ ਹੀ ਪੈਸੇ ਨਾ ਵਧਾਈ ਜਾਉ । ਤੁਸੀਂ ਤਾਂ ਸੇਵਾਦਾਰ ਬਣਕੇ ਆਏ ਹੋ ਤਨਖਾਹਦਾਰ ਬਣਕੇ ਨਹੀਂ ਆਏ । ਮੈਂ ਮੰਗ ਕਰਦਾ ਹਾਂ ਕਿ ਇਹ ਬਿਲ ਪਾਸ ਨਾ ਕੀਤਾ ਜਾਵੇ ।

Chaudhri Darshan Singh : Sir, my amendment is:—

At the end of the Clause, the following Proviso be added—

Provided that any member who wants to draw Rs. 300/- instead of Rs. 400/- per month may do so.

Mr. Deputy Speaker At present the Bill is under consideration. It is not the proper stage to move the amendment.

ਅਜੇ ਉਹ ਸਟੇਜ ਨਹੀਂ ਆਈ ਅਜੇ ਤਾਂ ਬਿਲ ਤੇ ਕਲਾਜ਼ ਬਾਈ ਕਲਾਜ਼ ਵਿਚਾਰ ਕੀਤਾ ਜਾਣਾ ਹੈ । (That stage has not yet come. The Bill is still to be considered clause by clause.)

Minister for Co-operation and Parliamentary Affairs (Chaudhri Kartar Singh): Sir, I beg to move that the Punjab Legislative Assembly (Allowances of Members) Amendment Bill be passed.

Mr. Deputy Speaker : The Bill is under consideration. That stage has not yet come.

Chaudhari Kartar Singh : Sir, I beg to move —

That the question be now put.

Mr. Deputy Speaker : Motion moved —

That the question be now put.

Mr. Deputy Speaker : Question is —

That the question be now put.

The Motion was carried.

Shri Prabodh Chandra : Sir, the Minister Incharge has moved that the Bill be passed. It has been the convention of this House to have all the amendments moved at a time. When you say that he has moved that the Bill be passed, he cannot move the amendment after that. The proper time for moving the amendment was and is before the Bill is put for passing. After the Bill is passed how can the amendment be moved.

Mr. Deputy Speaker : This is the first stage of this Bill. He has not moved the motion that the Bill be passed. Even at this stage the Bill has not been passed.

Shri Prabodh Chandra : If you consult the record of the Assembly you will be convinced that the Motion moved by the Hon. Minister was that the Bill be passed.

Mr. Deputy Speaker : That was wrong motion. That has not been allowed. Now Chaudhri Kartar Singh will reply to the debate.

ਮੁੱਖ ਮੰਤਰੀ (ਸਰਦਾਰ ਲਛਮਣ ਸਿੰਘ ਗਿੱਲ) : ਡਿਪਟੀ ਸਪੀਕਰ ਸਾਹਿਬ, ਮੈਂ ਦੋਹਾਂ ਪਾਸਿਆਂ ਦੇ ਵਿਚਾਰ ਇਸ ਬਿਲ ਤੇ ਸੁਣੇ ਹਨ । ਇਸ ਵਿਚ ਸਵਾਲ ਤਾਂ ਇਹ ਹੈ ਕਿ ਆਨਰੇਬਲ ਮੈਂਬਰ ਸਾਹਿਬਾਨ ਨੂੰ ਜ਼ਿਆਦਾ ਤੋਂ ਜ਼ਿਆਦਾ ਵਕਤ ਲੋਕਾਂ ਦੀ ਸੇਵਾ ਵਿਚ ਦੇਣਾ ਪੈਂਦਾ ਹੈ ਇਸ ਲਈ ... .

Shri Prabodh Chandra : On a Point of Order, Mr. Deputy Speaker. I would like to know on what the Leader of the House is speaking. Closure Motion has been moved and it has been passed by the House. I would like to know on what the Leader of the House is speaking.

Mr. Deputy Speaker : The Minister is to reply the debate at the first stage and Chief Minister is replying to the debate.

ਮੁਖ ਮੰਤਰੀ : ਮੈਨੂੰ ਇਸ ਗਲ ਦਾ ਇਲਮ ਹੈ ਕਿ ਸ੍ਰੀ ਪ੍ਰਬੋਧ ਜੀ ਆਪ ਜਦ ਸਪੀਕਰ ਸਨ ਤਾਂ ਇਨ੍ਹਾਂ ਨੇ ਕਈ ਵੇਰ ਇਹ ਰੂਲਿੰਗ ਦਿਤੀ ਸੀ ਕਿ ਜਾਇੰਟ ਰੈਸਪਾਂਸੇਬਿਲਿਟੀ ਸਰਕਾਰ ਦੀ ਹੁੰਦੀ ਹੈ ਤੇ ਕੋਈ ਵੀ ਮਨਿਸਟਰ ਜਾਂ ਚੀਫ਼ ਮਨਿਸਟਰ ਬੋਲ ਸਕਦਾ ਹੈ । (ਵਿਘਨ)

चौधरी बलबीर सिंह : ग्रान ए प्वायंट ग्राफ ग्रार्डर, सर । उपाध्यक्षा महोदय, मेरा प्वायंट ग्राफ ग्रार्डर यह है कि सिर्फ मिनिस्टर इन्चार्ज ही किसी बिल की बहस का जवाब दे सकता है जिस ने उस बिल को पेश किया हो ।

4-00 p.m.

Mr. Deputy Speaker : My ruling is that the responsibility of the Cabinet is joint. Any one of the Ministers can speak.

चौधरी बलबीर सिंह : उपाध्यक्ष महोदय, यह बात नहीं, दूसरी बातों में जायंट रेसपांसेबिलिटी है लेकिन बिल के पेश करने वाले मिनिस्टर को ही डिबेट के रिपलाई करने का अधिकार है और यही इस सदन का पहला प्रेसीडैंट है इस लिए उन्हें ही जवाब देने के लिए कहा जाए । (विघ्न)

Mr. Deputy Speaker : I disallow this Point of Order. Let the Chief Minister give reply to the debate.

ਮੁੱਖ ਮੰਤਰੀ : ਮੈਂ ਇਹ ਅਰਜ਼ ਕਰ ਰਿਹਾ ਸੀ ਕਿ ਮੈਂ ਦੋਹਾਂ ਪਾਸਿਆਂ ਤੋਂ ਇਸ ਬਿਲ ਤੇ ਵਿਚਾਰ ਸੁਣੇ ਹਨ, ਇਸ ਸਰਕਾਰ ਦੀ ਕੋਸ਼ਿਸ਼ ਇਹ ਹੈ ਕਿ ਆਨਰੇਬਲ ਮੈਂਬਰ ਆਪਣੀ ਕਾਂਸਟੀਚੂਐਂਸੀ ਵਿਚ ਜ਼ਿਆਦਾ ਤੋਂ ਜ਼ਿਆਦਾ ਵਕਤ ਦੇ ਸਕਣ ਇਸ ਲਈ ਉਨ੍ਹਾਂ ਨੂੰ ਵਧ ਤੋਂ ਵਧ ਸਹੂਲਤਾਂ ਦਿਤੀਆਂ ਜਾਣੀਆਂ ਚਾਹੀਦੀਆਂ ਹਨ। ਅਤੇ ਉਹ ਅਵਾਮ ਦੀ ਭਲਾਈ ਦੇ ਕੰਮਾਂ ਵਿਚ ਜ਼ਿਆਦਾ ਹਿੱਸਾ ਲੈ ਸਕਣ। ਕਿਉਂਕਿ ਮੈਂ ਮਹਿਸੂਸ ਕਰਦਾ ਹਾਂ ਕਿ ਐਮ. ਐਲ. ਏ. ਬਣ ਜਾਣ ਤੇ ਉਨ੍ਹਾਂ ਦਾ ਕੋਈ ਖਾਸ ਪੋਲਿਟੀਕਲ ਸਿਲਸਿਲਾ ਨਹੀਂ ਰਹਿੰਦਾ ਭਾਵੇਂ ਉਹ ਚੋਣ ਕਿਸੇ ਵੀ ਟਿਕਟ ਤੇ ਲੜ ਕੇ ਕਿਉਂ ਨਾ ਆਏ ਹੋਣ, ਅਤੇ ਕਿਸੇ ਵੀ ਪਾਰਟੀ ਨਾਲ ਕਿਉਂ ਨਾ ਸਬੰਧਤ ਹੋਣ ਜਿਥੇ ਤਕ ਉਨ੍ਹਾਂ ਦੀ ਕਾਂਸਟੀਚੂਐਂਸੀ ਦਾ ਤਅੱਲਕ ਹੈ ਸਾਰੇ ਲੋਕਾਂ ਨੇ ਉਨ੍ਹਾਂ ਪਾਸ ਆਉਣਾ ਹੈ ਅਤੇ ਉਨ੍ਹਾਂ ਨੇ ਸਾਰਿਆਂ ਦਾ ਕੰਮ ਕਰਨਾ ਹੈ ਅਤੇ ਉਨ੍ਹਾਂ ਆਪਣੇ ਹਲਕਿਆਂ ਦੇ ਲੋਕਾਂ ਦੀ ਸੇਵਾ ਕਰਨੀ ਹੈ। ਇਹ ਤਾਂ ਇਕ ਸਹੂਲਤ ਦੇਣ ਦੀ ਗੱਲ ਹੈ। ਸਾਨੂੰ ਪਤਾ ਹੈ ਕਿ ਬਾਹਰਲੇ ਦੇਸ਼ਾਂ ਵਿਚ ਐਮ. ਐਲ. ਏਜ਼. ਨੂੰ ਕੀ ਕੀ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਅਸੀਂ ਬਾਹਰਲੇ ਦੇਸ਼ਾਂ ਵਰਗੀਆਂ ਸਹੂਲਤਾਂ ਤਾਂ ਦੇ ਨਹੀਂ ਸਕਦੇ ਪਰ ਇਹ ਮਹਿਸੂਸ ਜ਼ਰੂਰ ਕਰਦੇ ਹਾਂ ਕਿ ਇਨ੍ਹਾਂ ਨੂੰ ਵੀ ਵਧ ਤੋਂ ਵਧ ਸਹੂਲਤਾਂ ਦਿੱਤੀਆਂ ਜਾਣ ਤਾਂ ਕਿ ਇਹ ਲੋਕਾਂ ਦੀ ਸੇਵਾ ਵਿਚ ਵਧ ਤੋਂ ਵਧ ਹਿੱਸਾ ਲੈ ਸਕਣ। ਇਸ ਅਲਾਉਂਸ ਦੇ ਵਧਾਣ ਨਾਲ ਅਸੀਂ ਇਸ ਗੱਲ ਨੂੰ ਐਸਟੈਬਲਿਸ਼ ਕਰਨਾ ਚਾਹੁੰਦੇ ਹਾਂ ਕਿ ਐਮ. ਐਲ. ਏਜ. ਦਾ ਦਰਜਾ ਸੋਸਾਇਟੀ ਵਿਚ ਉਚਾ ਕੀਤਾ ਜਾਵੇ ਅਤੇ ਘਰ ਬਾਰ ਵਿਚ ਉਨ੍ਹਾਂ ਦੀ ਜਿਆਦਾ ਰਿਸਪੈਕਟ ਵਧਾਈ ਜਾਵੇ। ਜਿਥੇ ਤਕ ਸਹੂਲਤਾਂ ਦੇਣ ਦਾ ਸਬੰਧ ਹੈ ਮੈਂ ਸਮਝਦਾ ਹਾਂ ਕਿ ਸਾਰੇ ਇਸ ਨਾਲ ਸਹਿਮਤ ਹੋਣਗੇ ਭਾਵੇਂ ਅਸੀਂ ਕਿਸੇ ਹੋਰ ਗਲ ਵਿਚ ਵੰਡੇ ਜਾਈਏ ਪਰ ਜਿਥੇ ਤਕ ਇਸ ਬਿਲ ਦਾ ਸਬੰਧ ਹੈ ਸਾਨੂੰ ਵੰਡੇ ਨਹੀਂ ਜਾਣਾ ਚਾਹੀਦਾ। ਇਹ ਤਾਂ ਇਸ ਲਈ ਹੈ ਕਿ ਐਮ. ਐਲ. ਏਜ. ਦਾ ਸਟੇਟੱਸ ਵਧਾਇਆ ਜਾ ਸਕੇ। ਬਾਕੀ ਗੱਲਾਂ ਇਥੇ ਇਸ ਲਈ ਇਸ ਦੇ ਖਿਲਾਫ਼ ਕਹੀਆਂ ਗਈਆਂ ਹਨ ਕਿ ਬਾਹਰ ਲੋਕਾਂ ਵਿਚ ਜਾ ਕੇ ਕੁਝ ਮੈਂਬਰ ਕਹਿ ਸਕਣ ਕਿ ਉਨ੍ਹਾਂ ਨੂੰ ਬਾਹਰ ਦੇ ਲੋਕਾਂ ਲਈ ਕਾਫ਼ੀ ਹਮਦਰਦੀ ਹੈ ਪਰ ਮਹਿਸੂਸ ਉਹ ਵੀ ਕਰਦੇ ਹਨ ਕਿ ਇਹ ਬਿਲ ਪਾਸ ਹੋਣਾ ਚਾਹੀਦਾ ਹੈ ਕਿਉਂਕਿ ਇਸ ਬਿਲ ਦੀ ਲੋੜ ਹੈ। ਮੈਂ ਹਾਊਸ ਦੇ ਮੈਂਬਰਾਂ ਨੂੰ ਯਾਦ ਕਰਾਵਾਂ ਕਿ ਜਦ ਅਸੀਂ ਅਪੋਜ਼ੀਸ਼ਨ ਵਿਚ ਸਾਂ ਤੇ ਫਿਰ ਜਦ ਯੂਨਾਈਟਿਡ ਫਰੰਟ ਦੀ ਸਰਕਾਰ ਬਣੀ ਸੀ ਤਾਂ ਵੀ ਇਹ ਮੰਗ ਬਹੁਤ ਸਾਰੇ ਮੈਂਬਰ ਸਾਹਿਬਾਨ ਵਲੋਂ ਆਈ ਸੀ ਕਿ 300 ਰੁਪਏ ਮਹੀਨੇ ਦਾ ਸੀ. ਏ. ਕਾਫ਼ੀ ਨਹੀਂ, ਇਸ ਨੂੰ ਵਧਾਣਾ ਚਾਹੀਦਾ ਹੈ। ਮੈਂ ਤਾਂ ਇਹ ਸਮਝਦਾ ਹਾਂ ਕਿ ਇਸ ਨੂੰ 400 ਤਕ ਵਧਾ ਦੇਣ ਨਾਲ ਵੀ ਮਸਲਾ ਹਲ ਨਹੀਂ ਹੋ ਜਾਣ ਵਾਲਾ। ਇਹ ਤਾਂ ਇਕ ਤਰੀਕਾ ਇਖਤਿਆਰ ਕੀਤਾ ਹੈ ਕਿ ਥੋੜਾ ਜਿਨਾਂ ਸਟੇਟੱਸ ਵਧਾਇਆ ਜਾ ਸਕੇ।

ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਪਿਛਲੇ ਸੈਸ਼ਨ ਵਿਚ ਅਸੀਂ ਮੈਂਬਰ ਸਾਹਿਬਾਨ ਨੂੰ ਮੈਡੀਕਲ ਦੀਆਂ ਸਹੂਲਤਾਂ ਦਿੱਤੀਆਂ ਸਨ ਜਿਸ ਤਰ੍ਹਾਂ ਕਿ ਕਲਾਸ ਵਨ ਦੇ ਅਫ਼ਸਰਾਂ ਨੂੰ ਮਿਲਦੀਆਂ ਹਨ ਅਤੇ ਜੇਕਰ ਉਹ ਬੀਮਾਰ ਹੋ ਜਾਣ ਤੇ ਉਨ੍ਹਾਂ ਦੀਆਂ ਫ਼ੈਮਿਲੀਜ਼ ਨੂੰ ਮਿਲਦੀਆਂ ਹਨ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਸਾਡੇ ਸਤਿਕਾਰ ਯੋਗ ਮੈਂਬਰ ਦੀਦਾਰ ਸਿੰਘ ਹਸਪਤਾਲ ਵਿਚ ਹੀ ਸੁਵਰਗਵਾਸ ਹੋ ਗਏ ਸਨ। ਉਨ੍ਹਾਂ ਨੇ ਦੇਸ਼ ਸੇਵਾ ਬਹੁਤ ਕੀਤੀ ਸੀ ਅਤੇ ਦੇਸ਼ ਦੀ ਆਜ਼ਾਦੀ ਦੀ ਜੱਦੋ ਜਹਿਦ ਵਿਚ ਬਹੁਤ ਸਾਰਾ ਚਿਰ ਜੇਲ੍ਹ ਵਿਚ ਰਹੇ। ਇਹ ਉਨ੍ਹਾਂ

[ਮੁੱਖ ਮੰਤਰੀ]

ਦੀ ਇਮਾਨਦਾਰੀ ਦੀ ਸੇਵਾ ਸੀ । ਪਰ ਉਨ੍ਹਾਂ ਨੂੰ ਕੈਂਸਰ ਦੀ ਬੀਮਾਰੀ ਹੋ ਗਈ ਤੇ ਉਹ ਇਥੇ ਹਸਪਤਾਲ ਵਿਚ ਆ ਗਏ । ਉਨ੍ਹਾਂ ਦੀ ਮੌਤ ਹੋ ਜਾਣ ਤੇ ਉਨ੍ਹਾਂ ਦੇ ਜ਼ਿੰਮੇ ਹਸਪਤਾਲ ਵਾਲਿਆਂ ਤਿੰਨ ਸੌ ਤੋਂ ਕੁਝ ਵਧ ਰੁਪਏ ਕਢੇ ਅਤੇ ਜਦ ਤਕ ਅਸੀਂ ਮੈਂਬਰਾਂ ਨੇ ਰੁਪਏ ਇੱਕਠੇ ਕਰਕੇ ਨਹੀਂ ਦਿੱਤੇ ਉਨ੍ਹਾਂ ਦੀ ਲਾਸ਼ ਹਸਪਤਾਲ ਵਾਲਿਆਂ ਚੁਕਣ ਨਹੀਂ ਸੀ ਦਿਤੀ ।

ਇਸ ਲਈ ਪਿਛਲੇ ਸੈਸ਼ਨ ਵਿਚ ਅਸੀਂ ਇਹ ਬਿਲ ਲਿਆਏ ਸੀ ਕਿ ਮੈਂਬਰਾਂ ਨੂੰ ਮੈਡੀਕਲ ਸਹੂਲਤਾਂ ਦਿਤੀਆਂ ਜਾਣ । ਭੈਣ ਸਰਲਾ ਜੀ ਨੇ ਇਹ ਠੀਕ ਕਿਹਾ ਹੈ ਕਿ ਕਈ ਮੈਂਬਰ ਐਮ. ਐਲ. ਏ. ਸ਼ਿਪ ਨੂੰ ਹਾਬੀ ਸਮਝਦੇ ਹਨ । ਇਹ ਠੀਕ ਨਹੀਂ ਹੈ । ਮੈਂ ਸਮਝਦਾ ਹਾਂ ਕਿ ਮੈਂਬਰਾਂ ਦਾ ਸਟੇਟੱਸ ਉੱਚਾ ਕਰਨਾ ਚਾਹੀਦਾ ਹੈ । ਮੈਂ ਸਿਰਫ ਆਪਣੀ ਗੌਰਮਿੰਟ ਦੀ ਹੀ ਗਲ ਨਹੀਂ ਕਰਦਾ ਕਿ ਹੁਣ ਮੈਂਬਰਾਂ ਨੂੰ ਸਹੂਲਤਾਂ ਦਿੱਤੀਆਂ ਜਾਣ ਸਗੋਂ ਮੈਂ ਇਹ ਇਕ ਜਨਰਲ ਗਲ ਕਰਦਾ ਹਾਂ ਕਿ ਮੈਂਬਰਾਂ ਨੂੰ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ । ਜੇ ਉਨ੍ਹਾਂ ਨੂੰ ਸਹੂਲਤਾਂ ਨਹੀਂ ਮਿਲਣਗੀਆਂ ਤਾਂ ਉਹ ਪੂਰੀ ਜ਼ਿੰਮੇਵਾਰੀ ਨਾਲ ਪਬਲਿਕ ਦਾ ਕੰਮ ਨਹੀਂ ਕਰ ਸਕਣਗੇ । ਮੈਂ ਇਹ ਸਮਝਦਾ ਹਾਂ ਕਿ ਮੈਂਬਰਾਂ ਦੀ ਤਨਖਾਹ 300 ਤੋਂ 400 ਰੁਪਏ ਕਰ ਦੇਣ ਨਾਲ ਉਨ੍ਹਾਂ ਨੂੰ ਸਾਰੀਆਂ ਸਹੂਲਤਾਂ ਨਹੀਂ ਮਿਲ ਸਕਣਗੀਆਂ ਪਰ ਫਿਰ ਵੀ ਕੁਝ ਨਾਂ ਕੁਝ ਯਤਨ ਕੀਤਾ ਹੈ ।

ਇਥੇ ਕਮਿਊਨਿਸਟ ਪਾਰਟੀ ਦੇ ਆਨਰੇਬਲ ਮੈਂਬਰ ਨੇ ਚੌਥੇ ਦਰਜੇ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਦਾ ਜ਼ਿਕਰ ਕੀਤਾ ਕਿ ਉਨ੍ਹਾਂ ਨੂੰ ਸਿਰਫ ਅੱਠ ਆਨੇ ਸਾਲਾਨਾ ਤਰੱਕੀ ਮਿਲਦੀ ਹੈ । ਮੈਂ ਉਨ੍ਹਾਂ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਦ ਉਹ ਗੌਰਮਿੰਟ ਵਿਚ ਸਨ ਤਾਂ ਉਨ੍ਹਾਂ ਨੂੰ ਇਹ ਖਿਆਲ ਕਿਉਂ ਨਾ ਆਇਆ ? ਪਿਛਲੀ ਸਰਕਾਰ ਵਿਚ ਉਹ ਆਪ ਕਰਤਾ ਧਰਤਾ ਸਨ ਪਰ ਉਨ੍ਹਾਂ ਨੇ ਇਸ ਪਾਸੇ ਧਿਆਨ ਨਹੀਂ ਦਿਤਾ । ਉਹ ਦਸਣ ਕਿ ਕੀ ਉਹ ਕਰਨ ਲਗੇ ਸਨ ਤਾਂ ਕਿਸੇ ਨੇ ਉਨ੍ਹਾਂ ਨੂੰ ਰੋਕਿਆ ਸੀ ? ਅਸਲ ਵਿਚ, ਡਿਪਟੀ ਸਪੀਕਰ ਸਾਹਿਬ, ਅਜਿਹੀਆਂ ਗਲਾਂ ਦਾ ਖ਼ਿਆਲ ਉਦੋਂ ਆਉਂਦਾ ਹੈ ਜਦ ਕੋਈ ਮੈਂਬਰ ਇਥੋਂ ਉਧਰ ਚਲਾ ਜਾਵੇ (ਸਰਕਾਰੀ ਬੈਂਚਾਂ ਵਲੋਂ ਥੰਪਿੰਗ) ।

ਡਿਪਟੀ ਸਪੀਕਰ ਸਾਹਿਬ, ਐਮ. ਐਲ. ਏਜ਼. ਦੀਆਂ ਕੁਝ ਜੈਨੂਇਨ ਡਿਫੀਕਲਟੀਜ਼ ਹਨ । ਪਰ ਫਿਰ ਵੀ ਜੇ ਕੁਝ ਦੋਸਤ ਇਸ ਤੇ ਇਤਰਾਜ਼ ਕਰਦੇ ਹਨ ਤਾਂ ਇਸ ਪਾਸੇ ਤੋਂ ਮੇਰੇ ਕੁਝ ਦੋਸਤ ਅਮੈਂਡਮੈਂਟ ਲਿਆ ਰਹੇ ਹਨ ਜਿਸ ਰਾਹੀਂ ਇਹ ਸਹੂਲਤ ਰਖੀ ਗਈ ਹੈ ਕਿ ਜੋ ਮੈਂਬਰ 300 ਰੁਪਏ ਲੈਣਾ ਚਾਹੇ ਉਹ ਤਿੰਨ ਸੌ ਲੈ ਲਵੇ ਅਤੇ ਜੋ 400 ਲੈਣਾ ਚਾਹੇ ਉਹ 400 ਲੈ ਲਵੇ । ਮੈਨੂੰ ਯਾਦ ਹੈ ਕਿ ਪਹਿਲਾਂ ਵੀ 2, 3 ਵਾਰ ਅਜਿਹੀ ਹੀ ਗਲ ਹੋਈ ਸੀ ਤੇ ਨਤੀਜਾ ਇਹ ਹੀ ਨਿਕਲਿਆ ਸੀ । ਇਥੇ ਹਰ ਇਕ ਨੂੰ ਆਪਣੇ ਖਿਆਲ ਐਕਸਪ੍ਰੈਸ ਕਰਨ ਦਾ ਹੱਕ ਹੈ । ਇਹ ਹੋ ਸਕਦਾ ਹੈ ਕਿ ਜੇ ਕਾਨੂੰਨ ਬਣੇ ਤਾਂ ਮੈਂਬਰ ਸਾਹਿਬਾਨ ਭਾਵੇਂ ਜਿਤਨਾ ਪੈਸਾ ਲੈਣਾ ਚਾਹੁੰਣ ਲੈ ਲੈਣ । ਭਾਵੇਂ ਉਹ 300 ਰੁਪਏ ਹੀ ਲੈਣ ਭਾਵੇਂ 400 ਰੁਪਏ ਲੈਣ । ਫਿਰ ਵੀ ਮੈਂ ਇਨ੍ਹਾਂ ਨੂੰ ਅਰਜ਼ ਕਰਦਾ ਹਾਂ ਕਿ ਇਹ ਇਸ ਫ਼ੈਸਲੇ ਨੂੰ ਮੰਨ ਲੈਣ ਅਤੇ ਇਸ ਬਿਲ ਨੂੰ ਯੂਨੈਨੀਮਸਲੀ ਪਾਸ ਕਰਨ । ਵੈਸੇ ਡਿਪਟੀ ਸਪੀਕਰ ਸਾਹਿਬ, ਦਿਲੋਂ ਇਸ ਦੇ ਹਕ ਵਿਚ ਸਾਰੇ ਹੀ ਹਨ । ਸੁਰਜੀਤ ਜੀ ਕਮਿਊਨਿਸਟ ਪਾਰਟੀ ਦੇ ਬੜੇ ਕਾਬਲ ਲੀਡਰ ਹਨ । ਅਸਲ ਵਿਚ ਉਨ੍ਹਾਂ ਦਾ ਸਹਿਯੋਗ ਵੀ ਇਸ ਵਿਚ ਹੈ । ਉਹ ਨੀਮ ਰਾਜ਼ੀ ਹਨ ਅਤੇ ਸਮਝਦੇ

ਹਨ ਕਿ ਇਹ ਇਕ ਠੀਕ ਗਲ ਹੈ । ਮਨ ਉਨ੍ਹਾਂ ਦਾ ਵੀ ਕਰਦਾ ਹੈ ਪਰ ਉਨ੍ਹਾਂ ਦਾ ਤੁਅੱਲਕ ਉਸ ਪਾਰਟੀ ਨਾਲ ਹੈ ਜਿਥੇ ਉਹ ਕੁਝ ਨਹੀਂ ਕਰ ਸਕਦੇ । ਨਹੀਂ ਤਾਂ ਉਹ ਸਾਰੀ ਜ਼ਿੰਦਗੀ ਕਦੇ ਨਿਊਟਰਲ ਨਹੀਂ ਰਹੇ । ਸਗੋਂ ਉਨ੍ਹਾਂ ਦੀ ਰਾਏ ਤਾਂ ਇਹ ਸੀ ਕਿ 400 ਰੁਪਏ ਦੀ ਥਾਂ 500 ਰੁਪਏ ਕਰ ਦਿੱਤੇ ਜਾਣ । ਪਰ ਕਮੇਟੀ ਨੇ ਕਿਉਂਕਿ 400 ਰੁਪਏ ਹੀ ਸਿਫ਼ਾਰਸ਼ ਕੀਤੇ ਹਨ ਇਸ ਲਈ 400 ਰੁਪਏ ਹੀ ਰਖੇ ਹਨ ।

ਡਿਪਟੀ ਸਪੀਕਰ ਸਾਹਿਬ, ਇਹ ਕੋਈ ਕੰਟਰੋਵਰਸ਼ਲ ਮਸਲਾ ਨਹੀਂ ਹੈ । ਜੇ ਇਹ ਤਰਮੀਮ ਨਾਂ ਕੀਤੀ ਗਈ ਤਾਂ ਮੈਂਬਰ ਪੂਰੀ ਦਿਲਚਸਪੀ ਨਾਲ ਕੰਮ ਨਹੀਂ ਕਰ ਸਕਣਗੇ । ਮੈਂ ਇਹ ਗੱਲ ਮੰਨਦਾ ਹਾਂ ਕਿ 100 ਰੁਪਏ ਵਧਾਣ ਨਾਲ ਕੋਈ ਸਾਰੀ ਪ੍ਰਾਬਲਮ ਹਲ ਨਹੀਂ ਹੋ ਜਾਣੀ । ਪਰ ਇਹ ਸਾਰੀ ਗੱਲ ਸਟੇਟੱਸ ਦੀ ਹੈ । ਜਿਵੇਂ ਕਿ ਡਾਂਗ ਸਾਹਿਬ ਨੇ ਵੀ ਕਹੀ ਹੈ ਕਿ ਮੈਂਬਰਾਂ ਨੂੰ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ, ਮੈਂ ਉਨ੍ਹਾਂ ਨਾਲ ਸਹਿਮਤੀ ਰਖਦਾ ਹਾਂ ਅਤੇ ਕੋਸ਼ਿਸ਼ ਕਰਾਂਗੇ ਕਿ ਉਨ੍ਹਾਂ ਨੂੰ ਹੋਰ ਵੀ ਸਹੂਲਤਾਂ ਦਿੱਤੀਆਂ ਜਾਣ । ਤਾਂਕਿ ਮੈਂਬਰ ਲੋਕਾਂ ਦੀ ਵਧ ਤੋਂ ਵਧ ਸੇਵਾ ਕਰ ਸਕਣ ਅਤੇ ਕੰਸਟੀਚੂਐਂਸੀ ਦਾ ਕੰਮ ਕਰ ਸਕਣ । ਡਿਪਟੀ ਸਪੀਕਰ ਸਾਹਿਬ, ਮੈਂ ਆਪਣੇ ਦੋਸਤਾਂ ਨੂੰ ਇਹ ਯਕੀਨ ਦਿਵਾਉਂਦਾ ਹਾਂ ਕਿ ਮੈਂ ਇਹ ਕਿਸੇ ਵੀ ਪੋਲਿਟੀਕਲ ਮੋਟਿਵ ਨੂੰ ਸਾਹਮਣੇ ਰਖ ਕੇ ਨਹੀਂ ਕਹਿ ਰਿਹਾ ਇਸ ਲਈ ਅਰਜ਼ ਕਰਦਾ ਹਾਂ ਕਿ ਸਾਰੇ ਇਸ ਬਿਲ ਨੂੰ ਮੰਨ ਲੈਣ ।

PERSONAL EXPLANATION

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ : ਆਨ ਏ ਪੁਆਇੰਟ ਆਫ਼ ਪਰਸਨਲ ਐਕਸਪਲੇਨੇਸ਼ਨ, ਸਰ । ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿਲ ਤੇ ਨਹੀਂ ਸੀ ਬੋਲਣਾ ਚਾਹੁੰਦਾ ਕਿਉਂਕਿ ਮੇਰੀ ਪਾਰਟੀ ਵਲੋਂ ਭੱਠਲ ਸਾਹਿਬ ਪਹਿਲਾਂ ਬੋਲ ਚੁਕੇ ਹਨ । ਮੁੱਖ ਮੰਤਰੀ ਜੀ ਨੇ ਬੋਲਦਿਆਂ ਹੋਇਆਂ ਇਹ ਕਿਹਾ ਕਿ ਮੇਰਾ ਸਹਿਯੋਗ ਇਸ ਬਿਲ ਦੇ ਨਾਲ ਹੈ । ਡਿਪਟੀ ਸਪੀਕਰ ਸਾਹਿਬ, ਅਗਰ ਮੈਂ ਕਿਸੇ ਗੱਲ ਨਾਲ ਹਮਦਰਦੀ ਰਖਦਾ ਹੋਵਾਂ ਤਾਂ ਮੈਨੂੰ ਉਸ ਨੂੰ ਪਰਗਟ ਕਰਨ ਵਿਚ ਕੋਈ ਝਿਜਕ ਨਹੀਂ ਹੁੰਦੀ । ਮੈਂ ਕਮੇਟੀ ਵਿਚ ਚੁਪ ਨਹੀਂ ਸੀ ਰਿਹਾ ਸਗੋਂ ਡਿਸਐਗਰੀਮੈਂਟ ਸ਼ੋ ਕੀਤੀ ਸੀ । ਮੈਂ ਉਥੇ ਇਸ ਗੱਲ ਨਾਲ ਤਾਂ ਡਿਸਐਗਰੀਡ ਨਹੀਂ ਸੀ ਕਿ ਐਮ. ਐਲ. ਏਜ਼. ਨੂੰ ਹੋਰ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ । ਪਰ 400 ਰੁਪਏ ਵਾਲੀ ਗੱਲ ਨਾਲ ਮੈਂ ਸਹਿਮਤ ਨਹੀਂ ਸੀ ਹੋਇਆ । ਐਮ. ਐਲ. ਏਜ਼. ਦਾ ਸਟੇਟੱਸ ਵਧਣਾ ਚਾਹੀਦਾ ਹੈ ਪਰ ਇਹ ਸਟੇਟੱਸ 400 ਰੁਪਏ ਨਾਲ ਤਾਂ ਕੀ 1,000 ਰੁਪਏ ਨਾਲ ਵੀ ਨਹੀਂ ਵਧ ਸਕਦਾ । ਇਹ ਗੱਲ ਮੈਂ ਉਥੇ ਸਪੱਸ਼ਟ ਕਰ ਦਿਤੀ ਸੀ ਕਿ ਮੈਂ ਇਸ ਤਨਖਾਹ ਵਧਾਉਣ ਦੇ ਹੱਕ ਵਿਚ ਨਹੀਂ ਹਾਂ । ਚੌਧਰੀ ਸਾਹਿਬ ਵੀ ਉਥੇ ਮੇਰੇ ਨਾਲ ਐਗਰੀ ਕਰ ਗਏ ਸੀ ਤੇ ਇਨ੍ਹਾਂ ਨੇ ਕਿਹਾ ਸੀ ਕਿ ਹੁਣ ਪੈਸੇ ਵਧਾ ਦਿੰਦੇ ਹਾਂ ਤੇ ਸਟੇਟੱਸ ਵਧਾਣ ਵਾਸਤੇ ਦੂਜੀਆਂ ਗੱਲਾਂ ਵਲ ਵੀ ਧਿਆਨ ਦਿਆਂਗੇ । ਸੋ ਮੈਂ ਸਪਸ਼ਟ ਤੌਰ ਤੇ ਇਹ ਗੱਲ ਐਕਸਪਲੇਨ ਕਰ ਦੇਣਾ ਚਾਹੁੰਦਾ ਹਾਂ ਕਿ ਮੈਂ ਕਮੇਟੀ ਵਿਚ ਅਜਿਹੀ ਕੋਈ ਗਲ ਨਹੀਂ ਸੀ ਆਖੀ ਅਤੇ ਇਸ ਬਿਲ ਨੂੰ ਸਪੋਰਟ ਨਹੀਂ ਸੀ ਕੀਤਾ । ਚੀਫ਼ ਮਨਿਸਟਰ ਸਾਹਿਬ ਨੇ ਜੋ ਕੁਝ ਕਿਹਾ ਹੈ ਉਹ ਅਸਲੀਅਤ ਨਹੀਂ ਹੈ ।

ਮੁੱਖ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਇਹ ਗੱਲ ਸਾਫ਼ ਕਰ ਦੇਣੀ ਚਾਹੁੰਦਾ ਹਾਂ ਕਿ ਚੌਧਰੀ ਸਾਹਿਬ ਨੇ ਪਹਿਲਾਂ ਬੋਲਦਿਆਂ ਹੋਇਆਂ ਕਿਹਾ ਸੀ ਕਿ ਸੁਰਜੀਤ ਜੀ ਨਿਊਟਰਲ ਰਹੇ ਸਨ । ਇਸ ਲਈ ਮੈਂ ਇਹ ਗੱਲ ਕਹੀ ਸੀ । ਵੈਸੇ ਗਲਤ ਗੱਲ ਕਹਿਣ ਦਾ ਮੇਰਾ ਇਰਾਦਾ ਨਹੀਂ ਸੀ ।

THE PUNJAB LEGISLATIVE ASSEMBLY (ALLOWANCES OF MEMBERS) AMENDMENT BILL

Mr. Deputy Speaker : Question is—

That the Punjab Legislative Assembly (Allowances of Members) Amendment Bill, be taken into consideration at once.

The motion was carried.

Mr. Deputy Speaker : Now the House will take up the Bill clause by clause.

CLAUSE 2

ਚੌਧਰੀ ਦਰਸ਼ਨ ਸਿੰਘ (ਆਦਮਪੁਰ) : ਡਿਪਟੀ ਸਪੀਕਰ ਸਾਹਿਬ, ਕਲਾਜ਼ 2 ਤੇ ਮੇਰੀ ਇਕ ਅਮੈਂਡਮੈਂਟ ਹੈ ।

ਕਾਮਰੇਡ ਭਾਨ ਸਿੰਘ ਭੌਰਾ : ਡਿਪਟੀ ਸਪੀਕਰ ਸਾਹਿਬ, ਉਹ ਹਾਲੇ ਸਰਕੂਲੇਟ ਨਹੀਂ ਹੋਈ ।

ਮੁਖ ਮੰਤਰੀ : ਸਰਕੂਲੇਟ ਹੋ ਚੁਕੀ ਹੈ ।

ਕਾਮਰੇਡ ਭਾਨ ਸਿੰਘ ਭੌਰਾ : ਹਾਲੇ ਸਾਨੂੰ ਨਹੀਂ ਮਿਲੀ ।

ਚੌਧਰੀ ਦਰਸ਼ਨ ਸਿੰਘ : ਡਿਪਟੀ ਸਪੀਕਰ ਸਾਹਿਬ, ਮੇਰੀ ਅਮੈਂਡਮੈਂਟ ਇਹ ਹੈ ਕਿ—

At the end of clause 2, the following proviso be added :—
Provided that any Member who wants to draw Rs 300 instead of 400 per month may do so.

ਡਿਪਟੀ ਸਪੀਕਰ ਸਾਹਿਬ, ਬਹੁਤ ਸਾਰੇ ਮੈਂਬਰਾਂ ਨੇ ਦੋਨੋਂ ਪਾਸਿਉਂ ਆਪਣੇ, ਆਪਣੇ ਵਿਚਾਰ ਇਸ ਬਿਲ ਤੇ ਰਖੇ ਹਨ . . . . .

ਸ੍ਰੀ ਡਿਪਟੀ ਸਪੀਕਰ : ਚੌਧਰੀ ਸਾਹਿਬ, ਮੈਂ ਤੁਹਾਨੂੰ ਦਸੱਣਾ ਚਾਹੁੰਦਾ ਹਾਂ ਕਿ ਤੁਹਾਡੀ ਅਮੈਂਡਮੈਂਟ ਆਊਟ ਆਫ਼ ਆਰਡਰ ਹੈ । (I would like to inform the hon. Member that his amendment is out of order.)

It does not fit in clause 2 of the Bill. Moreover, if any Member may not wish to draw Rs 400, he may do so. That I concede. No amendment is necessary.

Chaudhri Darshan Singh : Any member may draw Rs 200, 300 or Rs 400. It is his own choice. ਆਪੋਜ਼ੀਸ਼ਨ ਵਲੋਂ ਬੋਲਣ ਵਾਲਿਆਂ ਨੂੰ 300 ਰੁਪਿਆਂ ਤੋਂ ਵੱਧ ਨਹੀਂ ਲੈਣੇ ਚਾਹੀਦੇ ਪਰ ਕੋਈ ਮੈਂਬਰ ਖੜਾ ਹੋ ਕੇ ਦੱਸੇ ਕਿ ਉਹ 300 ਰੁਪਏ ਹੀ ਲਵੇਗਾ।

ਸ੍ਰੀ ਡਿਪਟੀ ਸਪੀਕਰ : ਤੁਹਾਨੂੰ ਕਲਾਜ਼ ਤੇ ਬੋਲਣ ਦਾ ਰਾਈਟ ਦਿੱਤਾ ਹੈ । ਚੌਧਰੀ ਸਾਹਿਬ, ਜੇ ਕੋਈ ਮੈਂਬਰ ਚਾਹੇ 100 ਰੁਪਿਆ ਮਹੀਨਾ ਲੈ ਸਕਦਾ ਹੈ । ਇਹ ਚੈਲੰਜ ਕਾਹਦਾ ਹੋਇਆ (ਸ਼ੋਰ) (The hon. Member has been allowed the right to speak on the clause. If any hon. Member wants to draw only Rs 100 per mensem he can do so. There is no question of throwing a challenge).

ਚੌਧਰੀ ਦਰਸ਼ਨ ਸਿੰਘ : ਮੈਂ ਹਾਊਸ ਤੋਂ ਇਹ ਪੁ ਣਾ ਚਾਹੁੰਦਾ ਹਾਂ ਕਿ ਕਿਹੜੇ ਮੈਂਬਰ ਨੇ ਜਿਹੜੇ 300 ਰੁਪਏ ਤੈਣਾ ਚਾਹੁੰਦੇ ਹਨ ।

ਸ੍ਰੀ ਡਿਪਟੀ ਸਪੀਕਰ : ਇਹ ਸਬੱਰਵਾਲ ਜੀ ਹਨ । (Shri Suberwal is there.)

ਚੌਧਰੀ ਦਰਸ਼ਨ ਸਿੰਘ : ਇਹ ਕਿੰਨੇ ਤੜਫਦੇ ਹਨ ਕਿ ਇਹ ਐਡ ਨਾ ਹੋਵੇ ।

ਸ੍ਰੀ ਡਿਪਟੀ ਸਪੀਕਰ : ਕਲਾਜ਼ 2 ਤੇ ਬੋਲੋ। (He should please speak on clause 2 only.)

ਲੈਫਟੀਨੈਂਟ ਭਾਗ ਸਿੰਘ : ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਅਮੈਂਡਮੈਂਟ ਮੰਨਣੀ ਹੈ ਕਿ ਨਹੀਂ ਇਸ ਦਾ ਅਧਿਕਾਰ ਤੁਹਾਡੇ ਕੋਲ ਹੈ ਜਾਂ ਮਨਿਸਟਰ ਸਾਹਿਬ ਕੋਲ ਹੈ।

Mr. Deputy Speaker : It has to be seen whether the amendment is in proper order or not. It is to be decided by the Chair.

ਲੈਫਟੀਨੈਂਟ ਭਾਗ ਸਿੰਘ : ਇਹ ਤਾਂ ਜੀ ਸਰਕੁਲੇਟ ਹੋ ਗਈ ਹੈ ।

Mr. Deputy Speaker : May be circulated.

ਲੈਫਟੀਨੈਂਟ ਭਾਗ ਸਿੰਘ : ਜੇ ਅਮੈਂਡਮੈਂਟ ਇਨ ਆਰਡਰ ਨਾ ਹੋਵੇ ਕੀ ਤਾਂ ਵੀ ਸਰਕੂਲੇਟ ਹੋ ਜਾਂਦੀ ਹੈ ?

ਸ੍ਰੀ ਡਿਪਟੀ ਸਪੀਕਰ : ਅਮੈਂਡਮੈਂਟ ਹਾਊਸ ਵਿਚ ਵੀ ਐਡ ਕਰ ਦਿੱਤੀ ਜਾ ਸਕਦੀ ਹੈ । The decision is to be taken by the Chair. I have already decided that the amendment is not in order. It is superfluous. (The amendment can be given notice of even in the House. The decision is to be taken by the Chair. I have already decided that the amendment is not in order. It is superfluous).

ਚੌਧਰੀ ਦਰਸ਼ਨ ਸਿੰਘ : ਤਹਾਡੀ ਰੂਲਿੰਗ ਠੀਕ ਹੈ । ਮੈਂ ਅਰਜ਼ ਕਰ ਰਿਹਾ ਸੀ ਕਿ ਅਜੀਬ ਸਿਚੂਏਸ਼ਨ ਇਸ ਸਦਨ ਦੇ ਸਾਹਮਣੇ ਪੇਸ਼ ਹੈ । ਅੱਜ ਸਦਨ ਦੇ ਮੈਂਬਰ, ਇਸ ਹਾਊਸ ਦੇ ਮੈਂਬਰ ਇਕ ਅਜਿਹਾ ਬਿਲ ਪਾਸ ਕਰ ਰਹੇ ਹਨ ਜਿਸ ਨਾਲ ਹਾਊਸ ਦੇ ਮੈਂਬਰ ਆਪਣੀ ਤਨਖਾਹ 300 ਤੋਂ 400 ਰੁਪਏ ਕਰ ਲੈਣਗੇ । ਜਨ ਸੰਘ ਵਾਲੇ ਤਾਂ ਹੁਣ ਇਸ ਨੂੰ ਕੰਪਨਸੇਟਰੀ ਐਲਾਊਂਸ ਵੀ ਨਹੀਂ ਕਹਿੰਦੇ । ਸ੍ਰੀ ਲਾਲ ਚੰਦ ਜੀ ਸਬੱਰਵਾਲ ਨੇ ਕਿਹਾ ਇਹ ਕੰਪਨਸੇਟਰੀ ਐਲਾਊਂਸ ਨਹੀਂ ਹੈ । ਇਹ ਕੰਪਨਸੇਟਰੀ ਐਲਾਊਂਸ ਹੈ ਜਿਸ ਨਾਲ ਕਿ ਇਕ ਐਮ. ਐਲ. ਏ. ਆਪਣੇ ਹਲਕੇ ਵਿੱਚ ਤੁਰ ਫਿਰ ਕੇ ਆਪਣੇ ਹਲਕੇ ਦੀ ਜਨਤਾ ਦੀ ਅਵਾਜ਼ ਨੂੰ ਹਾਊਸ ਵਿੱਚ ਰਖ ਸੈਕਦਾ ਹੈ ਅਤੇ ਸਰਕਾਰ ਦੇ ਕੰਨਾਂ ਤਕ ਪਹੁੰਚਾ ਸਕਦਾ ਹੈ । ਇਹ 300 ਰੁਪਏ 1937 ਤੋਂ ਮੁਕੱਰਰ ਹੋਏ ਸਨ। ਇਹ ਠੀਕ ਹੈ ਇਹ ਚੀਪ ਪਾਪੂਲੈਰਿਟੀ ਲੈਣ ਲਈ ਇਹ ਕਹਿ ਸਕਦੇ ਹਨ ਕਿ ਇਹ ਤਨਖਾਹ ਨਹੀਂ ਵਧਣੀ ਚਾਹੀਦੀ । ਕੀਮਤਾਂ 1937 ਤੋਂ ਲੈ ਕੇ ਹੁਣ ਤਕ ਸੌ

[ਚੌਧਰੀ ਦਰਸ਼ਨ ਸਿੰਘ]

ਗੁਣਾ ਵੱਧ ਗਈਆਂ ਹਨ । ਤਾਂ ਹੁਣ ਕੋਈ ਦਲੀਲ ਨਹੀਂ ਕਿ ਇਹ ਐਲਾਊਂਸ ਨਾ ਵਧੇ । ਅੱਜ ਇਕ ਟੀਚਰ ਦੀ ਤਨਖਾਹ ਇਕ ਐਮ. ਐਲ. ਏ. ਨਾਲੋਂ ਵੱਧ ਹੈ । (ਸ਼ੋਰ) ਡਿਪਟੀ ਸਪੀਕਰ ਸਾਹਿਬ, ਇਕ ਕਲਰਕ ਦੀ ਤਨਖਾਹ ਐਮ. ਐਲ. ਏ. ਦੀ ਤਨਖਾਹ ਨਾਲੋਂ ਜ਼ਿਆਦਾ ਹੈ । ਐਮ. ਐਲ. ਏ. ਸਟੇਟ ਬਾਡੀ ਵਿਚ ਇਲਾਕੇ ਦਾ ਹਾਈਐਸਟ ਨੁਮਾਇੰਦਾ ਹੈ । ਅੱਜ 400 ਰੁਪਏ ਮੁਕੱਰਰ ਕਰਨ ਤੇ ਇਹ ਕਹਿੰਦੇ ਹਨ ਸਾਡੀ ਪਬਲਿਕ ਵਿੱਚ ਬਦਨਾਮੀ ਹੋਵੇਗੀ । ਡੇਢ ਸਾਲ ਦੇ ਅਰਸੇ ਵਿੱਚ ਜਿਹੜੇ ਤੁਸੀਂ ਨੇਕਨਾਮੀ ਦੇ ਕੰਮ ਕੀਤੇ ਹਨ ਉਹ ਕਿਸੇ ਤੋਂ ਲੁਕੇ ਹੋਏ ਨਹੀਂ । ਜਨ ਸਘ ਦੇ ਲੀਡਰ ਸਭਰਵਾਲ ਜੀ ਨੇ ਕਿਹਾ ਪਬਲਿਕ ਦੇ ਪੈਸੇ ਵੇਸਟ ਨਹੀਂ ਹੋਣੇ ਚਾਹੀਦੇ ! ਇਨ੍ਹਾਂ ਨੇ ਮਹਾਤਮਾ ਗਾਂਧੀ ਦੀਆਂ ਮਿਸਾਲਾਂ ਦਿਤੀਆਂ । ਮਹਾਤਮਾ ਗਾਂਧੀ ਨੇ ਕਾਂਗਰਸ ਦੀ ਸੇਵਾ ਕੀਤੀ । ਮੈਂ ਪੁਛਦਾ ਹਾਂ ਕਿ ਉਸ ਮਹਾਤਮਾ ਗਾਂਧੀ ਦੀ ਰੂਹ ਆਰ. ਐਸ. ਐਸ. ਐਸ. ਨੂੰ ਤਾ ਜ਼ਰੂਰ ਦੁਆਵਾਂ ਦੇਂਦੀ ਹੋਵੇਗੀ । ਆਰ. ਐਸ. ਐਸ. ਐਸ. ਨੇ ਮੁਲਕ ਦੀ ਬਹੁਤ ਸੇਵਾ ਕੀਤੀ । (ਸ਼ੋਰ)

ਸੱਭਰਵਾਲ ਜੀ ਹੁਣ ਬੋਲੋ ਤਾਂ ਨਾਂ ! ਕਮਿਊਨਿਸਟਾਂ ਬਾਰੇ ਤਾਂ ਮੈਂ ਮੰਨ ਸਕਦਾ ਹਾਂ ਕਿ 300 ਰੁਪੈ ਦੀ ਬਜਾਏ 200 ਰੁਪੈ ਨਾਲ ਵੀ ਗੁਜ਼ਾਰਾ ਕਰ ਸਕਦੇ ਹਨ । ਜਨ ਸੰਘ ਦੇ ਲੀਡਰ ਸਾਡੇ ਨਾਲ ਬੈਠੇ ਹਨ ਇਨ੍ਹਾਂ ਨੇ ਫੈਸਲਾ ਕੀਤਾ 400 ਰੁਪੈ ਕਰੋ । ਇੰਨ੍ਹਾਂ ਨੇ ਹਿੰਦੀ ਐਜੀਟੇਸ਼ਨ ਚਲਾਈ । ਪਰ ਅੱਜ ਇਹ ਭੁਲ ਗਏ ਹਨ ਕਿ ਹਿੰਦੀ ਦੇ ਬਾਰੇ ਕੀ ਕੁਝ ਕਰਨਾ ਹੈ । ਪੁਲਿਸ ਜਦੋਂ ਹਿੰਦੀ ਐਜੀਟੇਸ਼ਨ ਵੇ ੇ ਸ੍ਰੀ ਸੱਭਰਵਾਲ ਜੀ ਨੂੰ ਪਕੜ ਕੇ ਲਿਆ ਰਹੀ ਸੀ ਤਾਂ ਇਨ੍ਹਾਂ ਦਾ ਐਕਸੀਡੈਂਟ ਹੋਣ ਕਾਰਣ ਇਨ੍ਹਾਂ ਦੀ ਬਾਂਹ ਤੇ ਸੱਟ ਲਗੀ ਸੀ ਜਿਸ ਕਰ ਕੇ ਇਨ੍ਹਾਂ ਨੂੰ 45 ਹਜ਼ਾਰ ਰੁਪਿਆ ਮਿਲਿਆ । ਕੀ ਇਹ ਰੁਪਿਆ ਇਨ੍ਹਾਂ ਨੇ ਪਾਰਟੀ ਨੂੰ ਦਿੱਤਾ ਸੀ । (ਸ਼ੋਰ)

ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਬਦਨਾਮੀ ਤੋਂ ਤੁਸੀਂ ਡਰਦੇ ਹੋ । ਚੀਪ ਪਾਪੂਲੈਰਿਟੀ ਲੈਣ ਲਈ ਤੁਸੀਂ ਇਸ ਤਰ੍ਹਾਂ ਕਰ ਰਹੇ ਹੋ । ਜੇ 300 ਰੁਪੈ ਤੋਂ 400 ਰੁਪਿਆ ਹੋ ਜਾਵੇ ਤਾਂ ਪਬਲਿਕ ਕਦੇ ਕੁਐਸਚਨ ਨਹੀਂ ਕਰੇਗੀ । ਪਬਲਿਕ ਉਦੋਂ ਕੁਐਸਚਨ ਕਰੇਗੀ ਜਦੋਂ ਤੁਹਾਡਾ ਮਿਸਕੰਡਕਟ ਹੋ ਜਾਂਦਾ ਹੈ । (ਆਪੋਜ਼ੀਸ਼ਨ ਵਲੋਂ ਸ਼ੋਰ) 13 ਵਿੱਚੋਂ 6 ਰਹਿ ਗਏ ਹਨ ਤਹਾਡੇ ਵਿੱਚੋਂ (ਸ਼ੋਰ, ਵਿਘਨ) 1962, 1964, 1966 ਵਿੱਚ ਤਿੰਨ ਦਫ਼ਾ ਚੋਣਾਂ ਹੋ ਚੁਕੀਆਂ ਹਨ ਰਾਜ ਸਭਾ ਦੀਆਂ । (Interruptions in the House)

Mr. Deputy Speaker : There should be no running commentary in the House.

ਚੌਧਰੀ ਦਰਸ਼ਨ ਸਿੰਘ (ਜਾਰੀ) : ਮੈਂ ਦਾਵੇ ਨਾਲ ਕਹਿੰਦਾ ਹਾਂ ਕਿ ***

***	***	***	***	***	***
***	***	***	***	***	***
***	***	***	***	***	***
***	***	***	***	***	***
***	***	***	***	***	***

*Expunged as ordered by the Chair.

ਸ੍ਰੀ ਲਾਲ ਚੰਦ ਸੱਬਰਵਾਲ : ਡਿਪਟੀ ਸਪੀਕਰ ਸਾਹਿਬ, ਅੱਗਰ ਚੌਧਰੀ ਸਾਹਿਬ ਦਾ ਇਹੋ ਹਾਲ ਹੈ ਤਾਂ ਸਾਨੂੰ ਵੀ ਫਿਰ ਮਜਬੂਰ ਹੋ ਕੇ ਸਾਰਿਆਂ ਦੇ ਕੰਡੱਕਟ ਬਾਰੇ ਦੱਸਣਾ ਪਵੇਗਾ। ਇਹ ਗੱਲ ਸਰਦਾਰ ਦਰਬਾਰਾ ਸਿੰਘ ਤੋਂ ਲੈ ਕੇ ਸਾਰਿਆਂ ਤੇ ਆਉਣੀ ਹੈ, ਫਿਰ ਇਨ੍ਹਾਂ ਨੇ ਚੀਕਣਾ ਹੈ।

ਸ੍ਰੀ ਡਿਪਟੀ ਸਪੀਕਰ : ਚੌਧਰੀ ਸਾਹਿਬ, ਮੇਰਾ ਖਿਆਲ ਹੈ ਕਿ ਤੁਸੀਂ ਕਿਸੇ ਦੇ ਕਾਂਡਕਟ ਨੂੰ ਡਿਸਕੱਸ ਨਾ ਕਰੋ। ਅਸਲ ਗਲ ਹੀ ਕਰੋ। (I would request Chaudhri Darshan Singh not to discuss the conduct of any individual Member. He should speak on the subject which is before the House.)

ਚੌਧਰੀ ਦਰਸ਼ਨ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਡਰਦੇ ਹਨ ਕਿ 3 ਸੌ ਦੀ ਬਜਾਏ 4 ਸੌ ਹੋਣ ਨਾਲ ਅਸੀਂ ਪਬਲਿਕ ਵਿੱਚ ਬਦਨਾਮ ਹੋ ਜਾਵਾਂਗੇ, ਨਹੀਂ। ਬਦਨਾਮ ਤਾਂ ਤੁਸੀਂ ਉਸ ਵੇਲੇ ਹੁੰਦੇ ਹੋ ਜਦੋਂ (ਵਿਘਨ)। ਜਿਸ ਤਰ੍ਹਾਂ ਸ਼ਾਇਰ ਲੁਧਿਆਨਵੀ ਨੇ ਲਿਖਿਆ ਸੀ :—

ਯਹਾਂ ਹਰ ਚੀਜ਼ ਬਿਕਤੀ ਹੈ,
ਖਰੀਦਾਰੋ ਕਿਆ ਕਿਆ ਖਰੀਦੋਗੇ।

ਜਦ ਰੋਜ਼ ਕਰਾਸਿੰਗ ਆਫ਼ ਦੀ ਫਲੋਰ ਓਧਰੋਂ ਅਧਰ ਐਧਰੋਂ ਓਧਰ ਹੁੰਦੇ ਹਨ ਤਾਂ ਕੀ ਉਸ ਵੇਲੇ ਪਬਲਿਕ ਤੁਹਾਡਾ ਕਾਂਡਕਟ ਵਾਚ ਨਹੀਂ ਕਰਦੀ ? ਉਸ ਵੇਲੇ ਤੁਹਾਡੀ ਬਦਨਾਮੀ ਨਹੀਂ ਹੁੰਦੀ (ਵਿਘਨ)। ਸ੍ਰੀ ਦੁਸਾਂਝ ਜੀ ਨੇ ਆਖਿਆ ਸੀ ਜਿਹੜਾ ਇਕ ਦਫ਼ਾ ਵਜ਼ੀਰ ਬਣ ਗਿਆ, ਉਸ ਨੇ ਤਾਂ ਆਪਣੀ ਡਿਸਪੈਰਟੀ ਖਤਮ ਕਰ ਲਈ ਕਿਉਂਕਿ ਉਸ ਨੇ ਤਾਂ ਸਾਰੀ ਉਮਰ ਦੀਆਂ ਰੋਟੀਆਂ ਲੈ ਲਈਆਂ। ਪਰ ਜੇ ਕਰ ਅੱਜ ਉਹ ਵੀ ਕਹੇ ਕਿ 3 ਸੌ ਤੋਂ 4 ਸੌ ਨਹੀਂ ਹੋਣਾ ਚਾਹੀਦਾ ਔਰ 3 ਸੌ ਹੀ ਬੜਾ ਹੈ, ਤਾਂ ਮੈਂ ਕਹਿੰਦਾ ਹਾਂ ਕਿ (ਵਿਘਨ) ਫਿਰ ਹਾਈਕੋਰਟ ਨੂੰ ਕਾਹਦੇ ਵਾਸਤੇ ਦੌੜੇ ਸੀ। (ਥੰਪਿੰਗ) ਕੀ ਜ਼ਮਾਨਤਾ ਕਰਾਉਣ ਗਏ ਸੀ ? ਇਸ ਕਰਕੇ ਮੈਂ ਅਰਜ ਕਰਦਾ ਹਾਂ ਕਿ ਪਬਲਿਕ 3 ਸੌ ਤੋਂ 4 ਸੌ ਰੁਪਏ ਨਾਲ ਕਦੇ ਨਰਾਜ਼ ਨਹੀਂ ਹੁੰਦੀ। ਸੌ ਰੁਪਏ ਨਾਲ ਕੋਈ ਆਸਮਾਨ ਨਹੀਂ ਡਿਗ ਪੈਣ ਲੱਗਾ। ਸੌ ਰੁਪਏ ਨਾਲ ਸਟੇਟ ਦੇ ਐਕਸਚੈਕਰ ਤੇ ਕੋਈ ਫ਼ਰਕ ਨਹੀਂ ਪੈਣ ਲੱਗਾ। ਫ਼ਰਕ ਤਾਂ ਪੈਂਦਾ ਹੈ ਆਪਣੇ ਕਾਂਡਕਟ ਤੇ, ਫ਼ਰਕ ਤਾਂ ਪੈਂਦਾ ਹੈ ਕਿ ਹਾਊਸ ਨੂੰ ਇਸ ਡੈਮੋਕਰੇਸੀ ਨੇ ਕਿਸ ਤਰ੍ਹਾਂ ਚਲਾਉਣਾ ਹੈ। ਤੁਹਾਡਾ ਸਾਡਾ ਕਾਂਡਕਟ ਕੀ ਹੈ ? ਫਰਜ਼ ਕਰੋ ਤੁਸੀਂ ਇਥੇਂ ਅਸੈਂਬਲੀ ਵਿਚ ਆ ਕੇ ਰੌਲਾ ਪਾ ਦਿੰਦੇ ਹੋ, ਕੋਈ ਪਾਰਟੀ ਕਹਿੰਦੀ ਹੈ ਕਿ ਹਾਊਸ ਨਹੀਂ ਚੱਲਣ ਦੇਣਾ। ਤੁਸੀਂ ਉਸ ਦਿਨ ਦਾ ਅਮ. ਐਲ. ਏਜ. ਦੀਆਂ ਤਨਖਾਹਾਂ ਦਾ ਖਰਚ ਗਿਣ ਲਵੋ। ਤੁਸੀਂ ਦੇਖੋ ਕਿੰਨੀ ਦਫ਼ਾ ਤੁਸੀਂ ਹਾਊਸ ਦੀਆਂ ਪਰੋਸੀਡਿੰਗਜ਼ ਰੋਕਦੇ ਹੋ। ਪਰ ਪੰਜਾਬ ਵਿੱਚ ਇਸ ਦਾ ਇਮੇਜ਼ ਕੀ ਪਵੇਗਾ। ਜੇ ਇਮੇਜ ਇਤਨਾ ਮਾੜਾ ਗਿਆ ਤਾਂ 4 ਸੌ ਰੁਪਏ ਹੋਣ ਨਾਲ ਤੁਹਾਡਾ ਇਸ ਤੋਂ ਬਹੁਤਾ ਮਾੜਾ ਨਹੀਂ ਜਾਣ ਲਗਾ। ਘਬਰਾਉ ਨਹੀਂ ਤੁਹਾਡਾ ਇਮੇਜ ਆਲਰੇਡੀ ਲੋਐਸਟ ਆਫ਼ ਦੀ ਲੋ ਐਬ ਤੇ ਜਾ ਚੁਕਾ ਹੈ (ਥੰਪਿੰਗ)। ਇਸ ਤੋਂ ਹੋਰ ਤੁਸੀਂ ਕਿੱਥੇ ਜਾਣਾ ਚਾਹੁੰਦੇ ਹੋ। ਜਿਥੇ ਐਮ. ਐਲ. ਏਜ਼. ਫਲੋਰ ਕਰਾਸ ਕਰਦੇ ਫਿਰਨ, ਐਮ. ਐਲ. ਏਜ਼. ਦੇ ਸੌਦੇ ਹੁੰਦੇ ਫਿਰਨ, ਉਥੇ 3 ਸੌ, 4 ਸੌ ਉਨ੍ਹਾਂ ਨੂੰ ਕੀ ਮੈਟਰ ਕਰਦਾ ਹੈ। (ਵਿਘਨ) ਇਸ ਲਈ ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ (ਵਿਘਨ) ਮੈਂ ਕਹਿੰਦਾ ਹਾਂ ਕਿ ਚੌਧਰੀ ਸਾਹਿਬ ਸਾਨੂੰ ਇਸ ਤਰ੍ਹਾਂ ਦੀ ਚੀਪ ਪਾਪੂਲੇਰਿਟੀ ਨਹੀਂ ਲੈਣੀ ਚਾਹੀਦੀ।

ਸ੍ਰੀ ਡਿਪਟੀ ਸਪੀਕਰ : ਚੌਧਰੀ ਸਾਹਿਬ, ਵਾਈਂਡ ਅੱਪ ਕਰੋ । (The hon. Member should please wind up now.)

ਚੌਧਰੀ ਦਰਸ਼ਨ ਸਿੰਘ : ਮੈਂ ਵਾਈਂਡ ਅੱਪ ਹੀ ਕਰ ਰਿਹਾ ਹਾਂ ਜੀ। ਡਿਪਟੀ ਸਪੀਕਰ ਸਾਹਿਬ, ਮੈਂ ਬੰਗਲੌਰ ਵਿੱਚ ਦੇਖਿਆ ਹੈ ਕਿ ਉਥੇ ਫਲੈਟ ਵਿੱਚ ਕਮਰੇ ਦਾ ਕਿਰਾਇਆ ਡੇਢ ਰੁਪਿਆ ਹੈ । ਹੋਸਟਲ ਵਿੱਚ ਬੈਡ ਹਰ ਕਮਰੇ ਵਿੱਚ ਹਨ । ਹਰ ਕਮਰੇ ਵਿੱਚ ਟੈਲੀਫੋਨ ਲੱਗਾ ਹੋਇਆ ਹੈ । ਹਰ ਇਕ ਨੂੰ ਆਪਣਾ ਅਪਣਾ ਬਿਸਤਰਾ ਤੇ ਮੱਛਰ ਦਾਨੀਆਂ ਮਿਲੀਆਂ ਹੋਈਆਂ ਹਨ । ਟਰਾਂਸਪੋਰਟ ਦੀਆਂ ਫੈਸਿਲੀਟੀਜ਼ ਹਨ । ਸੋ ਜੇ ਤੁਸੀਂ ਕਹਿੰਦੇ ਹੋ ਕਿ ਐਮ. ਐਲ. ਏ. ਨੇ 4 ਸੌ ਰੁਪਏ ਲੈ ਕੇ ਕੁਰੱਪਸ਼ਨ ਤੋਂ ਹਟ ਜਾਣਾ ਹੈ ਜਾਂ ਕੁਰੱਪਟ ਹੋ ਜਾਣਗੇ, ਇਟ ਇਜ਼ ਨੈਕਸਟ ਟੂ ਇਮਪਾਸੀਬਲ (ਵਿਘਨ) । ਇਸ ਕਰਕੇ ਐਮ. ਐਲ. ਏਜ਼ ਨੂੰ ਜਿੰਨੀਆਂ ਮਰਜ਼ੀ ਫੈਸਿਲੀਟੀਜ਼ ਦਿਉ, ਲੇਕਿਨ ਟਿਕਟ ਦੇਣ ਲੱਗਿਆਂ ਉਧਰ ਦਾ ਤੇ ਇਧਰ ਦਾ ਖਿਆਲ ਕਰ ਲਿਆ ਕਰੋ, ਕਿ ਕਿਹੜੀ ਸੇਲੇਬਲ ਕਮਾਡਿਟੀ ਹੈ, ਕਿਹੜੀ ਨੇ ਡਿੱਗ ਪੈਣਾ ਹੈ ਔਰ ਕਿਹੜੀ ਨੇ ਨਹੀਂ ਡਿੱਗਣਾ । ਇਸ ਕਰਕੇ ਮੈਂ ਕਹਿੰਦਾ ਹਾਂ ਕਿ ਬੰਦੇ ਦਾ ਕਰੈਕਟਰ ਮੈਟਰ ਕਰਦਾ ਹੈ, ਇਹ 3 ਸੌ, 4 ਸੌ ਨਹੀਂ ਮੈਟਰ ਕਰਦਾ ਹੈ । ਇਸ ਕਰਕੇ ਮੈਂ ਕਹਿੰਦਾ ਹਾਂ ਕਿ 4 ਸੌ ਰੁਪਿਆ ਜਿਹੜਾ ਕੀਤਾ ਗਿਆ ਹੈ ਇਹ ਕੋਈ ਐਸੀ ਗੱਲ ਨਹੀਂ ਔਰ ਅਮੈਂਡਮੈਂਟ ਦਰੁਸਤ ਹੈ । ਇਹ ਠੀਕ ਹੈ ਕਿ ਤੁਸੀਂ ਟੈਕਨੀਕਲੀ ਪੁਆਇੰਟ ਆਫ਼ ਆਰਡਰ ਕੀਤਾ ਹੈ ਕਿ ਇਸ ਦੀ ਲੋੜ ਨਹੀਂ । (ਵਿਘਨ) ਹੁਣ ਇਹ ਰੌਲਾ ਤਾਂ ਬਹੁਤ ਪਾਉਂਦੇ ਹਨ ਪਰ ਮੈਂ ਕਹਿੰਦਾਂ ਹਾਂ ਕਿ ਆਪੋਜੀਸ਼ਨ ਦਾ ਇਕ ਮੈਂਬਰ ਵੀ ਖੜਾ ਹੋ ਕੇ ਦਸੇ ਕਿ ਉਨ੍ਹਾਂ ਨੇ 9 ਮਹੀਨਿਆਂ ਵਿੱਚ ਕੀ ਕੀਤਾ ਹੈ । ਮੈਨੂੰ ਇਕ ਕਨਸੈਸ਼ਨ ਵੀ ਦੱਸਣ ਜੋ ਇਨ੍ਹਾਂ ਨੇ ਦਿਤਾ ਹੋਵੇ । ਕਿਸੇ ਫੋਰਥ ਕਲਾਸ ਐਮਪਲਾਈ ਨੂੰ ਕੁਝ ਦਿੱਤਾ ਹੋਵੇ ਕਿਸੇ ਕਲੱਰਕ ਨੂੰ ਕੁਝ ਦਿੱਤਾ ਹੋਵੇ ਜਾਂ ਕਿਸੇ ਜ਼ਿਮੀਦਾਰ ਦਾ ਮਾਮਲਾ ਛੱਡਿਆ ਹੋਵੇ । ਇਹ ਕੁਝ ਤਾਂ ਦੱਸਣ ਜੋ ਇਨ੍ਹਾਂ ਨੇ ਐਕਸ਼ਨ ਲਿਆ ਹੋਵੇ (ਵਿਘਨ) (ਸ਼ੋਰ) । ਠੀਕ ਤਾਂ ਇਹ ਸੀ ਕਿ ਇਹ ਆਪ 4 ਸੌ ਰੁਪਿਆ ਕਰਦੇ । ਲੇਕਿਨ ਅੱਜ ਚਾਰ ਫੁਟ ਫਲੋਰ ਕਰਾਸ ਕਰਨ ਨਾਲ ਕਹਿੰਦੇ ਹਨ ਕਿ 4 ਸੌ ਨਾ ਕਰਿਓ । ਕੀ ਇਸ ਨਾਲ ਆਸਮਾਨ ਡਿੱਗ ਪਵੇਗਾ । ਇਸ ਲਈ ਮੈਂ ਕਹਿੰਦਾ ਹਾਂ ਕਿ ਇਸ ਬਿਲ ਨੂੰ ਪਾਸ ਕੀਤਾ ਜਾਵੇ।

PERSONAL EXPLANATION

ਸ੍ਰੀ ਲਾਲ ਚੰਦ ਸੱਬਰਵਾਲ (ਜਲੰਧਰ ਉੱਤਰ) : ਆਨ ਏ ਪੁਆਇੰਟ ਆਫ਼ ਪਰਸਨਲ ਐਕਸ਼ਪਲੇਨੇਸ਼ਨ, ਸਰ। ਡਿਪਟੀ ਸਪੀਕਰ ਸਾਹਿਬ, ਚੌਧਰੀ ਸਾਹਿਬ ਨੇ ਬੜੀਆਂ ਗ਼ਲਤ ਬਿਆਨੀਆਂ ਕੀਤੀਆਂ ਹਨ। ਪਰ ਕਿਉਂਕਿ ਇਨ੍ਹਾਂ ਨੇ ਹਾਊਸ ਵਿੱਚ ਕੀਤੀਆਂ ਹਨ ਇਸ ਲਈ ਮੈਂ ਵੀ ਕੁਝ ਕਹੇ ਤੋਂ ਬਗੈਰ ਨਹੀਂ ਰਹਿ ਸਕਦਾ । ਡਿਪਟੀ ਸਪੀਕਰ ਸਾਹਿਬ, ਮੈਨੂੰ 16 ਜੁਲਾਈ ਨੂੰ ਪੁਲਿਸ ਨੇ ਤੜਕੇ ਚਾਰ ਵਜੇ ਵਿਦਆਉਟ ਵਾਰੰਟ ਅਰੈਸਟ ਕੀਤਾ । ਰਾਤ ਦੇ 12 ਵਜੇ ਤੱਕ ਥਾਣੇ ਵਿੱਚ ਰਖਿਆ ਗਿਆ। ਥਾਣੇ ਵਾਲਿਆਂ ਨੇ ਅੰਦਰ ਅਡਮਿਟ ਨਹੀਂ ਕੀਤਾ ਔਰ ਪੁਲਿਸ ਵਾਲਿਆਂ ਬਾਹਰ ਬਰਾਂਡੇ ਵਿੱਚ ਬਿਠਾਈ ਰਖਿਆ । ਰਾਤ ਨੂੰ 12 ਵਜੇ ਇਕ ਮੈਜਿਸਟਰੇਟ ਆ ਕੇ ਮੈਨੂੰ ਕਰਨਾਲ ਲਿਜਾਂਦਾ ਹੈ, ਸ਼ਾਹਬਾਦ ਲਿਜਾਂਦੇ ਹਨ । ਜਿਹੜਾ ਡਰਾਈਵਰ ਪੁਲਿਸ ਦਾ ਲਗਾਇਆ ਗਿਆ ਸੀ ਉਸ ਤੋਂ ਹਾਈ ਕੋਰਟ ਵਿਚ ਇਹ ਬਿਆਨ ਦਿਵਾਇਆ ਗਿਆ ਕਿ ਉਹ ਪਿਛਲੇ 48 ਘੰਟੇ ਤੋਂ ਲਗਾਤਾਰ ਡਿਊਟੀ ਤੇ ਸੀ, ਉਨ੍ਹਾਂ ਦੇ ਮੁਤਾਬਿਕ ਉਸ ਦੀ ਬੁਕ ਡਿਊਟੀ ਸ਼ੋ ਕਰਦੀ ਹੈ ਔਰ ਲਾਗ ਬੁਕ

ਡਿਊਟੀ ਸ਼ੁਰੂ ਕਰਦੀ ਹੈ । (ਵਿਘਨ) ਉਸਦੇ ਬਾਅਦ ਇਹ ਐਕਸੀਡੈਂਟ ਹੋਇਆ । ਉਸ ਨਾਲ ਚੋਟ ਲਗੀ। ਉਸ ਦੇ ਬਾਅਦ ਪੁਲਿਸ ਮੈਨੂੰ ਉਥੇ ਸੁਟਕੇ ਦੌੜੀ । ਉਨ੍ਹਾਂ ਨੂੰ ਘੇਰਿਆ ਗਿਆ । ਪਰ ਡਰਾਈਵਰ ਇੱਕਲਾ ਕਾਬੂ ਆਇਆ । ਉਸ ਨੂੰ ਮੋੜ ਕੇ ਲਿਆਂਦਾ ਗਿਆ ਔਰ ਫਿਰ ਮੈਨੂੰ ਉਥੋਂ ਪਟਿਆਲਾ ਹਸਪਤਾਲ ਵਿੱਚ ਲਿਆਂਦਾ ਗਿਆ । ਸਾਢੇ ਛੇ ਮਹੀਨੇ ਮੈਨੂੰ ਹਸਪਤਾਲ ਵਿੱਚ ਰਹਿਣਾ ਪਿਆ । ਔਰ ਆਰਮ ਮੇਰੀ ਹਾਲਾਂ ਤੀਕਰ ਨਹੀਂ ਚੱਲਦੀ ਇਹ ਪਰਮਾਨੈਂਟ ਡਿਸਐਬਿਲਿਟੀ ਹੈ । ਉਸ ਦੇ ਬਾਅਦ ਮੈਂ ਗੌਰਮਿੰਟ ਤੇ ਦਾਹਵਾ ਕੀਤਾ । ਸਾਢੇ ਤਿੰਨ ਹਜ਼ਾਰ ਰੁਪਿਆ ਮੈਂ ਫੀਸ ਕੋਰਟ ਲਾਇਆ । ਲਾਈਅਰਜ਼ ਨੂੰ ਫੀਸ ਕੋਲੋਂ ਦਿੱਤੀ । ਇਹ ਗੌਰਮਿੰਟ ਮੇਰੇ ਨਾਲ ਚਾਰ ਸਾਲ ਦਾਅਵਾ ਲੜਦੀ ਰਹੀ । ਇਨ੍ਹਾਂ ਦੀ ਸੀ. ਆਈ. ਡੀ. ਅਤੇ ਲਾਈਅਰਜ਼ ਔਰ ਐਟਾਰਨੀ ਲੜਦੇ ਰਹੇ । ਮਗਰ ਇਨ੍ਹਾਂ ਦੇ ਚੀਫ ਮਨਿਸਟਰ ਕੋਲ ਸ਼ਿਕਾਇਤ ਹੋ ਗਈ ਕਿ ਅਟਾਰਨੀ ਕਿਤੇ ਲਾਲ ਚੰਦ ਨਾਲ ਨਾ ਰਲ ਜਾਏ (ਵਿਘਨ) । ਡਿਪਟੀ ਸਪੀਕਰ ਸਾਹਿਬ, ਉਸ ਪੀ. ਪੀ. ਨੂੰ ਬਦਲ ਦਿੱਤਾ ਗਿਆ । ਉਸ ਦੀ ਥਾਂ ਤੇ ਤਖਤ ਸਿੰਘ ਨੂੰ ਨਵਾਂ ਲਾਇਆ ਗਿਆ । ਸਰਦਾਰ ਪ੍ਰਤਾਪ ਸਿੰਘ ਹੋਰਾਂ ਨੇ ਉਸ ਨੂੰ ਦੋ ਢਾਈ ਹਜ਼ਾਰ ਰੁਪਿਆ ਦਿੱਤਾ । ਸਾਢੇ ਚਾਰ ਸਾਲ ਦੇ ਬਾਅਦ ਕੇਸ ਦਾ ਫੈਸਲਾ ਹੋਇਆ ਕਿ ਇਹ ਗੌਰਮਿੰਟ ਦੀ ਗਲਤੀ ਹੈ । ਇਕ ਐਮ. ਐਲ. ਏ. ਨਾਲ ਇਸ ਤਰ੍ਹਾਂ ਦਾ ਸਲੂਕ ਕਰਨਾ ਇਹ ਸ਼ੇਮਫੁਲ ਹੈ । ਉਨ੍ਹਾਂ ਨੇ ਗੌਰਮਿੰਟ ਦੇ ਖਿਲਾਫ 40 ਹਜ਼ਾਰ ਰੁਪਏ ਦੀ ਡਿੱਗਰੀ ਦਿੱਤੀ । ਫਿਰ ਡਿਪਟੀ ਸਪੀਕਰ ਸਾਹਿਬ, ਉਸ ਦੇ 15 ਦਿਨ ਦੇ ਅੰਦਰ ਅੰਦਰ ਇਨ੍ਹਾਂ ਨੇ ਅਪੀਲ ਕੀਤੀ (ਵਿਘਨ) ਮੈਂ ਆਪਣੇ ਦੋਸਤਾਂ ਨੂੰ ਕਹਾਂਗਾ ਕਿ ਇਸ ਨੇ ਕਿਹਾ ਹੈ ਕਿ 45 ਹਜ਼ਾਰ ਰੁਪਿਆ ਲਿਆ ਹੈ । ਉਹ ਹਾਈ ਕੋਰਟ ਵਿੱਚ ਅਪੀਲ ਹਾਲਾਂ ਤਕ ਪੈਂਡਿੰਗ ਹੈ, ਉਸ ਦਾ ਫੈਸਲਾ ਨਹੀਂ ਹੋਇਆ (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਮੈਂ ਡਿਪਟੀ ਸਪੀਕਰ ਸਾਹਿਬ, ਇਹ ਵੀ ਕਹਿੰਦਾ ਹਾਂ ਕਿ ਇਨ੍ਹਾਂ ਦੇ ਕਾਂਗਰਸੀ ਚੀਫ ਮਨਿਸਟਰ ਨੇ ਮੈਨੂੰ ਆਫਰ ਕੀਤੀ ਕਿ "ਸੱਬਰਵਾਲ ਜੀ ਮੈਂ ਤੇਰੇ ਨਾਲ ਰਾਜ਼ੀਨਾਮਾਂ ਕਰਦਾ ਹਾਂ । ਮੈਂ ਮਹਿਸੂਸ ਕਰਦਾ ਹਾਂ ਕਿ ਤੇਰੇ ਨਾਲ ਜ਼ਿਆਦਤੀ ਹੋਈ ਹੈ ਔਰ ਤੂੰ ਫੌਰਨ ਜਾ ਕੇ ਆਪਣਾ ਇਲਾਜ ਕਰਵਾ ਲੈ । ਮੈਂ ਸਮਝਦਾ ਸਾਂ ਕਿ ਇਹ ਮੇਰੀ ਪਰਸਨਲ ਡਿਊਟੀ ਸੀ ਕਿ ਮੈਂ ਕਰਵਾਉਂਦਾ ਸਟੇਟ ਐਕਸਪੈਂਸਜ਼ ਤੇ । You as an M.L.A. suffered due to many reasons at our hands. ਲੇਕਿਨ ਮੈਂ ਕਿਹਾ ਨਹੀਂ, ਮੈਂ ਨਹੀਂ ਕਰਦਾ । ਜੋ ਹਾਈਕੋਰਟ ਕਰੇਗੀ ਉਹੋ ਹੀ ਹੋਵੇਗਾ । ਉਸ ਤੋਂ ਬਾਅਦ ਸਰਦਾਰ ਗੁਰਨਾਮ ਸਿੰਘ ਚੀਫ ਮਨਿਸਟਰ ਆਏ । ਡਾਕਟਰ ਬਲਦੇਵ ਪ੍ਰਕਾਸ਼ ਫਾਈਨੈਂਸ ਮੰਤਰੀ ਸਨ । ਇਨ੍ਹਾਂ ਨੂੰ ਪੁਛ ਲਵੋ ਕਿ ਮੈਂ ਕਦੇ ਕਿਹਾ ਹੈ ਕਿ ਮੇਰੇ ਨਾਲ ਰਾਜ਼ੀਨਾਮਾਂ ਕਰ ਲਵੋ । ਡਿਪਟੀ ਸਪੀਕਰ ਸਾਹਿਬ, ਇਹ ਬੰਦੇ ਜਿਸ ਵੇਲੇ ਉਂਗਲੀ ਚੁਕਦੇ ਹਨ ਆਪਣਾ ਕਰਦਾਰ ਭੁਲ ਜਾਂਦੇ ਹਨ । ਅੱਜ ਇਸ ਨੂੰ ਫਲੋਰ ਕਰਾਸਿੰਗ ਨਜ਼ਰ ਆਉਂਦਾ ਹੈ । ਮੈਂ ਕਹਿੰਦਾ ਹਾਂ ਕਿ ਜਿਸ ਵੇਲੇ ਗਾਂਧੀ ਜਨਤਾ ਕਾਂਗਰਸ ਵਿੱਚੋਂ ਖੜੇ ਹੋ ਕੇ ਬਣਾਈ ਸੀ ਉਸ ਵੇਲੇ ਡੁਬੇ ਹੋਏ ਸੀ (ਥੰਪਿੰਗ) (ਹਾਸਾ) । ਉਸ ਵੇਲੇ ਕਿਉਂ ਫਲੋਰ ਕਰਾਸ ਕੀਤਾ ਸੀ ।

Mr. Deputy Speaker : That would suffice.

ਸ੍ਰੀ ਲਾਲ ਚੰਦ ਸੱਬਰਵਾਲ : ਸੋ ਮੈਂ ਕਹਿ ਰਿਹਾ ਸੀ ਕਿ ਉਸ ਵੇਲੇ ਇਸ ਨੂੰ ਕੀ ਹੋਇਆ ਸੀ । ਗਿੱਲ ਸਾਹਿਬ ਇਸ ਵੇਲੇ ਬੈਠੇ ਨਹੀਂ ਹਨ, ਡਿਪਟੀ ਸਪੀਕਰ ਸਾਹਿਬ ਇਨ੍ਹਾਂ ਨੇ ਹੀ ਕਿਹਾ ਸੀ ਕਿ ਜਨਤਾ ਪਾਰਟੀ ਵਿੱਚ ਆਉ (ਸ਼ੋਰ) (ਵਿਘਨ) । ਇਨ੍ਹਾਂ ਨੇ ਕੀ ਕਿਹਾ ਸੀ ਕਿ ਤੈਨੂੰ ਮਨਿਸਟਰ ਬਣਾਉਂਦੇ ਹਾਂ, ਤੈਨੂੰ ਇਹ ਬਣਾਉਂਦੇ ਹਾਂ ਆਦਿ । ਔਰ ਫਿਰ ਇਹੋ ਗਏ ਗਵਰਨਰ ਹਾਊਸ ਤਾਈਂ (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਹੋ ਹੀ ਹੈ ਬਿਜਲੀ ਬੋਰਡ ਦੇ ਬਖਤਾਵਰ ਸਿੰਘ ਨੂੰ ਲਿਆਉਣ ਵਾਲਾ (ਸ਼ੋਰ) (ਵਿਘਨ) ।

PERSONAL EXPLANATION

ਚੌਧਰੀ ਦਰਸ਼ਨ ਸਿੰਘ (ਆਦਮਪੁਰ) : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ, ਸਰ। ਡਿਪਟੀ ਸਪੀਕਰ ਸਾਹਿਬ, ਇਹ ਬਿਲਕੁਲ ਗਲਤ ਹੈ ਕਿ ਗਵਰਨਰ ਹਾਊਸ ਵਿਚ ਮਨਿਸਟਰ ਬਣਨ ਵਾਸਤੇ ਗਏ ਇਹ ਸੋਲਾਂ ਆਨੇ ਗਲਤ ਹੈ।

(2) ਇਨ੍ਹਾਂ ਨੂੰ ਪੁੱਛੋ ਕਿ ਅਪੀਲ ਪੈਂਡਿਗ ਹੈ, ਰੁਪਿਆ 40 ਹਜ਼ਾਰ ਲਿਆ ਕਿ ਨਹੀਂ ਲਿਆ ਸਰਦਾਰ ਪ੍ਰਤਾਪ ਸਿੰਘ ਦੇ ਨਾਲ ਰਲਕੇ। ਇਸ ਹਾਊਸ ਨੇ ਵੀ ਪਾਸ ਕੀਤਾ ਹੈ। ਇਸ ਨੇ 40 ਹਜ਼ਾਰ ਰੁਪਿਆ ਲਿਆ ਹੈ (ਸ਼ੋਰ) (ਵਿਘਨ)।

40,000 ਰੁਪਿਆ ਸਰਦਾਰ ਪ੍ਰਤਾਪ ਸਿੰਘ ਤੋਂ ਲਿਆ ਤੁਸੀਂ (ਸ਼ੋਰ) ਪੈਸਾ ਤਾਂ ਪਹਿਲਾਂ ਹੀ ਲੈ ਗਏ (ਸ਼ੋਰ)

Mr. Deputy Speaker : Chaudhri Sahib, please no commentary. Let the Hon. Minister give the reply. I have allowed the Minister.

THE PUNJAB LEGISLATIVE ASSEMBLY (ALLOWANCES OF MEMBERS) AMENDMENT BILL

चौधरी बलबीर सिंह : उपाध्यक्ष महोदय, चौधरी दर्शन सिंह ने एक और मिस-स्टेटमैंट की है।

Mr. Deputy Speaker : Are you on a Point of Order or on a point of Personal Explanation. ?

चौधरी बलबीर सिंह : उपाध्यक्ष महोदय, मीटिंग में जो जो राए दी गई थीं उस सम्बन्ध में इन्होंने मिस स्टेटमैंट दी है उसी बारे में मैं आप की तवज्जुह दिलाना चाहता हूँ। इन्होंने कहा है कि श्री कृष्ण लाल, जन संघ के लीडर ने 400 रुपया माना था। यह बात उन्होंने गलत कही है। उन्होंने मैम्बरों के अलाऊंस के बारे में 500 रुपया कहा था। उन्होंने कहा था कि अलाऊंस तो 500 रुपया होना चाहिए लेकिन साथ ही जो डेली अलाऊंस 25 रुपए है इस की बजाय 20 रुपए कर दिया जाए।

Minister for Co-operation and Parliamentary Affairs (Chaudhri Kartar Singh) : Sir, I beg to move that the Punjab Legislative Assembly (Allowances of Members) Amendment Bill be passed.

Mr. Deputy Speaker : No., no this is not the proper stage. The Bill has yet to be considered clause by clause.

Mr. Deputy Speaker : Question is—

That clause 2 stand part of the Bill.

The Motion was Carried.

CLAUSE 1

Mr. Deputy Speaker. Question is—

That clause 1 stand part of the Bill.

The Motion was carried.

TITLE

Mr. Deputy Speaker : Question is—

That the Title be the Title of the Bill.

The Motion was carried.

Minister for co-operation and Parliamentary Affairs (Chaudhri Kartar Singh): Sir, I beg to move —

That the Punjab Legislative Assembly (Allowances of Members) Amendment Bill be Passed.

Mr. Deputy Speaker : Motion moved—

That the Punjab Legislative Assembly (Allowances of Members) Amendment Bill be passed.

ਕਾਮਰੇਡ ਭਾਨ ਸਿੰਘ ਭੌਰਾ (ਫੁਦੌੜ—ਐਸ. ਸੀ) : ਡਿਪਟੀ ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਾਫ਼ੀ ਤਕਰੀਰਾਂ ਇਸ ਬਿਲ ਉਤੇ ਹੋਈਆਂ ਹਨ । ਮੈਂ ਇਸ ਬਿਲ ਦੀ ਵਿਰੋਧਤਾ ਕਰਨ ਲਈ ਖੜਾ ਹੋਇਆ ਹਾਂ । (ਵਿਘਨ) ਉਧਰੋਂ ਕੁਝ ਮੈਂਬਰਾਂ ਨੇ ਬੋਲਦਿਆਂ ਹੋਇਆਂ ਜਿਹੜੀਆਂ ਗੱਲਾਂ ਇਸ ਬਿੱਲ ਸਬੰਧੀ ਕੀਤੀਆਂ ਹਨ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਹ ਇਰਰੇਲੇਵੈਂਟ ਸਨ ਔਰ ਉਹ ਗੱਲਾਂ ਇਸ ਡਿਬੇਟ ਵਿਚ ਨਹੀਂ ਆਉਣੀਆਂ ਚਾਹੀਦੀਆਂ ਸਨ । ਜਿਹੜੀਆਂ ਗੱਲਾਂ ਬਿਲ ਦੇ ਨਾਲ ਤੁਅਲੱਕ ਨਹੀਂ ਵੀ ਸਨ ਰਖਦੀਆਂ ਉਹ ਕਹੀਆਂ ਗਈਆਂ ਹਨ । ਉਧਰੋਂ ਇਕ ਆਨਰੇਬਲ ਮੈਂਬਰ ਨੇ ਇਹ ਕਹਿ ਦਿੱਤਾ ਕਿ ਇਸ ਤੋਂ ਪਹਿਲੀ ਸਰਕਾਰ ਰੀਐਕਸ਼ਨਰੀ ਸੀ ਉਸ ਨੇ ਇਹ ਕੀਤਾ ਉਹ ਕੀਤਾ ਅਤੇ ਹੁਣ ਦੀ ਸਰਕਾਰ ਪ੍ਰੋਗਰੈਸਿਵ ਗਵਰਨਮੈਂਟ ਹੈ । ਮੈਨੂੰ ਉਨ੍ਹਾਂ ਦੀ ਇਸ ਗੱਲ ਦੀ ਸਮਝ ਨਹੀਂ ਆਈ । ਇਹ ਉਸ ਪਾਰਟੀ ਦੇ ਮੈਂਬਰ ਹਨ ਜਿਸ ਦੀ ਹਿੰਦੁਸਤਾਨ ਵਿਚ 20 ਸਾਲ ਤੋਂ ਗਵਰਨਮੈਂਟ ਚਲਦੀ ਆ ਰਹੀ ਹੈ । ਉਸ ਨੂੰ ਵੀ ਇਹ ਹੁਣ ਰੀਐਕਸ਼ਨਰੀ ਦਸ ਰਹੇ ਹਨ ਅਤੇ ਇਸ ਗਵਰਨਮੈਂਟ ਨੂੰ ਪ੍ਰੋਗਰੈਸਿਵ ਕਹਿੰਦੇ ਹਨ । ਇਹ ਗਵਰਨਮੈਂਟ ਕਿਤਨੀ ਪ੍ਰੋਗਰੈਸਿਵ ਹੈ ਇਸ ਨੂੰ ਸਾਰੇ ਆਦਮੀ ਜਾਣਦੇ ਹਨ । ਇਨ੍ਹਾਂ ਦੀ ਨਜ਼ਰ ਪੰਜਾਬ ਦੇ ਵਡੇ ਵਡੇ ਟਰਾਂਸਪੋਰਟਰਜ਼ ਨਾਲ ਮਿਲਦੀ ਹੈ ਗਰੀਬਾਂ ਵੱਲ ਤਾਂ ਇਹ ਨਜ਼ਰ ਹੀ ਨਹੀਂ ਕਰਦੇ । ਇਨ੍ਹਾਂ ਦੇ ਪ੍ਰੋਗਰੈਸਿਵ ਹੋਣ ਦਾ ਤਾਂ ਇਹ ਹਾਲ ਹੈ ਕਿ ਰੋਡਵੇਜ਼ ਦੇ ਵਰਕਰਜ਼ ਮਹੀਨਿਆਂ ਤਾਈਂ ਹੜਤਾਲ ਕਰਦੇ ਹਨ ਉਨ੍ਹਾਂ ਦਾ ਕੋਈ ਖ਼ਿਆਲ ਨਹੀਂ ਕੀਤਾ ਜਾਂਦਾ । ਉਨ੍ਹਾਂ ਨੂੰ ਕੁਚਲਿਆ ਜਾਂਦਾ ਹੈ । ਅੰਮ੍ਰਿਤਸਰ ਵਿਚ ਇਨ੍ਹਾਂ ਨੇ ਵਡੇ ਵਡੇ ਗੁੰਡਿਆਂ ਬਦਮਾਸ਼ਾਂ ਨੂੰ ਘਲਿਆ ਜਿਥੇ ਵਰਕਰਾਂ ਨੂੰ ਫੜ ਫੜ ਕੇ ਉਨ੍ਹਾਂ ਦੇ ਮੂੰਹਾਂ ਨੂੰ ਗੰਦੇ ਨਾਲੇ ਵਿਚ ਡਬੋਇਆ ਗਿਆ (ਵਿਘਨ)।

ਸ੍ਰੀ ਡਿਪਟੀ ਸਪੀਕਰ : ਆਰਡਰ ਪਲੀਜ਼ । ਭੌਰਾ ਸਾਹਿਬ, ਇਹ ਗਲਾਂ ਕਿਸ ਤਰ੍ਹਾਂ ਬਿਲ ਦੇ ਨਾਲ ਸਬੰਧ ਰਖਦੀਆਂ ਹਨ ? ਇਕ ਪਾਸੇ ਤਾਂ ਤੁਸੀਂ ਆਪ ਕਹਿੰਦੇ ਹੋ ਕਿ ਉਨ੍ਹਾਂ ਨੇ ਬਿਲ ਦੇ ਨਾਲ ਸਬੰਧ ਨਾ ਰਖਣ ਵਾਲੀਆਂ ਗੱਲਾਂ ਕਹੀਆਂ ਅਤੇ ਦੂਜੇ ਪਾਸੇ ਤੁਸੀਂ ਆਪ ਹੀ ਇਰਰੇਲੇਵੈਂਟ ਗੱਲਾਂ ਕਰਨੀਆਂ ਸ਼ੁਰੂ ਕਰ ਦਿਤੀਆਂ ਹਨ । (Order please. How are these things relevant to the Bill ? On the one hand the hon Member himself says that the hon. Members from the Treasury Benches had made irrelevant speeches and on the other hand he himself started introducing irrelevant matter into the discussion).

ਕਾਮਰੇਡ ਭਾਨ ਸਿੰਘ ਭੌਰਾ : ਜਿਹੜੀ ਗੱਲ ਉਨ੍ਹਾਂ ਨੇ ਕਹੀ ਮੈਂ ਉਸ ਦਾ ਜਵਾਬ ਦੇ ਰਿਹਾ ਹਾਂ। ਉਨ੍ਹਾਂ ਨੇ ਕਿਹਾ ਹੈ ਕਿ ਪਹਿਲੀ ਗੌਰਮੈਂਟ ਰੀਐਕਸ਼ਨਰੀ ਗੌਰਮੈਂਟ ਸੀ ਅਤੇ ਇਹ ਪ੍ਰੋਗਰੈਸਿਵ ਗੌਰਮੈਂਟ ਹੈ।

ਸਰਦਾਰ ਜਾਗੀਰ ਸਿੰਘ ਦਰਦ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੈਂਬਰ ਸਾਹਿਬ, ਜਿਨ੍ਹਾਂ ਨੇ ਇਸ ਬਿਲ ਦੀ ਮੁਖ਼ਾਲਫ਼ਤ ਕਰਨੀ ਸ਼ੁਰੂ ਕੀਤੀ ਹੈ, ਇਹ ਦੱਸਣ ਕਿ ਜਦੋਂ ਤੁਹਾਡੀ ਕਮਿਊਨਿਸਟ ਪਾਰਟੀ ਦੇ ਮੈਂਬਰ ਕਾਮਰੇਡ ਦੀਦਾਰ ਸਿੰਘ ਦੀ ਚੰਡੀਗੜ੍ਹ ਹਸਪਤਾਲ ਵਿਚ ਮੌਤ ਹੋਈ ਸੀ, ਉਨ੍ਹਾਂ ਦੇ ਇਲਾਜ ਲਈ ਉਨ੍ਹਾਂ ਦੇ ਪਾਸ ਪੈਸਾ ਨਹੀਂ ਸੀ, ਤੇ ਕੀ ਇਹ ਗੱਲ ਠੀਕ ਨਹੀਂ ਕਿ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਉਸ ਤੋਂ ਬਾਅਦ ਮੈਂਬਰਾਂ ਨੂੰ ਫ਼ਰੀ ਮੈਡੀਕਲ ਏਡ ਦੇਣ ਦਾ ਬਿਲ ਪਾਸ ਕਰਵਾਇਆ ਸੀ ? (ਵਿਘਨ)

ਕਾਮਰੇਡ ਸਤ ਪਾਲ ਡਾਂਗ : ਇਹ ਬਿਲਕੁਲ ਇਰਰੈਲੇਵੈਂਟ ਪੁਆਇੰਟ ਆਫ਼ ਆਰਡਰ ਹੈ। ਇਹ ਟੋਟਲੀ ਇਨਕੁਰੈਕਟ ਹੈ। ਇਹ ਇਨ੍ਹਾਂ ਨੇ ਬਿਲਕੁਲ ਰਾਂਗ ਸਟੇਟਮੈਂਟ ਦਿਤੀ ਹੈ। (ਸ਼ੋਰ)

Mr. Deputy Speaker : This is no Point of Order.

ਕਾਮਰੇਡ ਭਾਨ ਸਿੰਘ ਭੌਰਾ : ਜਿਨ੍ਹਾਂ ਨੇ ਇਤਰਾਜ਼ ਉਠਾਇਆ ਹੈ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਮੌਤ ਚੰਡੀਗੜ੍ਹ ਵਿਚ ਨਹੀਂ ਹੋਈ ਸੀ ਲੁਧਿਆਣੇ ਹੋਈ ਸੀ (ਵਿਘਨ) ਇਥੇ ਉਠ ਕੇ ਕਿਹਾ ਗਿਆ ਹੈ ਕਿ ਪੈਸੇ ਲਏ ਗਏ। ਡਿਪਟੀ ਸਪੀਕਰ ਸਾਹਿਬ, ਇਹ ਚੀਜ਼ ਤੁਹਾਡੇ ਸਾਹਮਣੇ ਹੈ ਕਿ ਦਿੱਲੀ ਜਾਣ ਵਾਸਤੇ ਇਨ੍ਹਾਂ ਨੂੰ ਕਿਥੋਂ ਪੈਸੇ ਆਉਂਦੇ ਹਨ। ਇਹ ਸਾਰੀ ਜਨਤਾ ਨੂੰ ਪਤਾ ਹੈ।

Mr. Deputy Speaker : This has no relevancy.

ਕਾਮਰੇਡ ਭਾਨ ਸਿੰਘ ਭੌਰਾ : ਉਨ੍ਹਾਂ ਨੇ ਹੋਰ ਗੱਲਾਂ ਕਹੀਆਂ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਗੱਲ ਕਿਸੇ ਤੋਂ ਭੁੱਲੀ ਹੋਈ ਨਹੀਂ ਕਿ * * * *
* * * * * * * * * * *
ਇਸ ਚੀਜ਼ ਦੀ ਬੇਸ਼ਕ ਇਨਕੁਆਇਰੀ ਕਰਾ ਲਉ। ਇਹ ਸਾਬਤ ਹੋ ਜਾਵੇਗੀ।

Mr. Deputy Speaker : These remarks should be expunged from the record.

श्री अ. विश्वनाथन : आन ए प्वायंट आफ आर्डर सर। उपाध्यक्ष महोदय, मुझे समझ नहीं आती कि हाउस में किस तरह से कार्यवाही चलाई जा रही है। हमेशा वही शब्द ऐक्सपंज किए जाते हैं जो कि अनपार्लियामैंटरी हों। अगर कोई ऐलीगेशंज़ या ऐक्युजेशंज़ ऐसी हों जो कि किसी को नापसन्द हों और उन को ऐक्सपंज कर दिया जाए तो मुनासिब मालूम नहीं होता। अगर इन की ऐलीगेशन को ऐक्सपंज किया गया है तो फिर चौधरी दर्शन सिंह ने जो कुछ कहा है वह सारी की सारी स्पीच ही ऐक्सपंज होनी चाहिए।

*Expunged as ordered by the Chair.

Mr. Deputy Speaker : I fully understand the procedure and I have given my ruling which is final. You kindly resume your seat.

श्री ग्र. विश्वनाथन : उन्होंने बाकायदा तौर पर ऐक्युज़ेशन लगाई है। उसको ऐक्सपंज करते वक्त आप को डिसक्रीशन भी रूल्ज़ के तहत ही इस्तेमाल करनी चाहिए।

Mr. Deputy Speaker : This is the duty of the Chair to decide as to which words are to be expunged. I have given my ruling.

ਲੈਫਟੀਨੈਂਟ ਭਾਗ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਉਹ ਕਿਹੜੀ ਅਪਰਚੁਨਿਟੀ ਹੁਦੀ ਹੈ ਜਦੋਂ ਕਿਸੇ ਵਰਡ ਨੂੰ ਜਾਂ ਸਪੀਚ ਨੂੰ ਐਕਸਪੰਜ ਕਰਾਇਆ ਜਾ ਸਕਦਾ ਹੋਵੇ ? (ਹਾਸਾ)

Mr. Deputy Speaker : He did not point out at that time.

चौधरी बलबीर सिंह : ग्रान ए प्वायंट ग्राफ़ ग्रार्डर, सर। मेरा प्वायंट ग्राफ़ ग्रार्डर यह है कि जब कोई सदस्य बोलते समय किसी के ऊपर जिम्मेदारी के साथ कोई एलीगेशन लगाए तो वह ऐक्सपंज नहीं हो सकता। ग्रगर वह कोई ग्रन-पार्लियामैंटरी लफ़ज कहे फिर ग्राप उस को ऐक्सपंज कर सकते हैं।

Mr. Deputy Speaker : Chaudhri Sahib, I have given my ruling on this point.

चौधरी बलबीर सिंह : डिप्टी स्पीकर साहिब, उन्होंने एक बात ग्रौर कही। उन्होंने जो शब्द कहे थे उन के बारे में उन्होंने चैलेंज भी किया था कि मैं साबत कर सकता हूं। ग्रगर कोई ग्रानरेबल मैम्बर वैसे ही कोई बात कह दे ग्रौर उसकी जिम्मेदारी लेने के लिए तैयार न हो तो उस हालत में ग्राप उन शब्दों को ऐक्सपंज कर सकते हैं लेकिन जब कोई ग्रानरेबल मैम्बर इस सभा में यह कहे कि मैं इन शब्दों के बारे में पूरी जिम्मेदारी लेता हूँ फिर वह लफ़ज़ ऐक्सपंज नहीं होने चाहिए।

ਸ੍ਰੀ ਡਿਪਟੀ ਸਪੀਕਰ : ਇਕ ਮਿੰਟ ਮੇਰੀ ਗੱਲ ਸੁਣੋ । ਫਜ਼ਲ ਐਲੀਗੇਸ਼ਨਜ਼ ਲਗਾਉਣ ਦਾ ਕੋਈ ਫ਼ਾਇਦਾ ਨਹੀਂ । ਅਗਰ ਮੇਰੇ ਨਾਲ ਮੇਰੇ ਦਸ ਦੋਸਤ ਚਲੇ ਜਾਣ ਔਰ ਕੋਈ ਕਹਿ ਦਵੇ ਕਿ ਮੇਰੇ ਨਾਲ ਚਲੇ ਗਏ ਤਾਂ ਫਿਰ ਇਸ ਵਿਚ ਕੀ ਗੁਨਾਹ ਹੋ ਗਿਆ ? This is nothing but an emotional speech. This is no Point of Order. (Please listen to me for a minute. There is no use of levelling baseless allegations against each other. If ten of my friends accompany me somewhere and someone makes a mention of this fact then what is the harm in it ? This is nothing but an emotional speech. This is no Point of Order.)

ਚੌਧਰੀ ਬਲਬੀਰ ਸਿੰਘ : ਲੇਕਿਨ ਜਦ ਇਕ ਆਦਮੀ ਆਪਣੀ ਗੱਲ ਦੀ ਪੂਰੀ ਜ਼ਿੰਮੇਵਾਰੀ ਲੈਂਦਾ ਹੈ ਤਾਂ ਉਸ ਨੂੰ ਕਿਉਂ ਐਕਸਪੰਜ ਕਰਦੇ ਹੋ ?

ਸ਼੍ਰੀ ਡਿਪਟੀ ਸਪੀਕਰ : ਅਗਰ ਕੁਛ ਬੰਦੇ ਕਿਸੇ ਵਾਕਫ ਦੇ ਨਾਲ ਚਲੇ ਜਾਣ ਤਾਂ ਕੀ ਹਰਜ ਹੋ ਗਿਆ ? (What is the harm if some people accompany someone who is known to them ?)

ਸ਼੍ਰੀ ਅ. ਵਿਸ਼ਵਨਾਥਨ : ਤਾਂ ਫਿਰ ਐਕਸਪੰਜ ਕਿਉਂ ਕਰਦੇ ਹੋ ? (ਵਿਘਨ

Mr. Deputy Speaker : I have given my ruling.

Shri A. Vishwanathan : You should use your authority according to rules. You should not expunge remarks according to your discretion.

Mr. Deputy Speaker : No, no, I have given my ruling.

श्री. अ. विश्वनाथन: आप को पता होना चाहिए कि क्या ऐक्सपंज होने वाला है और क्या नहीं ।

Mr. Deputy Speaker : This is aspersion on the Chair.

ਡਾਕਟਰ ਬਲਦੇਵ ਪ੍ਰਕਾਸ਼ : ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੈਂ ਆਪ ਦੀ ਐਕਸਪੰਜ ਕਰਨ ਦੀ ਅਥਾਰਟੀ ਨੂੰ ਚੈਲੰਜ ਨਹੀਂ ਕਰਦਾ ਮਗਰ ਜੋ ਆਪ ਅਥਾਰਟੀ ਐਕਸਰਸਾਈਜ਼ ਕਰਦੇ ਹੋ ਉਸ ਦੀ ਕੋਈ ਗ੍ਰਾਊਂਡ ਤਾਂ ਹੁੰਦੀ ਹੈ, ਅਨ-ਪਾਰਲੀਮੈਂਟਰੀ ਲਫਜ਼ ਐਕਸਪੰਜ ਹੋ ਸਕਦੇ ਹਨ । ਕੁਝ ਹੋਰ ਵੀ ਗ੍ਰਾਊਂਡਜ਼ ਹੋ ਸਕਦੀਆਂ ਹਨ । ਲੇਕਿਨ ਅਗਰ ਇਥੇ ਹਾਊਸ ਵਿਚ ਐਲੀਗੇਸ਼ਨਜ਼ ਹੀ ਨਹੀਂ ਲਗਾਈਆਂ ਜਾ ਸਕਦੀਆਂ ਤਾਂ ਫਿਰ ਤਾਂ ਹਾਊਸ ਦਾ ਕਰੈਕਟਰ ਹੀ ਖ਼ਤਮ ਹੋ ਜਾਵੇਗਾ । ਫਿਰ ਅਸੀਂ ਇਥੇ ਆਏ ਕਿਉਂ ਹਾਂ ? ਅਗਰ ਇਥੇ ਕੋਈ ਕਿਸੇ ਦੀ ਕੁਰੱਪਸ਼ਨ ਦੀ ਗੱਲ ਕਰਦਾ ਹੈ ਤਾਂ ਇਹ ਆਪ ਦੀ ਮਰਜ਼ੀ ਦੇ ਮੁਤਾਬਿਕ ਐਕਸਪੰਜ ਨਹੀਂ ਹੋਣੀ, ਇਸ ਦੀਆਂ ਕੁਝ ਕਨਵੈਨਸ਼ਨਜ਼ ਹਨ, ਕੁਝ ਰੂਲ ਹਨ । ਅਗਰ ਆਪ ਆਪਣੀ ਮਰਜ਼ੀ ਨਾਲ ਹੀ ਐਕਸਪੰਜ ਕਰੋਗੇ ਤਾਂ ਇਹ ਪ੍ਰੀਸੀਡੈਂਟ ਬਣੇਗਾ ਜੋ ਕਲ ਨੂੰ ਆਪ ਦੇ ਸਾਹਮਣੇ ਆਵੇਗਾ । ਇਸ ਤੇ ਫਿਰ ਤੋਂ ਵਿਚਾਰ ਕਰ ਲਉ । ਅਗਰ ਇਸ ਦਾ ਕੋਈ ਨੁਕਸਾਨ ਹੋਣ ਵਾਲਾ ਹੈ ਫਿਰ ਤਾਂ ਠੀਕ ਹੈ ਵਰਨਾ ਇਹ ਆਪ ਦੀ ਮਰਜ਼ੀ ਦੀ ਗੱਲ ਨਹੀਂ ਹੈ ।

ਮੁੱਖ ਮੰਤਰੀ (ਸਰਦਾਰ ਲਛਮਣ ਸਿੰਘ ਗਿੱਲ) : ਆਨ ਏ ਪੁਆਇੰਟ ਆਫ ਆਰਡਰ, ਸਰ । ਰੂਲਿੰਗ ਦੇਣ ਤੋਂ ਪਹਿਲਾਂ ਮੈਨੂੰ ਵੀ ਪਰਮਿਟ ਕਰੋ । (ਵਿਘਨ) ਮੇਰਾ ਖਿਆਲ ਹੈ ਕਿ ਡਾਕਟਰ ਸਾਹਿਬ ਮੇਰੀ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਇਥੇ ਰਿਵਾਜ ਰਿਹਾ ਹੈ ਅਤੇ ਪ੍ਰਬੋਧ ਹੋਰਾਂ ਦੀ ਰੂਲਿੰਗ ਹੈ ਕਿ ਕਿਸੇ ਤੇ ਐਲੀਗੇਸ਼ਨ ਲਾਉਣ ਤੋਂ ਪਹਿਲਾਂ ਲਾਉਣ ਵਾਲੇ ਪਾਸ ਉਸ ਦਾ ਸਬੂਤ ਹੋਣਾ ਚਾਹੀਦਾ ਹੈ ਤਾਂ ਕਿ ਹਾਊਸ ਦੀ ਡਿਗਨਿਟੀ ਕਾਇਮ ਰਹੇ । ਇਥੇ ਇਹ ਹੁੰਦਾ ਰਿਹਾ ਹੈ ਕਿ ਸਪੀਕਰ ਸਾਹਿਬ ਪਹਿਲਾਂ ਉਹ ਚੀਜ਼ਾਂ ਦੇਖਦੇ ਰਹੇ ਹਨ ਅਤੇ ਤਦ ਐਲਾਊ ਕਰਦੇ ਰਹੇ ਹਨ ਮੈਂ ਸਮਝਦਾ ਹਾਂ ਕਿ ਹਾਊਸ ਦਾ ਮਾਹੌਲ ਖੁਸ਼ਗਵਾਰ ਰਖਣ ਲਈ ਇਹ ਗਲ ਹੋਣੀ ਚਾਹੀਦੀ ਹੈ । ਇਥੇ ਇਸ ਤਰ੍ਹਾਂ ਹੁੰਦਾ ਰਿਹਾ ਹੈ । ਇਹ ਨਹੀਂ ਕਿ ਕਿਸੇ ਦੇ ਦਿਲ ਵਿਚ ਕੁਝ ਆ ਗਿਆ ਤਾਂ ਉਸ ਨੇ ਕਹਿ ਦਿੱਤਾ ਅਤੇ ਦੂਜੇ ਨੇ ਉਸ ਨੂੰ ਜਿਸ ਤਰ੍ਹਾਂ ਮਰਜ਼ੀ ਰਿਫਯੂਟ ਕਰ ਦਿੱਤਾ । ਚੂੰਕਿ ਇਥੇ ਦੀ ਕਾਰਵਾਈ ਬਾਰੇ ਕਿਸੇ ਅਦਾਲਤ ਵਿਚ ਕਾਰਵਾਈ ਨਹੀਂ ਹੋ ਸਕਦੀ, ਇਸ ਲਈ ਕੋਈ ਪਾਬੰਦੀ ਜ਼ਰੂਰ ਹੋਣੀ ਚਾਹੀਦੀ ਹੈ । ਬਾਕੀ ਜਿਨ੍ਹਾਂ ਦੋਸਤਾਂ ਨੇ ਸ਼ੌਕ ਜ਼ਰੂਰ ਹੀ ਪੂਰਾ ਕਰਨਾ ਹੈ ਉਹ ਜੋ ਕੁਝ ਇਥੇ ਕਹਿੰਦੇ ਹਨ ਉਹ ਬਾਹਰ ਵੀ ਕਿਹਾ ਕਰਨ ਤਾਂ ਜੋ ਜਿਸ ਤੇ ਇਲਜ਼ਾਮ ਲਾਇਆ ਜਾਵੇ ਉਹ ਆਪਣੇ ਆਪ ਨੂੰ ਡਿਫੈਂਡ ਵੀ ਕਰ ਸਕੇ ।

चौधरी बलबीर सिंह : उपाध्यक्ष महोदय, मैं भी आपके रूलिंग देने से पहले कुछ कहना चाहता हूं। ऐक्सपंज करने के बारे में रूल्ज़ की धारा 116 है। इस में दर्ज है कि जिस बिना पर स्पीकर को शब्द ऐक्सपंज करने का अधिकार है। (विघ्न) जो शब्द डैफेमेटरी इनडीसेन्ट अन-पार्लियामैन्ट्री या अनडिगनीफाईड हों वह ऐक्सपंज किये जा सकते हैं। यह चार कैटेगरीज़ हैं। आप लोक सभा की प्रोसीडिंगज़ देखें। वहां पर मुन्दड़ा स्कैंडल और कृष्णमाचारी जी के खिलाफ ऐलीगेशन्ज़ लगीं, इन्क्वायरी हुई, जज मुकर्रर हुए, सब कुछ हुआ। अगर किसी मिनिस्टर के खिलाफ चार्ज लगता है कि उस ने पैसा लेकर ऐसा किया तो यह डैफेमेशन की बात नहीं है। यहां पर भी पहले चार्जिज़ लगते रहे हैं। अदालतें बैठीं, सुप्रीम कोर्ट के जजों ने फैसले दिये....

श्री उपाध्यक्ष : मैं यही रूल पढ़ के फैसला देने लगा हूँ। (विघ्न) (I am going to give my Ruling after quoting this Rule).

"If the Speaker is of the opinion that a word or words has or have been used in debate which is or are defamatory or indecent or unparliamentary or undignified, he may, in his discretion order that such word or words be expunged from the proceedings of the Assembly." The word is discretion.

These words are undignified and secondly there is also convention in this House that irrelevant matters and irrelevant words have also been expunged.

Mr. Bhaura, to please continue.

ਕਾਮਰੇਡ ਭਾਨ ਸਿੰਘ ਭੌਰਾ : ** ** ** ** ** * *** *** *** ਇਹ ਇਕ ਡੇਫਿਨਿਟ ਚਾਰਜ ਹੈ ਜੋ ਆਪ ਨੇ ਐਕਸਪੰਜ ਕਰਾ ਦਿੱਤਾ ਹੈ। ਸਾਨੂੰ ਪਤਾ ਹੈ ਕਿ ਕਪੂਰਥਲੇ ਵਿਚ ਕੀ ਹੁੰਦਾ ਰਿਹਾ ਅਤੇ ਇਥੇ ਕੀ ਹੁੰਦਾ ਰਿਹਾ ...... (ਵਿਘਨ)

ਸ੍ਰੀ ਡਿਪਟੀ ਸਪੀਕਰ : ਤੁਸੀਂ ਇਹ ਚਾਰਜਿਜ਼ ਲਿਖ ਕੇ ਦੇ ਦਿਉ ਉਹ ਦੇਖ ਲਏ ਜਾਣਗੇ। (Please give these charges in writing. These will be examined.)

ਕਾਮਰੇਡ ਭਾਨ ਸਿੰਘ ਭੌਰਾ : ਚਲੋ ਇਸ ਤਰ੍ਹਾਂ ਹੀ ਸਹੀ। (ਵਿਘਨ)

ਡਾਕਟਰ ਬਲਦੇਵ ਪ੍ਰਕਾਸ਼ : ਆਨ ਏ ਪੁਆਇੰਟ ਆਫ ਆਰਡਰ, ਸਰ। ਅਗਰ ਇਹ ਰੀਮਾਰਕਸ *** *** *** *** *** *** *** *** *** *** *** *** *** *** ਅਗਰ ਇਹ ਰੀਮਾਰਕਸ ਆਪ ਦੀ ਓਪੀਨੀਅਨ ਵਿਚ ਅਨਡਿਗਨੀਫਾਈਡ ਹਨ ਤਾਂ ਫਿਰ ਚੌਧਰੀ ਦਰਸ਼ਨ ਸਿੰਘ ਜੀ ਨੇ ਜਿਹੜੀ ਸਾਰੀ ਸਪੀਚ ਕੀਤੀ ਹੈ ਅਤੇ ਕਿਹਾ ਹੈ *** *** *** *** *** *** *** *** *** *** ** ਅਤੇ ਇਹ ਸ਼ਬਦ ਵੀ ਐਕਸਪੰਜ ਹੋਣੇ ਚਾਹੀਦੇ ਹਨ।

**Expunged as ordered by the Chair.

Mr. Deputy Speaker : I order that those words may also be expunged.

ਕਾਮਰੇਡ ਭਾਨ ਸਿੰਘ ਭੌਰਾ : ਡਿਪਟੀ ਸਪੀਕਰ ਸਾਹਿਬ, ਇਸ ਗਲ ਲਈ ਮੈਂ ਚੈਲੇਂਜ ਕੀਤਾ ਹੈ, ਅਗਰ ਆਪ ਇਨਕਵਾਇਰੀ ਕਰਵਾਉਣਾ ਚਾਹੋ ਤਾਂ ਕਰਵਾ ਲਵੋ । ਡਿਪਟੀ ਸਪੀਕਰ ਸਾਹਿਬ, ਇਕ ਮੈਂਬਰ ਸਾਹਿਬ ਨੇ ਉਠ ਕੇ ਕਿਹਾ ਕਿ ਡਾਂਗ ਸਾਹਬ ਦਾ 10 ਕਿਲੋ ਭਾਰ ਵੱਧ ਗਿਆ । ਅਗਰ ਇਸ ਤਰ੍ਹਾਂ ਕਿਲੋ ਦਾ ਹੀ ਹਿਸਾਬ ਕਰਨਾ ਹੈ ਤਾਂ ਫਿਰ ਤਾਂ ਦੋਸਾਂਝ ਸਾਹਿਬ ਦਾ 1100 ਕਰ ਦਿਉ । (ਵਿਘਨ) ਇਹ ਕੋਈ ਦਲੀਲ ਨਹੀਂ ਹੈ । ਡਿਪਟੀ ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਜੋ ਕੁਝ ਕਿਹਾ ਹੈ ਉਸ ਨੂੰ ਜ਼ਰਾ ਧਿਆਨ ਨਾਲ ਦੇਖਣ ਦੀ ਲੋੜ ਹੈ । ਸਵਾਲ 3 ਸੌ ਜਾਂ 4 ਸੌ ਰੁਪਏ ਦਾ ਨਹੀਂ ਹੈ ਦੇਖਣ ਵਾਲੀ ਇਹ ਗਲ ਹੈ ਕਿ ਇਹ ਬਿਲ ਕਿਸ ਮੌਕੇ ਤੇ ਲਿਆਂਦਾ ਗਿਆ ਹੈ । ਪਿਛਲੀ ਬਾਰ ਵੀ ਇਹ ਗੱਲਾਂ ਹੁੰਦੀਆਂ ਰਹੀਆਂ ਕਿ 400 ਕਰ ਦਿਤਾ ਜਾਵੇ, ਪਰ ਹੁਣ ਜਦੋਂ ਕਿ ਲੈਜਿਸਲੇਟਰਜ਼ ਨੂੰ ਇਕੱਠਾ ਕਰਨਾ ਸੀ, ਉਥੋਂ ਤੋੜਨੇ ਸੀ ਇਸ ਲਈ ਇਹ ਬਿਲ ਅਜੰਡੇ ਤੇ ਲਿਆਂਦਾ ਗਿਆ । ਇਨ੍ਹਾਂ ਦੀ ਨੀਅਤ ਦੇਖਣੀ ਚਾਹੀਦੀ ਹੈ । ਇਨ੍ਹਾਂ ਦੇ ਜੋ ਸ਼ਬਦ ਹਨ ਉਹ ਕਢਾਕੇ ਦੇਖ ਲਉ ਕਿ ਉਨ੍ਹਾਂ ਦਾ ਕੀ ਮਤਲਬ ਨਿਕਲਦਾ ਹੈ । ਇਨ੍ਹਾਂ ਨੇ ਕਿਹਾ ਕਿ 300 ਜਾਂ 400 ਦਾ ਕੋਈ ਫਰਕ ਨਹੀਂ ਪੈਂਦਾ ** ** ** ** ** ** ** ** (ਵਿਘਨ) ਅਸੀਂ ਸਾਰੇ ਪਜਾਬੀ ਹਾਂ ਇਸ ਦਾ ਮਤਲਬ ਸਮਝਦੇ ਹਾਂ ।

ਸ੍ਰੀ ਡਿਪਟੀ ਸਪੀਕਰ : ਇਹ ** ** ** ਸ਼ਬਦ ਐਕਸਪੰਜ ਕਰ ਦਿਓ। ਫ੍ਰਾਮ ਵੇਅਰ ਹੈਵ ਯੂ ਟੇਕਨ ਦੀਜ਼ ਵਰਡਜ਼ ? (These words are expunged. From where has the hon. Member taken these words ?)

ਕਾਮਰੇਡ ਭਾਨ ਸਿੰਘ ਭੌਰਾ : ਇਨ੍ਹਾਂ ਨੇ ਕਿਹਾ ਸੀ ਕਿ 300 ਜਾਂ 400 ਨਾਲ ਫਰਕ ਨਹੀਂ ਪੈਣਾ, ਅਸਲੀ ਗੱਲ ਤਾਂ ਉਨ੍ਹਾਂ ਨੂੰ ਖੁਸ਼ ਕਰਨ ਦੀ ਸੀ ।

ਸ੍ਰੀ ਡਿਪਟੀ ਸਪੀਕਰ : ਇਸ ਤਰ੍ਹਾਂ ਯੂਜ਼ ਨਹੀਂ ਹੋਏ ਇਹ ਲਫਜ਼ । (These words were not used like this.)

ਕਾਮਰੇਡ ਭਾਨ ਸਿੰਘ ਭੌਰਾ : ਇਹ ਬਿਲ ਤਾਂ ਪੁਲਿਟੀਕਲ ਤੌਰ ਤੇ ਇਥੇ ਲਿਆਂਦਾ ਗਿਆ ਹੈ ।

ਇਕ ਸਾਥੀ ਬੋਲੇ ਕਿ ਉਨ੍ਹਾਂ ਨੂੰ ਹਰੀਜਨਾਂ ਦਾ ਦਰਦ ਹੈ, ਦਿਹਾਤੀ ਮਜ਼ਦੂਰਾਂ ਦਾ ਦਰਦ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਆਪ ਦੇ ਸਾਹਮਣੇ ਇਨ੍ਹਾਂ ਦੀ ਸਰਕਾਰ ਦਾ 18 ਜਨਵਰੀ ਦਾ ਜਾਰੀ ਕੀਤਾ ਹੋਇਆ ਆਰਡਰ (ਨੋਟੀਫੀਕੇਸ਼ਨ) ਜਿਸ ਦੇ ਮੁਤਾਬਿਕ ਦਿਹਾਤੀ ਮਜ਼ਦੂਰਾਂ ਅਤੇ ਐਗਰੀਕਲਚਰਲ ਲੇਬਰ ਦੀਆਂ ਮਿਨੀਮਮ ਵੇਜਿਜ਼ ਮੁਕਰੱਰ ਕੀਤੀਆਂ ਗਈਆਂ ਹਨ, ਪੜ੍ਹਦਾ ਹਾਂ.।

ਮੈਂ ਵੇਜਿਜ਼ ਪੜ੍ਹ ਦਿੰਦਾ ਹਾਂ ਕਿ ਦਿਹਾੜੀ ਕਿੰਨੀ ਮਿਲਦੀ ਹੈ ਪਰ ਇਹ ਕੋਠੀਆਂ ਤੋਂ ਬਾਹਰ ਨਿਕਲ ਕੇ ਕਦੇ ਨਹੀਂ ਦੇਖਦੇ ਕਿ ਕੀ ਹਾਲਤ ਹੈ ਅਤੇ ਨਾ ਹੀ ਸੋਚ ਸਕਦੇ ਹਨ ।

5.00 p.m.

ਰਾਤ ਨੂੰ ਇਨ੍ਹਾਂ ਨੂੰ ਕੌਣ ਜਗਾਏ, ਜੋ ਮਰਜ਼ੀ ਕਰਨ ਪਰ ਦੂਜੇ ਪਾਸੇ ਸਾਰਾ ਸਾਲ ਜੋ ਕੰਮ ਕਰਦੇ ਨੇ, ਦ੍ਹਿਹਾਤੀ ਮਜ਼ਦੂਰ ਨੇ ਕਿਸਾਨਾਂ ਨਾਲ ਕੰਮ ਕਰਦੇ ਨੇ, ਉਨ੍ਹਾਂ ਦੀ ਅਜ ਕੀ ਹਾਲਤ ਹੈ ਕਿ ਉਨ੍ਹਾਂ ਨੂੰ ਸਰਕਾਰ ਨੇ ਵੇਜਿਜ਼ 600 ਰੁਪਏ ਸਾਲਾਨਾ ਮੁਕਰੱਰ ਕੀਤੇ ਹਨ ਅਤੇ ਇਸ ਪਾਸੇ ਐਮ. ਐਲ. ਏਜ਼. ਲਈ 400 ਰੁਪਿਆ ਮਹੀਨਾ । ਤੁਸੀਂ

***Expunged as ordered by the Chair.**

ਆਪ ਹੀ ਅੰਦਾਜ਼ਾ ਲਗਾਉ ਕਿ 600 ਰੁਪਏ ਸਾਲ ਅਤੇ 400 ਮਹੀਨੇ ਵਿਚ ਕਿੰਨਾ ਅੰਤਰ ਹੈ । ਕਿੰਨਾ ਫ਼ਰਕ ਹੈ । ਇਹ ਮੇਰੇ ਪਾਸ ਵੇਜਿਜ਼ ਦਾ ਸ਼ਡੂਲ ਹੈ ਇਸ ਵਿਚ ਕਿਸੇ ਵੀ ਮਜ਼ਦੂਰ ਦੇ ਵੇਜਿਜ਼ ਸਾਢੇ ਤਿੰਨ ਰੁਪਏ ਦਿਹਾੜੀ ਤੋਂ ਵੱਧ ਨਹੀਂ । ਪਰ ਅਜ ਜਿਨ੍ਹਾਂ ਨੇ ਮਜ਼ਦੂਰਾਂ ਦੀ ਨੁਮਾਇੰਦਗੀ ਕਰਨੀ ਸੀ ਉਨ੍ਹਾਂ ਆਪਣੀ ਪਾਰਟੀ ਹੀ ਵੇਚ ਦਿੱਤੀ ਅਤੇ ਇਥੇ ਰੀਪਬਲਿਕਨ ਬਣ ਕੇ ਸਰਕਾਰੀ ਬੈਂਚਾਂ ਤੇ ਆ ਬੈਠੇ ਹਨ । ਇਨ੍ਹਾਂ ਨੂੰ ਕੀ ਪਤਾ ਕਿ ਮਜ਼ਦੂਰ ਦੀ ਅਜ ਕੀ ਹਾਲਤ ਹੈ । (ਵਿਘਨ) ਅਜ ਇਹ ਕਿਸ ਗੱਲ ਨੂੰ ਮੁੱਖ ਰਖ ਕੇ ਐਮ. ਐਲ. ਏਜ਼. ਲਈ ਸਹੂਲਤਾਂ ਮੰਗਦੇ ਹਨ ।

ਇਸ ਲਈ, ਡਿਪਟੀ ਸਪੀਕਰ ਸਾਹਿਬ, ਜੇਕਰ ਆਪ ਚਾਹੁੰਦੇ ਹੋ ਕਿ ਐਮ. ਐਲ. ਏਜ਼. ਸਾਹਿਬਾਨ ਦਾ ਸਟੇਟਸ ਉੱਚਾ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਸਹੂਲਤਾਂ ਦਿੱਤੀਆਂ ਜਾਣ ਤਾਂ ਫ਼ਰੀ ਪਾਸ ਇਸ਼ੂ ਕਰ ਦਿੱਤੇ ਜਾਣ ਤਾਂ ਕਿ ਉਹ ਆਪਣੇ ਹਲਕੇ ਦੀ ਵੱਧ ਤੋਂ ਵੱਧ ਸੇਵਾ ਕਰ ਸਕਣ। ਗਿਲ ਸਾਹਿਬ ਤਾਂ ਤਿੰਨ ਸੌ ਤੋਂ ਚਾਰ ਸੌ ਇਸ ਸਮੇਂ ਇਸ ਲਈ ਕਰਨਾ ਚਾਹੁੰਦੇ ਹਨ ਤਾਂ ਕਿ ਰਾੜੇਵਾਲਾ ਸਾਹਿਬ ਦੀ ਪਾਰਟੀ ਤੋਂ ਕੁਝ ਆਦਮੀ ਤੋੜ ਕੇ ਆਪਣੀ ਪਾਰਟੀ ਬਣਾ ਲੈਣ ।

(ਵਿਘਨ)

ਸਰਕਾਰੀ ਬੈਂਚਾਂ ਵਲੋਂ ਆਵਾਜ਼ਾਂ : ਨੋ, ਨੋ, ਨੋ ।

ਕਾਮਰੇਡ ਭਾਨ ਸਿੰਘ ਭੌਰਾ : ਮੈਂ, ਡਿਪਟੀ ਸਪੀਕਰ ਸਾਹਿਬ, ਇਸ ਬਿਲ ਦੀ ਮੁਖ਼ਾਲਫ਼ਤ ਕਰਦਾ ਹਾਂ । ਇਹ ਬਿਲ ਪਾਸ ਨਹੀਂ ਕੀਤਾ ਜਾਣਾ ਚਾਹੀਦਾ । ਉਨ੍ਹਾਂ ਰੀਜ਼ਨਜ਼ ਕਰਕੇ ਜਿਹੜੇ ਮੈਂ ਪਹਿਲਾਂ ਦਿੱਤੇ ਹਨ ।

PERSONAL EXPLANATION BY THE CHIEF MINISTER

ਮੁੱਖ ਮੰਤਰੀ (ਸਰਦਾਰ ਲਛਮਣ ਸਿੰਘ ਗਿਲ) : ਡਿਪਟੀ ਸਪੀਕਰ ਸਾਹਿਬ, ਭੌਰਾ ਸਾਹਿਬ ਨੇ ਕੁਝ ਗੱਲਾਂ ਕਹੀਆਂ ਹਨ ਕਿ ਗਿਲ ਸਾਹਿਬ ਇਸ ਬਿਲ ਰਾਹੀਂ ਕੰਪੈਨਸੇਟਰੀ ਅਲਾਉਂਸ ਵਧਾ ਕੇ ਆਪਣੀ ਪਾਰਟੀ ਨੂੰ ਮਜ਼ਬੂਤ ਕਰਨਾ ਚਾਹੁੰਦੇ ਹਨ ਅਤੇ ਰਾੜੇਵਾਲਾ ਸਾਹਿਬ ਦੀ ਪਾਰਟੀ ਨੂੰ ਕਮਜ਼ੋਰ ਕਰਨਾ ਚਾਹੁੰਦੇ ਹਨ । ਮੈਂ ਇਸ ਦੀ ਪੁਰਜ਼ੋਰ ਤਰਦੀਦ ਕਰਦਾ ਹਾਂ । ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਅਤੇ ਇਹ ਕਹਿਣਾ ਠੀਕ ਨਹੀਂ ਸੀ । (ਵਿਘਨ)

THE PUNJAB LEGISLATIVE ASSEMBLY (ALLOWANCES OF MEMBERS) AMENDMENT BILL, 1968

ਸਹਿਕਾਰਤਾ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ (ਚੌਧਰੀ ਕਰਤਾਰ ਸਿੰਘ) : ਡਿਪਟੀ ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਦਾ ਹਾਂ ਕਿ ਇਸ ਬਿਲ ਨੂੰ ਪਾਸ ਕਰ ਦਿੱਤਾ ਜਾਵੇ ਕਿਉਂਕਿ ਇਸ ਸਮੇਂ ਮੈਂ ਕੋਈ ਬਹਿਸ ਦਾ ਜਵਾਬ ਦੇਣ ਦੀ ਲੋੜ ਮਹਿਸੂਸ ਨਹੀਂ ਕਰਦਾ ।

Mr. Deputy Speaker : Question is—

That the Punjab Legislative Assembly (Allowances of Members) Amendment Bill be passed.

The motion was carried.

THE PUNJAB LEGISLATIVE COUNCIL (ALLOWANCES OF MEMBERS) AMENDMENT BILL, 1968

Minister for Co-operation and Parliamentary Affairs (Chaudhri Kartar Singh) : Sir, I beg to introduce the Punjab Legislative Council (Allowances of Members) Amendment Bill.

Minister for Co-operation and Parliamentary Affairs : Sir, I beg to move—

> That the Punjab Legislative Council (Allowances of Members) Amendment Bill, be taken into consideration at once.

ਇਹ ਬਿਲ ਲੈਜਿਸਲੇਟਿਵ ਕੌਂਸਿਲ ਦੇ ਮੈਂਬਰਾਂ ਦੇ ਅਲਾਉਂਸ ਦੇ ਵਧਾਉਣ ਬਾਰੇ ਹੈ। ਇਹ ਉਸੇ ਤਰ੍ਹਾਂ ਦਾ ਬਿਲ ਹੈ ਜਿਸ ਤਰ੍ਹਾਂ ਦਾ ਪਹਿਲਾਂ ਪਾਸ ਕੀਤਾ ਗਿਆ ਹੈ ਅਤੇ ਇਸ ਤੇ ਬਹਿਸ ਹੋ ਚੁਕੀ ਹੈ ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਸ ਨੂੰ ਬਿਨਾ ਡਿਸਕਸ਼ਨ ਦੇ ਹੀ ਪਾਸ ਕਰ ਦਿਤਾ ਜਾਵੇ। । (ਇਸ ਸਮੇਂ ਸਪੀਕਰ ਸਾਹਿਬ ਨੇ ਕੁਰਸੀ ਸੰਭਾਲੀ)

Mr. Speaker : Motion moved—

> That the Punjab Legislative Council (Allowances of Members) Amendment Bill, be taken into consideration at once.

ਸ੍ਰੀ ਲਾਲ ਚੰਦ ਸੱਬਰਵਾਲ (ਜਲੰਧਰ-ਉੱਤਰ) : ਸਪੀਕਰ ਸਾਹਿਬ ਅਸੈਂਬਲੀ ਦੇ ਮੈਂਬਰਾਂ ਦੇ ਅਲਾਉਂਸ ਬਾਰੇ ਬਿਲ, ਮੈਂ ਮਹਿਸੂਸ ਕਰਦਾ ਹਾਂ ਕਿ, ਜਦ ਪਹਿਲਾਂ ਆਇਆ ਸੀ ਤਾਂ ਇਹ ਕੋਸ਼ਿਸ਼ ਕੀਤੀ ਗਈ ਸੀ ਕਿ ਹਾਊਸ ਦੇ ਡੈਕੋਰਮ ਨੂੰ ਕਾਇਮ ਰਖਿਆ ਜਾਵੇ ਅਤੇ ਮੈਂਬਰਾਨ ਦੇ ਪਰਸਨ ਨੂੰ ਕ੍ਰਿਟੀਸਾਈਜ਼ ਨਾ ਕੀਤਾ ਜਾਵੇ । ਪਰ ਅਜ ਇਸ ਬਿਲ ਤੇ ਜਦ ਬਹਿਸ ਹੋਈ ਤਾਂ ਤੁਸੀਂ ਵੇਖਿਆ ਕਿ ਅਸੈਂਬਲੀ ਦੀ ਡੀਬੇਟ ਦਾ ਕੀ ਮਿਆਰ ਰਖਿਆ ਗਿਆ ਹੈ ਅਤੇ ਨਾ ਇਸ ਪਾਸੇ ਤੇ ਨਾ ਉਸ ਪਾਸੇ ਤੋਂ ਇਕ ਦੂਜੇ ਦੇ ਪਰਸਨ ਨੂੰ ਡਿਸਕਸ ਕਰਨ ਵਿਚ ਢਿਲ ਕੀਤੀ ਗਈ । ਹਾਲਾਂਕਿ ਇਹ ਹੈਲਦੀ ਕਨਵੈਨਸ਼ਨ ਕਾਇਮ ਹੋਈ ਹੋਈ ਸੀ। ਹੁਣ ਕਿਉਂਕਿ ਅਪਰ ਹਾਊਸ ਦੇ ਮੈਂਬਰਾਂ ਦੇ ਅਲਾਊਂਸ ਸਬੰਧੀ ਬਿਲ ਪੇਸ਼ ਕੀਤਾ ਗਿਆ ਹੈ ਅਤੇ ਇਸਤੇ ਬਹਿਸ ਹੋਣ ਵਾਲੀ ਹੈ ਇਸ ਲਈ ਜੋ ਕੁਝ ਅਸੀਂ ਆਪਣੇ ਬਿਲ ਸਬੰਧੀ ਨਹੀਂ ਕਰ ਸਕੇ ਉਹ ਹੁਣ ਕਰ ਲਈਏ ਅਤੇ ਅਸੀਂ ਅਪਰ ਹਾਊਸ ਦੇ ਮੈਂਬਰਾਂ ਦੇ ਪਰਸਨ ਨੂੰ ਇਥੇ ਡਿਸਕਸ ਕਰਨ ਤੋਂ ਸੰਕੋਚ ਕਰੀਏ ।

ਸ੍ਰੀ ਸਪੀਕਰ : ਮੇਰਾ ਖਿਆਲ ਹੈ ਕਿ ਪਹਿਲਾ ਬਿਲ ਜਿਸ ਵਕਤ ਪੇਸ਼ ਸੀ ਤਾਂ ਉਸ ਤੇ ਕਾਫੀ ਬਹਿਸ ਹੋ ਚੁਕੀ ਹੈ । ਇਸ ਲਈ ਹੁਣ ਕਿਸੇ ਤਰ੍ਹਾਂ ਦੀ ਕ੍ਰਿਟਿਸਿਜ਼ਮ ਕਰਨ ਦੀ ਲੋੜ ਨਹੀਂ ਅਤੇ ਮੈਂ ਤਾਂ ਸਮਝਦਾ ਹਾਂ ਕਿ ਡਿਸਕਸ਼ਨ ਦੀ ਵੀ ਲੋੜ ਨਹੀਂ । (I think that a lot of discussion has already taken place on the first Bill. As such there is no need of any criticism or any more discussion.) I don't think there is any need of speeches.

Mr. Speaker : Question is—

> That the Punjab Legislative Council (Allowances of Members) Amendment Bill be taken into consideration at once.

The motion was carried

Mr. Speaker : The House will now take up the Bill clause by clause. Clause 2 is before the House.

CLAUSE 2

Mr. Speaker: Question is—

That clause 2 stand part of the Bill.

The motion was carried

CLAUSE 1

Mr. Speaker : Question is—

That Clause 1 stand part of the Bill.

The motion was carried

TITLE

Mr. Speaker : Question is—

That Title be the Title of the Bill.

The Motion was carried

Minister for Co-operation and Parliamentary Affairs (Chaudhri Kartar Singh) : Sir, I beg to move—

That the Punjab Legislative Council (Allowances of Members) Amendment Bill, be passed.

Mr. Speaker : Motion moved—

That the Punjab Legislative Council (Allowances of Members) Amendment Bill, be passed.

Mr. Speaker : Question is—

That the Punjab Legislative Council (Allowances of Members) Amendment Bill, be passed.

The Motion was carried

THE PUNJAB CATTLE FAIRS (REGULATION) AMENDMENT

BILL, 1968

Minister of State for Public Works (Sardar Narinder Singh) : Sir, I beg to introduce the Punjab Cattle Fairs (Regulation) Amendment Bill.

Minister of State for Public Works : Sir, I beg to move—

That the Punjab Cattle Fairs (Regulation) Amendment Bill be taken into consideration at once.

Mr. Speaker : Motion moved—

That the Punjab Cattle Fairs (Regulation) Amendment Bill be taken into consideration at once.

Mr. Speaker : Question is—

That the Punjab Cattle Fairs (Regulation) Amendment Bill be taken into consideration at once.

The motion was carried

Mr. Speaker : The House will now take up the Bill clause by clause.

CLAUSE 2

Comrade Sat Pal Kapoor : Sir, I beg to move—

In the proposed clause (bb), line 2, for "exhibition of cattle" substitute "exhibition for general sale or purchase, of cattle."

Mr. Speaker : Motion moved—

In the proposed clause (bb), line 2, for "exhibition of cattle" substitute "exhibition for general sale or purchase, of cattle."

Mr. Speaker : Question is—

In the proposed clause (bb), line 2, for "exhibition of cattle" substitute "exhibition for general sale or purchase, of cattle."

The Motion was carried.

Mr. Speaker : Question is—

That Clause 2, as amended, stand part of the Bill.

The Motion was carried.

CLAUSE 1

Mr. Speaker : Question is—

That Clause 1, stand Part of the Bill.

The Motion was carried.

TITLE

Mr. Speaker : Question is—

That Title be the Title of the Bill.

The Motion was carried.

The Minister of State for Public Works (Sardar Narinder Singh) : Sir, I beg to move—

> That the Punjab Cattle Fairs (Regulation) Amendment Bill, as amended, be passed.

Mr. Speaker : Motion moved—

> That the Punjab Cattle Fairs (Regulation) Amendment Bill, as amended, be passed.

Mr. Speaker : Question is—

> That the Punjab Cattle Fairs (Regulation) Amendment Bill, as amended, be passed.

The Motion was carried

THE PUNJAB LAND REVENUE (AMENDMENT) BILL, 1968

The Minister for Local Government (Shri Faqir Chand Gupta) : Sir, I beg to introduce the Punjab Land Revenue (Amendment) Bill.

Minister for Local Government : Sir, I beg to move*—

> That the Punjab Land Revenue (Amendment) Bill be taken into consideration at once.

Mr. Speaker : Motion moved—

> That the Punjab Land Revnue (Amendment) Bill be taken into consideration at once.

ਕਾਮਰੇਡ ਜੰਗੀਰ ਸਿੰਘ ਜੋਗਾ : (ਮਾਨਸਾ) ਸਪੀਕਰ ਸਾਹਿਬ, ਇਸ ਬਿਲ ਰਾਹੀਂ ਇਸ ਗੌਰਮਿੰਟ ਨੇ ਇਹ ਫ਼ੈਸਲਾ ਕੀਤਾ ਹੈ ਕਿ ਮਾਲੀਏ ਦੀ ਜਿਹੜੀ ਛੋਟ ਪਹਿਲਾਂ 5 ਸਟੈਂਡਰਡ ਏਕੜ ਵਾਲਿਆਂ ਨੂੰ ਦਿੱਤੀ ਜਾਂਦੀ ਸੀ ਉਹ ਹੁਣ 7 ਏਕੜ ਵਾਲਿਆਂ ਨੂੰ ਦਿੱਤੀ ਜਾਵੇ। ਸਪੀਕਰ ਸਾਹਿਬ, ਜਦ ਪਿਛਲੀ ਵਾਰੀ ਇਹ ਬਿਲ ਪਾਸ ਹੋਇਆ ਸੀ ਤਾਂ ਅਸੀਂ ਗੌਰਮਿੰਟ ਨੂੰ ਵਧਾਈ ਦਿੱਤੀ ਸੀ ਕਿ ਉਸ ਨੇ ਇਕ ਅਜਿਹਾ ਬਿਲ ਲਿਆਂਦਾ ਹੈ ਜਿਸ ਨਾਲ ਕਿ ਗਰੀਬ ਕਿਸਾਨਾਂ ਨੂੰ ਲਾਭ ਹੋਵੇਗਾ। ਪਰ ਸਰਕਾਰ ਹੁਣ ਉਹ ਸਹੂਲੀਅਤ ਵਾਪਸ ਲੈ ਰਹੀ ਹੈ। ਕਿਉਂਕਿ 7 ਸਧਾਰਣ ਏਕੜ ਤਾਂ 5 ਸਟੈਂਡਰਡ ਏਕੜ ਤੋਂ ਬਹੁਤ ਘਟ ਹੁੰਦੇ ਹਨ। ਚਾਹੀਦਾ ਤਾਂ ਇਹ ਸੀ ਕਿ 5 ਸਟੈਂਡਰਡ ਏਕੜ ਦੀ ਥਾਂ ਤੇ 10 ਸਟੈਂਡਰਡ ਏਕੜ ਨੂੰ ਛੋਟ ਦਿਤੀ ਜਾਂਦੀ ਪਰ ਇਹ ਇਥੇ ਉਲਟ ਗਲ ਹੋ ਰਹੀ ਹੈ। ਜੇ 7 ਸਧਾਰਣ ਏਕੜ ਦੀ ਥਾਂ ਤੇ 10 ਸਾਧਾਰਣ ਏਕੜ ਵੀ ਰਖੇ ਜਾਂਦੇ ਤਾਂ ਠੀਕ ਹੋ ਸਕਦਾ ਸੀ। ਕਿਉਂਕਿ ਪੁਰਾਣੇ ਹਿਸਾਬ ਨਾਲ ਤਾਂ 5 ਸਟੈਂਡਰਡ ਏਕੜ ਦੇ 10 ਸਧਾਰਣ ਏਕੜ ਬਣ ਜਾਂਦੇ ਹਨ। ਇਸ ਬਿਲ ਰਾਹੀਂ ਕਿਸਾਨਾਂ ਨਾਲ ਧੱਕਾ ਕੀਤਾ ਗਿਆ ਹੈ। ਪਰ ਸਰਕਾਰ ਨੇ ਤਾਂ ਇਸ ਤਰ੍ਹਾਂ ਦੇ ਆਰਡਰ ਭੇਜ ਵੀ ਦਿਤੇ ਹਨ। ਫਿਰ, ਸਪੀਕਰ ਸਾਹਿਬ, ਜਿਹੜਾ ਪਰੋਸੀਜਰ ਹੈ ਮਾਲੀਆ ਮਾਫ਼ ਕਰਨ ਦਾ ਇਹ ਬਹੁਤ ਹੀ ਮੁਸ਼ਕਲ ਹੈ। ਹਰ ਕਿਸਾਨ ਨੂੰ ਜਿਸ ਨੇ ਕਿ ਮਾਲੀਆ ਮਾਫ਼ ਕਰਵਾਉਣਾ ਹੋਵੇ, ਪਹਿਲਾਂ

*Moved in Punjabi

[ਕਾਮਰੇਡ ਜੰਗੀਰ ਸਿੰਘ ਜੋਗਾ]

ਪਟਵਾਰੀ ਤੋਂ ਇੰਦਰਾਜ ਕਰਾਉਣਾ ਪੈਂਦਾ ਹੈ । ਫਿਰ ਉਸ ਨੂੰ ਤਸੀਲਦਾਰ ਕੋਲ ਜਾਕੇ ਹਲਫ਼ੀਆ ਬਿਆਨ ਦੇਣਾ ਪੈਂਦਾ ਹੈ ਕਿ ਮੇਰੀ ਜ਼ਮੀਨ 5 ਏਕੜ ਤੋਂ ਘਟ ਹੈ ਅਤੇ ਕਿਸੇ ਦੂਜੀ ਥਾਂ ਤੇ ਮੇਰੀ ਜ਼ਮੀਨ ਨਹੀਂ ਹੈ । ਜੇ ਉਹ ਇਹ ਸਾਰੀ ਕਾਰਵਾਈ ਪੂਰੀ ਕਰ ਲਵੇ ਤਾਂ ਉਸ ਦਾ ਮਾਲੀਆ ਛਡਿਆ ਜਾਂਦਾ ਹੈ ਨਹੀਂ ਤਾਂ ਨਹੀਂ ਛਡਿਆ ਜਾਂਦਾ । ਮੈਂ ਸਰਕਾਰ ਨੂੰ ਦਰਖ਼ਾਸਤ ਕਰਦਾ ਹਾਂ ਕਿ ਇਸ ਕਾਨੂੰਨ ਨਾਲ ਕਈ ਪੇਚੀਦਗੀਆਂ ਪੈਦਾ ਹੋਣਗੀਆਂ । ਸਭ ਤੋਂ ਪਹਿਲਾਂ ਕਿਸਾਨਾਂ ਨੂੰ ਪਟਵਾਰੀ ਲੁਟਿਆ ਕਰੇਗਾ । ਫਿਰ ਇਸ ਤੋਂ ਬਾਦ ਕਿਸਾਨ ਨੂੰ ਤਸੀਲ ਹੈਡਕੁਆਟਰ ਜਾਕੇ ਹਲਫ਼ੀਆ ਬਿਆਨ ਦੇਣਾ ਪਿਆ ਕਰੇਗਾ । ਤਸੀਲ ਹੈਡਕੁਆਟਰ 10, 10 ਮੀਲ, 15, 15 ਮੀਲ ਅਤੇ ਕਈ ਵਾਰੀ 20, 20 ਮੀਲ ਦੂਰ ਹੁੰਦਾ ਹੈ। ਕਿਸਾਨ ਨੂੰ ਬੜੀਂ ਤਕਲੀਫ਼ ਉਠਾ ਕੇ ਤੇ ਬੜਾ ਖਰਚ ਕਰਕੇ ਉਥੇ ਜਾਣਾ ਪੈਂਦਾ ਹੈ । ਉਥੇ ਜਾਕੇ ਉਸ ਨੂੰ ਹਲਫੀਆ ਬਿਆਨ ਦੇਣਾ ਪੈਂਦਾ ਹੈ । ਇਸ ਦੀ ਥਾਂ ਤੇ ਇਹ ਹੋਣਾ ਚਾਹੀਦਾ ਹੈ ਕਿ ਬਜਾਏ ਤਸੀਲ ਹੈਡਕੁਆਟਰ ਜਾਣ ਦੇ ਪੰਚਾਇਤ ਕੋਲੋਂ ਹੀ ਉਹ ਆਪਣਾ ਬਿਆਨ ਤਸਦੀਕ ਕਰਾ ਲਵੇ ਕਿ ਉਸ ਦੀ ਜ਼ਮੀਨ 5 ਸਟੈਂਡਰਡ ਏਕੜ ਤੋਂ ਘਟ ਹੈ ਅਤੇ ਹੋਰ ਕਿਧਰੇ ਉਸ ਦੀ ਜ਼ਮੀਨ ਨਹੀਂ ਹੈ । ਇਹ ਗਲ ਕਰਨ ਨਾਲ ਛੋਟੇ ਕਿਸਾਨਾਂ ਦਾ ਭਲਾ ਹੋ ਸਕਦਾ ਹੈ । ਹੁਣ ਦੇ ਆਰਡਰ ਦੇ ਮੁਤਾਬਕ ਤਾਂ 5 ਹਜ਼ਾਰ ਜਾਂ 6 ਹਜ਼ਾਰ ਦੀ ਅਬਾਦੀ ਵਾਲਿਆਂ ਪਿੰਡਾਂ ਦੇ ਗਰੀਬ ਕਿਸਾਨਾਂ ਨੂੰ 30, 30 ਮੀਲ ਦੂਰ ਤਸੀਲ ਹੈਡਕੁਆਟਰ ਜਾਕੇ ਤਸੀਲਦਾਰਾਂ ਕੋਲੋਂ ਮਾਲੀਆ ਮਾਫ਼ ਕਰਵਾਉਣਾ ਪੈਂਦਾ ਹੈ । ਇਸ ਤਰ੍ਹਾਂ ਨਾਲ ਉਹ 2 ਰੁਪਏ ਦਾ ਮਾਲੀਆ ਛੁਡਾਉਣ ਲਈ 4 ਰੁਪਏ ਕਿਰਾਇਆ ਖਰਚ ਕਰ ਦੇਂਦਾ ਹੈ । ਇਸ ਤਰ੍ਹਾਂ ਉਨ੍ਹਾਂ ਨਾਲ ਬੜਾ ਭਾਰੀ ਧੱਕਾ ਕੀਤਾ ਜਾਂਦਾ ਹੈ। ਇਸ ਲਈ ਮੈਂ ਸਰਕਾਰ ਨੂੰ ਅਰਜ਼ ਕਰਾਂਗਾ ਕਿ ਕਿਸਾਨਾਂ ਨੂੰ ਲੁਟ ਤੋਂ ਬਚਾਉਣ ਲਈ ਸੁਖਾਲਾ ਰਸਤਾ ਅਖਤਿਆਰ ਕੀਤਾ ਜਾਵੇ । ਜੇ ਗੌਰਮਿੰਟ ਇਹ ਫੈਸਲਾ ਕਰੇ ਕਿ ਪੰਚਾਇਤਾਂ ਕੋਲੋਂ ਸਰਟੀਫੀਕੇਟ ਲਿਆ ਜਾਵੇ ਤਾਂ ਇਸ ਨਾਲ ਗਰੀਬ ਕਿਸਾਨ ਲੁਟ ਤੋਂ ਬਚ ਜਾਵੇਗਾ । ਸੋ ਇਹ ਰਸਤਾ ਹੀ ਅਖਤਿਆਰ ਕੀਤਾ ਜਾਵੇ । ਕਿਸਾਨ ਪੰਚਾਇਤ ਕੋਲੋਂ ਆਪਣਾ ਹਲਫੀਆ ਬਿਆਨ ਤਸਦੀਕ ਕਰਵਾ ਕੇ ਪਟਵਾਰੀ ਨੂੰ ਦੇ ਦੇਵੇ ਅਤੇ ਪਟਵਾਰੀ ਉਨ੍ਹਾਂ ਦਾ ਮਾਲੀਆ ਮਾਫ਼ ਕਰਨ ਦੀ ਸਿਫਾਰਸ਼ ਕਰ ਦੇਵੇ । ਜਿਹੜਾ ਇਹ ਆਰਡਰ ਦਿਤਾ ਗਿਆ ਹੈ ਕਿ ਜਿਨ੍ਹਾਂ ਕਿਸਾਨਾਂ ਨੇ ਹਲਫੀਆ ਬਿਆਨ ਨਹੀਂ ਦਿਤੇ ਉਨ੍ਹਾਂ ਤੋਂ ਪਿਛਲਾ ਮਾਲੀਆ ਵੀ ਵਸੂਲ ਕੀਤਾ ਜਾਵੇ, ਇਹ ਠੀਕ ਨਹੀਂ ਹੈ ।

ਦੂਜੀ ਗਲ ਮੈਂ ਫਿਰ ਕਹਿ ਦਿਆਂ ਕਿ 5 ਸਟੈਂਡਰਡ ਏਕੜ ਦੇ 10 ਸਧਾਰਣ ਏਕੜ ਬਣਦੇ ਹਨ । ਚਾਹੀਦਾ ਤਾਂ ਇਹ ਸੀ ਕਿ 10 ਸਟੈਂਡਰਡ ਏਕੜ ਦਾ ਮਾਲੀਆ ਮਾਫ਼ ਕੀਤਾ ਜਾਂਦਾ ਪਰ ਜੇ ਉਹ ਨਹੀਂ ਹੋ ਸਕਦਾ ਤਾਂ ਘਟ ਤੋਂ ਘਟ ਪਹਿਲਾਂ ਵਾਲਾ 5 ਸਟੈਂਡਰਡ ਏਕੜ ਤਾਂ ਜ਼ਰੂਰ ਰਹਿਣ ਦੇਣਾ ਚਾਹੀਦਾ ਹੈ ।

ਸਰਦਾਰ ਦਰਬਾਰਾ ਸਿੰਘ (ਨੂਰ ਮਹਿਲ) : ਸਪੀਕਰ ਸਾਹਿਬ, ਇਹ ਬਿਲ ਜੋ ਅਜ ਹਾਊਸ ਵਿਚ ਪੇਸ਼ ਕੀਤਾ ਗਿਆ ਹੈ ਇਸ ਨੂੰ ਸਭ ਤੋਂ ਪਹਿਲਾਂ ਗਿਆਨੀ ਗੁਰਮੁਖ ਸਿੰਘ ਜੀ ਦੀ ਮਨਿਸ੍ਟਰੀ ਨੇ ਡਰਾਫਟ ਕੀਤਾ ਸੀ ਕਿ ਉਨ੍ਹਾਂ ਕਿਸਾਨਾਂ ਨੂੰ ਜਿਨ੍ਹਾਂ ਕੋਲ 5 ਏਕੜ ਤੋਂ ਘਟ ਜ਼ਮੀਨ ਹੈ, ਜ਼ਮੀਨ ਦਾ ਮਾਲੀਆ ਮਾਫ਼ ਕਰ ਦਿਤਾ ਜਾਵੇ । ਸਰਦਾਰ ਗੁਰਨਾਮ ਸਿੰਘ ਦੀ ਮਨਿਸਟਰੀ ਇਹ ਬਿਲ ਲਿਆਈ ਸੀ। ਇਸ ਕਦਮ ਦਾ ਸਾਰਿਆਂ ਨੇ ਬੜਾ ਸੁਆਗਤ ਕੀਤਾ ਸੀ । ਪਰ ਹੁਣ ਜਿਹੜੀ ਮਨਿਸਟਰੀ ਇਥੇ ਬੈਠੀ ਹੋਈ ਹੈ, ਜਿਸ ਦੇ ਹੈਡ ਸਰਦਾਰ ਲਛਮਣ ਸਿੰਘ ਗਿੱਲ ਹਨ,

ਇਸ ਬਿਲ ਵਿਚ ਇਕ ਅਮੈਂਡਮੈਂਟ ਲਿਆਈ ਹੈ ਕਿ 5 ਸਟੈਂਡਰਡ ਏਕੜ ਦੀ ਥਾਂ ਤੇ 7 ਸਧਾਰਣ ਏਕੜ ਦਾ ਮਾਲੀਆ ਮਾਫ਼ ਕੀਤਾ ਜਾਵੇ। ਇਸ ਦਾ ਕਾਰਣ ਇਨ੍ਹਾਂ ਨੇ ਇਹ ਦਿਤਾ ਹੈ ਕਿ ਹਰ ਥਾਂ ਮੁਰੱਬਾਬੰਦੀ ਨਹੀਂ ਹੋਈ ਇਸ ਕਰਕੇ ਮਹਿਕਮੇ ਨੂੰ ਮੁਸ਼ਕਲ ਪੈਂਦੀ ਹੈ। ਪਰ ਸਪੀਕਰ ਸਾਹਿਬ ਇਹ ਗਲ ਗਲਤ ਹੈ। ਕਨਸਾਲੀਡੇਸ਼ਨ ਹਰ ਥਾਂ ਤੇ ਕੰਪਲੀਟ ਹੈ। ਸਿਵਾਏ ਸ਼ਹਿਰਾਂ ਦੇ ਜਾਂ ਟਾਊਨਾਂ ਦੇ ਨਾਲ ਲਗਦੇ ਇਲਾਕੇ ਵਿਚ ਜਿਥੇ ਕਿ ਮੁਰਬਾਬੰਦੀ ਨਹੀਂ ਹੋਈ, ਹੋਰ ਹਰ ਥਾਂ ਤੇ ਹੁਣ ਮੁਰਬਾਬੰਦੀ ਕਰਕੇ ਸਟੈਂਡਰਡ ਏਕੜ ਨੂੰ ਨਾਪਣਾ ਮੁਸ਼ਕਲ ਨਹੀਂ ਰਿਹਾ। ਜਾਂ ਫਿਰ ਉਹ ਜ਼ਮੀਨ ਇਸ ਬਿਨਾਂ ਰਹਿ ਗਈ ਹੈ ਜਿਥੇ ਕੋਈ ਝਗੜਾ ਹੈ ਅਤੇ ਕਿਸੇ ਪਾਰਟੀ ਨੇ ਕੋਰਟ ਕੋਲੋਂ ਸਟੇ ਆਰਡਰ ਲਿਆ ਹੋਇਆ ਹੈ। ਹੋਰ ਕਿਸੇ ਥਾਂ ਜ਼ਮੀਨ ਮਾਪਣਾ ਮੁਸ਼ਕਲ ਨਹੀਂ ਹੈ। ਇਨ੍ਹਾਂ ਨੇ ਬਿਲ ਵਿਚ 5 ਸਟੈਂਡਰਡ ਏਕੜ ਦੀ ਥਾਂ ਤੇ 7 ਆਰਡੀਨਰੀ ਏਕੜ ਦਾ ਲਫ਼ਜ਼ ਇਸਤੇਮਾਲ ਕੀਤਾ ਹੈ। ਜਦ ਇਹ ਬਿਲ ਪਾਸ ਹੋਇਆ ਸੀ ਉਸ ਵੇਲੇ ਸੁਰਜੀਤ ਜੀ ਨੇ ਕਿਹਾ ਸੀ ਕਿ ਸਿਰਫ ਸ਼ਬਦ 5 ਏਕੜ ਰਖਣ ਨਾਲ ਕਈ ਪੇਚੀਦਗੀਆਂ ਪੈ ਜਾਣਗੀਆਂ ਇਸ ਲਈ 5 ਸਟੈਂਡਰਡ ਏਕੜ ਦਾ ਵਰਡ ਇਸਤੇਮਾਲ ਕੀਤਾ ਜਾਵੇ। ਉਦੋਂ ਇਹ ਅਮੈਂਡਮੈਂਟ ਮੰਨ ਲਈ ਗਈ ਸੀ। ਪਰ ਹੁਣ ਫਿਰ ਇਹ ਸਾਧਾਰਣ ਏਕੜ ਕਰਨ ਲਗੇ ਹਨ, ਇਹ ਠੀਕ ਨਹੀਂ ਹੈ।

ਫਿਰ ਜੋਗਾ ਜੀ ਨੇ ਕਿਹਾ ਹੈ ਕਿ ਕਿਸਾਨ ਨੂੰ ਹਲਫੀਆ ਬਿਆਨ ਦੇਣ ਲਈ ਦੂਰ ਜਾਣਾ ਪੈਂਦਾ ਹੈ। ਚਾਹੀਦਾ ਇਹ ਹੈ ਕਿ ਹਰ ਆਦਮੀ ਨੂੰ ਆਪਣੇ ਨੀਅਰੈਸਟ ਥਾਂ ਤੇ ਹਲਫੀਆ ਬਿਆਨ ਦੇਣਾ ਪਏ ਕਿ ਮੇਰੇ ਕੋਲ 5 ਸਟੈਂਡਰਡ ਏਕੜ ਤੋਂ ਘਟ ਜ਼ਮੀਨ ਹੈ ਅਤੇ ਹੋਰ ਕਿਸੇ ਥਾਂ ਮੇਰੀ ਜ਼ਮੀਨ ਨਹੀਂ ਹੈ। ਜੇ ਇਹ ਝੂਠ ਹੋਵੇ ਤਾਂ ਸਜ਼ਾ ਦਿਤੀ ਜਾਵੇ। ਪਰ ਫਿਰ ਇਥੇ ਕੰਪਲੀਕੇਸ਼ਨ ਇਹ ਪਏਗੀ ਕਿ 5 ਸਟੈਂਡਰਡ ਏਕੜ ਦੇ 7 ਸਧਾਰਣ ਏਕੜ ਹੀ ਨਹੀਂ ਹੁੰਦੇ ਸਗੋਂ 10 ਜਾਂ 15 ਜਾਂ 18 ਸਧਾਰਣ ਏਕੜ ਤਕ ਵੀ ਹੁੰਦੇ ਹਨ। ਕਈ ਵਾਰੀ ਇਹ ਵਧ ਕੇ 20 ਸਧਾਰਣ ਏਕੜ ਵੀ ਹੋ ਜਾਂਦੇ ਹਨ। ਜਿਸ ਜ਼ਮੀਨ ਦੀ ਕੀਮਤ 4 ਆਨੇ ਹੈ ਉਹ 5 ਸਟੈਂਡਰਡ ਏਕੜ ਦੀ 20 ਸਧਾਰਣ ਏਕੜ ਹੋ ਜਾਂਦੀ ਹੈ। ਇਸ ਲਈ ਇਸ ਦਾ ਹਲ ਹੋਰ ਨਹੀਂ ਹੋ ਸਕਦਾ ਕਿ ਮਾਲੀਏ ਦੀ ਛੋਟ ਆਰਡੀਨਰੀ ਏਕੜ ਦੇ ਹਿਸਾਬ ਨਾਲ ਨਹੀਂ ਸਗੋਂ ਸਟੈਂਡਰਡ ਏਕੜ ਦੇ ਹਿਸਾਬ ਨਾਲ ਦਿਤੀ ਜਾਵੇ। ਅਮੈਂਡਮੈਂਟ ਵਿਚ ਇਹ ਕਿਹਾ ਗਿਆ ਹੈ ਕਿ 5 ਸਟੈਂਡਰਡ ਏਕੜ ਦੀ ਥਾਂ ਤੇ 7 ਜਾਂ 8 ਸਧਾਰਣ ਏਕੜ ਹੁੰਦੇ ਹਨ ਪਰ ਇਹ ਠੀਕ ਨਹੀਂ ਹੈ। ਜੋ ਅਮੈਂਡਿੰਗ ਬਿਲ ਹਾਊਸ ਵਿਚ ਆਇਆ ਹੈ, ਉਸ ਬਾਰੇ ਚੀਫ ਮਨਿਸਟਰ ਨੇ ਤਸਲੀਮ ਕੀਤਾ ਸੀ ਕਿ ਪੰਜ ਸਟੈਂਡਰਡ ਏਕੜ ਤਕ ਦੇ ਮਾਲੀਏ ਦੀ ਛੋਟ ਦਿਤੀ ਗਈ ਹੈ। ਉਸ ਨੂੰ ਮਨਜ਼ੂਰ ਕੀਤਾ। (ਵਿਘਨ) ਮੇਰੀ ਅਰਜ਼ ਇਤਨੀ ਹੈ ਕਿ ਮੈਨੂੰ ਖੜਾ ਵੇਖਕੇ ਮੇਰੇ ਦਸਤ ਇਹ ਨਾ ਸਮਝਣ ਕਿ ਮੈਂ ਇਸਨੂੰ ਅਪੋਜ਼ ਕਰ ਰਿਹਾ ਹਾਂ। ਮੈਂ ਤੇ ਸਿਰਫ ਮਨਿਸਟਰ ਦੀ ਗਿਆਤ ਲਈ ਦਸਦਾ ਹਾ। ਉਹ ਅਮੈਂਡਮੈਂਟ ਸਾਨੂੰ ਕਬੂਲ ਸੀ। ਪਰ ਬਾਦ ਵਿਚ ਕੰਪਲੀਕੇਸ਼ਨਜ਼ ਆਈਆਂ, ਇਸਦੇ ਬਾਵਜੂਦ ਪਿੰਡਾਂ ਵਿਚ ਮਾਲੀਏ ਦੀਆਂ ਉਗਰਾਹੀਆਂ ਹੋਈਆਂ ਅਤੇ ਮਾਲੀਏ ਦਾ ਕਾਫ਼ੀ ਹਿਸਾ ਵਸੂਲ ਕਰ ਲਿਆ ਗਿਆ। ਉਨ੍ਹਾਂ ਦੇ ਹਲਫੀਆ ਬਿਆਨ ਤੇਜ਼ੀ ਨਾਲ ਲਏ ਗਏ। ਰਕਮ ਸਰਕਾਰੀ ਖਜ਼ਾਨੇ ਵਿਚ ਜਾ ਚੁੱਕੀ ਹੈ। ਇਹ ਕਿਵੇਂ ਪਤਾ ਲਗ ਸਕਦਾ ਹੈ ਕਿ ਕਿਸ ਕੋਲ ਜ਼ਮੀਨ ਪੰਜ ਸਟੈਂਡਰਡ ਏਕੜ ਤੋਂ ਘਟ ਹੈ ਜਾਂ ਵਧ ਹੈ। ਜਿਨਾਂ ਚਿਰ ਇਹ ਪਤਾ ਨ ਲਗੇ ਉਨਾਂ ਚਿਰ ਕਨਫਿਊਯਨ ਰਹੇਗਾ। ਮੇਰੀ ਅਰਜ਼ ਹੈ ਕਿ ਜਦੋਂ ਤੁਸੀਂ ਲੋਕਾਂ ਦੀ ਸਹਾਇਤਾ ਕਰਨ ਵਾਲੇ ਬੜੇ ਚੰਗੇ ਮਈਅਰਜ਼ ਲਿਆਂਦੇ ਹਨ ਤਾਂ ਉਹਦੇ ਪਿਛੇ ਲੋਕਾਂ ਨੇ

[ਸਰਦਾਰ ਦਰਬਾਰਾ ਸਿੰਘ] :

ਕਿਹਾ ਕਿ ਸਰਕਾਰ ਨੇ ਬੜਾ ਚੰਗਾ ਕੰਮ ਕੀਤਾ ਹੈ ਇਸ ਲਈ ਹੁਣ ਕੋਈ ਨਖੇਧੀ ਵਾਲਾ ਕੰਮ ਨਾ ਕਰੀਏ । ਹੁਣ ਪੰਜ ਸਟੈਂਡਰਡ ਏਕੜ ਤੋਂ ਸੱਤ ਆਰਡੀਨਰੀ ਏਕੜ ਕਰ ਦਿਤੇ ਗਏ ਹਨ । ਇਸ ਤਰ੍ਹਾਂ ਸੱਤ ਆਰਡੀਨਰੀ ਏਕੜ ਕਿਵੇਂ ਬਣਦੇ ਹਨ । ਇਸ ਨਾਲ ਜੋ ਤੁਹਾਡੀ ਨੀਅਤ ਹੈ ਉਸ ਬਾਰੇ ਜ਼ਰੂਰ ਉਲਝਣ ਪੈਦਾ ਹੁੰਦੀ ਹੈ । ਇਸ ਲਈ ਜੋ ਅਮੈਂਡਮੈਂਟ ਕੀਤੀ ਹੈ ਉਸ ਪਾਸੇ ਵਲ ਧਿਆਨ ਦੇਣਾ ਚਾਹੀਦਾ ਹੈ ।

ਸਰਦਾਰ ਗੁਰਚਰਨ ਸਿੰਘ (ਬਾਘਾ ਪੁਰਾਣਾ) : ਸਪੀਕਰ ਸਾਹਿਬ ਗੁਰਨਾਮ ਸਿੰਘ ਮਨਿਸਟਰੀ ਤੋਂ ਪਹਿਲਾਂ ਕਿਸੇ ਨੇ ਵੀ ਇਹ ਬਿਲ ਤਿਆਰ ਨਹੀਂ ਕੀਤਾ । ਫਰੰਟ ਸਰਕਾਰ ਆਈ ਤਾਂ ਉਨ੍ਹਾਂ ਨੇ ਪੰਜ ਸਟੈਂਡਰਡ ਏਕੜ ਜ਼ਮੀਨ ਵਾਲੇ ਯੂਨਿਟ ਨੂੰ ਰਿਲੀਫ਼ ਦੇਣ ਲਈ ਇਹ ਬਿਲ ਪਾਸ ਕੀਤਾ ਅਤੇ ਉਨ੍ਹਾਂ ਨੂੰ ਰਿਲੀਫ਼ ਦਿਤੀ । ਉਹ ਮੇਰੇ ਦੋਸਤ ਜਿਹੜੇ ਹੁਣ ਇਸ ਸਰਕਾਰ ਵਿਚ ਸ਼ਾਮਲ ਹਨ ਉਨ੍ਹਾਂ ਨੇ ਅਗਲੇ ਦਿਨ ਪੰਜ ਸਟੈਂਡਰਡ ਏਕੜ ਤੋਂ ਘਟ ਕਰਨ ਦੀ ਕੋਸ਼ਿਸ਼ ਕੀਤੀ ਹੈ ਇਸ ਲਈ ਮੈਂ ਦਰਖ਼ਾਸਤ ਕਰਾਂਗਾ ਕਿ ਪੰਜ ਸਟੈਂਡਰਡ ਏਕੜ ਨੂੰ ਘਟਾਉ ਨਾ । ਸਪੀਕਰ ਸਾਹਿਬ, ਮੇਰਾ ਮਤਲਬ ਇਹ ਹੈ ਕਿ ਇਸ ਵਿੱਚ ਕਨਫ਼ਿਊਜ਼ਨ ਨਹੀਂ ਹੋਣੀ ਚਾਹੀਦੀ। ਪੰਜ ਸਟੈਂਡਰਡ ਏਕੜ ਮਾਪ ਨਾਲ ਨਹੀਂ ਮਿਣਿਆ ਜਾਂਦਾ । ਇਹ ਜ਼ਮੀਨ ਤੇ ਜ਼ਮੀਨ ਦੀ ਕਿਸਮ ਉਤੇ ਹੈ । ਜਿਨ੍ਹਾਂ ਰਕਬਾ ਸਟੈਂਡਰਡ ਏਕੜ ਹੁੰਦਾ ਹੈ ਉਨਾਂ ਹੀ ਆਰਡੀਨਰੀ ਏਕੜ ਦਾ ਨਹੀਂ ਹੁੰਦਾ ਹੈ । ਇਸ ਲਈ ਸਾਡੀ ਮਨਸ਼ਾ ਇਹ ਹੈ ਕਿ ਅਸੀਂ ਇਕ ਮੁਕੱਰਰ ਯੂਨਿਟ ਵਾਲੇ ਆਦਮੀ ਨੂੰ ਰਿਲੀਫ ਦੇਣਾ ਹੈ । ਇਕ ਕੋਲ ਪੰਜ ਸਟੈਂਡਰਡ ਏਕੜ ਜ਼ਮੀਨ ਹੈ ਉਹਨੂੰ ਰਿਲੀਫ ਦੇਣਾ ਹੈ । ਦੂਜੇ ਪਾਸੇ ਨਿਕੰਮੀ ਕਿਸਮ ਦੀ ਦਸ ਏਕੜ ਜ਼ਮੀਨ ਵਾਲੇ ਨੂੰ ਉਸਦੀ ਆਮਦਨੀ ਤੇ ਰਿਲੀਫ਼ ਦੇਣਾ ਹੈ । ਪੰਜ ਸਟੈਂਡਰਡ ਏਕੜ ਨੂੰ ਆਰਡੀਨਰੀ ਏਕੜ ਨਹੀਂ ਗਿਣ ਲੈਣਾ ਚਾਹੀਦਾ ਹੈ । ਪਟਵਾਰੀ ਬਿਲਕੁਲ ਠੀਕ ਹਿਸਾਬ ਕਰਕੇ ਨਹੀਂ ਦਿੰਦੇ । ਹਰ ਇਕ ਆਦਮੀ ਉਤੇ ਮਾਮਲਾ ਲਗੇਗਾ । ਜਿਸ ਦੇ ਕੋਲ ਇਕ ਜਾਂ ਦੋ ਆਰਡੀਨਰੀ ਏਕੜ ਜ਼ਮੀਨ ਹੈ ਉਸਦਾ ਮਾਮਲਾ ਮੁਆਫ ਹੋਇਆ ਕਰੇਗਾ ਬਾਕੀ ਸਭਨਾਂ ਨੂੰ ਲਗਿਆ ਕਰੇਗਾ ਗਿੱਲ ਨੇ ਸਟੇਜਾਂ ਤੇ ਤਕਰੀਰਾਂ ਕੀਤੀਆਂ ਕਿ ਅਸੀ ਕਿਸਾਨਾਂ ਲਈ ਬਹੁਤ ਕੁਝ ਕੀਤਾ ਹੈ । ਜੇ ਤੁਸੀਂ ਜ਼ਿਆਦਾ ਨਹੀਂ ਕਰ ਸਕਦੇ ਤਾਂ ਕਮ ਸੇ ਕਮ ਸਟੈਂਡਰਡ ਏਕੜ ਨੂੰ ਉਸੇ ਤਰ੍ਹਾਂ ਮੇਨਟੇਨ ਕੀਤਾ ਜਾਏ। ਇਸਨੂੰ ਆਰਡੀਨਰੀ ਏਕੜ ਵਿਚ ਤਬਦੀਲ ਨਹੀਂ ਕਰਨਾ ਚਾਹੀਦਾ ।

ਸ਼੍ਰੀ ਸਪੀਕਰ : ਪਟਵਾਰੀ ਤੋਂ ਤਾਂ ਫੇਰ ਵੀ ਨਹੀਂ ਬਚਣ ਲਗੇ । (Even then, they can not escape the Patwaris), (Noise)

ਮੁੱਖ ਮੰਤਰੀ (ਸਰਦਾਰ ਲਛਮਣ ਸਿੰਘ ਗਿਲ) : ਸਪੀਕਰ ਸਾਹਿਬ, ਡਿਪਾਰਟਮੈਂਟ ਦੀ ਰਿਪੋਰਟ ਅਨੁਸਾਰ ਮੁਰਬੇਬੰਦੀ ਘੁਮਾਵਾਂ ਵਿਚ ਹੋਈ ਹੈ । ਕੰਸਾਲੀਡੇਸ਼ਨ ਤੋਂ ਬਾਦ ਹੀ ਜ਼ਮੀਨ ਬਣੀ ਹੈ । (ਸ਼ੋਰ) ਸਾਡਾ ਮਕਸਦ ਪੰਜ ਸਟੈਂਡਰਡ ਏਕੜ ਦਾ ਹੀ ਹੈ ।

ਸ਼੍ਰੀ ਸਪੀਕਰ : ਜਿਹੜੀ ਸ਼ਹਿਰੀਆਂ ਕੋਲ ਜ਼ਮੀਨ ਹੈ ਉਹਦੀ ਬਹੁਤ ਜ਼ਿਆਦਾ ਕੀਮਤ ਹੈ–ਇਕ ਹਜ਼ਾਰ ਜਾਂ ਦੋ ਹਜ਼ਾਰ ਫ਼ੀ ਮਰਲੇ ਦੀ ਕੀਮਤ ਹੈ । ਇਹ ਵੀ ਖ਼ਿਆਲ ਵਿਚ ਰਖਿਆ ਜਾਵੇ that is better(The cost of urban land is very high. It ranges between one thousand to two thousand rupees per marla. It should also be kept in view. That is better.

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਹੈਲਪਲੈਸ ਹਾਂ । ਜਿਥੋਂ ਤਕ ਮਸਲੇ ਨੂੰ ਮੁਆਫ਼ ਕਰਨ ਦਾ ਤੁਅੱਲਕ ਹੈ ਚਾਹੇ ਜ਼ਮੀਨ ਪਿੰਡ ਵਿਚ ਹੋਵੇ ਭਾਵੇਂ ਸ਼ਹਿਰ ਵਿਚ ਹੋਵੇ ਪੰਜ ਸਟੈਂਡਰਡ ਏਕੜ ਨੂੰ ਮੱਦੇ ਨਜ਼ਰ ਰਖਕੇ ਹੀ ਸੱਤ ਸਾਧਾਰਣ ਏਕੜ ਰਖਿਆ ਹੈ । (ਸ਼ੋਰ)

ਰਿੰਗ ਰੋਡ ਬਣਾਉਣ ਸਬੰਧੀ ਉਥੇ ਬੈਠੇ ਹਨ ਮੇਰੇ ਭਰਾ ਸਰਦਾਰ ਦਰਬਾਰਾ ਸਿੰਘ ਜੀ, ਜੋ ਕਿ ਤਿੰਨ ਸਾਲਾਂ ਤੋਂ ਕਹਿ ਰਹੇ ਸੀ, ਉਹ ਕੰਮ ਕੀਤਾ ਹੈ । ਪੰਜ ਸਟੈਂਡਰਡ ਏਕੜ ਦੇ ਹਿਸਾਬ ਨੂੰ ਮੁੱਖ ਰਖਕੇ ਹੀ ਸੱਤ ਏਕੜ ਰਖਿਆ ਹੈ ।

ਪੰਜ ਸਟੈਂਡਰਡ ਏਕੜ ਨਾਲ ਬਹੁਤ ਸਾਰੀਆਂ ਮੁਸ਼ਕਲਾਂ ਪੇਸ਼ ਆਉਂਦੀਆਂ ਸਨ । ਇਸ ਵਾਸਤੇ ਇਸ ਡਿਫ਼ੀਕਲਟੀ ਨੂੰ ਦੂਰ ਕਰਨ ਵਾਸਤੇ 5 ਸਟੈਂਡਰਡ ਏਕੜ ਦੀ ਬਜਾਏ 7 ਆਰਡੀ-ਨਰੀ ਏਕੜ ਕੀਤਾ ਜਾ ਰਿਹਾ ਹੈ (ਵਿਘਨ) । ਜਿਸ ਤਰ੍ਹਾਂ ਸਰਦਾਰ ਦਰਬਾਰਾ ਸਿੰਘ ਨੇ ਜ਼ਿਕਰ ਕੀਤਾ ਹੈ, ਇਨ੍ਹਾਂ ਦੀ ਜ਼ਮੀਨ ਦੀ ਕੀਮਤ ਘੱਟ ਹੈ ।

ਸ੍ਰੀ ਸਪੀਕਰ : ਕਈ ਥਾਈਂ ਜ਼ਮੀਨ ਦੀ ਕੀਮਤ ਦੋ ਆਨੇ ਹੈ, ਕਈ ਥਾਈਂ ਚਾਰ ਆਨੇ ਹੈ ਔਰ ਕਈ ਥਾਈਂ 6 ਆਨੇ ਹੀ ਹੈ, ਉਥੇ ਤੁਹਾਡੀ ਕੀ ਹਾਲਤ ਹੋਵੇਗੀ । (What would you do for the pieces of land of different values ? At some places it is valued at 2 annas, at other places 4 annas and at some other places 6 annas.)

ਮੁੱਖ ਮੰਤਰੀ : 7 ਆਰਡੀਨਰੀ ਏਕੜ ਨਾਲ ਇਹ ਮਸਲਾ ਹੱਲ ਹੋ ਜਾਵੇਗਾ ।

ਸ੍ਰੀ ਸਪੀਕਰ : ਇਸ ਤਰ੍ਹਾਂ ਜਿਸਦੀ ਕੀਮਤ ਰੁਪਿਆ ਹੈ, ਉਥੇ ਸਟੈਂਡਰਡ ਏਕੜ ਘਟਣਗੇ । (By adopting this procedure the number of standard acres of that piece of land which is valued at rupee one will be reduced.)

ਮੁੱਖ ਮੰਤਰੀ : ਕੁਝ ਘਟਣਗੇ ਔਰ ਕੁਝ ਵਧਣਗੇ ਵੀ ।

ਸ੍ਰੀ ਸਪੀਕਰ : ਅਜਿਹੇ ਏਕੜ ਜਿਨ੍ਹਾਂ ਦੀ ਕੀਮਤ ਰੁਪਿਆ ਹੈ, ਉਹ ਵੀ 7 ਆਰਡੀਨਰੀ ਏਕੜ ਲੈ ਜਾਣਗੇ । ਜਿਸ ਦੀ ਚਾਰ ਆਨੇ ਹੈ ਉਹ ਵੀ 7 ਏਕੜ ਲੈ ਜਾਣਗੇ । ਇਹ ਕਿਸ ਤਰ੍ਹਾਂ ਹੋਵੇਗਾ ? (Then there will be 7 ordinary acres of land of the value of rupee one per acre and also 7 acres of land of the value of annas 4 per acre. How will it be managed ?)

ਮੁੱਖ ਮੰਤਰੀ : ਅਜਿਹੀ ਗੱਲ ਨਹੀਂ ਹੋਵੇਗੀ । ਮੇਰੀ ਰਾਏ ਹੈ ਕਿ ਇਸਨੂੰ ਐਵੇਂ ਕੰਟਰੋਵਰਸ਼ੀਅਲ ਨਾ ਬਣਾਉ । ਜਿਹੜਾ ਸਟੈਂਡਰਡ ਏਕੜ ਸੀ ਉਹ ਰੀਹੈਬਲੀਟੇਸ਼ਨ ਦਾ ਸੀ । ਇਸ ਲਈ (ਵਿਘਨ) (ਇਸ ਵਕਤ ਬਹੁਤ ਸਾਰੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋਏ) । (ਨੋ ਨੋ ਦੀਆਂ ਆਵਾਜ਼ਾਂ) ।

ਗਿਆਨੀ ਬਖ਼ਤਾਵਰ ਸਿੰਘ ਰਾਏ (ਗੁਰ ਹਰ ਸਹਾਇ) : ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਜੇ ਰੇਵਿਨਿਊ ਮਨਿਸਟਰ ਨੇ ਖ਼ੁਦ ਜ਼ਮੀਨ ਤੇ ਕੰਮ ਕੀਤਾ ਹੁੰਦਾ ਤਾਂ ਉਹ ਲੋਕਾਂ ਨੂੰ ਸਮਝਾ ਸਕਦੇ । ਅਰਜ਼ ਇਹ ਹੈ ਕਿ ਰੀਹੈਬਲੀਟੇਸ਼ਨ ਦੀ ਜੋ ਸੈਟਲਮੈਂਟ ਹੋਈ ਹੈ ਉਹ 16 ਆਨੇ ਸਟੈਂਡਰਡ ਗਿਣੀ ਜਾਂਦੀ ਹੈ। ਇਸ ਤਰ੍ਹਾਂ ਬਹੁਤ ਸਾਰੀਆਂ ਜ਼ਮੀਨਾਂ ਦੀਆਂ ਕੀਮਤਾਂ ਵਧ ਜਾਂਦੀਆਂ ਹਨ। ਇਹ ਜੋ 5 ਸਟੈਂਡਰਡ ਏਕੜ ਦੀ ਥਾਂ 7 ਏਕੜ ਕਰ ਰਹੇ ਹਨ ਇਹ ਬਿਲਕੁਲ ਠੀਕ ਨਹੀਂ। ਜਿਸ ਵੇਲੇ ਕੋਈ ਆਦਮੀ ਖੂਹ ਤੇ ਟਿਊਬਵੈਲ ਲਗਾਉਂਦਾ ਹੈ ਉਹ ਸਾਰੀ ਜ਼ਮੀਨ ਸਾਢੇ ਤਿੰਨ ਸਟੈਂਡਰਡ ਏਕੜ ਬਣੇਗੀ। ਪਟਵਾਰੀ ਵੀ ਕਿਸਾਨ ਨੂੰ ਤੰਗ ਕਰਗਾ ਅਤੇ ਉਸ ਨੂੰ ਜੋ ਰਿਆਇਤ ਮਿਲਣੀ ਚਾਹੀਦੀ ਹੈ ਉਹ ਨਹੀਂ ਮਿਲੇਗੀ। ਇਸ ਲਈ ਇਹ ਜੋ 5 ਸਟੈਂਡਰਡ ਏਕੜ ਦੀ ਬਜਾਏ 7 ਆਰਡੀਨਰੀ ਏਕੜ ਕਰ ਰਹੇ ਹਨ, ਇਸ ਨਾਲ ਕਿਸਾਨਾਂ ਵਿਚ ਹਾਹਾਕਾਰ ਮਚੇਗੀ ਅਤੇ ਕੁਰੱਪਸ਼ਨ ਵਧੇਗੀ। ਤੁਹਾਨੂੰ ਚਾਹੀਦਾ ਹੈ ਕਿ ਜ਼ਮੀਨ ਦੀ ਕੀਮਤ ਮੁਕੱਰਰ ਕਰ ਦਿਉ। ਕਿਉਂਕਿ ਤੁਹਾਨੂੰ ਪਤਾ ਹੈ ਕਿ ਜ਼ਮੀਨ ਦੀ ਕੀਮਤ ਘੱਟਦੀ ਵੱਧਦੀ ਰਹਿੰਦੀ ਹੈ। ਜਿਹੜੀ ਜ਼ਮੀਨ 3 ਸਾਲ ਬੰਜਰ ਪਈ ਰਹਿੰਦੀ ਹੈ ਉਸ ਨੂੰ ਕੋਈ ਨਹੀਂ ਵਾਹੁਣਾ ਚਾਹੁੰਦਾ (ਵਿਘਨ)। ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜ ਸਟੈਂਡਰਡ ਏਕੜ ਰੀਹੈਬਲੀਟੇਸ਼ਨ ਡੀਪਾਰਟਮੈਂਟ ਨੇ ਦੱਸੀ ਉਨ੍ਹਾਂ ਨੇ 16 ਆਨੇ ਲਗਾ ਕੇ ਅਲਾਟਮੈਂਟ ਕੀਤੀ ਹੈ। ਇਸ ਹਿਸਾਬ ਨਾਲ ਕਿਸਾਨ ਮਜਬੂਰ ਹੋ ਜਾਵੇਗਾ ਔਰ ਪਟਵਾਰੀਆਂ ਨੂੰ ਵੀ ਇਸ ਨਾਲ ਮੁਸ਼ਕਲ ਹੋ ਜਾਵੇਗੀ।

ਕੈਪਟਨ ਰਤਨ ਸਿੰਘ (ਗੜ੍ਹਸ਼ੰਕਰ) : ਸਪੀਕਰ ਸਾਹਿਬ, ਜਿਵੇਂ ਕਿ ਇਸ ਬਿਲ ਦੀ ਸਟੇਟਮੈਂਟ ਆਫ਼ ਆਬਜੈਕਟਸ ਐਂਡ ਰੀਜ਼ਨਜ਼ ਵਿਚ ਲਿਖਿਆ ਹੈ ਕਿ ਮਹਿਕਮੇ ਨੇ ਪਹਿਲੀ ਜੋ 5 ਸਟੈਂਡਰਡ ਏਕੜ ਦੀ ਲਿਮਿਟ ਮੁਕੱਰਰ ਕੀਤੀ ਸੀ ਉਸ ਦੀ ਇੰਪਲੀਮੈਂਟੇਸ਼ਨ ਵਿਚ ਕੁਝ ਦਿੱਕਤਾਂ ਮਹਿਸੂਸ ਕੀਤੀਆਂ ਸੋ ਇਨ੍ਹਾਂ ਨੇ ਫੈਸਲਾ ਕੀਤਾ ਕਿ 5 ਸਟੈਂਡਰਡ ਏਕੜ ਦੀ ਬਜਾਏ ਲਿਮਿਟ 7 ਆਰਡੀਨਰੀ ਏਕੜ ਕਰ ਦਿਤੀ ਜਾਵੇ। ਸੋ ਇਹ ਬਿਲ ਮਹਿਕਮੇ ਦੀ ਸਹੂਲਤ ਨੂੰ ਮੁਖ ਰੱਖਕੇ ਲਿਆਏ ਹਨ। (ਵਿਘਨ) ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਹ ਬਿਲ ਲਿਆਉਣ ਲੱਗਿਆਂ ਸਰਕਾਰ ਵਿਚ ਜਿਹੜੇ ਸਾਡੇ ਜ਼ਿਲ੍ਹੇ ਦੇ ਮਨਿਸਟਰਜ਼ ਹਨ, ਉਨ੍ਹਾਂ ਨੇ ਇਸ ਨੂੰ ਧਿਆਨ ਨਾਲ ਨਹੀਂ ਦੇਖਿਆ। ਕਿਉਂਕਿ ਇਸ ਦਾ ਸਭ ਤੋਂ ਜ਼ਿਆਦਾ ਨੁਕਸਾਨ ਸਾਡੇ ਜ਼ਿਲ੍ਹੇ ਦੇ ਲੋਕਾਂ ਨੂੰ ਹੋਵੇਗਾ। ਜਿਥੇ ਪਹਿਲਾਂ 5 ਸਟੈਂਡਰਡ ਏਕੜ ਤੱਕ ਰਿਆਇਤ ਸੀ ਉਥੇ ਸਾਡੇ ਜ਼ਿਲ੍ਹੇ ਦੇ ਕਈ ਲੋਕਾਂ ਨੂੰ 30-35 ਏਕੜ ਤੱਕ ਇਹ ਰਿਆਇਤ ਮਿਲ ਜਾਂਦੀ ਸੀ ਪਰ ਹੁਣ 7 ਆਰਡੀਨਰੀ ਏਕੜ ਕਰ ਦੇਣ ਨਾਲ ਇਹ ਰਿਆਇਤ ਉਨ੍ਹਾਂ ਕੋਲੋਂ ਖੁਸ ਜਾਵੇਗੀ। ਇਸ ਲਈ, ਮੈਂ ਕਹਾਂਗਾ ਕਿ ਸਰਕਾਰ ਇਕ ਹੱਥ ਨਾਲ ਦਿੰਦੀ ਹੈ ਔਰ ਦੂਜੇ ਹੱਥ ਨਾਲ ਖੋਹ ਲੈਂਦੀ ਹੈ। ਸਰਕਾਰ ਨੇ ਜੋ ਨਾਮਣਾ ਖੱਟਿਆ ਹੋਇਆ ਸੀ ਉਸ ਨੂੰ ਹੁਣ ਖ਼ਰਾਬ ਨਹੀਂ ਕਰ ਲੈਣਾ ਚਾਹੀਦਾ। ਸੋ ਮੈਂ ਅਰਜ਼ ਕਰਦਾ ਹਾਂ ਕਿ ਇਹ ਮਹਿਕਮੇ ਦੀ ਤਕਲੀਫ਼ ਤਾਂ ਦੇਖਦੇ ਹਨ ਪਰ ਲੋਕਾਂ ਦੀ ਤਕਲੀਫ਼ ਵੱਲ ਧਿਆਨ ਨਹੀਂ ਦਿੰਦੇ।

(ਵਿਘਨ)

ਮੇਰੀ ਅਰਜ਼ ਇਹ ਹੈ ਕਿ ਅਸੀਂ ਮਹਿਕਮੇ ਦੀ ਤਕਲੀਫ਼ ਲਈ ਇਥੇ ਨਹੀਂ ਆਏ। ਅਸੀਂ ਪਬਲਿਕ ਦੀਆਂ ਤਕਲੀਫ਼ਾਂ ਨੂੰ ਦੂਰ ਕਰਨ ਲਈ ਇਥੇ ਆਏ ਹਾਂ। ਇਸ ਲਈ ਇਹ ਬਿਹਤਰ ਹੋਵੇਗਾ ਕਿ ਇਹ ਇਸ ਬਿੱਲ ਨੂੰ ਵਾਪਿਸ ਲੈ ਲੈਣ ਕਿਉਂਕਿ ਇਸ ਦੇ ਪਾਸ ਕਰਨ ਨਾਲ ਲੋਕ ਦੀਆਂ ਤਕਲੀਫ਼ਾਂ ਵਧਣਗੀਆਂ ਔਰ 5 ਸਟੈਂਡਰਡ ਏਕੜ ਦੀ ਲਿਮਿਟ ਜੋ ਪਹਿਲਾਂ ਪਾਸ ਹੋਈ ਹੋਈ ਹੈ ਉਹੀ ਰਹਿਣ ਦੇਣ। (ਪ੍ਰਸੰਸਾ)। ਸਗੋਂ ਮੈਂ ਤਾਂ ਕਹਾਂਗਾ ਕਿ ਜੇ ਤੁਸੀਂ ਕੋਈ ਚੇਂਜ

ਕਰਨੀ ਹੀ ਹੈ ਤਾਂ ਇਹ ਲਿਮਿਟ 10 ਸਟੈਂਡਰਡ ਏਕੜ ਤੱਕ ਕਰ ਦਿਉ । ਅਗਰ ਇਹ ਨਹੀਂ ਕਰਨਾ ਤਾਂ ਇਹ ਤਾਂ ਨਾ ਕਰੋ ਕਿ ਜੋ ਰਿਆਇਤ ਤੁਸੀਂ ਅੱਗੇ ਦਿਤੀ ਹੋਈ ਹੈ ਉਹ ਵੀ ਖੋਹ ਲਵੋ । ਇਸ ਲਈ, ਮੈਂ ਸਰਕਾਰ ਅੱਗੇ ਬੇਨਤੀ ਕਰਾਂਗਾ ਕਿ ਉਹ ਇਸ ਬਿੱਲ ਨੂੰ ਵਾਪਿਸ ਲੈ ਲੈਣ। ਮੈਂ ਆਪਦਾ ਮਸ਼ਕੂਰ ਹਾਂ ।

ਮੁੱਖ ਮੰਤਰੀ : ਗੱਲ ਇਹ ਹੈ ਕਿ ਜਿਹੜਾ ਇਸ ਬਿਲ ਦਾ ਮਕਸਦ ਹੈ ਉਸ ਨੂੰ ਐਵੇਂ ਹੀ ਖਾਹ ਮਖਾਹ ਦੂਜੇ ਪਾਸੇ ਲਈ ਜਾ ਰਹੇ ਹਨ । ਮੈਂ ਹੁਣ ਵੀ ਕਹਿੰਦਾ ਹਾਂ ਕਿ 7 ਏਕੜ ਦੀ ਐਵਰੇਜ 5 ਸਟੈਂਡਰਡ ਏਕੜ ਦੇ ਬਰਾਬਰ ਹੀ ਹੁੰਦੀ ਹੈ ।

ਕੁਝ ਆਨਰੇਬਲ ਮੈਂਬਰ : ਗ਼ਲਤ ।

ਮੁੱਖ ਮੰਤਰੀ : ਗਵਰਨਮੈਂਟ ਦਾ ਮਨਸ਼ਾ ਇਸ ਨੂੰ ਬਿਲਕੁਲ 5 ਸਟੈਂਡਰਡ ਏਕੜ ਤੋਂ ਘਟਾਉਣ ਦਾ ਨਹੀਂ ਹੈ । ਅਗਰ ਫਿਰ ਵੀ ਇਨ੍ਹਾਂ ਨੂੰ ਖਿਆਲ ਹੈ ਕਿ ਇਸ ਦੇ ਨਾਲ ਜਿਹੜੀ ਰਿਲੀਫ਼ ਅੱਗੇ ਦਿੱਤੀ ਗਈ ਹੈ ਉਹ ਘਟਦੀ ਹੈ ਤਾਂ ਮੈਂ ਇਸ ਬਿਲ ਨੂੰ ਵਿਦਡਰਾ ਕਰ ਲੈਂਦਾ ਹਾਂ (ਹੀਅਰ, ਹੀਅਰ ਦੀਆਂ ਆਵਾਜ਼ਾਂ) ਮੈਂ ਇਹ ਬਿਲ ਵਿਦਡਰਾ ਕਰ ਲਿਆ ਹੈ । (ਪ੍ਰਸ਼ੰਸਾ)

ਸ੍ਰੀ ਸਪੀਕਰ : ਕੀ ਹਾਊਸ ਦੀ ਮਰਜ਼ੀ ਹੈ ਕਿ ਇਸ ਬਿਲ ਨੂੰ ਵਿਦਡਰਾ ਕਰਨ ਦੀ ਇਜਾਜ਼ਤ ਦਿੱਤੀ ਜਾਵੇ ? (Is it the pleasure of the House that leave be granted to withdraw the Bill.)

ਅਵਾਜ਼ਾਂ : ਜੀ ਹਾਂ ।

The leave was granted

Comrade Sat Pal Dang: Very good.

THE PUNJAB ICE PRICE CONTROL BILL, 1968.

Minister for Health (Mahant Ram Parkash Dass) : Sir, I beg to introduce the Punjab Ice Price Control Bill.

Minister for Health : Sir, I beg to move —

That the Punjab Ice Price Control Bill be taken into consideration at once.

Mr. Speaker : Motion moved.

That the Punjab Ice Price Control Bill be taken into consideration at once.

ਪੰਡਤ ਮੋਹਨ ਲਾਲ (ਬਟਾਲਾ) : ਸਪੀਕਰ ਸਾਹਿਬ, ਇਸ ਬਿਲ ਦੇ ਸਬੰਧ ਵਿਚ ਮੈਂ ਆਪਣੇ ਵਿਚਾਰ ਪਰਗਟ ਕਰਨ ਲਈ ਖੜ੍ਹਾ ਹੋਇਆ ਹਾਂ । ਇਹ ਬਿਲ ਨਾ ਸਿਰਫ਼ ਗ਼ੈਰ ਜ਼ਰੂਰੀ ਹੈ ਬਲਕਿ ਇਸ ਬਿਲ ਦੇ ਕੁਝ ਪ੍ਰੋਵੀਜ਼ਨ ਇਤਨੇ ਨਾਵਾਜਬ ਅਤੇ ਕਰੜੇ ਹਨ ਕਿ ਅਗਰ ਇਸ ਸ਼ਕਲ ਵਿਚ ਇਸ ਨੂੰ ਪਾਸ ਕਰ ਦਿਤਾ ਜਾਵੇ ਤਾਂ ਬਜਾਏ ਕਿਸੇ ਨੂੰ ਫ਼ਾਇਦਾ ਹੋਣ ਦੇ ਇਸ ਦੇ ਨਾਲ ਬਹੁਤ ਨੁਕਸਾਨ ਹੋਵੇਗਾ ।

[ਪੰਡਤ ਮੋਹਨ ਲਾਲ]

ਮੈਂ ਕੰਟ੍ਰੋਲਜ਼ ਦੇ ਅਸੂਲਨ ਬਰਖਿਲਾਫ਼ ਨਹੀਂ ਹਾਂ ਅਤੇ ਮੈਂ ਇਸ ਗੱਲ ਨੂੰ ਜਾਣਦਾ ਹਾਂ ਕਿ ਪਲੈਨਡ ਇਕਾਨੋਮੀ ਵਿਚ ਕੰਟ੍ਰੋਲਾਂ ਦੀ ਵੀ ਆਪਣੀ ਜਗਾਹ ਹੈ ਇਸ ਲਈ ਸਿਧਾਂਤ ਰੂਪ ਵਿਚ ਜਿੱਥੇ ਇਸ ਦੀ ਅਸ਼ਦ ਜ਼ਰੂਰਤ ਹੋਵੇ ਉਥੇ ਕੀਮਤ ਜਾਂ ਤਕਸੀਮ ਤੇ ਕੰਟ੍ਰੋਲ ਕਰ ਦਿੱਤਾ ਜਾਵੇ ਤਾਂ ਕੋਈ ਗ਼ੈਰ ਵਾਜਬ ਗੱਲ ਨਹੀਂ। ਲੇਕਿਨ ਦੇਖਣ ਵਾਲੀ ਚੀਜ਼ ਤਾਂ ਇਹ ਹੈ ਕਿ ਇਹ ਜਿਹੜੀ ਨਿਗੂਣੀ ਜਿਹੀ ਕਮਾਡਿਟੀ ਹੈ ਬਰਫ਼—ਪਾਣੀ ਵਿਚ ਪਾ ਕੇ ਪੀਣ ਵਾਲੀ—ਕੀ ਇਸ ਦੀ ਕੀਮਤ ਉਤੇ ਕੰਟ੍ਰੋਲ ਕਰਨਾ ਇਸ ਵੇਲੇ ਜ਼ਰੂਰੀ ਹੈ ? ਮੈਂ ਇਸ ਗੱਲ ਨੂੰ ਤਾਂ ਸਮਝ ਸਕਦਾ ਸੀ ਅਗਰ ਹੋਰ ਚੀਜ਼ਾਂ ਉਤੇ ਵੀ ਇਸ ਕਿਸਮ ਦਾ ਕੰਟ੍ਰੋਲ ਲਾਗੂ ਕੀਤਾ ਗਿਆ ਹੁੰਦਾ। ਉਸ ਹਾਲਤ ਵਿਚ ਇਸ ਉਤੇ ਵੀ ਲਾਗੂ ਕਰ ਦਿੰਦੇ ਤਾਂ ਹਰਜ ਵਾਲੀ ਗੱਲ ਨਹੀਂ ਸੀ। ਲੇਕਿਨ ਇਕ ਪਾਸੇ ਤਾਂ ਅਸੀਂ ਵੇਖਦੇ ਹਾਂ ਖਾਣ ਪੀਣ ਵਾਲੀਆਂ ਜਿਹੜੀਆਂ ਬਹੁਤ ਜ਼ਰੂਰੀ ਚੀਜ਼ਾਂ ਹਨ, ਜਿਨ੍ਹਾਂ ਦੇ ਬਗ਼ੈਰ ਇਨਸਾਨ ਦਾ ਝਟ ਨਹੀਂ ਲੰਘਦਾ, ਜਿਹੜੀਆਂ ਕਿ ਗਰੀਬਾਂ ਦੀ ਜ਼ਿੰਦਗੀ ਵਾਸਤੇ ਨਿਹਾਇਤ ਜ਼ਰੂਰੀ ਹਨ, ਉਨ੍ਹਾਂ ਵਿਚੋਂ ਕਿਸੇ ਵੀ ਚੀਜ਼ ਉਪਰ ਕੋਈ ਕੰਟ੍ਰੋਲ ਨਹੀਂ ਲਾਗੂ ਕੀਤਾ ਹੋਇਆ। ਅਸੀਂ ਵੇਖਦੇ ਹਾਂ ਕਿ ਵੈਜੀਟੇਬਲ ਘਿਉ ਹੈ, ਹੋਰ ਬਹੁਤ ਸਾਰੀਆਂ ਚੀਜ਼ਾਂ ਹਨ, ਉਨ੍ਹਾਂ ਉਤੇ ਕੋਈ ਪ੍ਰਾਈਸ ਕੰਟਰੋਲ ਨਹੀਂ ਹੈ। ਕਿਸੇ ਢੰਗ ਨਾਲ ਕਿਸੇ ਕਾਨੂੰਨ ਦੇ ਨਾਲ ਕੋਈ ਕੰਟ੍ਰੋਲ ਨਹੀਂ। ਹੋਰ ਵੀ ਬਹੁਤ ਸਾਰੀਆਂ ਚੀਜ਼ਾਂ ਹਨ ਜਿਨ੍ਹਾਂ ਦਾ ਇਸ ਵੇਲੇ ਮੈਂ ਤਫ਼ਸੀਲ ਦੇ ਨਾਲ ਨਾਂ ਲੈਣਾ ਜ਼ਰੂਰੀ ਨਹੀਂ ਸਮਝਦਾ ਲੇਕਿਨ ਇਕ ਗੱਲ ਵਾਜ਼ਿਆ ਹੈ ਕਿ ਇਤਨੀ ਮਹਿੰਗਾਈ ਹੋਣ ਦੇ ਬਾਵਜੂਦ ਕਿਸੇ ਵੀ ਖਾਣ ਪੀਣ ਦੀ ਚੀਜ਼ ਹੀ ਨਹੀਂ ਪਹਿਨਣ ਵਾਲੇ ਕਪੜੇ ਉਤੇ ਵੀ ਕੋਈ ਪ੍ਰਾਈਸ ਕੰਟਰੋਲ ਨਹੀਂ। ਹੋਰ ਵੀ ਕਈ ਚੀਜ਼ਾਂ ਹਨ ਜਿਨ੍ਹਾਂ ਕਰਕੇ ਸਾਡਾ ਗਰੀਬ ਲੋਕਾਂ ਦਾ ਝਟ ਨਹੀਂ ਲੰਘਦਾ, ਗੁਜ਼ਾਰਾ ਨਹੀਂ ਹੁੰਦਾ, ਉਨ੍ਹਾਂ ਉਤੇ ਕੰਟਰੋਲ ਲਾਗੂ ਨਹੀਂ ਤਾਂ ਬਰਫ਼ ਉਤੇ ਕੰਟਰੋਲ ਲਾਗੂ ਕਰਨ ਦੀ ਇਸ ਵਕਤ ਕਿਉਂ ਲੋੜ ਪੈ ਗਈ ਹੈ ? ਮੈਨੂੰ ਇਸ ਗੱਲ ਦੀ ਕੁਝ ਜ਼ਿਆਦਾ ਸਮਝ ਨਹੀਂ ਆ ਸਕੀ। ਮੈਂ ਜਾਣਦਾ ਹਾਂ ਅਤੇ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਬਰਫ਼ ਵੇਚਣ ਵਾਲੇ ਵੀ ਕਈ ਨਾਜਾਇਜ਼ ਕੰਮ ਕਰਦੇ ਹਨ, ਜਿਸ ਵੇਲੇ ਗਰਮੀਆਂ ਵਿਚ ਬਹੁਤ ਜ਼ਿਆਦਾ ਲੋੜ ਹੋਵੇ ਉਸ ਵੇਲੇ ਇਸ ਦੀ ਕੀਮਤ ਬਹੁਤ ਜ਼ਿਆਦਾ ਔਰ ਨਾਵਾਜਿਬ ਚਾਰਜ ਕਰਦੇ ਹਨ, ਮੈਂ ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਵਾਕਿਫ਼ ਹਾਂ।

ਸ੍ਰੀ ਸਪੀਕਰ : ਪੰਡਿਤ ਜੀ, ਉਹ ਪੂਲ ਵੀ ਕਰ ਲੈਂਦੇ ਹਨ। (Addressing Shri Mohan Lal : They also make a pool.)

ਪੰਡਤ ਮੋਹਨ ਲਾਲ : ਹਾਂ ਜੀ, ਪੂਲ ਵੀ ਕਰ ਲੈਂਦੇ ਹਨ ਲੇਕਿਨ ਫਿਰ ਵੀ ਇਸ ਕਮਾਡਿਟੀ ਤੋਂ ਬਗ਼ੈਰ ਗ਼ਰੀਬ ਦਾ ਝਟ ਨਿਕਲ ਜਾਂਦਾ ਹੈ। ਕਿਤਨੇ ਗਰੀਬ ਆਦਮੀ ਹਨ ਜੋ ਬਰਫ਼ ਵਰਤਦੇ ਹਨ ? ਉਨ੍ਹਾਂ ਦੇ ਘਰਾਂ ਵਿਚ ਘੜੇ ਤੇ ਸੁਰਾਹੀਆਂ ਹੀ ਹੁੰਦੀਆਂ ਹਨ ਜਿਨ੍ਹਾਂ ਵਿਚ ਉਹ ਪਾਣੀ ਠੰਡਾ ਕਰਕੇ ਪੀਂਦੇ ਹਨ। ਪਿੰਡਾਂ ਵਿਚ ਕਿਥੇ ਬਰਫ਼ ਜਾਂਦੀ ਹੈ ? ਕੌਣ ਪਿੰਡਾਂ ਦੇ ਵਿਚ ਬਰਫ਼ ਦਾ ਪਾਣੀ ਪੀਂਦਾ ਹੈ ? ਇਹ ਬਿਮਾਰੀ ਤਾਂ ਸਿਰਫ਼ ਸ਼ਹਿਰਾਂ ਵਿਚ ਹੀ ਹੈ ਔਰ ਇਥੇ ਵੀ ਬਹੁਤ ਸਾਰੇ ਉਹ ਲੋਕ, ਜਿਨ੍ਹਾਂ ਦੇ ਘਰਾਂ ਵਿਚ ਫਰਿਜ ਹਨ, ਉਹ ਬਰਫ਼ ਖਰੀਦਦੇ ਹੀ ਨਹੀਂ। ਉਹ ਤਾਂ ਫਰਿਜਾਂ ਵਿਚ ਹੀ ਬਰਫ਼ ਬਣਾ ਲੈਂਦੇ ਹਨ। ਸੋ ਮੈਂ ਬਰਫ਼ ਨੂੰ ਕੋਈ ਜ਼ਰੂਰੀ ਚੀਜ਼ ਨਹੀਂ ਸਮਝਦਾ। ਇਸ ਦੇ ਬਗੈਰ ਝਟ ਨਿਕਲ ਸਕਦਾ ਹੈ, ਗੁਜ਼ਾਰਾ ਹੋ ਸਕਦਾ ਹੈ। ਕੁਦਰਤ ਦਾ ਦਿੱਤਾ ਹੋਇਆ ਪਾਣੀ ਘੜੇ ਅਤੇ ਸੁਰਾਹੀਆਂ ਵਿਚ ਹੋਰ ਜ਼ਿਆਦਾ ਠੰਡਾ ਕਰ ਲਉ, ਇਸ ਦੇ ਨਾਲ ਦੀ ਕੋਈ ਚੀਜ਼ ਨਹੀਂ। ਬਰਫ਼ ਤਾਂ ਕਈ ਦਿੱਕਤਾਂ ਅਤੇ ਬਿਮਾਰੀਆਂ ਪੈਦਾ ਕਰਦੀ ਹੈ। ਇਸ ਲਈ, ਮੈਂ

ਬਰਫ ਨੂੰ ਕੋਈ ਅਸੈਨਸ਼ਲ ਕਮਾਡਿਟੀ, ਜ਼ਿੰਦਗੀ ਦਾ ਜ਼ਰੂਰੀ ਜੁਜ਼ ਜਾਂ ਹਿੱਸਾ ਨਹੀਂ ਸਮਝਦਾ। ਇਸ ਕਰਕੇ ਅਗਰ ਤੁਸੀਂ ਬਾਕੀ ਚੀਜ਼ਾਂ ਉਤੇ, ਜਿਨ੍ਹਾਂ ਦੀ ਬਲਕ ਮਾਰਕੀਟ ਹੁੰਦੀ ਹੈ, ਜਿਨ੍ਹਾਂ ਦੀਆਂ ਕੀਮਤਾਂ ਕਈ ਵੇਰ ਦਿਨਾਂ ਵਿਚ ਇਸ ਤਰਾਂ ਚੜ੍ਹ ਜਾਂਦੀਆਂ ਹਨ ਕਿ ਜਿਸ ਦਾ ਅੰਦਾਜ਼ਾ ਕੋਈ ਨਹੀਂ, ਜਿਹੜੀਆਂ ਕਿ ਗਰੀਬਾਂ ਨੂੰ ਟੱਕਰਾਂ ਮਾਰ ਮਾਰ ਵੀ ਨਹੀਂ ਮਿਲਦੀਆਂ ਅਗਰ ਉਨ੍ਹਾਂ ਚੀਜ਼ਾਂ ਦੀ ਪ੍ਰਾਈਸ ਕੰਟ੍ਰੋਲ ਬਾਰੇ ਤੁਸੀਂ ਪਹਿਲਾਂ ਧਿਆਨ ਦਿੱਤਾ ਹੁੰਦਾ ਤਾਂ ਮੈਂ ਸਮਝਦਾ ਕਿ ਬਰਫ਼ ਵਾਲੇ ਪਾਸੇ ਵੀ ਬੇਸ਼ਕ ਧਿਆਨ ਦੇ ਲਉ। ਬਾਕੀ ਦੀਆਂ ਚੀਜ਼ਾਂ ਵੱਲ ਧਿਆਨ ਦਿਤੇ ਬਗੈਰ ਬਰਫ਼ ਵੇਚਣ ਵਾਲੇ ਗਰੀਬਾਂ ਵਲ ਹੀ ਤੁਹਾਡਾ ਧਿਆਨ ਕਿਉਂ ਗਿਆ ਹੈ, ਇਹ ਮੈਂ ਸਮਝ ਨਹੀਂ ਸਕਿਆ।

ਮੁੱਖ ਮੰਤਰੀ : ਕੀ ਬਰਫ ਵੇਚਣ ਵਾਲੇ ਗਰੀਬ ਹਨ ?

ਪੰਡਤ ਮੋਹਨ ਲਾਲ ; ਇਸ ਬਿਲ ਦਾ ਜ਼ਰਾ ਤੁਸੀਂ ਮੁਲਾਹਿਜ਼ਾ ਕਰ ਲਉ। ਇਸ ਦੀ ਜ਼ਦ ਵਿਚ ਕੌਣ ਕੌਣ ਆਉਂਦਾ ਹੈ ? ਮਾਮੂਲੀ ਰਿਹੜੀਆਂ ਵਾਲੇ ਜਿਹੜੇ ਰਿਹੜੀਆਂ ਉਤੇ ਬਰਫ਼ ਵੇਚਦੇ ਹਨ— ਇਸ ਦੀ ਜ਼ਦ ਵਿਚ ਉਹ ਗਰੀਬ ਵੀ ਆ ਜਾਂਦੇ ਹਨ ਜਿਨ੍ਹਾਂ ਦੀ ਦਿਹਾੜੀ ਦੀ ਮੁਸ਼ਕਿਲ ਦੇ ਨਾਲ ਦੋ ਢਾਈ ਜਾਂ ਤਿੰਨ ਰੁਪਏ ਆਮਦਨੀ ਹੈ। ਉਹ ਵੀ ਆਉਂਦਾ ਹੈ ਜਿਸ ਦਾ ਕੰਮ ਹੀ ਸਿਰਫ਼ ਬਰਫ਼ ਪਾ ਕੇ ਸ਼ਰਬਤ ਵੇਚਣਾ ਹੈ। ਤੁਸੀਂ ਇਸ ਬਿਲ ਨੂੰ ਜ਼ਰਾ ਪੜ੍ਹ ਕੇ ਦੇਖੋ ਤਾਂ ਸਹੀ। ਕੀ ਤੁਸੀਂ ਇਸ ਗੱਲ ਤੇ ਵਿਚਾਰ ਵੀ ਕੀਤਾ ਹੈ ਕਿ ਇਸ ਬਿਲ ਵਿਚ ਕੀ ਕੀ ਪ੍ਰਬੰਧ ਕੀਤਾ ਗਿਆ ਹੈ ? ਇਕ ਰਿਹੜੀ ਵਾਲਾ ਬਜ਼ਾਰ ਵਿਚ ਬਰਫ਼ ਵੇਚਦਾ ਹੈ। ਸਰਕਾਰ ਉਸ ਨੂੰ ਕਹੇਗੀ ਕਿ ਤੂੰ ਜਿਹੜੀ ਪੰਜ ਪੰਜ ਪੈਸੇ ਦੀ ਵੀ ਬਰਫ਼ ਵੇਚਦਾ ਹੈਂ ਉਸ ਦਾ ਹਿਸਾਬ ਕਿਤਾਬ ਰਖਣ ਲਈ ਇਕ ਰਜਿਸਟਰ ਰਖ। ਸਰਕਾਰ ਬਰਫ ਦੇ ਹਰ ਇਕ ਡੀਲਰ ਨੂੰ ਕਹੇਗੀ ਕਿ ਤੂੰ ਬਰਫ ਦੀ ਰੋਜ਼ਾਨਾ ਵਿਕਰੀ ਦਾ ਹਿਸਾਬ ਕਿਤਾਬ ਰਖ। ਸਪੀਕਰ ਸਾਹਿਬ, ਅੰਦਾਜ਼ਾ ਲਗਾਉ ਕਿ ਇਕ ਮਾਮੂਲੀ ਸ਼ਰਬਤ ਵੇਚਣ ਵਾਲਾ ਦੁਕਾਨਦਾਰ, ਇਕ ਅੱਤਾਰ ਚਾਰ ਪੰਜ ਰੁਪਏ ਤੋਂ ਜ਼ਿਆਦਾ ਦੀ ਰੋਜ਼ ਦੀ ਵਿਕਰੀ ਨਹੀਂ ਕਰਦਾ। ਸਰਕਾਰ ਉਸ ਕੋਲੋਂ ਵੀ ਮੰਗ ਕਰੇਗੀ ਕਿ ਤੂੰ ਵੀ ਬਰਫ਼ ਦਾ ਹਿਸਾਬ ਕਿਤਾਬ ਰਖ। ਫਿਰ ਸਰਕਾਰ ਇਹ ਕਹੇਗੀ ਕਿ ਬਾਕਾਇਦਾ ਇਕ ਮੁਨੀਮ ਵੀ ਰਖ। ਮੁਨੀਮ ਅਜ ਕਲ੍ਹ ਸੌ ਰੁਪਏ ਮਾਹਵਾਰ ਤੋਂ ਘਟ ਤਨਖਾਹ ਤੇ ਮਿਲਦਾ ਨਹੀਂ। ਇਸ ਦਾ ਮਤਲਬ ਇਹ ਹੋਵੇਗਾ ਕਿ ਸਰਕਾਰ ਉਸ ਦੁਕਾਨਦਾਰ ਨੂੰ ਕਹੇਗੀ ਕਿ ਜੇਕਰ ਤੂੰ ਹਿਸਾਬ ਕਿਤਾਬ ਨਹੀਂ ਰਖ ਸਕਦਾ ਤਾਂ ਹੱਟੀ ਬੰਦ ਕਰਕੇ ਰਿਹੜੀ ਨੂੰ ਵੇਚ ਕੇ ਬੈਠ ਜਾ। ਮਤਲਬ ਇਹ ਹੈ ਕਿ ਉਸ ਸਾਰੀ ਚੀਜ਼ ਨੂੰ ਉਸ ਨੂੰ ਸਰਕਾਰ ਪਾਸੋਂ ਚੈੱਕ ਵੀ ਕਰਾਣਾ ਪਵੇਗਾ। ਤਦ ਹਿਸਾਬ ਕਿਤਾਬ ਦੀ ਚੈਕਿੰਗ ਹੋਵੇਗੀ ਅਤੇ ਜਿਸ ਤਰ੍ਹਾਂ ਇਹ ਹੁੰਦੀ ਹੈ ਉਸ ਤੋਂ ਅਸੀਂ ਸਾਰੇ ਵਾਕਫ ਹਾਂ। ਕੌਣ ਆਮ ਆਦਮੀ ਐਸਾ ਹੈ ਜੋ ਪੂਰੀ ਬਾਕਾਇਦਗੀ ਨਾਲ ਹਿਸਾਬ ਕਿਤਾਬ ਰਖੇ ਅਤੇ ਫਿਰ ਵੀ ਉਸ ਦੇ ਵਿਚੋਂ ਨੁਕਸ ਨਾ ਕਢ ਦਿਤੇ ਜਾਣਗੇ। ਇਸ ਦਾ ਮਤਲਬ ਇਹ ਹੋਇਆ ਕਿ ਆਪ ਐਗਜ਼ੈਕਟਿਵ ਦੇ ਛੋਟੇ ਜਿਹੇ ਕਰਮਚਾਰੀ ਨੂੰ ਵੀ ਐਸੇ ਇਖਤਿਆਰਾਤ ਦੇ ਰਹੇ ਹੋ ਕਿ ਜਿਸ ਨਾਲ ਉਹ ਗਰੀਬ ਨੂੰ ਤੰਗ ਕਰਨ ਦੇ ਸਾਧਨ ਪੈਦਾ ਕਰ ਲਵੇਗਾ। ਗਰੀਬ ਨੂੰ ਤੰਗ ਕਰ ਸਕੇਗਾ ਅਤੇ ਕਈ ਕਿਸਮ ਦੀਆਂ ਨਾਜਾਇਜ਼ ਕਾਰਵਾਈਆਂ ਹੋ ਸਕਦੀਆਂ ਹਨ। ਰੇੜ੍ਹੀ ਵਾਲਿਆਂ ਨੂੰ ਲਿਟੀਗੇਸ਼ਨ ਵਿਚ ਪੈਣਾ ਪਵੇਗਾ ਉਨ੍ਹਾਂ ਦੇ ਖਾਤੇ ਦੇਖੇ ਜਾਣਗੇ। ਉਨ੍ਹਾਂ ਨੂੰ ਕਿਹਾ ਜਾਵੇਗਾ ਕਿ ਤੁਹਾਡਾ ਖਾਤਾ ਤਾਂ ਇਤਨੇ ਤੋਂ ਸ਼ੁਰੂ ਹੁੰਦਾ ਹੈ, ਸ਼ੀਰੇ ਸ਼ਰਬਤ ਵਾਲਿਆਂ ਨੂੰ ਬੈਲੈਂਸ ਸ਼ੀਟ ਕਢਣੀ ਪਵੇਗੀ ਕਿ ਇਤਨੀ ਬਰਫ ਰਾਤ ਨੂੰ ਰਖੀ ਸੀ ਇਤਨੀ ਰਾਤੋ ਰਾਤ ਖੁਰ ਗਈ ਅਤੇ ਇਤਨੀ ਬਾਕੀ ਰਹੀ (ਹਾਸਾ)

Mr. Speaker : Why not at the source ?

ਪੰਡਿਤ ਮੋਹਨ ਲਾਲ: ਅਗਰ ਘਟ ਵਧ ਹੋਈ ਤਾਂ ਕਿਹਾ ਜਾਵੇਗਾ ਕਿ ਅਸੀਂ ਤੇਰਾ ਘੁਲੀ ਹੋਈ ਬਰਫ ਦਾ ਹਿਸਾਬ ਨਹੀਂ ਮੰਨਦੇ ਅਤੇ ਪ੍ਰਾਸੀਕਯੂਟਰ ਕਰ ਦੇਣਗੇ, ਅਤੇ ਪਤਾ ਨਹੀਂ ਉਸਨੂੰ ਬਰਫ ਦੇ ਘੁਲ ਜਾਣ ਦਾ ਅਲਾਊਂਸ ਦਿਤਾ ਜਾਵੇਗਾ ਜਾਂ ਨਹੀਂ। ਅਗਰ ਦਿਤਾ ਜਾਵੇਗਾ ਤਾਂ ਕਿਤਨਾ ? ਮੇਰਾ ਮਤਲਬ ਇਹ ਦਸਣ ਤੋਂ ਇਹ ਹੈ ਕਿ ਇਸਦੇ ਗਲਤ ਇਸਤੇਮਾਲ ਦਾ ਇਹਤਮਾਲ ਹੈ।। ਤੁਸੀਂ ਦੇਖੋ ਸਰਕਾਰ ਨੇ ਇਸ ਵਿਚ ਪ੍ਰਾਸੀਕਯੂਸ਼ਨ ਦੇ ਅਧਿਕਾਰ ਲਏ ਹਨ। ਇਕ ਸਾਲ ਦੀ ਸਜ਼ਾ ਅਤੇ 500 ਰੁਪਏ ਜੁਰਮਾਨਾ ਹੋ ਸਕਦਾ ਹੈ। ਉਨ੍ਹਾਂ ਵਿਚੋਂ ਇੰਨੀ ਕਿਸੇ ਦੀ ਜਾਇਦਾਦ ਵੀ ਨਹੀਂ ਹੋਣੀ। ਖੈਰ ਹੁਣ ਇਹ ਦੇਖਣ ਵਾਲੀ ਗਲ ਹੈ ਕਿ ਪ੍ਰਾਸੀਕਯੂਸ਼ਨ ਕਿਸ ਦੀ ਤਰਫੋਂ ਹੋ ਸਕਦੀ ਹੈ। ਇਹ ਵਿਚਾਰ ਕਰਨ ਦੀ ਗੱਲ ਹੈ। ਇਸ ਵਿਚ ਦਰਜ ਹੈ :

"....by a person who is a public servant as defined in Section 21 of Indian Penal Code." A person who is a public servant as defined in the Penal Code......

ਇਸ ਦਾ ਮਤਲਬ ਹੈ ਕਿ ਹਰ ਕਨਸਟੇਬਲ ਨੂੰ, ਹਰ ਪਟਵਾਰੀ ਅਤੇ ਹਰ ਚਪੜਾਸੀ ਨੂੰ ਆਪ ਅਧਿਕਾਰ ਦੇ ਰਹੇ ਹੋ ਕਿ ਇਹ ਕਿਸੇ ਨੂੰ ਵੀ ਤੰਗ ਕਰ ਸਕੇ। ਸਰਕਾਰ ਨੂੰ ਇਸ ਗੱਲ ਤੋਂ ਇਨਕਾਰ ਨਹੀਂ ਕਿ ਪਬਲਿਕ ਸਰਵੈਂਟ ਦੀ ਡੈਫੀਨੀਸ਼ਨ ਵਿਚ ਹਰ ਪਬਲਿਕ ਸਰਵੈਂਟ ਆਉਂਦਾ ਹੈ, ਹਰ ਤਨਖਾਹਦਾਰ ਮੁਲਾਜ਼ਮ ਆਉਂਦਾ ਹੈ ਭਾਵੇਂ ਉਹ ਛੋਟਾ ਹੋਵੇ ਜਾਂ ਬੜਾ। ਹਰ ਛੋਟੇ ਤੋਂ ਛੋਟਾ ਸਰਕਾਰੀ ਕਰਮਚਾਰੀ ਕਿਸੇ ਵੀ ਡੀਲਰ ਦੀ ਕੰਪਲੇਂਟ ਲਿਖ ਸਕੇਗਾ। ਇਸ ਦਾ ਜੋ ਨਤੀਜਾ ਨਿਕਲੇਗਾ ਉਸ ਤੇ ਸਰਕਾਰ ਨੂੰ ਵਿਚਾਰ ਕਰਨਾ ਚਾਹੀਦਾ ਹੈ। ਫ਼ਰਜ਼ ਕਰੋ ਕੋਈ ਕਨਸਟੇਬਲ ਜਾਂ ਚੌਕੀਦਾਰ ਬਰਫ ਲੈਣ ਜਾਂਦਾ ਹੈ। ਆਪ ਜਾਣਦੇ ਹੋ ਕਿ ਉਸ ਦਾ ਦਿਲ ਪੈਸੇ ਦੇਣ ਨੂੰ ਨਹੀਂ ਕਰਦਾ ਹੁੰਦਾ ਸੋ ਅਗਰ ਰੇੜ੍ਹੀ ਵਾਲੇ ਨੇ ਉਸ ਤੋਂ ਪੈਸੇ ਮੰਗੇ ਤਾਂ ਉਹ ਉਸ ਦੀ ਕੰਪਲੇਂਟ ਲਿਖ ਲਏਗਾ। ਸੋ ਮੈਨੂੰ ਇਹ ਜਾਪਦਾ ਹੈ ਕਿ ਇਹ ਬਿਲ ਇਕ ਹਾਸੋਹੀਣੀ ਜਿਹੀ ਗਲ ਬਣ ਜਾਵੇਗਾ। ਮੈਂ ਇਹ ਗਲ ਦੁਹਰਾ ਕੇ ਕਹਿੰਦਾ ਹਾਂ ਕਿ ਬਰਫ ਕੋਈ ਐਡੀ ਜ਼ਰੂਰੀ ਚੀਜ਼ ਨਹੀਂ ਹੈ, ਇਸ ਤੋਂ ਵਧ ਹੋਰ ਜ਼ਰੂਰੀ ਚੀਜ਼ਾਂ ਹਨ। ਬਰਫ ਦੇ ਬਗੈਰ ਝਟ ਲੰਘ ਸਕਦਾ ਹੈ। ਜੋ ਇਸ ਦੇ ਆਦੀ ਹਨ ਉਨ੍ਹਾਂ ਨੂੰ ਵੀ ਇਸ ਦੇ ਬਿਨਾਂ ਗੁਜ਼ਾਰਾ ਕਰਨਾ ਚਾਹੀਦਾ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਅਜਿਹੀ ਇਨਅਸੈਨਸ਼ੀਅਲ ਚੀਜ਼ ਲਈ ਲੈਜਿਸਲੇਚਰ ਤੋਂ ਕਾਨੂੰਨ ਪਾਸ ਕਰਾਉਣ ਦੀ ਲੋੜ ਨਹੀਂ ਹੈ ਜਿਸ ਤਰ੍ਹਾਂ ਆਪ ਵੈਜੀਟੇਬਲ ਘੀ ਦੀ ਡਿਸਟ੍ਰੀਬਿਊਸ਼ਨ ਐਗਜ਼ੈਕਟਿਵ ਆਰਡਰਜ਼ ਦੇ ਤਹਿਤ ਕਰਦੇ ਹੋ ਅਗਰ ਇਸੇ ਤਰ੍ਹਾਂ ਇਸ ਦੀ ਵੰਡ ਵੀ ਕਰ ਸਕੋ ਤਾਂ ਮੈਨੂੰ ਕੋਈ ਇਤਰਾਜ਼ ਨਹੀਂ ਹੈ। ਇਸ ਲਈ ਇਹ ਬਿਲ ਗੈਰ-ਜ਼ਰੂਰੀ ਹੈ। ਇਸ ਦੇ ਪ੍ਰੋਵਿਜ਼ਨਜ਼ ਅਗਰ ਪਾਸ ਹੋ ਗਏ ਤਾਂ ਲੈਜਿਸਲੇਚਰ ਦਾ ਮਜ਼ਾਕ ਬਣੇਗਾ। ਇਸ ਲਈ ਸਰਕਾਰ ਨੂੰ ਪ੍ਰਾਰਥਨਾ ਕਰਾਂਗਾ ਕਿ ਇਸ ਤੇ ਸੰਜੀਦਗੀ ਨਾਲ ਦੋਬਾਰਾ ਵਿਚਾਰ ਕਰੇ। ਇਹ ਕੋਈ ਬਹੁਤ ਜ਼ਰੂਰੀ ਬਿਲ ਨਹੀਂ ਹੈ ਇਸ ਲਈ ਅਗਰ ਇਸ ਨੂੰ ਵਾਪਸ ਲੈ ਲਵੋ ਤਾਂ ਬਹੁਤ ਚੰਗਾ ਹੋਵੇਗਾ। (ਆਪੋਜੀਸ਼ਨ ਵਲੋਂ ਤਾੜੀਆਂ)

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ (ਬੜਾ ਪਿੰਡ) : ਸਪੀਕਰ ਸਾਹਿਬ, ਪੰਡਤ ਜੀ ਨੇ ਬਿਲ ਦੇ ਖਿਲਾਫ ਬਹੁਤ ਚੰਗਾ ਕੇਸ ਬਿਲਟ ਕੀਤਾ ਹੈ। ਪਰ ਮੇਰਾ ਖਿਆਲ ਹੈ ਕਿ ਇਸ ਦੀ ਮੁਖਾਲਫਤ ਕਰਦੇ ਹੋਏ ਇਕ ਪਾਸੇ ਚਲੇ ਗਏ। ਇਸ ਵਿਚ ਕੋਈ ਸ਼ਕ ਨਹੀਂ ਕਿ ਬਿਲ ਵਿਚ ਕਝ ਅਜਿਹੀਆਂ ਗੱਲਾਂ ਹਨ ਜਿਨ੍ਹਾਂ ਦੀ ਸੁਧਾਈ ਦੀ ਲੋੜ ਹੈ। ਮਗਰ ਪੰਡਤ ਜੀ ਨੇ ਬਿਲ ਦੀ ਵਿਰੋਧਤਾ ਕਰਦੇ ਹੋਏ ਇਕ ਪਾਸੇ ਨੂੰ ਉਕਾ ਹੀ ਭੁਲਾ ਦਿਤਾ। ਉਨ੍ਹਾਂ ਨੇ ਸਾਨੂੰ ਕੁਦਰਤ ਨਾਲ ਸਬੰਧ ਜੋੜਨ ਦੀ ਸਲਾਹ ਦਿਤੀ ਜਦ ਕਿ ਅਜ ਸਾਇੰਸ ਨੇ ਕੁਦਰਤ ਨਾਲ ਜੂਝਣਾ ਸ਼ੁਰੂ ਕੀਤਾ ਹੈ।

ਅਜ ਸਾਨੂੰ ਸਲਾਹ ਦਿੰਦੇ ਹਨ ਕਿ ਘੜੇ ਦਾ ਠੰਡਾ ਪਾਣੀ ਪੀਓ ਅਤੇ ਤੂਤਾਂ ਦੀ ਛਾਂ ਹੇਠਾਂ ਬੈਠੋ। ਅਜ ਸੰਸਾਰ ਸਾਇੰਸ ਦੀ ਮਦਦ ਨਾਲ ਕੁਦਰਤ ਨਾਲ ਜੂਝ ਰਿਹਾ ਹੈ ਅਤੇ ਇਨਸਾਨ ਉਸ ਤੋਂ ਲਾਭ ਉਠਾ ਰਿਹਾ ਹੈ । ਇਹ ਠੀਕ ਹੈ ਕਿ ਸਾਰੇ ਇਸ ਤੋਂ ਲਾਭ ਨਹੀਂ ਉਠਾ ਸਕਦੇ ਮਗਰ ਜੋ ਉਦਮ ਅਸੀਂ ਕਰ ਰਹੇ ਹਾਂ ਉਹ ਫਿਰ ਕਿਸ ਗੱਲ ਲਈ ਕਰ ਰਹੇ ਹਾਂ । ਸਾਇੰਸ ਆਏ ਦਿਨ ਕੁਦਰਤ ਨਾਲ ਘੋਲ ਕਰ ਰਹੀ ਹੈ ਅਤੇ ਜਿੱਤਾਂ ਪ੍ਰਾਪਤ ਕਰ ਰਹੀ ਹੈ ਤਾਂ ਕਿ ਮਨੁਖ ਉਸ ਤੋਂ ਲਾਭ ਉਠਾਵੇ । ਤੁਸੀਂ ਜਾਣਦੇ ਹੋ ਕਿ ਗਰਮੀਆਂ ਦੇ ਦਿਨਾਂ ਵਿਚ ਬਰਫ ਦੇ ਕਾਰਖਾਨਿਆਂ ਵਾਲੇ ਜਾਣ ਬੁਝ ਕੇ ਇਕੱਠੇ ਹੋ ਜਾਂਦੇ ਹਨ ਅਤੇ ਨਾਜਾਇਜ਼ ਫਾਇਦਾ ਉਠਾਉਂਦੇ ਹਨ । ਬਰਫ ਦਾ ਇਸਤੇਮਾਲ ਸਾਰੇ ਗਰੀਬ ਨਹੀਂ ਕਰਦੇ ਪਰ ਆਮ ਮਧ ਸ਼੍ਰੇਣੀ ਦੇ ਲੋਕ ਤਾਂ ਬਰਫ ਦਾ ਇਸਤੇਮਾਲ ਕਰਦੇ ਹਨ। ਪੰਡਤ ਜੀ ਦਾ ਆਪਣਾ ਵੀ ਇਹੀ ਕਲੇਮ ਹੋਵਗਾ ਅਤੇ ਇਹ ਬਰਫ ਦਾ ਇਸਤੇਮਾਲ ਕਰਦੇ ਹੋਣਗੇ। ਬਰਫ ਦੇ ਕਾਰਖਾਨਿਆਂ ਦੇ ਮਾਲਕ ਅਜਾਰੇਦਾਰੀ ਕਰਕੇ ਇਕ ਨਾਜਾਇਜ਼ ਕੀਮਤ ਬੰਨ ਲੈਂਦੇ ਹਨ ਅਤੇ ਉਸ ਕੀਮਤ ਤੋਂ ਘਟ ਤੇ ਬਰਫ ਨਹੀਂ ਦਿੰਦੇ । ਕਈ ਵਾਰ ਡਾਕਟਰ ਦੀ ਸਲਾਹ ਤੇ ਕਿਸੇ ਬੀਮਾਰ ਨੂੰ ਬਰਫ ਦੀ ਲੋੜ ਹੁੰਦੀ ਹੈ ਪਰ ਕਈ ਵਾਰੀ ਉਸ ਨੂੰ ਜਿਸ ਮਹਿੰਗੇ ਭਾ ਤੇ ਬਰਫ ਮਿਲਦੀ ਹੈ ਉਸ ਦਾ ਹਿਸਾਬ ਨਹੀਂ ਹੈ । ਹੋਰ ਵੀ ਲੋਕ ਹੋ ਸਕਦੇ ਹਨ ਜਿਨ੍ਹਾਂ ਨੂੰ ਬਰਫ ਦੀ ਲੋੜ ਹੋਵੇ ਪਰ ਪੰਡਤ ਜੀ ਨੇ ਇਨ੍ਹਾਂ ਦਾ ਖਿਆਲ ਨਹੀਂ ਕੀਤਾ ਅਤੇ ਅਤਾਰਾਂ ਦੀ ਮਿਸਾਲ ਦੇ ਦਿਤੀ। ਪਰ ਅਤਾਰਾਂ ਨੂੰ ਜਾਂ ਸੋਡਾ ਵੇਚਣ ਵਾਲਿਆਂ ਨੂੰ ਹਿਸਾਬ ਕਿਤਾਬ ਰਖਣ ਦੀ ਲੋੜ ਨਹੀਂ ਹੋਵੇਗੀ ਉਹ ਤਾਂ ਉਸ ਦੀ ਕੀਮਤ ਸੋਡੇ ਦੀ ਕੀਮਤ ਵਿਚ ਲਾ ਲਵੇਗਾ । ਗਰਮੀਆਂ ਵਿਚ ਆਬਾਦੀ ਦਾ ਇਕ ਬਹੁਤ ਵਡਾ ਹਿੱਸਾ ਬਰਫ ਦਾ ਇਸਤੇਮਾਲ ਕਰਦਾ ਹੈ ਅਤੇ ਸਿਰਫ ਅਮੀਰ ਹੀ ਨਹੀਂ ਕਰਦੇ। ਇਸ ਦਾ ਪਤਾ ਸੋਢੇ ਵਾਲੀਆਂ ਦੁਕਾਨਾਂ ਤੇ ਜਾ ਕੇ ਲਗ ਸਕਦਾ ਹੈ ਕੋਈ ਉਥੇ ਹੀ ਸੋਢਾ ਪੀਂਦਾ ਹੈ ਤੇ ਕੋਈ ਘਰ ਨੂੰ ਲੈ ਜਾਂਦਾ ਹੈ । ਇਸ ਲਈ ਮੈਂ ਇਸ ਬਿਲ ਦੇ ਇਸ ਹਿੱਸੇ ਨਾਲ ਸਹਿਮਤ ਹਾਂ ਕਿ ਬਰਫ ਦੀ ਕੀਮਤ ਤੇ ਕਿਸੇ ਨਾ ਕਿਸੇ ਕਿਸਮ ਦਾ ਬੰਧੇਜ ਹੋਣਾ ਚਾਹੀਦਾ ਹੈ।

ਜਿਥੇ ਤਾਈਂ ਮਿਲ ਮਾਲਕਾਂ ਦਾ ਤੁਅਲੱਕ ਹੈ ਬਰਫ ਦੀ ਕੀਮਤ ਬਨ੍ਹਣ ਸਮੇਂ ਡਿਪਟੀ ਕਮਿਸ਼ਨਰ ਜਾਂ ਮੁਤਅੱਲਕਾ ਅਫਸਰ ਇਸ ਗਲ ਦਾ ਧਿਆਨ ਰਖੇ ਕਿ ਉਸ ਦੇ ਮੁਨਾਫੇ ਵਿਚ ਕਮੀ ਨਾ ਹੋ ਜਾਵੇ । ਸਾਨੂੰ ਪਤਾ ਹੈ ਕਿ ਕੀਮਤ ਮਕਰਰ ਹੋ ਜਾਣੀ ਚਾਹੀਦੀ ਹੈ ਪਰ ਡਰ ਇਹ ਹੈ ਕਿ

6.00 P.M. ਜਿਹੜੇ ਅਧਿਕਾਰ ਦਿਤੇ ਜਾ ਰਹੇ ਹਨ ਉਹ ਮਿਲ ਮਾਲਕਾਂ ਦੇ ਹਕ ਵਿਚ ਵਰਤੇ ਜਾਣਗੇ। ਕਿਉਂਕਿ ਥੋੜੀ ਬਹੁਤ ਰਿਆਇਤ ਤਾਂ ਹੁੰਦੀ ਹੈ ਕਿ ਬਰਫ ਘਰ ਚਲੀ ਜਾਵੇ ਜਾਂ ਹੋਰ ਸਹੂਲਤ ਦਿਤੀ ਜਾਵੇ ਤੇ ਇਸ ਕਰਕੇ ਕੀਮਤ ਬੰਨ੍ਹਣ ਵੇਲੇ ਹੋ ਸਕਦਾ ਹੈ ਕਿ ਮਿਲ ਮਾਲਕਾਂ ਦਾ ਧਿਆਨ ਰਖਿਆ ਜਾਵੇ ਅਤੇ ਇਸ ਬਿਲ ਦਾ ਮੰਤਵ ਫੌਤ ਹੋ ਜਾਵੇ । ਇਥੇ ਬਰਫ ਦੇ ਘੁਲ ਜਾਣ ਜਾਂ ਪਾਣੀ ਬਣ ਜਾਣ ਦਾ ਡਰ ਨਹੀਂ ਡਰ ਤਾਂ ਇਹ ਹੈ ਕਿ ਕੀਮਤ ਅਗੇ ਨਾਲੋਂ ਉਚੀ ਨਾ ਬੰਨ੍ਹ ਦਿਤੀ ਜਾਵੇ। ਰਹੀ ਗੱਲ ਇਹ ਕਿ ਛੋਟੇ ਦੁਕਾਨਦਾਰ ਜਾਂ ਰੇੜ੍ਹੀ ਵਾਲੇ ਨੂੰ ਤਕਲੀਫ ਨਾ ਹੋਵੇ । ਇਸ ਦੇ ਬਾਰੇ ਵਿਚ ਜੋ ਪੰਡਤ ਮੋਹਨ ਲਾਲ ਜੀ ਨੇ ਕਿਹਾ ਹੈ ਉਸ ਅਨੁਸਾਰ ਸੋਧ ਲੈਣਾ ਚਾਹੀਦਾ ਹੈ ਕਿਉਂਕਿ ਇਸ ਵਿਚ ਤੁਸੀਂ ਬਹੁਤ ਖੁਲ੍ਹੇ ਅਧਿਕਾਰ ਪਬਲਿਕ ਸਰਵੈਂਟ ਨੂੰ ਦੇ ਰਹੇ ਹੋ । ਇੰਨੀ ਖੁਲ੍ਹ ਦੇਣੀ ਠੀਕ ਨਹੀਂ । ਪਬਲਿਕ ਸਰਵੈਂਟ ਦੀ ਪੁਛ ਪੜਤਾਲ ਕਰਨ ਦਾ ਵੀ ਅਧਿਕਾਰ ਅਤੇ ਪ੍ਰਬੰਧ ਇਸ ਵਿਚ ਹੋਣਾ ਚਾਹੀਦਾ ਹੈ । ਜਿਥੇ ਤਕ ਛੋਟੇ ਰੇੜ੍ਹੀ ਵਾਲੇ ਦਾ ਤੁਅੱਲਕ ਹੈ ਇਸ ਪ੍ਰਬੰਧ ਨੂੰ ਰੀਲੈਕਸ ਕਰ ਦਿਉ ਅਤੇ ਉਸ ਤੇ ਇੰਨੀ ਪਾਬੰਦੀ ਨਾ ਲਗਾਉ ਕਿ ਹਿਸਾਬ ਕਿਤਾਬ ਦੇਵੇ । ਕੋਈ ਹੱਦ ਮੁਕਰਰ ਕਰ ਦਿਉ ਕਿ ਦੋ ਸੌ ਰੁਪਏ ਤਕ ਜਾਂ ਦੋ ਕਵਿੰਟਲ ਤਕ ਬਰਫ ਦਾ ਕੰਮ ਕਰੇ ਤਾਂ ਉਸ ਨੂੰ ਰਜਿਸਟਰ ਰਖਣ ਦੀ ਲੋੜ ਨਹੀਂ । ਨਹੀਂ ਤਾਂ ਉਨ੍ਹਾਂ ਨੂੰ ਬਹੁਤ ਤਕਲੀਫ ਹੋਵੇਗੀ ਇਸ ਲਈ

[ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ]

ਜੋ ਪੰਡਤ ਜੀ ਨੇ ਕਿਹਾ ਹੈ ਮੈਂ ਉਸ ਦਾ ਸੱਮਰਥਨ ਕਰਦਾ ਹਾਂ ਕਿ ਇਸ ਤਰ੍ਹਾਂ ਦਾ ਪ੍ਰਬੰਧ ਰਖਣ ਨਾਲ ਅਫ਼ਸਰ ਤੇ ਸਰਕਾਰੀ ਕਰਮਚਾਰੀ ਛੋਟਿਆਂ ਦੀ ਐਵੇਂ ਹੀ ਖਿਚ ਧੂ ਕਰਦੇ ਰਹਿਣਗੇ । ਇਸ ਦਾ ਕਰੈਡਿਟ ਜਿਹੜਾ ਸਰਕਾਰ ਲੈਣਾ ਚਾਹੁੰਦੀ ਹੈ ਉਹ ਖਤਮ ਹੋ ਜਾਵੇਗਾ । ਇਸ ਦੀ ਸੁਧਾਈ ਕਰ ਲਈ ਜਾਵੇ ਤਾਂ ਜੋ ਬਿਲ ਠੀਕ ਬਣ ਸਕੇ । ਫਿਰ ਜਿਹੜਾ ਇਸ ਵਿਚ ਹਰ ਪਬਲਿਕ ਸਰਵੈਂਟ ਨੂੰ ਅਧਿਕਾਰ ਦਿਤਾ ਜਾ ਰਿਹਾ ਹੈ ਇਹ ਠੀਕ ਨਹੀਂ ਹੈ । ਇਸ ਵਿਚ ਤਰਮੀਮ ਲਿਆਣ ਦੀ ਲੋੜ ਹੈ । ਜੇਕਰ ਬਿਲ ਪੇਸ਼ ਕਰਨਾ ਹੈ ਤਾਂ ਇਸ ਵਿਚ ਸੁਧਾਈ ਕਰ ਕੇ ਫਿਰ ਪੇਸ਼ ਕੀਤਾ ਜਾਵੇ । ਇਮਪਰੂਵਮੈਂਟ ਕਰਕੇ ਪੇਸ਼ ਕੀਤਾ ਜਾਵੇ ਤਾਂ ਮੇਰਾ ਖਿਆਲ ਹੈ ਕਿ ਇਸ ਨੂੰ ਪਾਸ ਕਰਨ ਵਿਚ ਕਿਸੇ ਨੂੰ ਵੀ ਇਤਰਾਜ਼ ਨਹੀਂ ਹੋਵੇਗਾ ।

चौधरी बलबीर सिंह (होशियारपुर) : अध्यक्ष महोदय, पंडित मोहन लाल जी ने जो तकरीर की है वह तो

> न इनकार का पहलू है, न इकरार का पहलू है,
> तेरी तकरीर नहरु का बयां मालूम होता है । (हंसी)

इन की तकरीर सुन कर हमें हैरानी हुई है कि एक कांग्रेस का इतना बड़ा लीडर यह बात कहे कि बर्फ अमीर के जीवन का हिस्सा है । अमीर के घर पर तो फ्रिज हैं और इस तरह की और भी चीज़ें हैं लेकिन यह छोटे से छोटे आदमी की भी जरूरत की चीज़ है आज हालत यह है कि बर्फ का फायदा और ब्लैक मारकिट सिर्फ कारखानेदार ही करते हैं और होता यह है कि किसी शहर में अगर चार फैक्ट्रीज़ हैं तो वह पूल कर लेती हैं और तीन फैक्ट्रीज़ बंद रहती हैं और एक चलती है । उस एक फैक्ट्री का फायदा 50 हज़ार या 60 हज़ार या एक लाख तक दूसरी बंद फैक्ट्रियों के मालिक ले जाते हैं । इस बात को जानते हुए बजाए इस बात के कि कांग्रेस वाले खुशी का इज़हार करते उन्हों नें कारखानेदार के हक में बातें करनी शुरू कर दीं । मैं इस बात को समझ नहीं पाया इस में यह बात सब मानते है कि बर्फ की रिटेल की कीमत पर पाबंदी ज़रूर होनी चाहिए और इस के साथ जो होलसेल प्राइस है उस पर भी पाबंदी होनी चाहिए । अगर यह पांबदी न लगाई जाए तो लोगों को दिक्कत का सामना करना पड़ता है । बर्फ एक असैंशल कमाडिटी है और हर एक को इस की ज़रुरत रहती है । कोई आदमी बीमार है तो उस के सिर पर रखने के लिए यह चाहिए । और अगर किसी बड़े लीडर का पारा ऊपर चढ़ जाए तो उस के सर पर इस को रखन से पारा नीचे उतर सकता है । (हंसी)

इस तरह के और कई मकासद के लिए इस की ज़रूरत होती है । इस लिए बर्फ की कीमत ज़रुर मुकरर होनी चाहिए । लेकिन इस के साथ साथ यह भी ज़रूरी है कि कारखानेदारों पर पाबंदी लगाई जाए ताकि वह पूल न कर सकें और पानी की बर्फ को डेढ़ या दो रुपए किलो के हिसाब से न बेचें । आप उस चीज़ का अंदाज़ा लगाएं और उस को रोकने के लिए इस बिल में ज़रूर प्रबंध करें । यहां पर कारखाने

की हिमायत करने वाले मैंबर ने कहा है कि आज कल महंगाई है इस लिए राए दी है कि सुराही का पानी पीना चाहिए। कितनी अजीब सी दलील है। आज आप शहरों में जा कर देखें कि क्या हालत है। गवर्नमैंट ने म्यूनिसिपल कमेटीयों को मजबूर किया है कि जहां पर हाथ के नलके थे वहां पर वाटर वर्क्स का पानी सप्लाई किया जाए और वह पानी इतना गर्म आ रहा है कि अगर उस को सुराही में डाल दिया जाए तो किसी बीमार को पानी देने के लिए वह ठंडा नहीं होगा और बीमार मर जाएगा। और फिर जहां पर पानी में क्लोरीन डाल दी जाती है उस के लिए भी बर्फ की गरमियों में ज़रुरत पड़ती है। मेरा कहने का मतलब यह है कि बर्फ की ज़रुरत गरीब को भी होती है। पंडित जी का क्योंकि ताल्लुक कारखानेदारों से है, इस लिए वह तो चाहते हैं कि कारखाने वाले भाव बेशक डेढ़ रुपए किलो तक कर दें इस पर पाबंदी नहीं होनी चाहिए. इन के दिल की भड़ास किसी और वजह से यहां पर निकल रही है यह ठीक नहीं।

इसी तरह जो डैफिनीशन डीलर की है वह वाज़े नहीं है। उस में रिटेलर और होलसेलर है, ऐवरी डीलर नहीं और जो प्राइस पर कण्ट्रोल किया जा रहा है वह उन दोनों पर ही होगा या हर एक पर। इस के साथ ही बर्फ का मैकसीमम निर्ख भी मुकरर्र किया जाना चाहिए और ऐसा प्रबंध किया जाए कि हिसाब किताब होलसेलर रखे और कारखानेदार को किसी तरह की प्रोटैक्शन न दी जाए। इन सब बातों को सामने रख कर ही इस बिल को लिया जाना चाहिए।

जहां तक प्राईस कंट्रोल का संबंध है, मैं सरकार को मुबारिकबाद देता हूँ लेकिन मैं एक बात कहूंगा कि इन्हों ने जो प्राईस फिक्स की हो उस के बारें में नोटिफिकेशन करना है तो अगर कीमत 30 अप्रैल को फिक्स कर दी जाती है और गज़ट नोटिफिकेशन सितंबर तक नहीं किया जाता तो उस से इस बिल का मकसद फौत हो जाता है क्यों कि सितंबर में गर्मो का सीज़न खत्म हो जाता है। इस लिए, मैं सरकार से यह कहुंगा कि हर गर्म सीज़न के शुरु में जो कीमत मुकर्र की जाए उस के बारे में गज़ट नोटिफिकेशन कर दी जाए ताकि सही मायनों में फायदा हो सके। इन सारी बातों को ध्यान में रख कर इस बिल में तरमीमें कर दी जाऐं।

ਕਾਮਰੇਡ ਸੱਤਪਾਲ ਕਪੂਰ (ਰਾਏ ਪੁਰ) : ਸਪੀਕਰ ਸਾਹਿਬ, ਮੈਂ ਪੰਜਾਬ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਉਸ ਨੇ ਇਹ ਮਸਲਾ ਸਾਹਮਣੇ ਲਿਆਂਦਾ ਹੈ। ਸਪੀਕਰ ਸਾਹਿਬ, ਬਰਫ਼ ਦੇ ਕਾਰਖਾਨੇਦਾਰ ਆਪਸ ਵਿਚ ਪੂਲ ਕਰ ਲੈਂਦੇ ਹਨ ਤੇ ਫਿਰ ਲੋਕਾਂ ਨੂੰ ਲੁਟਦੇ ਹਨ। ਲੋਕਾਂ ਨੂੰ ਉਨ੍ਹਾਂ ਦੀ ਲੁਟ ਤੋਂ ਬਚਾਉਣ ਲਈ ਇਹ ਇਕ ਚੰਗਾ ਕਦਮ ਹੈ। ਹਾਲਤ ਇਹ ਹੈ ਕਿ ਹਰ ਸ਼ਹਿਰ ਵਿਚ ਗਰਮੀ ਦੇ ਵਧਣ ਨਾਲ ਕਾਰਖਾਨੇਦਾਰ ਬਰਫ਼ ਬਣਾਉਣੀ ਘੱਟ ਕਰ ਦਿੰਦੇ ਹਨ। ਉਸ ਨਾਲ ਬਰਫ ਦੀ ਕਿੱਲਤ ਪੈਦਾ ਹੋ ਜਾਂਦੀ ਹੈ ਅਤੇ ਉਸ ਦੀ ਕੀਮਤ ਵਧਾ ਕੇ ਉਹ ਫਾਇਦਾ ਉਠਾਂਦੇ ਹਨ। ਜੇ ਕਿਸੇ ਸ਼ਹਿਰ ਵਿਚ 10 ਕਾਰਖਾਨੇ ਹਨ ਤਾਂ ਗਰਮੀ ਦੇ ਦਿਨਾਂ ਵਿਚ ਸਿਰਫ 2 ਕਾਰਖਾਨੇ ਚਲਦੇ ਹਨ ਤੇ ਬਾਕੀ ਦੇ 8 ਕਾਰਖਾਨੇ ਬੰਦ ਰਹਿੰਦੇ ਹਨ ਅਤੇ ਜਿਹੜੇ ਕਾਰਖਾਨੇ ਚਲ ਰਹੇ ਹਨ ਉਨ੍ਹਾਂ ਕਲੋਂ 60–70 ਹਜ਼ਾਰ ਮੁਨਾਫ਼ਾ ਲੈ ਕੇ ਲੋਕਾਂ ਨੂੰ ਪਰੇਸ਼ਾਨ ਕਰਦੇ ਹਨ।

[ਕਾਮਰੇਡ ਸਤਪਾਲ ਕਪੂਰ]

ਮਿਸਾਲ ਦੇ ਤੌਰ ਤੇ ਜ਼ਿਲਾਂ ਪਟਿਆਲਾ ਵਿਚ ਬਰਫ਼ ਦੇ 18 ਕਾਰਖਾਨੇ ਹਨ ਪਰ ਗਰਮੀਆਂ ਵਿਚ ਸਿਰਫ ਤਿੰਨ ਕਾਰਖਾਨੇ ਚਲਣਗੇ । ਇਕ ਪਟਿਆਲੇ ਵਿਚ ਚਲੇਗਾ, ਦੂਜਾ ਰਾਜਪੁਰੇ ਵਿਚ ਚਲੇਗਾ ਅਤੇ ਤੀਜਾ ਸਮਾਣੇ ਵਿਚ ਚਲੇਗਾ । ਬਾਕੀ ਦੇ ਕਾਰਖਾਨੇ ਬੰਦ ਰਹਿਣਗੇ। ਇਸ ਤਰ੍ਹਾਂ ਬਰਫ ਦੀ ਕਿੱਲਤ ਕਰਕੇ ਬਰਫ ਨੂੰ 1 ਰੁਪਏ ਕਿਲੋ ਅਤੇ ਡੇਢ ਰੁਪਏ ਕਿਲੋ ਦੇ ਹਿਸਾਬ ਨਾਲ ਵੇਚਣਗੇ ਅਤੇ ਇਸ ਤਰ੍ਹਾਂ ਲੋਕਾਂ ਨੂੰ ਐਕਸਪਲਾਇਟ ਕਰਨਗੇ । ਅੱਜ ਸਰਕਾਰ ਨੇ ਇਸ ਬਲੈਕ ਮਾਰਕਿਟਿੰਗ ਨੂੰ ਦੂਰ ਕਰਨ ਲਈ ਕਦਮ ਚੁਕਿਆ ਹੈ। ਪਰ ਇਸ ਐਕਟ ਵਿਚ ਕੁਝ ਖਾਮੀਆਂ ਵੀ ਹਨ ।

ਇਹ ਠੀਕ ਹੈ ਕਿ ਇਹ ਬਿਲ ਲੋਕਾਂ ਨੂੰ ਸਹੂਲੀਅਤ ਪਹੁੰਚਾਉਣ ਲਈ ਲਿਆਂਦਾ ਗਿਆ ਹੈ ਪਰ ਫਿਰ ਵੀ ਮੈਂ ਇਹ ਅਰਜ਼ ਕਰਦਾ ਹਾਂ ਕਿ ਇਸ ਵਿਚ ਜਿਹੜਾ ਹਿਸਾਬ ਕਿਤਾਬ ਰਖਣ ਦੀ ਗਲ ਕਹੀ ਹੈ ਇਹ ਠੀਕ ਨਹੀਂ ਹੈ। ਵੱਡਾ ਡੀਲਰ ਜੋ ਕਿ ਹੋਲਸੇਲ ਬਰਫ਼ ਦਾ ਵਪਾਰ ਕਰਦਾ ਹੈ ਉਸ ਵਾਸਤੇ ਤਾਂ ਇਹ ਹਿਸਾਬ ਕਿਤਾਬ ਰਖਣਾ ਠੀਕ ਹੈ ਪਰ ਛੋਟੇ ਦੁਕਾਨਦਾਰ ਵਾਸਤੇ ਇਹ ਸੰਭਵ ਨਹੀਂ ਹੈ। ਇਸ ਲਈ ਜਿਹੜੇ ਰੇੜ੍ਹੀ ਵਾਲੇ ਹਨ ਜਾਂ ਰੀਟੇਲ ਵਾਲੇ ਦੁਕਾਨਦਾਰ ਹਨ, ਅਤਾਰ ਹਨ ਉਨ੍ਹਾਂ ਤੇ ਸਿਰਫ ਇਹ ਹੀ ਪਾਬੰਦੀ ਲਗਾਈ ਜਾਵੇ ਕਿ ਉਹ ਬਰਫ ਨੂੰ ਨੀਅਤ ਕੀਮਤ ਤੇ ਵੇਚਣ । ਉਨ੍ਹਾਂ ਵਾਸਤੇ ਸਰਕਾਰ ਜੋ ਕੀਮਤ ਮੁਕੱਰਰ ਕਰ ਦੇਵੇ ਉਸ ਤੇ ਉਹ ਬਰਫ ਵੇਚਣ ਤੇ ਜੇ ਉਹ ਵਧ ਕੀਮਤਾਂ ਤੇ ਵੇਚਣ ਤਾਂ ਉਨ੍ਹਾਂ ਨੂੰ ਸਜ਼ਾ ਦਿਤੀ ਜਾਵੇ । ਪਰ ਇਕ ਰੇੜ੍ਹੀ ਵਾਲੇ ਲਈ, ਪਾਣੀ ਵੇਚਣ ਵਾਲੇ ਲਈ ਜਾਂ ਛੋਟੇ ਡਿਪੋ ਵਾਲੇ ਲਈ ਹਿਸਾਬ ਕਿਤਾਬ ਰਖਣਾ ਬਹੁਤ ਮੁਸ਼ਕਲ ਹੋਵੇਗਾ । ਇਸ ਲਈ ਸਿਰਫ ਵੱਡੇ ਡੀਲਰਾਂ ਤੇ ਕਾਰਖਾਨੇ ਵਾਲਿਆਂ ਲਈ ਹਿਸਾਬ ਰਖਣਾ ਜ਼ਰੂਰੀ ਹੋਣਾ ਚਾਹੀਦਾ ਹੈ।

ਜਿਵੇਂ ਕਿ ਮੈਂ ਪਹਿਲਾਂ ਕਿਹਾ ਹੈ ਕਿ ਕਾਰਖਾਨੇਦਾਰ ਪੂਲ ਕਰ ਲੈਂਦੇ ਹਨ । ਪਟਿਆਲਾ ਸ਼ਹਿਰ ਵਿਚ 10 ਕਾਰਖਾਨੇ ਹਨ ਪਰ ਕੰਮ ਇਕ ਕਾਰਖਾਨਾ ਹੀ ਕਰੇਗਾ । ਬਾਕੀ ਬਹਾਨਾ ਬਣਾ ਲੈਂਦੇ ਹਨ ਕਿ ਕਾਰਖਾਨਾ ਖਰਾਬ ਹੈ। ਸਰਕਾਰ ਕੋਲ ਇਹ ਅਧਿਕਾਰ ਹੋਣਾ ਚਾਹੀਦਾ ਹੈ ਕਿ ਉਹ ਅਜਿਹੇ ਕਾਰਖਾਨੇ ਦਾ ਲਾਈਸੈਂਸ ਜ਼ਬਤ ਕਰ ਲਵੇ । ਮੈਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜਿਹੜੇ ਕਾਰਖਾਨੇਦਾਰ ਗਰਮੀਆਂ ਵਿਚ ਆਪਣੇ ਕਾਰਖਾਨੇ ਨਹੀਂ ਚਲਾਉਂਦੇ ਉਨ੍ਹਾਂ ਦੇ ਲਾਈਸੈਂਸ ਜ਼ਬਤ ਕਰ ਲੈਣੇ ਚਾਹੀਦੇ ਹਨ । ਵਡੇ ਡੀਲਰਾਂ ਤੇ ਸਖਤੀ ਹੋਣੀ ਚਾਹੀਦੀ ਹੈ ਪਰ ਰੀਟੇਲ ਡੀਲਰ ਜਿਹੜੇ 5 ਕੁਇੰਟਲ ਜਾਂ 10 ਕਇੰਟਲ ਬਰਫ ਖਰੀਦ ਕੇ ਵੇਚਦੇ ਹਨ, ਉਨ੍ਹਾਂ ਵਾਸਤੇ ਕੇਵਲ ਬਰਫ ਦੇ ਭਾ ਹੀ ਨੀਅਤ ਕਰਨੇ ਚਾਹੀਦੇ ਹਨ —15 ਪੈਸੇ ਕਿਲੋ ਜਾਂ 10 ਪੈਸੇ ਕਿਲੋ।

ਸਪੀਕਰ ਸਾਹਿਬ, ਹਾਲਤ ਇਹ ਹੈ ਕਿ ਜਿਹੜਾ ਕੋਈ ਬਰਫ ਦਾ ਕਾਰਖਾਨਾ ਲਗਾਉਂਦਾ ਹੈ ਉਹ ਸਾਰੇ ਕਾਰਖਾਨੇ ਦੀ ਕੀਮਤ ਇਕ ਸਾਲ ਵਿਚ ਕਢ ਲੈਂਦਾ ਹੈ ਤੇ ਬਾਦ ਵਿਚ ਉਹ ਸਾਰਾ ਨਫਾ ਹੀ ਖਾਂਦਾ ਹੈ । (ਟਿੱਕਾ ਜਗਤਾਰ ਸਿੰਘ ਵਲੋਂ ਵਿਘਨ) ਚਲੋ ਇਕ ਸਾਲ ਵਿਚ ਨਾ ਸਹੀ ਦੋ ਸਾਲਾਂ ਵਿਚ ਹੀ ਸਹੀ, ਤਿੰਨ ਸਾਲਾਂ ਵਿਚ ਹੀ ਸਹੀ । (ਵਿਰੋਧੀ ਬੈਂਚਾਂ ਵਲੋਂ ਥੰਪਿੰਗ) ਸਪੀਕਰ ਸਾਹਿਬ, ਮੇਰੀ ਪਾਰਟੀ ਵਿਚ ਵੀ ਅਜਿਹੇ ਲੋਕ ਹਨ ਜਿਨ੍ਹਾਂ ਨੂੰ ਕਾਰਖਾਨੇਦਾਰਾਂ ਨਾਲ ਹਮਦਰਦੀ ਹੈ, ਮੈਨੂੰ ਇਸ ਗੱਲ ਦਾ ਅਫਸੋਸ ਹੈ ਕਿ ਅਜਿਹੇ ਆਦਮੀ ਮੇਰੀ ਪਾਰਟੀ ਵਿਚ ਹਨ।

ਫਿਰ, ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਬਰਫ਼ ਦੀ ਜਿਹੜੀ ਕੀਮਤ ਮੁਕੱਰਰ ਕੀਤੀ ਜਾਵੇ ਉਹ ਬਰਫ ਦੀ ਲਾਗਤ ਨੂੰ ਧਿਆਨ ਵਿਚ ਰਖਦੇ ਹੋਏ ਮੁਕੱਰਰ ਕਰਨੀ

ਚਾਹੀਦੀ ਹੈ । ਬਰਫ ਬਣਾਉਣ ਦਾ ਤਰੀਕਾ ਬੜਾ ਸੌਖਾ ਹੈ ਕੋਈ ਲੰਮਾ ਸਿਸਟਮ ਨਹੀਂ ਹੈ ਸਿਰਫ਼ ਪਾਣੀ ਹੀ ਫਰੀਜ਼ ਕਰਨਾ ਹੁੰਦਾ ਹੈ । ਕੋਈ ਬਹੁਤੀ ਲੇਬਰ ਨਹੀਂ ਪੈਂਦੀ । ਇਸ ਲਈ ਇਸ ਦੀ ਕੀਮਤ ਬੜੀ ਨੋਮੀਨਲ ਜਿਹੀ ਹੋਣੀ ਚਾਹੀਦੀ ਹੈ। ਪ੍ਰਾਫਿਟ 25% ਤੋਂ ਵੱਧ ਨਹੀਂ ਹੋਣਾ ਚਾਹੀਦਾ । ਇਹ ਨਾ ਹੋਵੇ ਕਿ ਇਸ ਤੇ 100% ਜਾਂ 200% ਪ੍ਰਾਫਿਟ ਦਿਤਾ ਜਾਵੇ । ਲੋਕਾਂ ਨੂੰ ਜਿਥੇ ਸਸਤੀ ਬਰਫ਼ ਮਿਲੇ ਉਥੇ ਛੋਟੇ ਦੁਕਾਨਦਾਰਾਂ ਨੂੰ ਹਿਸਾਬ ਕਿਤਾਬ ਤੋਂ ਬਚਾਣਾ ਬਹੁਤ ਜ਼ਰੂਰੀ ਹੈ ਔਰ ਕਾਰਖਾਨੇਦਾਰਾਂ ਨੂੰ ਕਾਬੂ ਕਰਨ ਦੀ ਲੋੜ ਹੈ ।

ਸ੍ਰੀ ਲਾਲ ਚੰਦ ਸਬਰਵਾਲ (ਜਲੰਧਰ-ਉੱਤਰ): ਸਪੀਕਰ ਸਾਹਿਬ, ਪੰਡਿਤ ਮੋਹਨ ਲਾਲ ਜੀ ਨੇ ਕੁਝ ਗੱਲਾਂ ਕਹੀਆਂ । ਮੈਂ ਸਮਝਦਾ ਹਾਂ ਕਿ ਵਾਕਈ ਉਨ੍ਹਾਂ ਨੇ ਬਹੁਤ ਸਾਰੀਆਂ ਗੱਲਾਂ ਚੰਗੀਆਂ ਦਸੀਆਂ ਹਨ ਪਰ ਇਕ ਦੋ ਗੱਲਾਂ ਵਲ ਮੈਂ ਵੀ ਧਿਆਨ ਦਿਵਾਉਣਾ ਚਾਹੁੰਦਾ ਹਾਂ । ਮੈਂ ਅਰਜ਼ ਕਰਦਾ ਹਾਂ ਕਿ ਗੌਰਮਿੰਟ ਮੇਰੀਆਂ ਗੱਲਾਂ ਵਲ ਧਿਆਨ ਦੇਵੇ ਤਾਂ ਕਿ ਗੌਰਮਿੰਟ ਦਾ ਜੋ ਮਨਸ਼ਾ ਹੈ ਕਿ ਪਬਲਿਕ ਨੂੰ ਸਹੂਲਤ ਮਿਲੇ ਉਹ ਮਨਸ਼ਾ ਸਰਕਾਰ ਦਾ ਪਰਾ ਹੋਵੇ ।

ਸਪੀਕਰ ਸਾਹਿਬ, ਇਨ੍ਹਾਂ ਨੇ ਕਲਾਜ਼ 2 ਵਿਚ ਡਿਸਟ੍ਰਿਕਟ ਮੈਜਿਸਟ੍ਰੇਟ ਬਾਰੇ ਇਹ ਕਿਹਾ ਹੈ ਕਿ

> "District Magistrate means the District Magistrate of the district and includes District Food and Supplies Controllers and District Food and Supplies Officers in their respective jurisdictions and any other officer authorised by the District Magistrate........

ਸਪੀਕਰ ਸਾਹਿਬ, ਇਸ ਵਿਚ ਝਗੜਾ ਇਹ ਪ੍ਰਏਗਾ ਕਿ ਡਿਸਟ੍ਰਿਕਟ ਮੈਜਿਸਟੇਰਟ ਕੀਮਤ 2 ਆਨੇ ਕਿਲੋ ਮੁਕਰੱਰ ਕਰਦਾ ਹੈ ਪਰ ਉਸ ਦਾ ਆਥੋਰਾਈਜ਼ਡ ਪਰਸਨ 3 ਆਨੇ ਮੁਕੱਰਰ ਕਰਦਾ ਹੈ । ਇਸ ਵਿਚ ਅਜਿਹੀ ਕੋਈ ਗੱਲ ਨਹੀਂ ਦਿਤੀ ਗਈ ਕਿ ਉਹ 3 ਆਨੇ ਕੀਮਤ ਮੁਕੱਰਰ ਨਹੀਂ ਕਰ ਸਕਦਾ । ਲੋਕਲ ਤੌਰ ਤੇ ਉਹ ਕੀਮਤ ਵੱਖ ਹੋ ਸਕਦੀ ਹੈ। ਲੋੜ ਇਸ ਗੱਲ ਦੀ ਹੈ ਕਿ ਕੀਮਤ ਮੁਕੱਰਰ ਕਰਨ ਵਾਲੀ ਅਥਾਰਿਟੀ ਇਕੋ ਹੋਣੀ ਚਾਹੀਦੀ ਹੈ ਤੇ ਇਕ ਜ਼ਿਲੇ ਵਿਚ ਕੀਮਤ ਇਕੋ ਜਿਹੀ ਹੋਣੀ ਚਾਹੀਦੀ ਹੈ ।

ਦੂਜੀ ਗੱਲ ਇਹ ਹੈ, ਸਪੀਕਰ ਸਾਹਿਬ, ਕਿ ਜਿਵੇਂ ਸਤਪਾਲ ਜੀ ਨੇ ਅਤੇ ਸੁਰਜੀਤ ਜੀ ਨੇ ਬੋਲਦੇ ਹੋਏ ਕਿਹਾ ਹੈ ਕਿ ਕਾਰਖਾਨੇਦਾਰ ਪੂਲ ਕਰ ਲੈਂਦੇ ਹਨ । ਅਤੇ ਛੋਟੇ ਦੁਕਾਨਦਾਰਾਂ ਲਈ ਹਿਸਾਬ ਕਿਤਾਬ ਰਖਣਾ ਬਹੁਤ ਮੁਸ਼ਕਲ ਹੋਵੇਗਾ । ਮੈਂ, ਇਸ ਲਈ, ਇਹ ਅਰਜ਼ ਕਰਦਾ ਹਾਂ ਕਿ ਡੀਲਰ ਸ਼ਬਦ ਦੀ ਡੈਫੀਨੀਸ਼ਨ ਹੀ ਬਦਲ ਦੇਣੀ ਚਾਹੀਦੀ ਹੈ । ਕਿਉਂਕਿ ਜਿਵੇਂ ਪੰਡਿਤ ਜੀ ਨੇ ਕਿਹਾ ਹੈ ਕਿ ਡੀਲਰ ਵਿਚ ਤਾਂ ਉਹ ਰੀਟੇਲ ਦੁਕਾਨਦਾਰ ਜਾਂ ਰੇੜ੍ਹੀ ਵਾਲਾ ਵੀ ਆ ਜਾਵੇਗਾ ਜੋ ਕਿ ਸਾਰੇ ਦਿਨ ਵਿਚ 3, 4 ਰੁਪਏ ਦੀ ਬਰਫ਼ ਵੇਚਦਾ ਹੈ । ਉਸ ਵਾਸਤੇ ਹਿਸਾਬ ਰਖਣਾ ਬਹੁਤ ਮੁਸ਼ਕਲ ਹੋਵੇਗਾ । ਬਿਲ ਵਿਚ ਡੀਲਰ ਦੇ ਮਾਅਨੇ ਹਨ —

> 'Dealer' means any person who deals in ice or holds stocks of ice for sale and includes his representative or agent."

ਬਿਲ ਵਿੱਚ ਕ੍ਰਿਹਾ ਹੈ ਕਿ ਹਰ ਆਦਮੀ ਨੂੰ ਜੋ ਬਰਫ ਵੇਚਦਾ ਹੈ ਹਿਸਾਬ ਰੱਖਣਾ ਪਵੇਗਾ ਕਿਉਂਕਿ ਹਰ ਆਦਮੀ ਜੋ ਬਰਫ਼ ਵੇਚਦਾ ਹੈ ਉਸਦੀ ਡੈਫੀਨੀਸ਼ਨ ਡੀਲਰ ਕਰਕੇ ਕੀਤੀ ਗਈ ਹੈ। ਮੈਂ ਗੌਰਮਿੰਟ ਦੀ ਤਵੱਜੋ ਇਸ ਪਾਸੇ ਦਿਵਾਉਣੀ ਚਾਹੁੰਦਾ ਹਾਂ ਕਿ ਇਸ ਵਿੱਚ ਫਰਕ ਹੋਣਾ ਚਾਹੀਦਾ ਹੈ ਕੇਵਲ ਹੋਲ ਸੇਲ ਵਾਲੇ ਡੀਲਰ ਲਈ ਹਿਸਾਬ ਰਖਣਾ ਜ਼ਰੂਰੀ ਹੋਣਾ ਚਾਹੀਦਾ ਹੈ ਬਾਕੀ ਛੋਟੇ ਦੁਕਾਨਦਾਰਾਂ ਲਈ ਨਹੀਂ । ਕਲਾਜ਼ 5 ਵਿੱਚ ਲਿਖਿਆ ਹੈ ।

> The District Magistrate may by an order—
> require any dealer to produce for inspection such accounts or other documents and record relating to his business and to furnish such information relating thereto as may be specfied in this behalf........

[ਸ਼੍ਰੀ ਲਾਲ ਚੰਦ ਸਬਰਵਾਲ]

ਇਸ ਨਾਲ ਹਰ ਆਦਮੀ ਜੋ ਰੇੜ੍ਹੀ ਤੇ ਰੱਖ ਕੇ 2 ਮਣ ਜਾਂ 5 ਮਣ ਬਰਫ਼ ਵੇਚਦਾ ਹੈ ਉਸ ਨੂੰ ਵੀ ਹਿਸਾਬ ਰੱਖਣਾ ਪਏਗਾ । ਇਸ ਦਾ ਮਤਲਬ ਤਾਂ ਇਹ ਵੀ ਹੋਇਆ ਕਿ

> 'Wholesale' means a transaction involving a quantity of more than fifty kilograms.

ਇਸ ਤਰ੍ਹਾਂ ਇਸ ਬਿਲ ਦੇ ਮੁਤਾਬਿਕ ਭਾਵੇਂ ਕੋਈ ਕਿਤਨੀ ਥੋੜ੍ਹੀ ਕੁਆਂਟਿਟੀ ਵਿਚ ਬਰਫ਼ ਕਿਉਂ ਨਾ ਵੇਚਦਾ ਹੋਵੇ ਉਸ ਨੂੰ ਹਿਸਾਬ ਕਿਤਾਬ ਰਖਣਾ ਪਏਗਾ । ਇਸ ਨਾਲ, ਸਪੀਕਰ ਸਾਹਿਬ, ਇਹ ਹੋਵੇਗਾ ਕਿ ਇਕ ਰੇੜ੍ਹੀ ਵਾਲਾ ਇਕ ਮਣ ਬਰਫ ਜੋ ਵੇਚਦਾ ਹੈ ਉਸ ਨੂੰ ਹਿਸਾਬ ਠੀਕ ਰਖਣਾ ਪਏਗਾ । ਇਸ ਗੱਲ ਨੂੰ ਠੀਕ ਕਰਨਾ ਚਾਹੀਦਾ ਹੈ ।

ਸਪੀਕਰ ਸਾਹਿਬ, ਮੈਂ ਇਕ ਅਰਜ਼ ਹੋਰ ਕਰਾਂਗਾ ਕਿ ਬਿਲ ਵਿਚ ਕਿਹਾ ਗਿਆ ਹੈ ਕਿ ਜਿਸ ਦੀ ਦੁਕਾਨ ਤੇ ਬਰਫ਼ ਪਈ ਹੋਈ ਹੋਵੇਗੀ ਉਸ ਨੂੰ ਵੀ ਹਿਸਾਬ ਰਖਣਾ ਪਏਗਾ । ਇਸ ਦਾ ਮਤਲਬ ਇਹ ਹੋਇਆ ਕਿ ਇਕ ਆਦਮੀ ਭਾਵੇਂ ਬਰਫ਼ ਵੇਚਦਾ ਨਾ ਹੋਵੇ ਪਰ ਜੇ ਉਸ ਨੇ ਆਪਣੀ ਦੁਕਾਨ ਤੇ ਕਿਸੇ ਕਾਰਨ ਬਰਫ਼ ਰਖੀ ਹੋਵੇ ਤਾਂ ਉਸ ਤੇ ਵੀ ਇਹ ਕਾਨੂੰਨ ਲਾਗੂ ਹੋਵੇਗਾ । (ਵਿਘਨ)

ਮੁੱਖ ਮੰਤਰੀ : ਜੇ ਉਸ ਨੇ ਬਰਫ਼ ਵੇਚਣੀ ਨਹੀਂ ਤਾਂ ਦੁਕਾਨ ਤੇ ਕਿਉਂ ਰਖੀ ਹੈ ?

ਸ਼੍ਰੀ ਲਾਲ ਚੰਦ ਸਬਰਵਾਲ : ਉਸ ਨੇ ਦੁਕਾਨ ਠੰਢੀ ਕਰਨ ਲਈ ਰਖੀ ਹੈ ਜਾਂ ਸ਼ਰਬਤ ਬਣਾਉਣ ਲਈ ਰਖੀ ਹੈ ।

ਗੌਰਮਿੰਟ ਦੀ ਮਨਸ਼ਾ ਇਹ ਨਾ ਹੋਵੇ ਕਿ ਹਰ ਦਸ ਸੇਰ ਬਰਫ਼ ਰਖਣ ਵਾਲੇ ਤੇ ਵੀ ਸਖ਼ਤੀ ਹੋਵੇ । ਕਲਾਜ਼ ਨੰਬਰ 6 ਦੇ ਅੰਦਰ ਇਹ ਕਿਹਾ ਗਿਆ ਹੈ ਕਿ ਲਿਸਟ ਡਿਸਪਲੇ ਕੀਤੀ ਜਾਵੇ ਪਰ ਇਸ ਵਾਸਤੇ ਕੋਈ ਨਾ ਕੋਈ ਕੈਟੇਗਰੀ ਬਣਾਉਣੀ ਪਵੇਗੀ ਕਿ ਇਹ ਕਿਸ ਤੇ ਲਾਗੂ ਹੁੰਦੀ ਹੈ ਅਤੇ ਕਿਸ ਤੇ ਲਾਗੂ ਨਹੀਂ ਹੁੰਦੀ । ਇਹ ਜੋ ਛੋਟੇ ਛੋਟੇ ਦੁਕਾਨਦਾਰ ਥੜ੍ਹਿਆਂ ਤੇ ਬੈਠ ਕੇ ਬਰਫ਼ ਰਖੀ ਬੈਠੇ ਹਨ ਉਨ੍ਹਾਂ ਕੋਲ ਤਾਂ ਲਿਸਟ ਡਿਸਪਲੇ ਕਰਨ ਦੀ ਥਾਂ ਵੀ ਨਹੀਂ ਹੁੰਦੀ। ਤੁਸੀਂ ਮੈਜਿਸਟਰੇਟ ਨੂੰ ਪਾਵਰਜ਼ ਦਿੱਤੀਆਂ ਹਨ ਕਿ ਬਰਫ਼ ਦੀ ਕੀਮਤ ਤੇ ਰੀਜ਼ਨੇਬਲ ਪਰਾਫਿਟ ਨੂੰ ਮੁੱਖ ਰਖਦੇ ਹੋਏ ਉਹ ਇਸ ਦੀ ਕੀਮਤ ਮੁਕੱਰਰ ਕਰੇ । ਪਰ ਮੈਂ ਅਰਜ਼ ਕਰਦਾ ਹਾਂ ਕਿ ਉਸ ਨੂੰ ਡਿਸਕਰੀਸ਼ਨਰੀ ਪਾਵਰਜ਼ ਦਿਉ ਜੋ ਉਹ ਮੁਨਾਸਿਬ ਸਮਝਣ ਕਰ ਦੇਣ। ਡਿਪਟੀ ਕਮਿਸ਼ਨਰ ਨੂੰ ਪਾਵਰਜ਼ ਦਿਉ ਕਿ ਉਹ ਕੀਮਤ ਮੁਕੱਰਰ ਕਰਿਆ ਕਰਨ । ਜੇ ਡੀਲਰ ਇਹ ਸਮਝਣ ਕਿ ਡਿਪਟੀ ਕਮਿਸ਼ਨਰ ਨੇ ਘੱਟ ਕੀਮਤ ਮੁਕੱਰਰ ਕੀਤੀ ਹੈ ਤਾਂ ਉਹ ਗੌਰਮਿੰਟ ਕੋਲ ਅਪੀਲ ਕਰ ਸਕਦੇ ਹਨ । ਮੇਰੇ ਦੋਸਤ ਸਤ ਪਾਲ ਜੀ ਨੇ ਕਿਹਾ ਹੈ ਕਿ ਇਸ ਢੰਗ ਨਾਲ ਕਿਤੇ ਅਮੀਰ ਲੋਕ ਫਾਇਦਾ ਨਾ ਉਠਾ ਜਾਣ । ਪੂਲ ਨੂੰ ਤੁਸੀਂ ਪਰੋਹਿਬਿਟ ਨਹੀਂ ਕੀਤਾ । ਇਸ ਵਿੱਚ ਪਰੀਕਾਸ਼ੰਜ਼ ਲੈਣੇ ਪੈਣਗੇ । ਜੇ ਫੈਕਟਰੀ ਨਹੀਂ ਚਲਦੀ ਤਾਂ ਇਨਸਪੈਕਟਰ ਉਸਦੀ ਚੈਕਿੰਗ ਕਰੇ ਕਿ ਫੈਕਟਰੀ ਕਿਉਂ ਨਹੀਂ ਚਲਦੀ । ਇਸ ਤੇ ਕੋਈ ਪੀਨਲ ਸਜ਼ਾ ਰਖ ਲਉ । ਕੀ ਕਦੀ ਕਿਸੇ ਨੇ ਬੜੇ ਬੜੇ ਕਾਰਖਾਨੇਦਾਰਾਂ ਨੂੰ ਫੜਿਆ ਹੈ ? ਪਰਾਈਸ ਡਿਸਪਲੇ ਨਾ ਕਰਨ ਦੇ ਸਿਲਸਿਲੇ ਵਿੱਚ ਥੜਿਆਂ ਦੇ ਬੈਠੇ 40, 40 ਬੰਦੇ ਫੜੇ ਗਏ । ਇਨ੍ਹਾ ਚੀਜ਼ਾਂ ਨੂੰ ਚੈੱਕ ਕਰਨ ਲਈ ਕੋਈ ਖਾਸ ਏਜੰਸੀ ਕਾਇਮ ਕੀਤੀ ਜਾਣੀ ਚਾਹੀਦੀ ਹੈ ਜਿਸ ਨੂੰ ਇਸ ਸਬੰਧੀ ਚੈਕਿੰਗ ਕਰਨ ਦੇ ਪੂਰੇ ਅਖਤਿਆਰ ਹੋਣ । ਮੈਂ ਕਹਾਂਗਾ ਇਕ ਸਪੈਸ਼ਲ ਏਜੰਸੀ ਨੂੰ ਅਖਤਿਆਰ ਦਿਉ ਜਾਂ ਉਨ੍ਹਾਂ ਨੂੰ ਅਖਤਿਆਰ ਦਿਉ ਜਿਹੜੇ ਪਬਲਿਕ ਸਰਵੈਂਟਸ

ਐਪੁਆਇੰਟਿਡ ਬਾਈ ਦੀ ਗੌਰਮਿੰਟ ਹੋਣ ਜਾਂ ਪਬਲਿਕ ਸਰਵੈਂਟਸ ਆਥੋਰਾਈਜ਼ਡ ਬਾਈ ਦੀ ਡਿਪਟੀ ਕਮਿਸ਼ਨਰ ਹੋਣ ਜਾਂ ਗੌਰਮਿੰਟ ਆਪ ਕਿਸੇ ਨੂੰ ਨੌਮੀਨੇਟ ਕਰ ਦੇਵੇ ਤਾਂ ਹੀ ਇਹ ਚੈਕਿੰਗ ਹੋ ਸਕੇਗੀ । ਮੈਂ ਮਹਿਸੂਸ ਕਰਦਾ ਹਾਂ ਕਿ ਬਿਹਤਰ ਇਹ ਹੀ ਹੋਵੇਗਾ ਕਿ ਗੌਰਮਿੰਟ ਆਪ ਇਹ ਕੰਮ ਕਰੇ । ਗੌਰਮਿੰਟ ਨੂੰ ਫਿਕਸ ਕਰ ਦੇਣਾ ਚਾਹੀਦਾ ਹੈ ਕਿ ਕਿਹੜੀ ਏਜੰਸੀ ਇਸ ਨੂੰ ਚੈੱਕ ਕਰੇਗੀ ।

ਸ੍ਰੀ ਸਤ ਪਾਲ ਡਾਂਗ (ਅੰਮ੍ਰਿਤਸਰ, ਪੱਛਮੀ) : ਸਪੀਕਰ ਸਾਹਿਬ, ਜਦੋਂ ਮੈਂ ਫੂਡ ਤੇ ਸਪਲਾਈ ਮਨਿਸਟਰ ਸੀ ਉਦੋਂ ਵੀ ਸਾਡਾ ਇਸ ਬਿਲ ਬਾਰੇ ਆਈਡੀਆ ਬਣਿਆ ਸੀ । ਪੰਡਤ ਜੀ ਨੇ ਜੋ ਕੁਝ ਕਿਹਾ ਹੈ ਮੈਂ ਉਸ ਨਾਲ ਸਹਿਮਤ ਹਾਂ । ਇਸ ਵਿੱਚ ਜਿਹੜੀ ਅਸਲ ਬਿਮਾਰੀ ਹੈ ਉਹ ਪੂਲ ਕਰਨ ਦੀ ਹੈ । ਇਸ ਨੂੰ ਖ਼ਤਮ ਕਰਨਾ ਚਾਹੀਦਾ ਹੈ । ਨਾਲ ਹੀ ਜਿਹੜਾ ਕੀਮਤ ਤੇ ਕੰਟ੍ਰੋਲ ਕਰਦੇ ਹਾਂ ਉਹ ਕਾਗਜ਼ਾਂ ਤੇ ਹੀ ਰਹਿ ਜਾਂਦਾ ਹੈ । ਹੁਣ ਸਵਾਲ ਇਹ ਹੈ ਕਿ ਪੂਲ ਨੂੰ ਬਿਲਕੁਲ ਖ਼ਤਮ ਕੀਤਾ ਜਾਏ ਅਤੇ ਗਰਮੀਆਂ ਦੇ ਸੀਜ਼ਨ ਆਉਣ ਤੋਂ ਪਹਿਲਾਂ ਕੀਮਤ ਫਿਕਸ ਕੀਤੀ ਜਾਏ । ਨਾਲ ਹੀ ਲੀਗਲ ਉਪੀਨੀਅਨ ਲਈ ਜਾਏ ਤਾਂ ਕਿ ਬਾਦ ਵਿੱਚ ਕੋਈ ਕੰਪਲੀਕੇਸ਼ਨਜ਼ ਅਰਾਈਜ਼ ਨਾ ਹੋਣ । ਪੂਲ ਨੂੰ ਖਤਮ ਕਰਨ ਵਾਸਤੇ ਵੀ ਗੌਰਮਿੰਟ ਕੋਲ ਕੋਈ ਪਾਵਰਜ਼ ਹੋਣ । ਚੀਫ ਮਨਿਸਟਰ ਕੋਲ ਮੈਂ ਪ੍ਰਾਰਥਨਾ ਕਰਾਂਗਾ ਕਿ ਪੂਲ ਤੋਂ ਉਤੇ ਹੋਰ ਕੋਈ ਬਿਮਾਰੀ ਦੀ ਜੜ੍ਹ ਨਹੀਂ ਅਤੇ ਸਾਨੂੰ ਜ਼ਰੂਰ ਇਸ ਤੇ ਅਟੈਕ ਕਰਨਾ ਚਾਹੀਦਾ ਹੈ । ਪੂਲ ਨੂੰ ਖ਼ਤਮ ਕਰਨ ਲਈ ਜ਼ਰੂਰੀ ਸਟੈਪਸ ਲਏ ਜਾਣ ਤਾਂ ਕਿ ਕੀਮਤ ਤੇ ਕੰਟ੍ਰੋਲ ਹੋ ਸਕੇ । ਬਰਫ਼ ਕੋਈ ਲਗਜ਼ਰੀ ਦੀ ਆਈਟਮ ਨਹੀਂ ਇਹ ਨੈਸੈਸਿਟੀ ਆਫ਼ ਲਾਈਫ਼ ਹੈ ।

Mr. Speaker: The House stands adjourned till 2.00 p. m. to-morrow.

(*The Sabha then adjourned till 2.00 p. m. on Wednesday, the 22nd May, 1968*)

---

742 PVS—305—11-9-67—Pb, Govt., Press, Patiala-

PUNJAB VIDHAN SABHA

DEBATES

22nd May, 1968

Volume III, No. 3

OFFICIAL REPORT

CONTENTS

Wednesday, the 22nd May, 1968

Punjab Vidhan Sabha, Chandigarh.

Price : Rs. 5-10

ERRATA

to

Punjab Vidhan Sabha Debates,

Vol. III, No. 3, dated the 22nd May, 1968

Read	*For*	*Page*	*Line*
ਰਹੇ	ਰਹ	(3)2	2nd from below
श्री ग्र. विश्वनाथन	श्री ग्र. विश्वानाथन	(3) 9	11
ਮੇਰੀ	ਮਰੀ	(3) 10	1
ਰਹੇ	ਰਹ	(3) 10	16
ਕਹੇ	ਕਹ	(3) 10	16
ਫ਼ੈਸਲਾ	ਫਸਲਾ	(3) 10	24
ਰੌਣਕ	ਕਣ	(3) 12	14
ਗੇਟ	ਗਟ	(3) 15	7
Vegetable	Vegitable	(3) 28	18th from below
Comrade	Gomrade	(3) 31	9
Advisory	Adviory	(3) 32	First
adjourned	adjourne	(3) 32	12th from below
Business	Buslness	(3) 32	Last
ਕਿਤਾਬ	ਕਿਤਾਲ	(3) 34	18
ਮਨਜ਼ੂਰ	ਮਜ਼ੂਨਰ	(3) 35	Last
Substitute	Snbstitute	(3) 37	First
डैफीनीशन	डेफीशन	(3) 39	17
अमैंडमेंट	अमंडमेंट	(3) 39	4th from below
मैं	म	(3) 39	Last
कलाज़	वलाज	(3) 40	2
Motion	Motions	(3) 42	20
गया	गय	(3) 43	2nd from below
ब्लैक-मारकेट	ब्लक-मारकेट	(3) 44	2
Substitute	Substitue	(3) 45	13
पूरा	पूरा	(3) 46	5
ਚੌਧਰੀ ਬਲਬੀਰ ਸਿੰਘ	ਚਧਰੀ ਬਲਬੀਰ ਸਿੰਘ	(3) 47	6th from below

PUNJAB VIDHAN SABHA

Wednesday, the 22nd May, 1968, The Vidhan Sabha met in the Hall of Punjab Vidhan Bhavan, Sector 1, Chandigarh, at 2.00 P.M. of the Clock. Mr. Speaker (Lt. Col. Joginder Singh Mann) in the Chair.

STARRED QUESTIONS AND ANSWERS

EXEMPTION FROM PROPERTY TAX

*1151. **Shri Balramji Dass Tandon** : Will the Minister for Excise and Taxation be pleased to state whether it is a fact that the decision of the previous Government to reduce 25% property tax has since been revised, if so, the new decision, if any, taken in this behalf, if not, the time by which the reduction will be effected ?

ਸਰਦਾਰ ਹਰਭਜਨ ਸਿੰਘ : ਮੁੱਢ ਵਿਚ ਤਜਵੀਜ਼ ਸੀ ਕਿ ਪ੍ਰਾਪਰਟੀ ਟੈਕਸ ਚਾਰ ਸਾਲਾਂ ਵਿਚ ਖ਼ਤਮ ਕੀਤਾ ਜਾਵੇ ਜਿਸ ਅਨੁਸਾਰ ਹਰ ਸਾਲ 25 ਪ੍ਰਤੀ ਸੰਕੜਾ ਪ੍ਰਾਪਰਟੀ ਟੈਕਸ ਮਾਲੀਆ ਛੱਡ ਦਿਤਾ ਜਾਵੇ । ਇਸ ਸਬੰਧ ਵਿਚ ਕੋਈ ਅੰਤਮ ਹੁਕਮ ਪਾਸ ਨਹੀਂ ਕੀਤੇ ਗਏ ਸਨ । ਹੁਣ ਇਹ ਫੈਸਲਾ ਕੀਤਾ ਗਿਆ ਹੈ ਕਿ ਪ੍ਰਾਪਰਟੀ ਟੈਕਸ ਤੇ ਹਾਊਸ ਟੈਕਸ ਮਿਲਾ ਦਿਤੇ ਜਾਣ ਅਤੇ ਇਸ ਸਕੀਮ ਦੇ ਵੇਰਵਿਆਂ ਦਾ ਹਿਸਾਬ ਕਰਾਇਆ ਜਾ ਰਿਹਾ ਹੈ ।

(Previously, there was a proposal to abolish property tax in four years by foregoing 25% of property tax revenue each year. No final orders were passed in this connection. It has now been decided that the property tax and house tax may be amalgamated and the details of this scheme are being worked out.)

ਸ੍ਰੀ ਬਲਰਾਮ ਜੀ ਦਾਸ ਟੰਡਨ : ਕੀ ਮੰਤਰੀ ਸਾਹਿਬ ਦੱਸਣਗੇ ਕਿ ਜਿਹੜਾ ਉਨ੍ਹਾਂ ਨੇ ਕਿਹਾ ਹੈ ਕਿ ਦੋਵੇਂ ਟੈਕਸ ਮਿਲਾ ਦਿਤੇ ਜਾਣਗੇ, ਇਹ ਕਦੋਂ ਤੱਕ ਮਿਲਾ ਦਿਤੇ ਜਾਣਗੇ ।

ਮੰਤਰੀ : ਵੇਰਵੇ ਤਿਆਰ ਕੀਤੇ ਜਾ ਰਹੇ ਹਨ । ਛੇਤੀ ਤੋਂ ਛੇਤੀ ਲਾਗੂ ਕੀਤੇ ਜਾਣ ਗੇ ।

ਸ੍ਰੀ ਸਤਪਾਲ ਡਾਂਗ : ਪਿਛਲੀ ਵਾਰੀ 25% ਪ੍ਰਾਪਰਟੀ ਟੈਕਸ ਵਸੂਲ ਨਾ ਕਰਨ ਦਾ ਫੈਸਲਾ ਕੀਤਾ ਗਿਆ ਸੀ, ਕੀ ਮੰਤਰੀ ਸਾਹਿਬ ਦੱਸਣਗੇ ਕਿ ਉਸ ਫੈਸਲੇ ਨੂੰ ਹੁਣ ਬਦਲ ਤਾਂ ਨਹੀਂ ਦਿਤਾ ਗਿਆ ?

ਮੰਤਰੀ : ਸਰਕਾਰ ਦੇ ਫ਼ੈਸਲੇ ਬਦਲਦੇ ਰਹਿੰਦੇ ਹਨ ।

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ : ਕੀ ਮੰਤਰੀ ਸਾਹਿਬ ਦਸਣਗੇ ਕਿ ਟੈਕਸੇਸ਼ਨ ਇਨਕੁਆਇਰੀ ਕਮਿਸ਼ਨ ਦੀ ਰੀਪੋਰਟ ਦੇ ਮੁਤਾਬਿਕ ਜਿਤਨੇ ਵੀ ਟੈਕਸਿਜ਼ ਹਨ ਉਨ੍ਹਾਂ ਪਰ ਸਰਕਾਰ ਵਿਚਾਰ ਕਰੇਗੀ । ਮੇਰੀ ਤਜਵੀਜ਼ ਹੈ ਕਿ ਸਰਕਾਰ ਇਕ ਇਹੋ ਜਿਹੀ ਪ੍ਰੋਪੋਜ਼ਲ ਹਾਊਸ ਅੱਗੇ ਰੱਖੇ ਜਿਸ ਨਾਲ ਵੱਖ ਵੱਖ ਟੈਕਸ ਹਟਾ ਕੇ ਇਕੋ ਟੈਕਸ ਲਾਗੂ ਕੀਤਾ ਜਾ ਸਕੇ ।

ਮੰਤਰੀ : ਗੌਰ ਕੀਤਾ ਜਾਵੇਗਾ ।

ਲੈਫਟੀਨੈਂਟ ਭਾਗ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਇਸ ਦਾ ਕਦੋਂ ਤੱਕ ਫੈਸਲਾ ਕਰ ਦਿਤਾ ਜਾਵੇਗਾ ।

ਮੰਤਰੀ: ਇਹ ਪ੍ਰੋਪੋਜ਼ਲ ਅੰਡਰ ਕਨਸਿਡਰੇਸ਼ਨ ਹੈ ।

ਸ਼੍ਰੀ ਸਤਪਾਲ ਡਾਂਗ : ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਹਾਊਸ ਟੈਕਸ ਔਰ ਪ੍ਰਾਪਰਟੀ ਟੈਕਸ ਇਕੱਠੇ ਕਰ ਦਿਤੇ ਜਾਣਗੇ । ਕੀ ਇਹ ਇਕੱਠਾ ਟੈਕਸ ਜੋ ਹੋਵੇਗਾ ਇਹ ਲੋਕਲ ਬਾਡੀਜ਼ ਦਾ ਟੈਕਸ ਹੋਵੇਗਾ ਜਾਂ ਗੌਰਮਿੰਟ ਵਲੋਂ ?

ਮੰਤਰੀ : ਇਸ ਤੇ ਵਿਚਾਰ ਕੀਤਾ ਜਾਵੇਗਾ ।

ਚੌਧਰੀ ਬਲਬੀਰ ਸਿੰਘ: ਪਹਿਲੇ ਫੈਸਲਾ ਇਹ ਕੀਤਾ ਗਿਆ ਸੀ ਕਿ ਜੋ ਨਵੀਆਂ ਇਮਾਰਤਾਂ ਬਣਦੀਆਂ ਹਨ ਉਨ੍ਹਾਂ ਤੇ ਪੰਜ ਸਾਲ ਤਕ ਪ੍ਰਾਪਰਟੀ ਟੈਕਸ ਨਹੀਂ ਲੱਗੇਗਾ । ਵਜ਼ੀਰ ਸਾਹਿਬ ਦੱਸਣ ਕਿ ਕੀ ਉਹ ਫੈਸਲਾ ਬਦਲ ਦਿਤਾ ਗਿਆ ਹੈ ?

ਮੁੱਖ ਮੰਤਰੀ (ਸਰਦਾਰ ਲਛਮਣ ਸਿੰਘ ਗਿਲ) : ਜਦੋਂ ਤਕ ਬਦਲ ਨਹੀਂ ਜਾਂਦਾ ਉਦੋਂ ਤੱਕ ਪਹਿਲਾ ਫੈਸਲਾ ਕਾਇਮ ਹੈ ।

ਸਰਦਾਰ ਗੁਰਨਾਮ ਸਿੰਘ : ਟੈਕਸ ਤਾਂ ਇਕੱਠੇ ਕੀਤੇ ਜਾਣਗੇ ਪਰ ਕੀ ਉਸ ਦੀ ਐਮਾਊਂਟ ਰੀਡੂਸ ਕੀਤੀ ਜਾਵੇਗੀ ਜਾਂ ਵਧਾਈ ਜਾਵੇਗੀ ਜਾਂ ਉਤਨੀ ਰੱਖੀ ਜਾਵੇਗੀ ?

ਮੁੱਖ ਮੰਤਰੀ : ਜਦ ਅਜੇ ਫੈਸਲਾ ਨਹੀਂ ਹੋਇਆ ਤਾਂ ਇਹ ਐਮਾਊਂਟ ਵਧ ਵੀ ਸਕਦੀ ਹੈ ਔਰ ਘੱਟ ਵੀ ਸਕਦੀ ਹੈ ।

ਸਰਦਾਰ ਦਰਬਾਰਾ ਸਿੰਘ (ਨਕੋਦਰ) : ਸਪੀਕਰ ਸਾਹਿਬ, ਗੌਰਮਿੰਟ ਮਿੰਟ ਮਿੰਟ ਤੇ ਕਹਿੰਦੀ ਹੈ ਕਿ ਗ਼ੌਰ ਕਰ ਰਹੇ ਹਾਂ ਪਰ ਫੈਸਲਾ ਨਹੀਂ ਦਿੰਦੀ । ਇਸ ਦਾ ਕੀ ਕਾਰਨ ਹੈ ?

ਸ਼੍ਰੀ ਸਪੀਕਰ : ਠੀਕ ਹੈ, ਉਹ ਕਹਿੰਦੇ ਹਨ ਕਿ ਗੌਰ ਕਰ ਰਹੇ ਹਨ । (The Minister has replied that this matter is under consideration.)

ਸ਼੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਇਹ ਮਾਮਲਾ ਕਾਫੀ ਦੇਰ ਤੋਂ ਗੌਰਮਿੰਟ ਦੇ ਜ਼ੇਰੇ ਗੌਰ ਰਿਹਾ ਹੈ । ਔਰ ਪਿਛਲੀ ਗੌਰਮਿੰਟ ਨੇ ਵੀ ਇਸ ਉਪਰ ਕਾਫੀ ਸੋਚ ਵਿਚਾਰ ਕਰਕੇ ਫੈਸਲਾ ਕੀਤਾ ਸੀ ਕਿ ਪ੍ਰਾਪਰਟੀ ਟੈਕਸ ਨੂੰ ਉਡਾ ਦਿਤਾ ਜਾਵੇ ਔਰ ਹਾਊਸ ਟੈਕਸ ਹੀ ਰਹੇ । ਇਨ੍ਹਾਂ ਦੋਨਾਂ ਟੈਕਸਾਂ ਨੂੰ ਇਕੱਠਾ ਕਰਨ ਨਾਲ ਸ਼ਹਿਰੀ ਲੋਕਾਂ ਤੇ ਬਰਡਨ ਵਧੇਗਾ । ਮੈਂ ਪੁੱਛਦਾ ਹਾਂ ਕਿ ਹੁਣ ਇਸ ਤੇ ਕਿਹੜੀ ਜ਼ਰੂਰਤ ਹੈ ਵਿਚਾਰ ਕਰਨ ਦੀ । ਕੀ ਗੌਰਮਿੰਟ ਇਸ ਸਬੰਧ ਵਿਚ ਆਪਣੀ ਡੈਫਿਨਿਟ ਪੁਜ਼ੀਸ਼ਨ ਵਾਜ਼ੇ ਕਰੇਗੀ ?

ਸ਼੍ਰੀ ਸਪੀਕਰ : ਉਨ੍ਹਾਂ ਨੇ ਤਾਂ ਕਿਹਾ ਹੈ ਕਿ ਵਿਚਾਰ ਕਰ ਰਹ ਹਨ । (The Minister has already said that he is considering the matter)

REMOVAL OF CITY FATHERS BATALA FROM MEMBER SHIP

***1137 Shri Balramji Dass Tandon** : Will the Minister for Revenue and Local Government be pleased to state —

(a) whether it is a fact that the High Court or the Supreme Court or both the Courts have awarded some decree against the Punjab Government for the illegal removal of three City fathers of Batala, district Gurdaspur; if so, the amount of the decree ;

(b) whether the payment of the said decree has been made; if not, the reasons there for and the action, if any, taken againt the defaulting officers ?

Shri Faqir Chand Gupta :

(a) (i) Yes

(ii) Rs. 1,588. 19; Rs. 1, 562.54 and Rs. 1,686.37.

(b) (i) No.

(ii) Payments could not be made for want of necessary funds which have now been arranged. Payments are being made immediately.

(iii) Does not arise.

ਸ਼੍ਰੀ ਬਲਰਾਮਜੀ ਦਾਸ ਟੰਡਨ : ਕੀ ਮੰਤਰੀ ਸਾਹਿਬ ਦੱਸਣਗੇ ਕਿ ਇਹ ਜਿਹੜਾ ਐਵਾਰਡ ਡਿਕਰੀ ਦਾ ਮਿਲਿਆ ਹੈ ਇਹ ਕਦੋਂ ਮਿਲਿਆ ਹੈ ? ਔਰ ਏਨੀ ਦੇਰ ਹੋਣ ਦੇ ਬਾਵਜੂਦ ਇਸ ਦੀ ਪੇਮੇਂਟ ਕਿਉਂ ਨਹੀਂ ਹੋਈ ?

ਮਾਲ ਮੰਤਰੀ : ਅਸੀਂ 30 ਸਤੰਬਰ, 1967 ਨੂੰ ਡੀ.ਸੀ. ਗੁਰਦਾਸਪੁਰ ਨੂੰ ਲਿਖਿਆ ਸੀ। 11 ਨਵੰਬਰ, 1967 ਨੂੰ ਰਿਪਲਾਈ ਰਸੀਵ ਹੋਇਆ । 2 ਦਸੰਬਰ, 1967 ਨੂੰ ਫਿਰ ਡੀ.ਸੀ. ਨੂੰ ਭੇਜਿਆ । 11 ਜਨਵਰੀ, 1968 ਨੂੰ ਰੀਮਾਈਂਡਰ ਭੇਜਿਆ । 17 ਫ਼ਰਵਰੀ, 1968 ਨੂੰ ਫਿਰ ਰੀਮਾਈਂਡਰ ਭੇਜਿਆ ਗਿਆ ।

ਸ਼੍ਰੀ ਬਲਰਾਮਜੀ ਦਾਸ ਟੰਡਨ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਕਦੋਂ ਤੱਕ ਇਸ ਦਾ ਫੈਸਲਾ ਹੋ ਜਾਵੇਗਾ ?

ਮੁੱਖ ਮੰਤਰੀ : ਜਦੋਂ ਤੁਸੀਂ ਪਹੁੰਚੋਗੇ ਫ਼ੈਸਲਾ ਹੋ ਜਾਵੇਗਾ ।

ਲੈਫਟੀਨੈਂਟ ਭਾਗ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਹ ਮਾਮਲਾ ਕੀ ਸੀ ਔਰ ਕਿਸ ਕਰਕੇ ਉਨ੍ਹਾਂ ਨੂੰ ਸਸਪੈਂਡ ਕਰ ਦਿਤਾ ਗਿਆ ?

ਮੁੱਖ ਮੰਤਰੀ : ਜਦ ਇਹ ਮਾਮਲਾ ਕੋਰਟ ਵਿਚ ਚਲ ਰਿਹਾ ਹੈ ਤਾਂ ਫਿਰ ਮਾਮਲੇ ਦਾ ਕੀ ਕਐਸ਼ਚਨ ਹੈ ।

AGITATION BY LABOURERS OF SUGAR MILLS, PHAGWARA

*1150. **Shri Balramji Dass Tandon**: Will the Minister for Labour and Welfare be pleased to state—

(a) whether he is aware of the fact that some sort of agitation is being launched by the labourers of the Sugar Mills of Phagwara; if so, since when;

(b) the details of the demands of the said workers and the steps taken by the Labour Department so far to resolve the dispute and the result thereof ;

(c) if no steps have been taken, the reasons therefor ?

ਸ੍ਰੀ ਪਿਆਰਾ ਰਾਮ ਧੰਨੋਵਾਲੀ :(ੲੇ) ਸ਼ੂਗਰ ਮਿਲਜ਼ ਯੂਨੀਅਨ, ਫਗਵਾੜਾ (ਭਾਰਤੀਆ ਮਜ਼ਦੂਰ ਸੰਘ) ਨੇ ਆਪਣੀਆਂ ਕੁਝ ਮੰਗਾਂ ਮਨਾਉਣ ਲਈ 24 ਫਰਵਰੀ, 1968 ਤੋਂ ਭੁਖ ਹੜਤਾਲ ਦੀ ਸ਼ਕਲ ਵਿਚ ਅੰਦੋਲਨ ਸ਼ੁਰੂ ਕੀਤਾ ਜੋ ਕਿ ਮਿਤੀ 4 ਮਾਰਚ, 1968 ਨੂੰ ਕਿਰਤ ਅਤੇ ਸੁਲਾਹ ਅਫ਼ਸਰ ਦੇ ਦਖ਼ਲ ਦੇਣ ਤੇ ਖ਼ਤਮ ਕਰ ਦਿੱਤਾ।

(ਬੀ) ਮੰਗਾਂ ਸਾਲ 1962-63 ਅਤੇ 1964-65 ਦੇ ਅਦਾਇਗੀ ਬੋਨਸ ਬਾਰੇ ਇੰਡਸਟਰੀਅਲ ਟ੍ਰੀਬਿਊਨਲ ਦੇ ਦਿਤੇ ਹੋਏ ਅਵਾਰਡ ਨੂੰ ਲਾਗੂ ਕਰਾਉਣ ਲਈ ਸਨ। ਯੂਨੀਅਨ ਦਾ ਮੰਗ ਪੱਤਰ ਸੁਲਹ ਅਫ਼ਸਰ ਕੋਲ 27 ਫਰਵਰੀ, 1968 ਨੂੰ ਪੁੱਜਾ। ਉਸ ਨੇ ਕਈ ਨਪਟਾਰਾ ਬੈਠਕਾਂ ਬੁਲਾਈਆਂ ਪਰ ਕੋਈ ਫ਼ੈਸਲਾ ਨਹੀਂ ਹੋ ਸਕਿਆ ਤੇ ਉਸ ਨੇ ਆਪਣੀ ਰਪੋਟ ਕਿਰਤ ਕਮਿਸ਼ਨਰ ਨੂੰ ਭੇਜ ਦਿੱਤੀ। ਇਹ ਮਾਮਲਾ ਇਸ ਵੇਲੇ ਸਰਕਾਰ ਦੇ ਵਿਚਾਰਅਧੀਨ ਹੈ।

(ਸੀ) ਉਪਰ 'ਬੀ' ਉਤੇ ਦਿੱਤੀ ਸੂਚਨਾ ਅਨੁਸਾਰ ਇਸ ਗੱਲ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

चौधरी बलबीर सिंह: मन्त्री महोदय ने बताया है कि इंडस्ट्रियल ट्रिब्यूनल ने जो फैसला दिया था उस पर अमल करवाने के लिए वर्कर्ज़ ने हड़ताल की। क्या मन्त्री महोदय बताएंगे कि क्या यह सरकार की डियूटी नहीं है कि इंडस्ट्रियल ट्रिब्यूनल जो फैसला दे दे उस पर अमल करवाने के लिए सरकार खुद कदम उठाए बजाए इस के कि उस के लिए मजदूर कोई कदम उठाएं।

ਮੁੱਖ ਮੰਤਰੀ (ਸਰਦਾਰ ਲਛਮਣ ਸਿੰਘ ਗਿਲ) : ਬੇਸ਼ਕ ਇਹ ਸਰਕਾਰ ਦਾ ਹੀ ਫਰਜ਼ ਹੈ ਲੇਕਿਨ ਕਿਸੇ ਦਾਇਰੇ ਵਿਚ ਰਹਿ ਕੇ। ਜਿਸ ਦਾਇਰੇ ਵਿਚ ਰਹਿ ਕੇ ਕਰ ਸਕਦੇ ਹਾਂ ਉਸ ਦੇ ਮੁਤਾਬਕ ਕੋਸ਼ਿਸ਼ ਕੀਤੀ ਜਾ ਰਹੀ ਹੈ।

चौधरी बलबीर सिंह: मुख्य मन्त्री ने बताया है कि किसी दायरे में रह कर कोशिश की जा रही है। दायरा तो एक बना दिया गया कि सरकार ने इस सम्बन्ध में इंडस्ट्रियल ट्रिब्यूनल मुकर्रर कर दिया जिस ने अपना फैसला दे दिया और जरूरी है कि उस पर अमल होना चाहिए। अगर उस फैसले पर अमल नहीं होता तो उस के बाद कौन सा दायरा आप ने बनाया है जिस के मुताबिक काम चलेगा।

ਮੁੱਖ ਮੰਤਰੀ : ਚੌਧਰੀ ਸਾਹਿਬ, ਜੋ ਮੈਂ ਕਿਹਾ ਹੈ ਉਸ ਉਤੇ ਤੁਸਾਂ ਗੌਰ ਨਹੀਂ ਕੀਤਾ। ਟ੍ਰਿਬਿਊਨਲ ਨੇ ਜੋ ਫੈਸਲਾ ਦਿੱਤਾ ਹੈ ਉਸ ਦਾਇਰੇ ਵਿਚ ਰਹਿ ਕੇ ਹੀ ਫੈਸਲੇ ਨੂੰ ਮਨਵਾਉਣ ਦੀ ਕੋਸ਼ਿਸ਼ ਕਰ ਰਹੇ ਹਾਂ।

चौधरी बलबीर सिंह : क्या मुख्य मंत्री महोदय बताने की कृपा करेंगे कि जो दायरा फैसला करने के लिए मुकर्रर किया गया था उस के लिए कुछ दिन मुकर्रर है या महीने मुकर्रर है जब तक कि यह फैसला हो जाएगा।

ਮੁੱਖ ਮੰਤਰੀ : ਉਹ ਤਾਂ ਜਵਾਬ ਵਿਚ ਦਸ ਦਿੱਤਾ ਗਿਆ ਹੈ ਕਿ ਜਲਦੀ ਕਰਾਂਗੇ।

ਸ਼੍ਰੀ ਸਤਪਾਲ ਡਾਂਗ : ਕੀ ਚੀਫ ਮਨਿਸਟਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਇਹ ਦਾਇਰਾ ਇੰਡਸਟਰੀਅਲ ਡਿਸਪਿਊਟਸ ਐਕਟ ਵਿਚ ਮੁਕੱਰਰ ਹੈ ਕਿ ਨਹੀਂ ਅਤੇ ਕੀ ਇਹ ਹਕੀਕਤ ਨਹੀਂ ਕਿ ਇੰਡਸਟਰੀਅਲ ਡਿਸਪਿਊਟਸ ਐਕਟ ਇਹ ਕਹਿੰਦਾ ਹੈ ਕਿ ਐਵਾਰਡ ਸ਼ਾਇਆ ਹੋਣ ਤੋਂ ਇਕ ਮਹੀਨਾ ਬਾਅਦ ਲਾਗੂ ਹੋ ਜਾਂਦਾ ਹੈ ਅਤੇ ਅਗਰ ਐਮਪਲਾਇਰ ਲਾਗੂ ਨਾ ਕਰੇ ਤਾਂ ਸਰਕਾਰ ਇਸ ਸਬੰਧ ਵਿਚ ਪ੍ਰੌਸੀਕੀਊਸ਼ਨ ਕਰਦੀ ਹੈ ? ਕੀ ਸਰਕਾਰ ਨੇ ਕੋਈ ਪ੍ਰੌਸੀ-ਕੀਊਸ਼ਨ ਕੀਤੀ ਹੈ ?

ਮੁੱਖ ਮੰਤਰੀ : ਜੋ ਕੁਛ ਉਸ ਵਿਚ ਲਿਖਿਆ ਹੈ ਉਸੇ ਦਾਇਰੇ ਵਿਚ ਰਹਿ ਕੇ ਜਿਥੇ ਕਈ ਕਮੀ ਹੈ ਉਸ ਨੂੰ ਦੂਰ ਕਰਨ ਲਈ ਬੈਠਕਾਂ ਕਰ ਰਹੇ ਹਾਂ। ਬੈਠਕਾਂ ਵਿਚ ਜਿਹੜਾ ਐਟ ਫਾਲਟ ਦੇਖਿਆ ਜਾਏਗਾ ਉਸ ਦੇ ਖਿਲਾਫ ਐਕਸ਼ਨ ਲਵਾਂਗੇ।

ਸ਼੍ਰੀ ਸਤਪਾਲ ਡਾਂਗ : ਮਨਿਸਟਰ ਸਾਹਿਬ ਨੇ ਜਵਾਬ ਵਿਚ ਕਿਹਾ ਹੈ ਕਿ ਐਵਾਰਡ ਲਾਗੂ ਨਹੀਂ ਹੋਇਆ ਅਤੇ ਉਸ ਨੂੰ ਲਾਗੂ ਕਰਵਾਉਣਾ ਹੈ। ਇੰਡਸਟਰੀਅਲ ਡਿਸਪਿਊਟਸ ਐਕਟ ਇਹ ਕਹਿੰਦਾ ਹੈ ਕਿ ਜਿੱਥੇ ਕੋਈ ਐਮਪਲਾਇਰ ਇਸ ਤਰ੍ਹਾਂ ਦਾ ਐਵਾਰਡ ਲਾਗੂ ਨਾ ਕਰੇ ਉਸ ਦੇ ਖਿਲਾਫ ਪ੍ਰੌਸੀਕਿਊਸ਼ਨ ਲਾਂਚ ਕੀਤੀ ਜਾਵੇ। ਮੈਂ ਮੁੱਖ ਮੰਤਰੀ ਸਾਹਿਬ ਨੂੰ ਪੁਛਿਆ ਸੀ ਕਿ ਕੀ ਪ੍ਰੌਸੀਕਿਊਸ਼ਨ ਲਾਂਚ ਕੀਤੀ ਗਈ ਹੈ ਜਾਂ ਨਹੀਂ ਮਗਰ ਉਸ ਦੇ ਜਵਾਬ ਵਿਚ ਉਨ੍ਹਾਂ ਨੇ ਕਿਹਾ ਹੈ ਕਿ ਇਹ ਦੇਖਣਾ ਹੈ ਕਿ ਐਟ ਫ਼ਾਲਟ ਕੌਣ ਹੈ। ਐਵਾਰਡ ਤਾਂ ਐਮਪਲਾਇਰ ਨੇ ਲਾਗੂ ਕਰਨਾ ਹੈ। ਕੀ ਮੁੱਖ ਮੰਤਰੀ ਜੀ ਦੱਸਣਗੇ ਕਿ ਐਟ ਫ਼ਾਲਟ ਦਾ ਕੀ ਮਤਲਬ ਹੈ, ਕੀ ਉਹ 'ਐਟ ਫ਼ਾਲਟ' ਦੇ ਲਫ਼ਜ਼ ਨੂੰ ਕਲੈਰੀਫਾਈ ਕਰਨਗੇ ?

ਮੁੱਖ ਮੰਤਰੀ : ਮੈਂ ਕਲੈਰੀਫਾਈ ਵੀ ਕਰ ਦਿੰਦਾ ਹਾਂ। ਇਹ ਵੀ ਦੇਖਣਾ ਹੈ ਕਿ ਹੋ ਸਕਦਾ ਹੈ ਕਿ ਕਿਸੇ ਨੂੰ ਨੋਟਿਸ ਪੁਜਾ ਹੋਵੇ ਜਾਂ ਨਾ ਪੁਜਾ ਹੋਵੇ। ਕੋਈ ਕਮੀ ਰਹਿ ਸਕਦੀ ਹੈ। ਮੀਟਿੰਗਾਂ ਵੀ ਇਹੀ ਚੀਜ਼ ਕਲੈਰੀਫਾਈ ਕਰਨ ਵਾਸਤੇ ਕੀਤੀਆਂ ਗਈਆਂ ਹਨ ਕਿ ਵੇਖਿਆ ਜਾਵੇ ਕਿ ਨੋਟਿਸ ਸਰਵ ਹੋਇਆ ਕਿ ਨਹੀਂ, ਆਇਆ ਕੋਈ ਨੋਟਿਸ ਲੈਣ ਤੋਂ ਇਨਕਾਰੀ ਤਾਂ ਨਹੀਂ, ਆਇਆ ਕਿਸੇ ਦੀ ਮੈਲਾ ਫਾਈਡੀ ਇਨਟੈਨਸ਼ਨ ਤਾਂ ਨਹੀਂ। ਮੈਂ ਹਾਉਸ ਨੂੰ ਯਕੀਨ ਦਿਲਾਂਦਾ ਹਾਂ ਕਿ ਜੋ ਵੀ ਟ੍ਰਾਈਬੀਊਨਲ ਦਾ ਫੈਸਲਾ ਹੈ ਉਸ ਨੂੰ ਮਨਵਾਇਆ ਜਾਵੇਗਾ ਅਤੇ ਜਿਸ ਦੀ ਜ਼ਿਆਦਤੀ ਹੋਵੇਗੀ ਉਸ ਦੇ ਖ਼ਿਲਾਫ ਐਕਸ਼ਨ ਲਿਆ ਜਾਵੇਗਾ।

•**ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ** : ਕੀ ਮੰਤਰੀ ਮਹੋਦੇ ਦੱਸਣ ਦੀ ਕ੍ਰਿਪਾ ਕਰਨਗੇ ਕਿ ਜਿਹੜਾ ਟ੍ਰਾਈਬੀਊਨਲ ਨੇ ਫੈਸਲਾ ਦਿੱਤਾ ਸੀ ਉਹ ਉਨ੍ਹਾਂ ਮੰਗਾਂ ਦੇ ਆਧਾਰ ਤੇ ਸੀ ਜਿਹੜੀਆਂ

[ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ]

ਇੰਡੀਅਨ ਨੈਸ਼ਨਲ ਟਰੇਡ ਯੂਨੀਅਨ ਕਾਂਗਰਸ ਅਤੇ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ ਨਾਲ ਐਫਿਲੀਏਟਿਡ ਦੋਹਾਂ ਯੂਨੀਅਨਾਂ ਨੇ ਪੇਸ਼ ਕੀਤੀਆਂ ਸਨ ਔਰ ਅਗਰ ਇਹ ਸਹੀ ਹੈ ਤਾਂ ਕੀ ਜਨਸੰਘ ਵਾਲੀ ਨਵੀਂ ਯੂਨੀਅਨ ਨੇ ਜਿਹੜੀਆਂ ਮੰਗਾਂ ਪੇਸ਼ ਕੀਤੀਆਂ ਉਹ ਉਹੀ ਸਨ ਜਾਂ ਕੋਈ ਵੱਖਰੀਆਂ ਸਨ ?

ਲੇਬਰ ਅਤੇ ਭਲਾਈ ਮੰਤਰੀ (ਸ੍ਰੀ ਪਿਆਰਾ ਰਾਮ ਧੰਨੋਵਾਲੀ) : ਉਥੇ ਤਿੰਨ ਯੂਨੀਅਨਾਂ ਹਨ ਇਕ ਯੂਨੀਅਨ ਹੈ ਭਾਰਤੀਆ ਮਜ਼ਦੂਰ ਸੰਘ.........

ਸ਼੍ਰੀ ਅ. ਵਿਸਵਾਨਾਥਨ : ਆਨ ਏ ਪੁਆਇੰਟ ਆਫ ਆਰਡਰ ਸਰ। ਸਪੀਕਰ ਸਾਹਿਬ ਜਨਸੰਘ ਦੀ ਉਥੇ ਕੋਈ ਯੂਨੀਅਨ ਨਹੀਂ ਹੈ। ਕਲ੍ਹ ਨੂੰ ਇਹ ਹਰੀਜਨ ਸੇਵਕ ਸੰਘ ਨੂੰ ਵੀ ਅਤੇ ਚਰਖਾ ਸੰਘ ਨੂੰ ਵੀ ਜਨਸੰਘ ਨਾਲ ਜੋੜ ਦੇਣਗੇ.........

ਮੁੱਖ ਮੰਤਰੀ : ਸ਼ੁਕਰ ਏ ਜਨਸੰਘ ਵਾਲਿਆਂ ਨੇ ਤੁਹਾਡੇ ਕੋਲੋਂ ਖਹਿੜਾ ਛੁੜਾ ਲਿਆ ਹੈ (ਵਿਘਨ)

ਲੇਬਰ ਅਤੇ ਭਲਾਈ ਮੰਤਰੀ : ਜਿਹੜੀਆਂ ਦੋ ਦੂਸਰੀਆਂ ਯੂਨੀਅਨਾਂ ਹਨ ਉਨ੍ਹਾਂ ਦੇ ਨਾਲ ਭਾਰਤੀਆ ਮਜ਼ਦੂਰ ਸੰਘ ਦੀ ਕੋਈ ਐਫਿਲਿਏਸ਼ਨ ਨਹੀਂ।

Mr. Speaker: How many Unions are there ?

Labour and Welfare Minister (Sh. Piara Ram Dhanowali): Sir, three.

ਸ੍ਰੀ ਸਪੀਕਰ : ਉਹ ਤਿੰਨੇ ਵੱਖਰੀਆਂ ਵੱਖਰੀਆਂ ਯੂਨੀਅਨਾਂ ਹਨ। ਉਨ੍ਹਾਂ ਦਾ ਆਪੋ ਵਿਚ ਐਫਿਲਿਏਸ਼ਨ ਦਾ ਕੀ ਸਬੰਧ ਹੈ। (There are three separate Unions. The question of their affiliation to each other does not arise.)

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ : ਸਪੀਕਰ ਸਾਹਿਬ, ਅਗਰ ਆਪ ਇਜਾਜ਼ਤ ਦਿਉ ਤਾਂ ਮੈਂ ਕਲੈਰੀਫ਼ਾਈ ਕਰ ਦਿੰਦਾ ਹਾਂ। ਉਥੇ ਤਿੰਨ ਯੂਨੀਅਨਾਂ ਹਨ। ਇਕ ਮਜਦੂਰਾਂ ਦੀ ਯੂਨੀਅਨ ਹੈ ਜਿਹੜੀ ਆਈ.ਐਨ.ਟੀ.ਯੂ.ਸੀ ਦੇ ਨਾਲ ਐਫਿਲਿਏਟਿਡ ਹੈ। ਦੂਸਰੀ ਮਜ਼ਦੂਰਾਂ ਦੀ ਯੂਨੀਅਨ ਏ.ਆਈ.ਟੀ. ਯੂ. ਸੀ. ਏ. ਨਾਲ ਐਫਿਲਿਏਟਿਡ ਹੈ। ਇਸ ਤੋਂ ਇਲਾਵਾ ਇਕ ਤੀਸਰੀ ਮਜ਼ਦੂਰ ਯੂਨੀਅਨ ਹੈ.........

ਕਾਮਰੇਡ ਸਤਪਾਲ ਕਪੂਰ : ਆਨ ਏ ਪੁਆਇੰਟ ਆਫ ਆਰਡਰ ਸਰ। ਸਪੀਕਰ ਸਾਹਿਬ, ਇਸ ਹਾਊਸ ਦਾ ਪਰੋਸੀਜਰ ਇਹ ਹੈ ਕਿ ਮਨਿਸਟਰ ਹੀ ਕਿਸੇ ਸਵਾਲ ਦਾ ਜਵਾਬ ਦੇਵੇ ਨਾ ਕਿ ਕੋਈ ਦੂਸਰਾ ਐਮ.ਐਲ.ਏ. ਉਠ ਕੇ ਜਵਾਬ ਦੇਣਾ ਸ਼ੁਰੂ ਕਰ ਦੇਵੇ। ਮਨਿਸਟਰ ਸਾਹਿਬ ਨੂੰ ਕਿਹਾ ਜਾਵੇ ਕਿ ਇਸ ਗੱਲ ਦੀ ਵਜ਼ਾਹਤ ਕਰਨ।

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ : ਤੀਸਰੀ ਮਜ਼ਦੂਰ ਯੂਨੀਅਨ ਜਿਹੜੀ ਹੈ ਉਹ ਐਫਿਲਿਏਟਿਡ ਹੈ ਜਨਸੰਘ ਵਾਲਿਆਂ ਨਾਲ......

Mr. Speaker: No, no. Shri A Vishwa Nathan has denied it.

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ : ਠੀਕ ਹੈ, ਅਗਰ ਨਹੀਂ ਮੰਨਦੇ ਤਾਂ ਮੈਂ ਨਹੀਂ ਕਹਿੰਦਾ ਕਿ ਐਫਿਲੀਏਟਿਡ ਹੈ, ਸਿਰਫ਼ ਇਤਨਾ ਹੀ ਕਹਿੰਦਾ ਹਾਂ ਕਿ ਤੀਸਰੀ ਯੂਨੀਅਨ ਭਾਰਤੀਆ ਮਜ਼ਦੂਰ ਸੰਘ ਦੇ ਨਾਂ ਦੀ ਹੈ। ਮੇਰਾ ਸਵਾਲ ਇਹ ਸੀ ਕਿ ਜਿਨ੍ਹਾਂ ਦੋ ਯੂਨੀਅਨਜ਼ ਦਾ ਪਹਿਲਾਂ ਜ਼ਿਕਰ ਕੀਤਾ ਗਿਆ ਉਨ੍ਹਾਂ ਨੇ ਕੁਛ ਡਿਮਾਂਡਜ਼ ਰੱਖੀਆਂ ਜਿਹੜੀਆਂ ਲੇਬਰ ਟ੍ਰਿਬਿਊਨਲ ਨੇ ਸਵੀਕਾਰ ਕਰ ਲਈਆਂ । ਮੈਂ ਇਹ ਪੁਛਦਾ ਹਾਂ ਕਿ ਕੀ ਭਾਰਤੀਆ ਮਜ਼ਦੂਰ ਸੰਘ ਦੀਆਂ ਮੰਗਾਂ ਉਹੀ ਹਨ ਜਿਹੜੀਆਂ ਉਨ੍ਹਾਂ ਦੋਹਾਂ ਯੂਨੀਅਨਾਂ ਦੀਆਂ ਸਨ ਜਾਂ ਉਨਾਂ ਵਿਚ ਕੋਈ ਫਰਕ ਹੈ ?

ਲੈਫਟੀਨੈਂਟ ਭਾਗ ਸਿੰਘ : ਜੇ ਇਨ੍ਹਾਂ ਨੂੰ ਇਤਨਾ ਕੁਛ ਪਤਾ ਹੈ ਤਾਂ ਇਸ ਸਵਾਲ ਦਾ ਜਵਾਬ ਵੀ ਪਤਾ ਹੋਣਾ ਚਾਹੀਦਾ ਹੈ।

ਮੰਤਰੀ : ਅਰਜ਼ ਇਹ ਹੈ ਕਿ ਜਿਹੜਾ ਆਜ਼ਾਦ ਸਾਹਿਬ ਨੇ ਸਵਾਲ ਕੀਤਾ ਹੈ ਇਸ ਲਈ ਵੱਖਰਾ ਨੋਟਿਸ ਚਾਹੀਦਾ ਹੈ। ਇਸ ਦਾ ਅਲਗ ਨੋਟਿਸ ਦੇ ਦੇਣ, ਮੈਂ ਪਤਾ ਕਰਕੇ ਜਵਾਬ ਦੇ ਦਿਆਂਗਾ ।

ਮੁੱਖ ਮੰਤਰੀ : ਸਵਾਲ ਬੜਾ ਕਲੀਅਰ ਹੈ । ਕੋਈ ਨਵੀਂ ਗਲ ਦੱਸਣ ਵਾਲੀ ਨਹੀਂ। ਜਵਾਬ ਵਿਚ ਦਸਿਆ ਹੈ ਕਿ 22 ਫ਼ਰਵਰੀ, 68 ਨੂੰ ਇਨ੍ਹਾਂ ਨੇ ਹੜਤਾਲ ਕੀਤੀ ਗੌਰਮਿੰਟ ਨੇ ਦਖ਼ਲ ਦਿੱਤਾ । ਹੜਤਾਲ ਹਟਵਾ ਦਿੱਤੀ ਗਈ। ਉਨ੍ਹਾਂ ਨੂੰ ਦੱਸ ਦਿੱਤਾ ਕਿ ਤੁਹਾਡਾ ਮਾਮਲਾ ਆਲਰੈਡੀ ਟ੍ਰਾਈਬਿਊਨਲ ਪਾਸ ਗਿਆ ਸੀ। 27 ਫਰਵਰੀ, 68 ਨੂੰ ਟ੍ਰਾਈਬਿਊਨਲ ਨੇ ਫੈਸਲਾ ਦੇ ਦਿੱਤਾ । ਉਸ ਦੇ ਮੁਤਾਬਿਕ ਅਮਲ ਕਰਵਾਉਣ ਵਾਸਤੇ ਸਰਕਾਰ ਕੋਸ਼ਿਸ਼ ਕਰ ਰਹੀ ਹੈ। ਮੈਂ ਕੈਟੇਗੋਰੀਕਲੀ ਕਿਹਾ ਹੈ ਕਿ ਜਿਹੜਾ ਆਦਮੀ ਐਟ ਫ਼ਾਲਟ ਹੋਵੇਗਾ ਉਸ ਨੂੰ ਸਜ਼ਾ ਦਿੱਤੀ ਜਾਵੇਗੀ ।

ਸ੍ਰੀ ਸਤਪਾਲ ਡਾਂਗ: ਕੀ ਮੁੱਖ ਮੰਤਰੀ ਸਾਹਿਬ ਇਹ ਦੱਸਣਗੇ ਕਿ ਟ੍ਰਾਈਬਿਊਨਲ ਦਾ ਐਵਾਰਡ ਕਦੋਂ ਛਪਿਆ ਸੀ ?

ਮੁੱਖ ਮੰਤਰੀ : ਜਵਾਬ ਵਿਚ ਦਸਿਆ ਹੈ ਕਿ 27 ਫਰਵਰੀ, 68 ਨੂੰ ਪੁੱਜਿਆ ।

ਮੰਤਰੀ : ਨਹੀਂ ਜੀ, 27 ਦਸੰਬਰ 67 ਨੂੰ ਪੁੱਜਿਆ ।

ਸ੍ਰੀ ਸਤਪਾਲ ਡਾਂਗ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਮੁੱਖ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਇਹ ਵੇਖਿਆ ਜਾਣਾ ਹੈ ਕਿ ਆਇਆ ਨੋਟਿਸ ਮਿਲਿਆ ਜਾਂ ਨਹੀਂ ਮਿਲਿਆ, ਕੀ ਮੈਂ ਉਨ੍ਹਾਂ ਤੋਂ ਪੁਛ ਸਕਦਾ ਹਾਂ ਕਿ ਇੰਡਸਟ੍ਰੀਅਲ ਡਿਸਪਿਊਟਸ ਐਕਟ ਦੇ ਮਾਤਹਿਤ ਐਵਾਰਡ ਗਜ਼ਟ ਵਿਚ ਛਪਣ ਤੋਂ ਬਾਅਦ ਕਿਸੇ ਤਰ੍ਹਾਂ ਦਾ ਕੋਈ ਨੋਟਿਸ ਕਿਸੇ ਨੂੰ ਨਹੀਂ ਜਾਂਦਾ ਜਿਸ ਦਿਨ ਤੋਂ ਗਜ਼ਟ ਛਪ ਗਿਆ ਕਾਨੂੰਨ ਦੀ ਨਿਗਾਹ ਵਿਚ ਉਸੇ ਦਿਨ ਤੋਂ ਸ਼ੁਰੂ ਕਰ ਕੇ ਇਕ ਮਹੀਨਾ ਗਿਣਿਆ ਜਾਂਦਾ ਹੈ। ਹੁਣ ਤਾਂ ਪੰਜ ਛੇ ਮਹੀਨੇ ਲੰਘ ਗਏ ਹਨ। ਕੀ ਮੁਖ ਮੰਤਰੀ ਜੀ ਦਸਣਗੇ ਕਿ ਪ੍ਰੌਸੀਕਿਊਸ਼ਨ ਕਦੋਂ ਕਰਨਗੇ ।

ਮੁੱਖ ਮੰਤਰੀ : ਮੈਂ ਕਾਨੂੰਨ ਨੂੰ ਨਾਲ ਨਹੀਂ ਲਈ ਫਿਰਦਾ । ਮੈਂ ਅਰਜ਼ ਕੀਤੀ ਹੈ ਕਿ ਕਾਨੂੰਨ ਦੇ ਮੁਤਾਬਿਕ ਅਗਰ ਕਾਰਵਾਈ ਨਾ ਕੀਤੀ ਗਈ ਹੋਈ ਤਾਂ ਜਿਹੜਾ ਐਟ ਫਾਲਟ ਹੋਇਆ ਉਸ ਦੇ ਖਿਲਾਫ ਐਕਸ਼ਨ ਲਵਾਂਗੇ ।

चौधरी बलबीर सिंह : आन ए प्वायंट आफ आर्डर सर । मुख्य मन्त्री ने कहा है कि मैं कानून को हाथ में नहीं लिए फिरता । कानून हर वक्त इन के साथ रहता है । अगर उस को पढ़ने की कोशिश करें तो कानून हर वक्त इन के साथ रहता है । लाकानूनी शायद साथ न रहती हो कानून तो इन के साथ ही रहता है । मैं आप के नोटिस में यह बात लाना चाहता हूँ कि एक बाज़े सवाल किया गया है लेकिन उस का जवाब इन्होंने बहुत देर से दिया है । आप हाउस की मदद करें अध्यक्ष महोदय, मैं आप से दरखास्त करता हूँ कि जो सवाल बिल्कुल बाजे हों उन का जवाब मिनिस्टरों की तरफ से ईवेसिव नहीं आना चाहिए । यह बात आप इन को कह दें ।

श्री अध्यक्ष : आयन्दा आप को अच्छा जवाब मिल जाया करेगा, चौधरी साहिब । (Chaudhri Sahib, in future you would get a better reply.)

PRIVILEGE MOTIONS

Mr. Speaker : There is a *privilege motion No. 2 given notice of by Shri A. Vishwanathan. The hon. Member does not want this matter to be pursued. That is disallowed.

ਸਰਦਾਰ ਗੁਰਨਾਮ ਸਿੰਘ : ਸਪੀਕਰ ਸਾਹਿਬ, ਇਹ ਕੀ ਮਾਮਲਾ ਹੈ ?

ਸ਼੍ਰੀ ਸਪੀਕਰ : ਪਿਛਲੇ ਸੈਸ਼ਨ ਵਿੱਚ ਪੁਲਿਸ ਨੇ ਸਪੀਕਰ ਦੀ ਕਾਰ ਰੋਕਣ ਦੀ ਜੋ ਕੋਸ਼ਿਸ਼ ਕੀਤੀ ਸੀ ਉਸ ਬਾਰੇ ਇਹ ਪ੍ਰਿਵਲੇਜ ਮੋਸ਼ਨ ਹੈ। ਦਿਸ ਵਾਜ਼ ਡਿਸਕਸਡ ਐਟ ਦੈਟ ਟਾਈਮ** ।

(ਵਿਘਨ)

(This privilege motion relates to the attempt made by the Police to stop the car of the Speaker during the last Session. This was discussed at that time.)

(*Interruptions*)

***Shri A. Vishwanathan, M.L.A.** has given notice of the following Privilege Motion (No. 2) —

> "I move that the matter involving the stoppage of the car of the Hon'ble Speaker by the Police at the entrance of the Vidhan Sabha Bhavan on the 18th March, 1968 constituted a gross and unpardonable insult to the dignity of the Chair and this House and breach of privilege of the Speaker and the House and that the matter be referred to the Committee of Privileges."

**See P.V.S. Debates dated 18th March, 1968, Vol. II No. 1

Shri A. Vishwanathan : Sir, the communication that I have got from your office reads like this :—

> The matter was raised in the last session also and the hon. Speaker has already made a statement in this connection. The Hon. Speaker does not want the matter to be pursued.

इस के मुताल्लिक अर्ज़ है कि लास्ट सैशन 18 तारीख को हुआ था । उसी दिन का यह वाका है और उसी दिन सैशन ऐडजर्न हो गया । तो यह मोशन डिस्कस कब हुई ? (विघ्न)

अध्यक्ष महोदय : उसी दिन सवाल रेज़ हुआ था । (This question was raised the same day.)

श्री अ. विश्वा नाथन : स्पीकर साहिब, यह हाउस के प्रिविलेज का सवाल है (विघ्न) आप प्रिज़ाइडिंग अफसर हैं, आप की कार को रोका गया । हमारा भी आप पर कुछ हक है । हम यह प्रिविलेज मोशन रेज़ करना चाहते हैं । (विघ्न)

Mr. Speaker : Last time when this thing was raised then I had stated that they stood before my car and I dragged the policemen along with my car. They did not stop my car anywhere. I dragged the Sub-Inspector along with others, but they did not stop my car.

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਤੁਸੀਂ ਤਾਂ ਪ੍ਰਿਵਿਲੇਜ ਮੋਸ਼ਨ ਦਾ ਮੈਟਰ ਕਨਫਰਮ ਕਰ ਦਿੱਤਾ ਹੈ ਇਹ ਸਪੈਸੇਫਿਕ ਗੱਲ ਕਹਿ ਕੇ ਕਿ ਆਪ ਦੀ ਕਾਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ । ਉਹ ਗੱਲ ਵੱਖਰੀ ਹੈ ਕਿ ਕਾਰ ਰੁਕੀ ਨਹੀਂ, ਉਹ ਨਾਲ ਘਸੀਟ ਹੁੰਦੇ ਰਹੇ, ਆਪ ਜ਼ਬਰਦਸਤੀ ਇਥੇ ਪਹੁੰਚ ਗਏ, ਉਸ ਨੇ ਰੋਕਣ ਦੀ ਪੂਰੀ ਕੋਸ਼ਿਸ਼ ਕੀਤੀ । ਇਸ ਦਾ ਮਤਲਬ ਹੈ ਕਿ ਉਹ ਐਕਟ ਹੋਇਆ ਹੈ ਜੋ ਕਿ ਹਾਊਸ ਦੀ ਇਨਸਲਟ ਹੈ । ਉਸ ਬਾਰੇ ਪ੍ਰਿਵਿਲੇਜ ਮੋਸ਼ਨ ਜ਼ਰੂਰ ਐਡਮਿਟ ਹੋਣੀ ਚਾਹੀਦੀ ਹੈ । ਉਸ ਨੂੰ ਕਿਵੇਂ ਜੁੱਰਤ ਪਈ ਕਿ ਸਪੀਕਰ ਦੀ ਕਾਰ ਨੂੰ ਰੋਕਣ ਦੀ ਕੋਸ਼ਿਸ਼ ਕਰੇ, ਦਰਵਾਜ਼ਾ ਖੋਲੇ ਅਤੇ ਰੋਕਣ ਦੀ ਕੋਸ਼ਿਸ਼ ਕਰੇ । ਇਟ ਇਜ਼ ਏ ਫੈਕਟ ਦੈਟ ਇਟ ਇਜ਼ ਏ ਫਿਟ ਕੇਸ ਫਾਰ ਏ ਪ੍ਰਿਵਿਲੇਜ ਮੋਸ਼ਨ । (ਵਿਘਨ) ਆਪ ਇਸ ਨੂੰ ਰੂਲ-ਆਊਟ ਨਹੀਂ ਕਰ ਸਕਦੇ ।

(ਵਿਘਨ)

ਮੁੱਖ ਮੰਤਰੀ : ਆਨ ਏ ਪੁਆਇੰਟ ਆਫ ਆਰਡਰ, ਸਰ। ਆਪ ਪਿਛਲੇ ਸੈਸ਼ਨ ਦੀ ਕਾਰਵਾਈ ਦੇਖ ਲਉ ਆਪ ਨੇ ਕੈਟੇਗੋਰੀਕਲੀ ਕਿਹਾ ਹੈ ਕਿ ਮੇਰੀ ਕਾਰ ਨਹੀਂ ਰੋਕੀ ਗਈ ।

ਸ੍ਰੀ ਸਪੀਕਰ : ਮੈਂ ਤਾਂ ਹੁਣ ਵੀ ਕਿਹਾ ਹੈ ਕਿ ਮੇਰੀ ਕਾਰ ਨਹੀਂ ਰੋਕੀ ਗਈ, ਰੋਕਣ ਦੀ ਕੋਸ਼ਿਸ਼ ਕੀਤੀ ਗਈ । (ਤਾੜੀਆਂ, ਅਪੋਜੀਸ਼ਨ ਵਲੋਂ)

I still maintain that my car was not stopped but an attempt was made to do so.

ਮੁੱਖ ਮੰਤਰੀ : ਉਨ੍ਹਾਂ ਨੇ ਕੋਸ਼ਿਸ਼ ਕੀਤੀ ਜਾਂ ਨਹੀਂ ਇਸ ਬਾਰੇ ਮੈਂ ਕੁਝ ਨਹੀਂ ਕਹਿੰਦਾ । ਆਪ ਜੋ ਕਹਿੰਦੇ ਹੋ, ਉਹ ਠੀਕ ਹੈ । ਮੈਂ ਸਿਰਫ਼ ਇਹ ਕਹਿ ਰਿਹਾ ਹਾਂ ਕਿ ਪਿਛਲੇ ਹਾਊਸ ਵਿਚ

[ਮੁੱਖ ਮੰਤਰੀ]

ਆਪ ਨੇ ਆਬਜ਼ਰਵੇਸ਼ਨ ਕੀਤੀ ਸੀ ਕਿ ਮਰੀ ਕਾਰ ਨਹੀਂ ਰੋਕੀ ਗਈ, ਕੈਟੇਗੋਰੀਕਲੀ ਇਤਨਾ ਹੀ ਕਿਹਾ ਸੀ।

ਸ੍ਰੀ ਸਪੀਕਰ : ਮੈਂ ਕਹਿੰਦਾ ਹਾਂ ਕਿ ਮੇਰੀ ਕਾਰ ਨਹੀਂ ਰੋਕੀ ਗਈ...(I say that my car was not stopped) (ਸ਼ੋਰ)

ਸਰਦਾਰ ਗੁਰਨਾਮ ਸਿੰਘ : ਸਪੀਕਰ ਸਾਹਿਬ, ਜਿੱਥੇ ਤੱਕ ਹਾਊਸ ਦੀ ਪ੍ਰਿਵਿਲੇਜ ਦਾ ਸਵਾਲ ਹੈ ਹਾਊਸ ਕਦੇ ਪਾਰਟੀ ਲਾਈਨ ਤੇ ਵਰਕ ਨਹੀਂ ਕਰਦਾ। ਆਪ ਦੀ ਸਟੇਟਮੈਂਟ ਮਗਰੋਂ ਮੇਰਾ ਅਨੁਮਾਨ ਸੀ ਕਿ ਲੀਡਰ ਆਫ਼ ਦੀ ਹਾਊਸ ਉਠ ਕੇ ਕਹੇਗਾ ਕਿ ਠੀਕ ਹੈ ਇਹ ਮਾਮਲਾ ਪ੍ਰਿਵਿਲੇਜ ਕਮੇਟੀ ਦੇ ਸਪੁਰਦ ਕਰੋ। ਮਗਰ ਇਨ੍ਹਾਂ ਨੇ ਇਸ ਦੀ ਮੁਖਾਲਫਤ ਕੀਤੀ ਹੈ......(ਵਿਘਨ)।

ਸ੍ਰੀ ਸਪੀਕਰ : ਮੁਖਾਲਫਤ ਨਹੀਂ ਕੀਤੀ। (ਵਿਘਨ) (He has not opposed it.)

(ਸ਼ੋਰ)

ਸਰਦਾਰ ਗੁਰਨਾਮ ਸਿੰਘ : ਇਹ ਠੀਕ ਹੈ ਕਿ ਆਪ ਦੀ ਸਟੇਟਮੈਂਟ ਵਿੱਚ ਬੜੀ ਖੂਬਸੂਰਤੀ ਹੈ ਕਿ ਜਾਣ ਦਿਉ ਇਹ ਮੇਰਾ ਸਵਾਲ ਹੈ। ਮਗਰ ਇਹ ਆਪ ਦਾ ਸਵਾਲ ਨਹੀਂ ਹੈ ਇਹ ਕੰਪਲੀਟ ਕਟੈਂਪਟ ਆਫ਼ ਦੀ ਹਾਊਸ ਹੈ ਕਿ ਇਕ ਪੁਲਿਸ ਅਫ਼ਸਰ ਇਹ ਜੁੱਰਤ ਕਰੇ ਕਿ ਉਹ ਸਪੀਕਰ ਦੀ ਕਾਰ ਨੂੰ ਜਿਸ ਤੇ ਸਪੀਕਰ ਲਿਖਿਆ ਹੋਇਆ ਹੋਵੇ ਜਿਸ ਨੂੰ ਸਪੀਕਰ ਸਾਹਿਬ ਚਲਾ ਰਹ ਹੋਣ, ਜਿਸ ਬਾਰੇ ਵਾਚ ਐਂਡ ਵਾਰਡ ਦਾ ਆਦਮੀ ਕਹ ਕਿ ਇਹ ਸਪੀਕਰ ਸਾਹਿਬ ਦੀ ਕਾਰ ਹੈ ਰੋਕਣ ਦੀ ਕੋਸ਼ਿਸ਼ ਕਰੇ। ਅਸੀਂ ਇਨਸਿਸਟ ਕਰਦੇ ਹਾਂ ਕੇ ਇਹ ਮਾਮਲਾ ਪ੍ਰਿਵਿਲੇਜ ਕਮੇਟੀ ਨੂੰ ਸੌਂਪਿਆ ਜਾਵੇ। ਪਾਰਟੀ ਲਾਈਨ ਨੂੰ ਛੱਡ ਕੇ ਇਹ ਉਸ ਕਮੇਟੀ ਨੂੰ ਭੇਜਿਆ ਜਾਵੇ। ਕਿਸੇ ਮੈਂਬਰ ਦਾ ਸਵਾਲ ਨਹੀਂ ਇਹ ਤਾਂ ਸਪੀਕਰ ਦਾ ਸਵਾਲ ਹੈ। ਉਸ ਨੂੰ ਵਾਚ ਐਂਡ ਵਾਰਡ ਦੇ ਆਦਮੀ ਤੋਂ ਪਤਾ ਵੀ ਲਗ ਗਿਆ ਸੀ ਫਿਰ ਵੀ ਉਹ ਰੋਕਣ ਦੀ ਕੋਸ਼ਿਸ਼ ਕਰੇ। ਉਸ ਨੂੰ ਅਗਰ ਮਾਰ ਵੀ ਦਿੰਦੇ ਤਾਂ ਸਾਨੂੰ ਤਸੱਲੀ ਹੁੰਦੀ। ਆਪ ਕਹਿੰਦੇ ਹੋ ਕਿ ਆਪ ਉਸ ਨੂੰ ਘੜੀਸਦੇ ਲੈ ਆਏ, ਮੈਂ ਕਹਿੰਦਾ ਹਾਂ ਕਿ ਆਪ ਉਸ ਨੂੰ ਓਵਰਰਨ ਕਰਦੇ ਜੇ ਆਪ ਦੀ ਕਾਰ ਨੂੰ ਰੋਕ ਰਿਹਾ ਸੀ। ਇਹ ਪ੍ਰਿਵਲੇਜ ਮੋਸ਼ਨ ਹੈ ਅਤੇ ਮੈਂ ਇਨਸਿਸਟ ਕਰਦਾ ਹਾਂ ਕਿ ਇਹ ਉਸ ਕਮੇਟੀ ਨੂੰ ਜਾਵੇ। ਉਥੇ ਜੋ ਫਸਲਾ ਹੋਵੇਗਾ ਉਹ ਦੇਖ ਲਵਾਂਗੇ।

ਸ੍ਰੀ ਸਪੀਕਰ : ਇਹ ਹੋ ਸਕਦਾ ਹੈ ਕਿਉਸ ਨੂੰ ਨਾ ਪਤਾ ਹੋਵੇ ਕਿ ਕਾਰ ਕਿਸ ਦੀ ਹੈ।......

(ਵਿਘਨ)

(It is possible that he might not be aware also as to who was the owner of the car.)

ਡਾਕਟਰ ਬਲਦੇਵ ਪ੍ਰਕਾਸ਼ : ਇਸ ਦਾ ਪਤਾ ਤਾਂ ਪ੍ਰਿਵਿਲੇਜ ਕਮੇਟੀ ਵਿੱਚ ਲਗੇਗਾ ਜਿਥੇ ਉਸ ਦੀ ਸਟੇਟਮੈਂਟ ਲਈ ਜਾਵੇਗੀ।

(ਵਿਘਨ)

ਸਰਦਾਰ ਬਲਵੰਤ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ ਮੈਂ ਵੀ ਉਸੇ ਕਾਰ ਵਿੱਚ ਬੈਠਾ ਸੀ ਅਤੇ ਮੈਨੂੰ ਪੂਰਾ ਯਾਦ ਹੈ ਉਸ ਕਾਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ ਹਾਲਾਂ ਕਿ ਉਸ ਉਤੇ ਫਲੈਗ ਲਗਾ ਹੋਇਆ ਸੀ। ਇਸ ਦੇ ਬਾਵਜੂਦ ਆਪ ਨੂੰ ਰੋਕਿਆ। ਜਦੋਂ ਆਪ ਚਲ ਪਏ ਤਾਂ ਉਹ ਦਰਵਾਜ਼ਾ ਖੋਲ੍ਹ ਕੇ 10-12 ਗਜ਼ ਨਾਲ ਦੌੜਦੇ ਆਏ ਅਤੇ ਆਪ ਦੀ ਕਾਰ ਨੂੰ ਖਿਚਣ ਦੀ ਕੋਸ਼ਿਸ਼ ਕੀਤੀ। (This is a fact and this is a contempt of the House and the Speaker.)

Mr. Speaker : I think the House will not drag the Speaker in.

Sardar Gurnam Singh : We drag the Policemen and not the Speaker (*Interruption by the Chief Minister*). Does the Chief Minister approve of this contempt of the House.

ਮੁੱਖ ਮੰਤਰੀ : ਸਪੀਕਰ ਸਾਹਿਬ, ਆਪ ਜੋ ਫ਼ੈਸਲਾ ਦੇਵੋਂਗੇ ਉਹ ਸਾਰੇ ਹਾਊਸ ਨੂੰ ਮਨਜ਼ੂਰ ਹੋਵੇਗਾ। ਮੈਂ ਤਾਂ ਇਹੀ ਕਹਿ ਸਕਦਾ ਹਾਂ ਕਿ ਜਦ ਪਿਛਲੇ ਸੈਸ਼ਨ ਵਿੱਚ ਇਹ ਚੀਜ਼ ਇਥੇ ਆਈ ਉਸ ਦਾ ਪਹਿਲਾ ਹਿੱਸਾ ਦੇਖ ਲਉ, ਦੂਜਾ ਦੇਖ ਲਉ, ਆਪ ਨੇ ਕਿਹਾ, ਭਾਵੇਂ ਕਿਸੇ ਵਜ੍ਹਾ ਕਰਕੇ ਕਿਹਾ ਹੋਵੇ, ਕਿ ਚਲੋ ਇਸ ਨੂੰ ਇਗਨੋਰ ਕਰਨਾ ਚਾਹੀਦਾ ਹੈ। ਆਪ ਦੀ ਪਹਿਲੀ ਕੈਟੇਗੋਰੀਕਲ ਸਟੇਟਮੈਂਟ ਇਹ ਹੈ ਕਿ ਆਪ ਦੀ ਕਾਰ ਨੂੰ ਕਿਸੇ ਨੇ ਨਹੀਂ ਰੋਕਿਆ। ਮੈਂ ਆਪ ਦੇ ਆਰਡਰ ਕਰਨ ਤੋਂ ਪਹਿਲਾਂ ਇਹ ਗੱਲ ਆਪ ਦੇ ਨੋਟਿਸ ਵਿੱਚ ਲਿਆਇਆ ਹਾਂ ਕਿ ਅਗਰ ਇਹ ਕਮੇਟੀ ਨੂੰ ਜਾਂਦਾ ਹੈ ਤਾਂ ਉਸ ਕਮੇਟੀ ਵਿੱਚ ਇਹ ਹਿੱਸਾ ਵੀ ਆਵੇਗਾ ਅਤੇ ਦੂਜਾ ਵੀ ਆਵੇਗਾ। ਜੋ ਪ੍ਰਾਪਰ ਨਹੀਂ ਰਹੇਗਾ। ਬਾਕੀ ਜੋ ਫੈਸਲਾ ਤੁਸੀਂ ਕਰੋਗੇ ਉਹ ਸਿਰ ਮੱਥੇ ਤੇ।

(ਵਿਘਨ)

ਸਰਦਾਰ ਗੁਰਨਾਮ ਸਿੰਘ : ਕੈਟੇਗੋਰੀਕਲੀ ਤਾਂ ਨਹੀਂ ਕਿਹਾ ਕਿ ਛੋੜ ਦਿਉ.... (ਵਿਘਨ) ਸਵਾਲ ਤਾਂ ਇਹ ਹੈ ਕਿ ਅਗਰ ਆਪ ਦੀ ਸਟੇਟਮੈਂਟ ਠੀਕ ਹੈ ਤਾਂ is he prepared to punish the policemen who stopped the car ? Let the Chief Minister hold an enquiry.

(*Interruption*)

ਮੁੱਖ ਮੰਤਰੀ : ਸਪੀਕਰ ਸਾਹਿਬ, ਮੇਰਾ ਮਤਲਬ ਹੈ........ (ਵਿਘਨ) ਕਿ ਅਗਰ ਇਹ ਮਾਮਲਾ ਪ੍ਰਿਵਲੇਜ ਕਮੇਟੀ ਵਿਚ ਜਾਂਦਾ ਹੈ ਤਾਂ ਫਿਰ ਹੁਣ ਵਾਲੀ ਸਟੇਟਮੈਂਟ ਵੀ ਉਥ ਆਉਣੀ ਹੈ ਅਤੇ ਪਹਿਲੇ ਵਾਲੀ ਵੀ ਆਉਣੀ ਹੈ। ਇਸ ਲਈ ਇਸ ਨੂੰ ਇਗਨੋਰ ਕਰਨਾ ਬਿਹਤਰ ਰਹੇਗਾ।

(ਆਪੋਜ਼ੀਸ਼ਨ ਵਲੋਂ ਆਵਾਜ਼ਾਂ : ਨੋ, ਨੋ।)

ਡਾ. ਬਲਦੇਵ ਪ੍ਰਕਾਸ਼ : ਇਨ੍ਹਾਂ ਦੀ ਇਨਟੈਨਸ਼ਨ ਦੇਖ ਲਉ। (ਵਿਘਨ) ਇਨ੍ਹਾਂ ਨੇ ਆਪਣੇ ਆਦਮੀ ਖੜੇ ਕੀਤੇ ਹੋਏ ਸਨ। (ਵਿਘਨ)

ਮੁੱਖ ਮੰਤਰੀ : ਲਉ ਜੀ, ਮੈਂ ਆਪਣੇ ਆਦਮੀ ਖੜੇ ਕੀਤੇ ਹੋਏ ਸੀ ਆਪ ਨੂੰ ਰੋਕਣ ਲਈ। (ਵਿਘਨ) ਸਪੀਕਰ ਸਾਹਿਬ, ਸਭ ਕੁਝ ਸੁਣਨ ਤੋਂ ਬਾਅਦ ਅਗਰ ਆਪ ਮੁਨਾਸਬ

[ਮੁੱਖ ਮੰਤਰੀ]

ਸਮਝੋ ਤਾਂ ਹੁਕਮ ਦੇ ਦਿਉ ਕਿ ਉਸ ਦੇ ਖਿਲਾਫ਼ ਐਕਸ਼ਨ ਲਿਆ ਜਾਵੇ, ਮੈਂ ਜ਼ਰੂਰ ਲਵਾਂਗਾ, ਜੋ ਆਪ ਹੁਕਮ ਦਿਉਗੇ ।

(ਵਿਘਨ)

ਸਰਦਾਰ ਗੁਰਮੀਤ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ । (ਵਿਘਨ) ਸਪੀਕਰ ਸਾਹਿਬ, ਆਪ ਨੇ ਕਿਹਾ ਹੈ ਕਿ ਆਪ ਦੀ ਕਾਰ (ਵਿਘਨ) ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ । ਸਪੀਕਰ ਸਾਹਿਬ, ਇਹ ਬ੍ਰੀਚ ਆਫ਼ ਦੀ ਪ੍ਰਿਵਲੇਜ ਆਫ਼ ਦੀ ਹਾਊਸ ਦਾ ਸਵਾਲ ਹੈ । (ਵਿਘਨ)

ਮੁੱਖ ਮੰਤਰੀ : ਜੇਕਰ ਤੁਸੀਂ ਗਲ ਪੂਰੀ ਨਹੀਂ ਕੀਤੀ ਤਾਂ ਹੋਰ ਬੋਲ ਲਉ ।

ਸਰਦਾਰ ਗੁਰਚਰਨ ਸਿੰਘ (ਬਾਘਾਪੁਰਾਣਾ) **:** ਸਪੀਕਰ ਸਾਹਿਬ, ਮੈਂ ਨਿੰਮਰਤਾ ਨਾਲ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਵਿਚ ਹਾਊਸ ਦੀ ਇੱਜ਼ਤ, ਲੈਜਿਸਲੇਚਰ ਦੀ ਇਜ਼ੱਤ ਦਾ ਸਵਾਲ ਹੈ । ਇਹ ਇਕ ਇਨਸਟੀਚੂਸ਼ਨ ਦਾ ਸਵਾਲ ਹੈ ਅਤੇ ਸਪੀਕਰ ਦੀ ਇਨਸਟੀਚੂਸ਼ਨ ਦੇ ਅਧਿਕਾਰਾਂ ਦਾ ਸਵਾਲ ਹੈ । ਤੁਸੀਂ ਸਪੀਕਰ ਸਾਹਿਬ ਆਪ ਫਰਮਾਇਆ ਹੈ ਕਿ ਤੁਹਾਡੀ ਕਾਰ ਕਣ ਦਾ ਯਤਨ ਕੀਤਾ ਗਿਆ, ਪਰ ਉਹ ਰੋਕ ਨਾ ਸਕੇ । ਇਸ ਤੋਂ ਹੀ ਉਨ੍ਹਾਂ ਦੀ ਕ੍ਰਿਮੀਨਲ ਇਨਟੈਂਸ਼ਨ ਦਾ ਪਤਾ ਲਗਦਾ ਹੈ ਕਿ ਉਹ ਤੁਹਾਡੀ ਬੇਇੱਜ਼ਤੀ ਕਰਨਾ ਚਾਹੁੰਦੇ ਸਨ ਅਤੇ ਫਿਰ ਤੁਸੀਂ ਆਪ ਹੀ ਫਰਮਾਇਆ ਹੈ ਕਿ ਪੁਲਿਸ ਦਾ ਉਹ ਅਫਸਰ ਤੁਹਾਡੀ ਕਾਰ ਨਾਲ ਲੰਮਕਦਾ ਹੀ ਆ ਗਿਆ । ਉਹ ਤੁਹਾਨੂੰ ਰੋਕਣਾ ਚਾਹੁੰਦਾ ਸੀ । ਇਸ ਤਰ੍ਹਾਂ ਦਾ ਇਕ ਸੰਗੀਨ ਮਾਮਲਾ ਹੈ । ਇਸ ਲਈ ਇਸ ਨੂੰ ਪ੍ਰਿਵਿਲੇਜ ਕਮੇਟੀ ਦੇ ਸਪੁਰਦ ਕੀਤਾ ਜਾਵੇ । ਇਸ ਬਾਰੇ ਤੁਹਾਨੂੰ ਜ਼ਰੂਰ ਹੁਕਮ ਦੇਣਾ ਚਾਹੀਦਾ ਹੈ ਤਾਕਿ ਪਤਾ ਲਗ ਸਕੇ ਕਿ ਕਿਸ ਪੁਲਿਸ ਅਫਸਰ ਨੇ ਇਸ ਤਰ੍ਹਾਂ ਦੀ ਸ਼ਰਮਨਾਕ ਹਰਕਤ ਕੀਤੀ ਹੈ । ਤੇ ਫਿਰ ਦੂਜੇ ਪਾਸੇ ਸਰਕਾਰ ਵਲੋਂ ਇਸ ਤਰ੍ਹਾਂ ਦੇ ਪੁਲਿਸ ਅਫਸਰਾਂ ਨੂੰ ਤਰੱਕੀ ਦਿੱਤੀ ਗਈ ਅਤੇ ਅਵਾਰਡ ਦਿਤੇ ਗਏ ਹਨ । ਮੈਂ ਇਹ ਬੇਨਤੀ ਕਰਾਂਗਾ ਕਿ ਜਿਨ੍ਹਾਂ ਨੂੰ ਅਵਾਰਡ 18 ਤਰੀਕ ਦੇ ਅਸੈਂਬਲੀ ਦੇ ਵਾਕੇ ਦੇ ਸਬੰਧ ਵਿਚ ਦਿਤੇ ਗਏ ਹਨ ਉਹ ਕੈਂਸਲ ਕੀਤੇ ਜਾਣ ਅਤੇ ਜਿਸ ਅਫਸਰ ਨੇ ਤੁਹਾਡੀ ਕਾਰ ਨੂੰ ਰੋਕਣ ਦਾ ਯਤਨ ਕੀਤਾ ਹੈ ਉਸ ਨੂੰ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ । ਲਾਹਨਤ ਹੈ ਅਜਿਹੇ ਪੁਲਿਸ ਅਫਸਰਾਂ ਤੇ ......। ਵਿਘਨ)

ਮੁੱਖ ਮੰਤਰੀ: ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਇਹ ਮਾਮਲਾ ਹਾਈ ਕੋਰਟ ਵਿਚ ਵੀ ਡਿਸਕਸ਼ਨ ਵਿਚ ਆਇਆ ਹੈ ਅਤੇ ਇਸ ਦੀ ਜਜਮੈਂਟ ਵਿਚ ਰੈਫਰੈਂਸ ਹੈ । ਕਿਉਂਕਿ ਉਥੇ ਖਾਸ ਤੌਰ ਤੇ ਇਹ ਪੁਆਇੰਟ ਡਿਸਕਸ ਹੋਇਆ ਸੀ ਇਸ ਲਈ ਇਹ ਮਾਮਲਾ ਸਬਜੁਡਿਸ ਹੈ ਇਸ ਲਈ ਇਸ ਨੂੰ ਇਥੇ ਕਿਸੇ ਪ੍ਰਿਵਿਲੇਜ ਕਮੇਟੀ ਪਾਸ ਰੈਫਰ ਨਹੀਂ ਕੀਤਾ ਜਾਣਾ ਚਾਹੀਦਾ ਅਤੇ ਨਾ ਹੀ ਕਿਸੇ ਕਿਸਮ ਦੀ ਡਿਸਕਸ਼ਨ ਦੀ ਇਜਾਜ਼ਤ ਦੇਣੀ ਚਾਹੀਦੀ ਹੈ ਅਤੇ ਨਾ ਹੀ ਫਰਦਰ ਪਰਸੂ ਕਰਨਾ ਚਾਹੀਦਾ ਹੈ ।

ਸਰਦਾਰ ਗੁਰਨਾਮ ਸਿੰਘ : ਸਪੀਕਰ ਸਾਹਿਬ, ਹੁਣੇ ਹੀ ਚੀਫ ਮਨਿਸਟਰ ਨੇ ਫਰਮਾਇਆ ਹੈ ਕਿ ਇਸ ਗੱਲ ਦਾ ਜਜਮੈਂਟ ਵਿਚ ਰੈਫਰੈਂਸ ਹੈ ਇਹ ਬਿਲਕੁਲ ਗਲਤ ਗੱਲ ਹੈ । ਹਾਈ ਕੋਰਟ ਪਾਸ ਇਹ ਮਾਮਲਾ ਅਡਜੂਡੀਕੇਸ਼ਨ ਲਈ ਨਹੀਂ ਸੀ ਭੇਜਿਆ ਗਿਆ । ਉਥੇ ਤਾਂ ਕਨਸਟੀਚੂਸ਼ਨ

ਦੀ ਇਨਟਰਪਰੇਟੇਸ਼ਨ ਦਾ ਸਵਾਲ ਆਇਆ ਸੀ ਅਤੇ ਫੈਕਟਸ ਨੂੰ ਸਾਹਮਣੇ ਰਖ ਕੇ ਫੈਸਲਾ ਕੀਤਾ ਗਿਆ। ਸਿਰਫ ਕਾਨਸਟੀਚੂਸ਼ਨ ਦਾ ਸਵਾਲ ਉਨ੍ਹਾਂ ਪਾਸ ਗਿਆ ਸੀ ਅਤੇ ਉਹ ਇਹ ਸੀ ਕਿ ਐਪਰੋਪ੍ਰੀਏਸ਼ਨ ਐਕਟ ਵੈਲਿਡ ਹਨ ਜਾਂ ਨਹੀਂ। ਇਸ ਲਈ ਚੀਫ ਮਨਿਸਟਰ ਦਾ ਇਹ ਕਹਿਣਾ ਕਿ ਤੁਹਾਡੀ ਕਾਰ ਨੂੰ ਰੋਕਣ ਦਾ ਮਾਮਲਾ ਹਾਈ ਕੋਰਟ ਵਿਚ ਗਿਆ ਸੀ, ਠੀਕ ਨਹੀਂ। ਅਤੇ ਹੁਣ ਜੋ ਅਪੀਲ ਸੁਪਰੀਮ ਕੋਰਟ ਵਿਚ ਕੀਤੀ ਗਈ ਹੈ ਇਸ ਦੀ ਐਡਜੂਡੀਕੇਸ਼ਨ ਤੇ ਇਸ ਮਾਮਲੇ ਦਾ ਕੋਈ ਅਸਰ ਨਹੀਂ ਪੈਂਦਾ। ਜੇਕਰ ਮੁਖ ਮੰਤਰੀ ਸਾਹਿਬ ਦਾ ਕਹਿਣਾ ਦਰੁਸਤ ਹੈ ਤਾਂ ਕੀ ਮੈਂ ਇਨ੍ਹਾਂ ਤੋਂ ਪੁਛ ਸਕਦਾ ਹਾਂ ਕਿ ਕੀ ਇਨ੍ਹਾਂ ਨੇ ਆਪਣੀ ਗਰਾਉਂਡਜ਼ ਆਫ ਅਪੀਲ ਵਿਚ ਤੁਹਾਡੀ ਕਾਰ ਰੋਕਣ ਦਾ ਮਾਮਲਾ ਦਰਜ ਕੀਤਾ ਸੀ। ਕੀ ਇਨ੍ਹਾਂ ਤੁਹਾਡੀ ਕਾਰ 18 ਮਾਰਚ ਵਾਲੇ ਦਿਨ ਨਹੀਂ ਸੀ ਰੋਕੀ ? ਸੁਪਰੀਮ ਕੋਰਟ ਵਿਚ ਜਿਹੜਾ ਪੁਆਇੰਟ ਐਟ ਇਸ਼ੂ ਸੀ ਅਤੇ ਜਿਸ ਗਲ ਨੂੰ ਡੀਟਰਮਿਨ ਕਰਨਾ ਹੈ ਉਹ ਇਹ ਹੈ ਕਿ ਕੀ ਐਪ੍ਰੋਪ੍ਰੀਏਸ਼ਨ ਐਕਟ ਵੈਲਿਡ ਹਨ ਜਾਂ ਨਹੀਂ। ਹਾਈ ਕੋਰਟ ਨੇ ਇਹ ਕਰਾਰ ਦਿਤਾ ਹੈ ਕਿ ਇਹ ਵੈਲਿਡ ਨਹੀਂ। ਇਨ੍ਹਾਂ ਅਪੀਲ ਸੁਪਰੀਮ ਕੋਰਟ ਵਿਚ ਕੀਤੀ ਹੈ। ਪਰ ਹੁਣ ਇਹ ਇਸ ਗੱਲ ਦੀ ਸ਼ੈਲਟਰ ਲਈ ਜਾਂਦੇ ਹਨ ਕਿ ਮਾਮਲਾ ਸਬਜੂਡਿਸ ਹੈ। ਸਗੋਂ ਸੀ.ਐਮ. ਨੂੰ ਬੋਲਡਲੀ ਸਾਹਮਣੇ ਆ ਕੇ ਐਜ਼ ਲੀਡਰ ਆਫ ਦੀ ਹਾਊਸ ਇਹ ਕਹਿਣਾ ਚਾਹੀਦਾ ਸੀ ਕਿ ਮੈਂ ਜ਼ਰੂਰ ਇਨਕੁਆਇਰੀ ਕਰਵਾ ਕੇ ਜੇ ਕਰ ਸਾਬਤ ਹੋਏ ਤਾਂ ਸਜ਼ਾ ਦੇਵਾਂਗਾ ਪਰ ਗੱਲਾਂ ਨੂੰ ਇਧਰ ਉਧਰ ਘੜੀਸਦੇ ਨੇ। ਇਸ ਲਈ ਮੈਂ ਕਹਾਂਗਾ ਕਿ ਇਸ ਨੂੰ ਪ੍ਰਿਵਿਲਿਜ ਕਮੇਟੀ ਪਾਸ ਜਾਣਾ ਚਾਹੀਦਾ ਹੈ। ਸੀ. ਐਮ. ਸਾਹਿਬ ਗੱਲਾਂ ਨੂੰ ਤੋੜ ਮਰੋੜ ਕੇ ਪੇਸ਼ ਕਰਦੇ ਨੇ ਅਤੇ ਇਹ ਕਹਿੰਦੇ ਨੇ ਕਿ ਜੇਕਰ ਸਪੀਕਰ ਸਾਹਿਬ ਤੁਸੀਂ ਹੁਕਮ ਦਿਉ ਤਾਂ ਸਜ਼ਾ ਦੇ ਸਕਦਾ ਹਾਂ। ਇਹ ਤਾਂ ਪਬਲਿਕ ਲਾਈਫ ਦੀ ਡੀਸੈਂਸੀ ਮੰਗ ਕਰਦੀ ਹੈ ਕਿ ਇਸ ਤਰ੍ਹਾਂ ਦੀ ਸ਼ਰਮਨਾਕ ਹਰਕਤ ਕਰਨ ਵਾਲੇ ਪੁਲਿਸ ਅਫਸਰ ਨੂੰ ਜ਼ਰੂਰ ਸਜ਼ਾ ਮਿਲਣੀ ਚਾਹੀਦੀ ਹੈ। ਇਥੇ ਇਸ ਤਰ੍ਹਾਂ ਦੀਆਂ ਵਾਹਯਾਤ ਗੱਲਾਂ ਕੀਤੀਆਂ ਜਾਣ ਤੇ ਸੀ.ਐਮ. ਉਨ੍ਹਾਂ ਅਫਸਰਾਂ ਨੂੰ ਸ਼ੈਲਟਰ ਦੇਵੇ ਕਿੰਨੀ ਸ਼ਰਮ ਦੀ ਗੱਲ ਹੈ ਅਤੇ ਕਿੰਨਾ ਸ਼ੇਮਫੁਲ ਐਕਟ ਹੈ ਪੁਲਿਸ ਦਾ ਜਿਸ ਨੇ ਤੁਹਾਡੀ ਕਾਰ ਨੂੰ ਰੋਕਿਆ।

(ਵਿਰੋਧੀ ਦਲ ਵਲੋਂ ਸ਼ੇਮ ਸ਼ੇਮ)

ਮੁੱਖ ਮੰਤਰੀ : ਅਸੀਂ ਕੋਈ ਗੱਲ ਇਸ ਤਰ੍ਹਾਂ ਦੀ ਨਹੀਂ ਕੀਤੀ (ਵਿਘਨ)।

ਸਰਦਾਰ ਗੁਰਨਾਮ ਸਿੰਘ : ਪਤਾ ਨਹੀਂ ਸਪੀਕਰ ਸਾਹਿਬ, ਇਨ੍ਹਾਂ ਤੇ ਕਿਹੜਾ ਭੈੜਾ ਕੌਂਸਲ ਪ੍ਰੀਵੇਲ ਕੀਤਾ ਕਿ ਇਹ 42 ਆਦਮੀ ਪੁਲਿਸ ਦੇ ਲੈਕੇ ਇਸ ਹਾਊਸ ਵਿਚ ਸਾਨੂੰ ਮਾਰਨ ਨੂੰ ਆ ਗਏ ਅਤੇ ਕਾਰਾਂ ਰੋਕਣ ਵਾਸਤੇ ਭੇਜ ਦਿਤੇ ਗਏ (ਸ਼ੇਮ ਸ਼ੇਮ) ਤੇ ਫਿਰ ਇਨ੍ਹਾਂ ਹੀ ਅਫਸਰਾਂ ਨੂੰ ਤਰੱਕੀ ਦਿੱਤੀ ਗਈ ਅਤੇ ਅਵਾਰਡ ਵੰਡੇ ਗਏ। (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਤੁਸੀਂ ਆਪ ਹੀ ਪਰਸੋਂ ਇਹ ਹੁਕਮ ਦਿਤਾ ਸੀ ਕਿ ਹਾਈ ਕੋਰਟ ਦੀ ਜੋ ਜਜਮੈਂਟ ਆਈ ਹੈ ਉਸ ਨੂੰ ਇਥੇ ਡਿਸਕਸ ਨਹੀਂ ਕੀਤਾ ਜਾ ਸਕਦਾ ਅਤੇ ਉਸ ਦੇ ਸਬੰਧ ਵਿਚ ਕੋਈ ਗੱਲ ਬਾਤ ਇਥੇ ਨਾ ਕਹੀ ਜਾਵੇ ਕਿਉਂਕਿ ਇਹ ਮਾਹੌਲ ਠੀਕ ਨਹੀਂ; ਇਥੇ ਹਰ ਚੀਜ਼ ਅਪੋਜ਼ੀਸ਼ਨ ਵਲੋਂ ਤੋੜ ਮਰੋੜ ਕੇ ਪੇਸ਼ ਕੀਤੀ ਜਾਂਦੀ ਹੈ। ਪਹਿਲਾਂ ਵੀ ਜੋ ਕੁਝ ਇਥੇ ਹੋਇਆ ਤੁਸੀਂ ਵੇਖ ਲਿਆ ਹੈ ਅਤੇ ਪੰਜਾਬ ਦੀ ਪਬਲਿਕ ਨੇ ਵੀ ਵੇਖ ਲਿਆ ਹੈ। ਫਿਰ ਵੀ ਮੈਂ ਇਹ ਕਹਿੰਦਾ ਹਾਂ ਕਿ ਜੇਕਰ ਸਪੀਕਰ ਸਾਹਿਬ, ਤੁਸੀਂ ਹੁਕਮ ਦਿਉ ਤਾਂ ਮੈਂ ਇਨਕੁਆਇਰੀ ਕਰਨ ਨੂੰ ਤਿਆਰ ਹਾਂ। ਤੁਹਾਡੇ ਹੁਕਮ ਅਨੁਸਾਰ ਜ਼ਰੂਰ ਇਨਕੁਆਇਰੀ

[ਮੁੱਖ ਮੰਤਰੀ]

ਕਰਵਾਵਾਂਗਾ। ਮੈਂ ਤਾਂ ਤੁਹਾਡਾ ਸਪੀਕਰ ਸਾਹਿਬ, ਫੈਸਲਾ ਚਾਹੁੰਦਾ ਹਾਂ। ਅਤੇ ਇਹ ਗੱਲ ਸਾਫ਼ ਕਰ ਦੇਣਾ ਚਾਹੁੰਦਾ ਹਾਂ ਕਿ ਗੌਰਮੈਂਟ ਦੀ ਕੋਈ ਇਨਟੈਨਸ਼ਨ ਨਹੀਂ ਕਿ ਪੁਲਿਸ ਵਲੋਂ ਕਿਤੇ ਮਿਸਬੀਹੇਵ ਕੀਤਾ ਜਾਵੇ ਅਤੇ ਗੌਰਮੈਂਟ ਟਾਲਰੇਟ ਕਰੇ। ਗੌਰਮੈਂਟ ਕਦੇ ਇਸ ਤਰ੍ਹਾਂ ਦੀ ਕੀਤੀ ਗਲ ਨੂੰ ਬਰਦਾਸ਼ਤ ਨਹੀਂ ਕਰ ਸਕਦੀ। ਜੇਕਰ ਤੁਸੀਂ ਚਾਹੁੰਦੇ ਹੋ ਤਾਂ ਸਰਕਾਰ ਇਨਕੁਆਇਰੀ ਕਰਨ ਨੂੰ ਤਿਆਰ ਹੈ। (ਵਿਘਨ)

ਸ੍ਰੀ ਅ. ਵਿਸਵਨਾਥਨ : ਆਨ ਏ ਪੁਆਇੰਟ ਆਫ ਆਰਡਰ, ਸਰ......

(ਇਸ ਸਮੇਂ ਕਈ ਮੈਂਬਰ ਪੁਆਇੰਟ ਆਫ ਆਰਡਰ ਰੇਜ਼ ਕਰਨ ਲਈ ਖੜੇ ਹੋ ਗਏ।)

Mr. Speaker : How many points of orders are to be raised, at one and the same time ?

ਸਰਦਾਰ ਗੁਰਚਰਨ ਸਿੰਘ (ਬਾਘਾਪੁਰਾਣਾ) : ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਮੈਂ ਵੀ ਇਤਫਾਕ ਨਾਲ ਉਸੇ ਹੀ ਕਾਰ ਵਿਚ ਬੈਠਾ ਸਾਂ।

ਸ਼੍ਰੀ ਸਪੀਕਰ : ਕੀ ਤੁਸੀਂ ਸਾਰੇ ਭਗੌੜੇ ਮੇਰੀ ਕਾਰ ਵਿਚ ਹੀ ਸੋ ? (ਹਾਸਾ)(Were you all the absconders in my car ?)

(*Laughter*).

ਸਰਦਾਰ ਗੁਰਚਰਨ ਸਿੰਘ (ਬਾਘਾਪੁਰਾਣਾ) : ਸੀ. ਐਮ. ਦੀ ਇਹ ਮਨਸ਼ਾ ਸੀ ਕਿ ਇਹ ਮੈਂਬਰ ਅਸੈਂਬਲੀ ਵਿਚ ਨਾ ਜਾਣ। ਇਹ ਸਾਨੂੰ ਫੜਨਾ ਚਾਹੁੰਦੇ ਸੀ। ਕਿੰਨੀ ਸ਼ਰਮਨਾਕ ਗੱਲ ਹੈ ਕਿ ਐਮ. ਐਲ. ਏਜ਼ ਨੂੰ ਇਸ ਤਰੀਕੇ ਨਾਲ ਅਰੈਸਟ ਕਰਨਾ ਚਾਹੁਣ। ਕੀ ਇਸ ਤੋਂ ਵਧ ਸਪੀਕਰ ਸਾਹਿਬ, ਕੋਈ ਹੋਰ ਸ਼ਰਮਨਾਕ ਗਲ ਹੋ ਸਕਦੀ ਹੈ ? (ਸ਼ੇਮ ਸ਼ੇਮ) ਹੋਰ ਮੈਂ ਕੀ ਕੁਝ ਕਹਾਂ....ਵਿਘਨ

ਮੁੱਖ ਮੰਤਰੀ : ਕਹਿ ਦਿਉ।

ਸਰਦਾਰ ਗੁਰਚਰਨ ਸਿੰਘ (ਬਾਘਾਪੁਰਾਣਾ) ; ਕਹਿ ਦਿਆਂਗਾ ਮੈਂ ਡਰਦਾ ਨਹੀਂ ਤੁਹਾਥੋਂ।

ਮੁੱਖ ਮੰਤਰੀ : ਇਥੇ ਹੀ ਕਹਿ ਦਿਉ ਜੋ ਚਾਹੁੰਦੇ ਹੋ। ਫਿਰ ਮੈਂ ਵੀ ਕਹਿ ਲਵਾਂਗਾ।

ਸਰਦਾਰ ਗੁਰਚਰਨ ਸਿੰਘ (ਬਾਘਾਪੁਰਾਣਾ) : ਕਹਿ ਕੇ ਤਾਂ ਦੇਖੋ..... (ਵਿਘਨ)

Mr. Speaker : There should be no direct exchanges between the hon. Members. The hon. Members are requested to address the Chair.

ਸਰਦਾਰ ਗੁਰਚਰਨ ਸਿੰਘ (ਬਾਘਾਪੁਰਾਣਾ) : ਸਪੀਕਰ ਸਾਹਿਬ, ਤੁਹਾਨੂੰ ਇਹ ਯਾਦ ਹੋਵੇਗਾ ਕਿ ਜਦ ਪੁਲਿਸ ਅਫਸਰਾਂ ਨੇ ਕਾਰ ਰੋਕਣੀ ਚਾਹੀ ਤਾਂ ਤੁਸੀਂ ਇਹ ਕਿਹਾ ਵੀ ਕਿ

you cannot stop my car. ਫਿਰ ਉਨ੍ਹਾਂ ਨੇ ਤੁਹਾਨੂੰ 'ਸਰ' ਵੀ ਕਿਹਾ ਅਤੇ ਉਹ ਤੁਹਾਨੂੰ ਜਾਣਦੇ ਸਨ ਕਿ ਸਪੀਕਰ ਸਾਹਿਬ ਜਾ ਰਹੇ ਹਨ । ਇਸ ਦੇ ਨਾਲ ਹੀ ਤੁਹਾਡਾ ਜਿਹੜਾ ਵਾਚ ਐਂਡ ਵਾਰਡ ਸਟਾਫ ਹੈ, ਉਸ ਨੇ ਵੀ ਕਿਹਾ ਕਿ ਇਹ ਸਪੀਕਰ ਸਾਹਿਬ ਹਨ ਪਰ ਉਨ੍ਹਾਂ ਕੋਈ ਪਰਵਾਹ ਨਹੀਂ ਕੀਤੀ । ਫਿਰ ਜਦੋਂ ਤੁਸੀਂ ਕਿਹਾ ਕਿ you cannot stop my car ਤਾਂ ਉਨ੍ਹਾਂ ਕਾਰ ਦਾ ਦਰਵਾਜ਼ਾ ਖੋਲਿਆ । ਫਿਰ ਅਸੀਂ ਉਸ ਨੂੰ ਅੰਦਰੋਂ ਲਾਕ ਕਰ ਦਿਤਾ । ਇਸ ਦੇ ਬਾਦ ਇਕ ਦੋ ਲਫਜ਼ ਤੁਸੀਂ ਹੋਰ ਵੀ ਕਹੇ ਤੇ ਅਸੈਂਬਲੀ ਦੇ ਗਟ ਤਕ ਆ ਗਏ । ਤੁਸੀਂ ਇਸ ਗੱਲ ਦਾ ਗੁਸਾ ਵੀ ਪਰਗਟ ਕੀਤਾ । ਇਹ ਸਭ ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ । ਇਸ ਲਈ ਇਸ ਮਾਮਲੇ ਨੂੰ ਪ੍ਰਿਵਿਲੇਜ ਕਮੇਟੀ ਦੇ ਸਪੁਰਦ ਕੀਤਾ ਜਾਣਾ ਚਾਹੀਦਾ ਹੈ । ਇਸ ਤਰ੍ਹਾਂ ਤੁਹਾਡੀ ਬੇਇੱਜ਼ਤੀ ਹੋਈ । ਤੁਸੀਂ ਇਸ ਹਾਉਸ ਦੇ ਪ੍ਰੀਜ਼ਾਈਡਿੰਗ ਅਫਸਰ ਹੋ । ਇਹ ਹਾਉਸ ਸੁਪਰੀਮ ਹੈ ਅਤੇ ਇਹ ਤੁਹਾਡੀ ਨਿਰਾਦਰੀ ਨਹੀਂ ਸਾਰੇ ਹਾਉਸ ਦੀ ਨਿਰਾਦਰੀ ਹੈ । ਇਸ ਲਈ ਇਸ ਮਾਮਲੇ ਨੂੰ ਜ਼ਰੂਰ ਪ੍ਰਿਵਿਲੇਜ ਕਮੇਟੀ ਪਾਸ ਜਾਣਾ ਚਾਹੀਦਾ ਹੈ ।

ਸ੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਤੁਹਾਨੂੰ ਇਸ ਗਲ ਦੀ ਯਾਦ ਕਰਵਾਣਾ ਚਾਹੁੰਦਾ ਹਾਂ ਕਿ ਰਾਜ ਸਭਾ ਦਿੱਲੀ ਵਿਚ ਜਦ ਇਹ ਪੰਜਾਬ ਦਾ ਮਾਮਲਾ ਪੇਸ਼ ਸੀ ਤਾਂ ਤੁਸੀਂ ਆਪ ਵੀ ਗੈਲਰੀ ਵਿਚ ਬੈਠੇ ਸੋ ਤਾਂ ਚਵਾਨ ਸਾਹਿਬ ਨੇ ਇਸ ਵਾਕਿਆ ਬਾਰੇ ਆਪਣੇ ਰੀਗਰੈਟਸ ਪੇਸ਼ ਕੀਤੇ ਸਨ ਕਿ ਇਹ ਇਨਸੀਡੈਂਟ ਅਨਡੀਜ਼ਾਰੇਬਲ ਸੀ । ਪਰ ਇਸ ਗਲ ਦੇ ਬਾਵਜੂਦ ਵੀ ਇਹ ਸਾਰੇ ਆਰਡਰ ਉਪਰੋਂ ਲੈਕੇ ਹੀ ਇਸ ਤਰ੍ਹਾਂ ਕਰਵਾਇਆ ਗਿਆ ਸੀ । ਅਤੇ ਹਾਈ ਕਮਾਂਡ ਤੇ ਹੋਮ ਮਨਿਸਟਰੀ ਦੇ ਹੀ ਆਰਡਰ ਨਾਲ ਇਹ ਹੋਇਆ ।
(ਵਿਘਨ) (ਸ਼ੇਮ ਸ਼ੇਮ)

(**Voices :** No, no.)

(ਵਿਘਨ)

Mr. Speaker : I do not allow it. Please resume your seat.

ਸ੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਇਹ ਹਕੀਕਤ ਹੈ ਕਿ ਆਰਡਰ ਇਨ੍ਹਾਂ ਨੂੰ ਉਪਰੋਂ ਆਏ ਅਤੇ ਇਨ੍ਹਾਂ ਨੇ ਇਥੇ ਇਸ ਤਰ੍ਹਾਂ ਕਰਵਾਇਆ । (ਵਿਘਨ)

Mr. Speaker : This is not proper. I do not allow it.

(*Interruptions*)

ਡਾਕਟਰ ਬਲਦੇਵ ਪ੍ਰਕਾਸ਼ : ਆਨ ਏ ਪੁਆਇੰਟ ਆਫ ਆਰਡਰ ਸਰ ।

ਲੋਕ ਕਾਰਜ ਵਿਭਾਗ ਉਪ ਮੰਤਰੀ (ਸਰਦਾਰ ਸਰਦਾਰ ਸਿੰਘ ਕੋਹਲੀ) **:** ਸਪੀਕਰ ਸਾਹਿਬ, ਇਨ੍ਹਾਂ ਨੂੰ ਕਿਹਾ ਜਾਵੇ ਕਿ ਹਾਈ ਕਮਾਂਡ ਵਾਲੇ ਲਫਜ਼ ਵਿਦਡਰਾ ਕਰਨ ।
(ਵਿਘਨ)

ਸ੍ਰੀ ਸਪੀਕਰ : ਡਾਕਟਰ ਸਾਹਿਬ, ਇਹ ਜਿਹੜਾ ਹਾਉਸ ਦੋ ਦਿਨਾਂ ਤੋਂ ਬੜੀ ਚੰਗੀ ਤਰ੍ਹਾਂ ਨਾਲ ਚਲ ਰਿਹਾ ਸੀ, ਉਸ ਵਿਚ ਅਜ ਖਲਬਲੀ ਪੈਣੀ ਸ਼ੁਰੂ ਹੋ ਗਈ ਹੈ । ਮੈਂ ਸਾਰੇ

[ਸ੍ਰੀ ਸਪੀਕਰ]

ਮੈਂਬਰ ਸਾਹਿਬਾਨ ਪਾਸ ਬੇਨਤੀ ਕਰਾਂਗਾ ਕਿ ਜਿਸ ਤਰ੍ਹਾਂ ਦੇ ਮਾਹੌਲ ਵਿਚ ਅਸੀਂ ਹਾਊਸ ਦੀ ਕਾਰਵਾਈ ਨੂੰ ਸ਼ੁਰ ਕੀਤਾ ਸੀ ਉਸੇ ਤਰ੍ਹਾਂ ਦਾ ਵਾਤਾਵਰਨ ਕਾਇਮ ਰਖਣਾ ਚਾਹੀਦਾ ਹੈ ਅਤੇ ਹਾਊਸ ਦੀ ਡਿਗਨਿਟੀ ਅਤੇ ਡੈਕੋਰਮ ਨੂੰ ਕਾਇਮ ਰਖਣਾ ਚਾਹੀਦਾ ਹੈ (ਵਿਘਨ) ਅਜ ਹਾਊਸ ਨੇ ਖਤਮ ਹੋਣਾ ਹੈ ਇਸ ਲਈ ਜਿਸ ਤਰ੍ਹਾਂ ਸ਼ੁਰੂ ਹੋਇਆ ਸੀ, ਉਸੇ ਤਰ੍ਹਾਂ ਇਸ ਨੂੰ ਚਲਣ ਦਿਤਾ ਜਾਵੇ । (*Addressing Dr. Baldev Parkash* : Dr. Sahib, the proceedings of the House were going on smoothly for the last two days but today some interruptions are being caused. I would appeal to all the hon. Members to maintain the same atmosphere in the House as it was at the start of the proceedings. Every one should maintain the dignity and decorum of the House (*interruption*). The House is to adjourn sine die today. Let the proceedings continue in a calm atmosphere.)

ਸ੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਸੀ. ਅਮ. ਦਾ ਤਾਂ ਫਾਈਨਲ ਵਰਜ਼ਨ ਇਹ ਹੈ ਕਿ ਕੋਈ ਗਲਤ ਗੱਲ ਹੋਈ ਹੀ ਨਹੀਂ ਇਸ ਲਈ ਮੈਨੂੰ ਇਹ ਗੱਲ ਕਹਿਣੀ ਪਈ ਹੈ ।

ਸ੍ਰੀ ਸਪੀਕਰ : ਤੁਸੀਂ ਹੋਮ ਮਨਿਸਟਰੀ ਬਾਰੇ ਕਿਹਾ ਹੈ ਕਿ ਉਨ੍ਹਾਂ ਨੇ ਕਰਵਾਈ ਹੈ ਇਹ ਠੀਕ ਨਹੀਂ । ਇਸ ਦੇ ਨਾਲ ਹੀ I will not allow any sentence which reflects on the judgement. ਜਜਮੈਂਟ ਸੁਪਰੀਮ ਕੋਰਟ ਦੀ ਆ ਲੈਣ ਦਿਉ ਫਿਰ ਵੇਖ ਲਵਾਂਗੇ । (ਵਿਘਨ) (You have said that it was done at, the instance of the Home Ministry. This is not proper. I will not allow any sentence which reflects on the judgement. Let the judgement of the Supreme Court come and thereafter I will see to it.)

ਸਰਦਾਰ ਗੁਰਨਾਮ ਸਿੰਘ : ਫਿਰ ਇਸ ਦਾ ਮਤਲਬ ਇਹ ਹੈ ਕਿ ਇਸ ਪ੍ਰਿਵਿਲੇਜ ਮੋਸ਼ਨ ਨੂੰ ਪੈਂਡਿੰਗ ਰਖਿਆ ਜਾ ਰਿਹਾ ਹੈ । ਤਾਂ ਠੀਕ ਹੈ ।

ਸ੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਤੁਸੀਂ ਮੈਨੂੰ ਕਿਸ ਰੂਲ ਦੇ ਅਧੀਨ ਰੋਕਦੇ ਹੋ ਇਹ ਗੱਲ ਕਹਿਣ ਤੋਂ ਕਿ ਹਾਈ ਕਮਾਂਡ ਤੋਂ ਅਤੇ ਉਪਰੋਂ ਹੁਕਮ ਹੋਇਆ ਤਾਂ ਇਸ ਤਰ੍ਹਾਂ ਦੀ ਗੱਲ ਇਥੇ ਕੀਤੀ ਗਈ ਅਤੇ ਇਹ ਸ਼ਰਮਨਾਕ ਵਾਕਿਆ ਹੋਇਆ ......

(ਵਿਘਨ)

ਸ੍ਰੀ ਸਪੀਕਰ : ਜੇਕਰ ਤੁਸੀਂ ਕੋਈ ਇਸ ਤਰ੍ਹਾਂ ਦੀ ਗੱਲ ਡਿਸਕਸ ਕਰਨਾ ਚਾਹੁੰਦੇ ਹੋ ਤਾਂ bring a regular motion to that effect. I cannot allow it. (If the hon. Member wants to discuss such a matter he should bring a regular motion to that effect I cannot allow it.)

ਸ੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਇਥੇ ਸੀ. ਐਮ. ਤਾਂ ਇਹ ਕਹਿ ਦੇਵੇ ਕਿ ਕੋਈ ਗੱਲ ਨਹੀਂ ਹੋਈ ਅਤੇ ਚਵਾਨ ਸਾਹਿਬ ਰਾਜ ਸਭਾ ਵਿਚ ਰੀਗਰੈਟਸ ਸ਼ੋ ਕਰਨ ਤਾਂ ਇਸ ਤੋਂ ਸਾਫ਼ ਪਤਾ ਲਗਦਾ ਹੈ ਕਿ ਇਹ ਮਾਮਲਾ ਪ੍ਰਿਵਿਲੇਜ ਕਮੇਟੀ ਪਾਸ ਜਾਣਾ ਚਾਹੀਦਾ ਹੈ। (ਵਿਘਨ) । ਇਨ੍ਹਾਂ ਨੇ ਜੋ ਕੁਝ ਇਥੇ ਕੀਤਾ ਕਿੰਨਾ ਸ਼ਰਮਨਾਕ ਹੈ। (ਵਿਘਨ)

ਮੁੱਖ ਮੰਤਰੀ : ਤੁਸੀਂ ਜੋ ਕੁਝ ਕੀਤਾ ਇਹ ਘਟ ਸ਼ਰਮਨਾਕ ਨਹੀਂ ਸੀ, ਜੁਤੀਆਂ ਲਾਹ ਲਈਆਂ ਅਤੇ ਸਪੀਕਰ ਦੀ ਕੁਰਸੀ ਤੇ ਜਾ ਬੈਠੇ। ਤੁਸੀਂ ਉਸ ਕੁਰਸੀ ਤੇ ਕਿਸ ਤਰ੍ਹਾਂ ਬੈਠ ਸਕਦੇ ਸੋ । ਤੁਸੀਂ ਜੋ ਕੀਤਾ ਸਭ ਜਾਣਦੇ ਹਨ . . . . (ਵਿਘਨ)

(*Noise and Interruptions*)

Shri Satya Pal Dang: You tried your best to remove the Speaker. You may bring one more resolution for his removal.

(Furore in the House. Nothing at this stage was audible.)

ਇਕ ਮਾਨਯੋਗ ਮੈਂਬਰ : ਤੁਸੀਂ ਹੁਣ ਐਡਜਰਨ ਕਰਾ ਕੇ ਵੇਖੋ ਅਸੀਂ ਬਹਿ ਕੇ ਦਿਖਾਂਦੇ ਹਾਂ । (ਵਿਘਨ) (ਸ਼ੋਰ)

ਸ੍ਰੀ ਸਪੀਕਰ : ਨਹੀਂ ਨਹੀਂ। ਹਾਊਸ ਦੇ ਐਡਜਰਨ ਹੋਣ ਤੋਂ ਬਾਦ ਵੀ ਕੋਈ ਇਸ ਕੁਰਸੀ ਤੇ ਨਹੀਂ ਬੈਠ ਸਕਦਾ ਤੁਹਾਨੂੰ ਇਸ ਕੁਰਸੀ ਦੀ ਇਜ਼ਤ ਕਰਨੀ ਚਾਹੀਦੀ ਹੈ। (ਵਿਘਨ) (ਸ਼ੋਰ) No. No. No one can occupy this Chair even if the House is adjourned. You should maintain the respect of the Chair.)

ਸਰਦਾਰ ਗੁਰਨਾਮ ਸਿੰਘ : ਸਪੀਕਰ ਸਾਹਿਬ, ਇਹ ਸਾਨੂੰ ਧਮਕੀਆਂ ਦਿੰਦੇ ਹਨ ਇਸ ਲਈ ਤੁਸੀਂ ਹਾਊਸ ਨੂੰ ਐਡਜਰਨ ਕਰ ਦਿਉ ਤਾਂ ਅਸੀਂ ਇਨ੍ਹਾਂ ਨੂੰ ਇਥੇ ਬੈਠ ਕੇ ਦਿਖਾਵਾਂਗੇ । (ਵਿਘਨ) (ਸ਼ੋਰ)

(*Noise*) (*Interruptions*)

Mr. Speaker: I am not concerned with anybody.

ਮੈਂ ਇਸ ਬਾਰੇ ਤੁਹਾਨੂੰ ਦੱਸ ਦਿਆਂ ਕਿ ਇਸ ਕੁਰਸੀ ਤੇ ਸਿਰਫ ਸਪੀਕਰ ਹੀ ਬੈਠ ਸਕਦਾ ਹੈ ਭਾਵੇਂ ਹਾਊਸ ਚਾਲੂ ਹੋਵੇ ਜਾਂ ਨਾ । ਸਪੀਕਰ ਤੋਂ ਬਿਨਾਂ ਕਿਸੇ ਨੂੰ ਇਹ ਹੱਕ ਨਹੀਂ ਕਿ ਉਹ ਇਸ ਕੁਰਸੀ ਤੇ ਬੈਠ ਸਕੇ । (ਵਿਘਨ) (I am not concerned with anybody. I want to make it clear that only the Speaker can occupy this Chair, whether the House is in Session or not. No one, but the Speaker, has a right to occupy this Chair.)

(*Interruption*)

[Mr. Speaker]

And I would request all the hon. Members here that they should not take that thing in their own hands. In future also, I would request them not to do so. This Chair is a sacred Chair given by the hon. Members.

(*Noise and Interruptions*)

ਡਾਕਟਰ ਬਲਦੇਵ ਪ੍ਰਕਾਸ਼ : ਪਰ, ਸਪੀਕਰ ਸਾਹਿਬ, ਇਹ ਚੈਲੇਂਜ ਦਿੰਦੇ ਹਨ ਕਿ ਬੈਠ ਕੇ ਦਿਖਾਉ । ਅਸੀਂ ਇਨ੍ਹਾਂ ਨੂੰ ਬੈਠ ਕੇ ਦਿਖਾਵਾਂਗੇ । ਵੇਖਾਂਗੇ ਕਿ ਇਹ ਕੀ ਕਰਦੇ ਹਨ । (ਸ਼ੋਰ)

ਮੁੱਖ ਮੰਤਰੀ : ਬੈਠ ਕੇ ਦੇਖੋ ਫਿਰ ਤੁਹਾਨੂੰ ਪਤਾ ਲਗੇਗਾ । (ਸ਼ੋਰ)

(ਇਸ ਵੇਲੇ ਹਾਊਸ ਵਿਚ ਬਹੁਤ ਸ਼ੋਰ ਸੀ)

ਸਰਦਾਰ ਗੁਰਨਾਮ ਸਿੰਘ : ਅਸੀਂ ਚੈਲੇਂਜ਼ ਐਕਸੈਪਟ ਕਰਦੇ ਹਾਂ । ਸਪੀਕਰ ਸਾਹਿਬ, ਤੁਸੀਂ ਹੁਣੇ ਹਾਊਸ ਐਡਜਰਨ ਕਰੋ ਅਸੀਂ ਇਨ੍ਹਾਂ ਨੂੰ ਬੈਠ ਕੇ ਦਿਖਾਵਾਂਗੇ । (ਸ਼ੋਰ)

(ਇਸ ਵੇਲੇ ਕਈ ਮਾਨਯੋਗ ਮੈਂਬਰ ਖੜੇ ਹੋਕੇ ਬੋਲ ਰਹੇ ਸਨ ਜਿਸ ਕਰਕੇ ਕੁਝ ਸੁਣਾਈ ਨਹੀਂ ਸੀ ਦੇ ਰਿਹਾ)

ਸ਼੍ਰੀ ਹਰਬੰਸ ਲਾਲ ਖੰਨਾ : ਮੈਨੂੰ ਤੁਹਾਡਾ ਚੈਲੇਂਜ਼ ਮਨਜ਼ੂਰ ਹੈ । ਤੁਸੀਂ ਹਾਊਸ ਐਡਜਰਨ ਕਰਾਉ ਮੈਂ ਪਹਿਲਾਂ ਆਦਮੀ ਹੋਵਾਂਗਾ ਜਿਹੜਾ ਕਿ ਇਸ ਕੁਰਸੀ ਤੇ ਬੈਠਗਾ । (ਸ਼ੋਰ)

(*Noise*)

Mr. Speaker: I am sorry, I shall have then to take some other decision.

(*Noise and Interruptions*)

(At this stage several members rose in their seats, but when Mr. Speaker allowed Shri Lal Chand Suberwal, they resumed their seats.)

ਸ਼੍ਰੀ ਲਾਲ ਚੰਦ ਸਬਰਵਾਲ : ਸਪੀਕਰ ਸਾਹਿਬ, ਤੁਸੀਂ ਹੁਣੇ ਕਿਹਾ ਹੈ ਕਿ ਇਸ ਕੁਰਸੀ ਤੇ ਸਪੀਕਰ ਤੋਂ ਬਿਨਾਂ ਹੋਰ ਕੋਈ ਨਹੀਂ ਬੈਠ ਸਕਦਾ । ਪਰ, ਸਪੀਕਰ ਸਾਹਿਬ, ਜੇ ਤੁਸੀਂ ਹਾਊਸ ਐਡਜਰਨ ਕਰ ਦਿਉ ਤਾਂ ਉਸ ਤੋਂ ਬਾਅਦ ਡਿਪਟੀ ਸਪੀਕਰ ਆਕੇ ਇਸ ਕੁਰਸੀ ਤੇ ਬੈਠ ਜਾਵੇ ਤਾਂ ਕੀ ਤੁਸੀਂ ਉਸ ਦੀਆਂ ਲਤਾਂ ਭੰਨੋਗੇ ਜਾਂ ਨਹੀਂ । (ਵਿਘਨ) (ਸ਼ੋਰ)

ਮੁੱਖ ਮਤਰੀ : ਕੋਈ ਚੰਗੀਆਂ ਚੰਗੀਆਂ ਗੱਲਾਂ ਕੀਤੀਆਂ ਕਰੋ । (ਵਿਘਨ) ਚੰਗਾ ਫਿਰ ਬੈਠ ਕੇ ਦਿਖਾਉ । (ਸ਼ੋਰ)

ਡਾਕਟਰ ਬਲਦੇਵ ਪ੍ਰਕਾਸ਼ : ਤੁਸੀਂ ਹਾਊਸ ਨੂੰ ਐਡਜਰਨ ਕਰਵਾ ਦਿਉ ਫਿਰ ਅਸੀਂ ਬੈਠ ਕੇ ਦਿਖਾਂਦੇ ਹਾਂ । (ਸ਼ੋਰ)

Mr. Speaker: Order, order.

Mr. Speaker : Privilege Motion No. 3* is from Shri A. Vishwanathan. They were arrested on a criminal charge. So I can not allow this Privilege Motion.

Shri A. Vishwanathan : On a point of order, Sir.....

ਸਪੀਕਰ ਸਾਹਿਬ ਇਹ ਜੋ ਮੋਸ਼ਨ ਹੈ..

(ਵਿਘਨ)

ਮੁੱਖ ਮੰਤਰੀ: ਸਪੀਕਰ ਸਾਹਿਬ, ਇਹ ਮੋਸ਼ਨ ਤੁਸੀਂ ਡਿਸਐਲਾਊ ਕਰ ਚੁਕੇ ਹੋ ਫਿਰ ਇਹ ਡਿਸਕਸ਼ਨ ਕਿਸ ਤਰ੍ਹਾਂ ਹੋ ਸਕਦੀ ਹੈ ?

Mr. Speaker : Mr. Vishwanathan, please sit down now.

Shri A. Vishwanathan : Sir, I am on a point of order. I do not give way. He cannot steam-roll the proceedings of the House.

Mr. Speaker : What is your point of order ?

ਸ਼੍ਰੀ ਅ. ਵਿਸ਼ਵਨਾਥਨ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜਦੋਂ ਵੀ ਕੋਈ ਬੰਦਾ ਗ੍ਰਿਫਤਾਰ ਕੀਤਾ ਜਾਂਦਾ ਹੈ, ਜਾਂ ਤੇ ਉਸ ਤੇ ਕ੍ਰਿਮੀਨਲ ਕੇਸ ਬਣਾਇਆ ਜਾਂਦਾ ਹੈ ਜਾਂ ਉਹ ਪ੍ਰੀਵੈਨਟਿਵ ਡੀਟੈਨਸ਼ਨ ਐਕਟ ਦੇ ਅਧੀਨ ਫੜਿਆ ਜਾਂਦਾ ਹੈ ਜਾਂ 1888 ਦੇ ਬੰਗਾਲ ਦੇ ਕਾਲੇ ਕਾਨੂੰਨ ਦੇ ਅਧੀਨ । ਸਪੀਕਰ ਸਾਹਿਬ, ਇਨ੍ਹਾਂ ਦੀ ਇਨਟੈਨਸ਼ਨ ਠੀਕ ਨਹੀਂ ਹੈ ।

Mr. Speaker : I am not concerned with the intention. I have given my ruling and you must obey it.

(Noise)

Sardar Gurnam Singh : It does not form a Privilege Motion.

Mr Speaker : Even your Leader says that it is not a Privilege Motion.

Shri A. Vishwanathan : Sir, I have definitely every right to press my point. You cannot stop me from pressing my point.

---

*(*No. 3*)

Shri A Vishwanathan, M.L.A. has given notice of the following Privilege Motion :—

> "I move that the high-handed action of the Government in arresting and detaining Sarvshri Harbans Lal Khanna, Satyapal Dang, and Bhan Singh Bhaura, members of this House, on the eve of the session called on 18th March, 1968, on false, frivolous, fabricated and fanciful grounds, to prevent them from attending the sitting of this House constitutes a breach of privilege of these members and the matter be referred to the Committee on Privileges."

Mr. Speaker : I have given my ruling on it.

Shri A. Vishwanathan : Sir, I want to have a clarification.

Mr. Speaker : I have given you the clarification.

(*Noise*)

Mr. Speaker : Now we take up Call Attention Motions.

ਸ਼੍ਰੀ ਸਤਪਾਲ ਡਾਂਗ: ਸਪੀਕਰ ਸਾਹਿਬ, ਮੇਰੀ ਪ੍ਰੀਵਿਲੇਜ ਮੋਸ਼ਨ ਸੀ ।

(ਵਿਘਨ)

ਸ਼੍ਰੀ ਅ. ਵਿਸ਼ਵਨਾਥਨ : ਸਪੀਕਰ ਸਾਹਿਬ, ਮੇਰੀਆਂ ਹੋਰ ਵੀ ਪ੍ਰਿਵਿਲੇਜ ਮੋਸ਼ਨਜ ਹਨ ।

(ਵਿਘਨ)

ਸ਼੍ਰੀ ਸਪੀਕਰ : ਉਨ੍ਹਾਂ ਦਾ ਜਵਾਬ ਦੇ ਦਿਤਾ ਗਿਆ ਹੈ । (The replies to these Privilege Motions have been sent.)

ਸ਼੍ਰੀ ਅ. ਵਿਸ਼ਵਨਾਥਨ: ਮੈਂ ਉਸ ਜਵਾਬ ਬਾਰੇ ਹੀ ਕੁਝ ਕਹਿਣਾ ਚਾਹੁੰਦਾ ਹਾਂ ।

ਸ਼੍ਰੀ ਸਪੀਕਰ : ਮੇਰੇ ਚੈਂਬਰ ਵਿਚ ਆ ਕੇ ਕਹਿ ਲਓ ਜੋ ਕੁਝ ਕਹਿਣਾ ਹੈ । (The hon. Member may come to my chamber and say whatever he likes.)

ਸ਼੍ਰੀ ਅ. ਵਿਸ਼ਵਨਾਥਨ : ਸਪੀਕਰ ਸਾਹਿਬ, ਤੁਸੀਂ ਹਾਊਸ ਨੂੰ ਅੱਜ ਐਡਜਰਨ ਕਰ ਦੇਣਾ ਹੈ । ਫਿਰ ਮੇਰੇ ਤੁਹਾਡੇ ਚੈਂਬਰ ਵਿਚ ਆਕੇ ਦਸਣ ਦਾ ਕੀ ਫਾਇਦਾ ?

ਸ਼੍ਰੀ ਸਪੀਕਰ : ਹਾਊਸ ਨੂੰ ਐਡਜਰਨ ਕਰਨਾ ਤੁਹਾਡੀ ਆਪਣੀ ਮਰਜ਼ੀ ਤੇ ਹੈ, ਮੈਂ ਇਸ ਵਿਚ ਕੀ ਕਰ ਸਕਦਾ ਹਾਂ ? (The adjournment of the House depends on the hon. Members. What can I do in this connection ?)

ਸ੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਮੇਰੀ ਪ੍ਰਿਵਿਲੇਜ ਮੋਸ਼ਨ* ਇਹ ਹੈ ਕਿ ਕਲ ਚੌਧਰੀ ਕਰਤਾਰ ਸਿੰਘ ਨੇ ਹਾਊਸ ਵਿਚ ਮੈਂਬਰਾਂ ਦਾ ਅਲਾਉਂਸ ਵਧਾਣ ਦੇ ਬਿਲ ਤੇ ਬੋਲਦਿਆਂ ਹੋਇਆਂ ਇਹ ਗਲਤ ਬਿਆਨੀ ਕੀਤੀ ਕਿ ਕਮਿਊਨਿਸਟ ਮੈਂਬਰ ਨੇ ਕਮੇਟੀ ਵਿਚ ਇਸ ਬਿਲ ਦੀ ਹਿਮਾਇਤ ਕੀਤੀ ਸੀ । ਇਹ ਗੱਲ ਬਿਲਕੁਲ ਗਲਤ ਹੈ । ਸਗੋਂ ਕਮਿਊਨਿਸਟ ਮੈਂਬਰ, ਮਾਸਟਰ ਹਰੀ ਸਿੰਘ ਨੇ ਇਕ ਚਿਠੀ ਵੀ ਲਿਖੀ ਸੀ ਕਿ ਤਨਖਾਵਾਂ ਨਹੀਂ ਵਧਾਉਣੀਆਂ ਚਾਹੀਦੀਆਂ, ਸਗੋਂ ਫੈਸਿਲੀਟੀਜ਼ ਵਧਾ ਦੇਣੀਆਂ ਚਾਹੀਦੀਆਂ ਹਨ । ਇਸ ਤਰ੍ਹਾਂ ਮਨਿਸਟਰ ਸਾਹਿਬ ਨੇ ਜਾਣ ਬੁਝ ਕੇ ਹਾਊਸ ਨੂੰ ਮਿਸਲੀਡ ਕਰਨ ਦੀ ਕੋਸ਼ਿਸ਼ ਕੀਤੀ ਹੈ । ਇਸ ਲਈ ਇਹ ਮਾਮਲਾ ਪ੍ਰਿਵਿਲੇਜ ਕਮੇਟੀ ਨੂੰ ਭੇਜਿਆ ਜਾਵੇ ।

ਸ੍ਰੀ ਸਪੀਕਰ : ਡਾਂਗ ਸਾਹਿਬ ਬਿਲ ਤਾਂ ਕਲ ਪਾਸ ਹੋ ਹੀ ਗਿਆ ਹੈ ਹੁਣ ਕੀ ਕਰਨਾ ਹੈ ਪ੍ਰਿਵਿਲੇਜ ਮੋਸ਼ਨ ਦੇਕੇ ? (Addressing Shri Satyapal Dang. The Bill was passed yesterday. What would be the use of giving the notice of this Privilege Motion now?)

ਸ੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਪ੍ਰਿਵਿਲੇਜ ਦੀ ਗੱਲ ਇਹ ਹੈ ਕਿ ਇਨ੍ਹਾਂ ਨੇ ਹਾਊਸ ਨੂੰ ਜਾਣ ਬੁਝ ਕੇ ਮਿਸਲੀਡ ਕੀਤਾ ਹੈ । ਮਾਸਟਰ ਹਰੀ ਸਿੰਘ ਜੀ ਨੇ ਇਨ੍ਹਾਂ ਨੂੰ ਚਿੱਠੀ ਵੀ ਲਿਖੀ ਕਿ ਤਨਖਾਹਾਂ ਨਹੀਂ ਵਧਣੀਆਂ ਚਾਹੀਦੀਆਂ ਪਰ ਇਨ੍ਹਾਂ ਨੇ ਹਾਊਸ ਨੂੰ ਮਿਸਲੀਡ ਕੀਤਾ ਹੈ । ਡੈਲੀਬਰੇਟਲੀ ਮਿਸਲੀਡ ਕੀਤਾ ਹੈ ਇਸ ਕਰਕੇ ਇਹ ਮਸਲਾ ਪ੍ਰਿਵਿਲੇਜ ਕਮੇਟੀ ਨੂੰ ਰੈਫਰ ਕੀਤਾ ਜਾਵੇ ।

ਸ੍ਰੀ ਸਪੀਕਰ : ਡਾਂਗ ਸਾਹਿਬ, ਮੈਂ ਰਿਕਾਰਡ ਵੇਖਾਂਗਾ ਔਰ ਮਾਸਟਰ ਜੀ ਦੀ ਚਿੱਠੀ ਵੀ ਵੇਖਾਂਗਾ । ਸਾਰੀ ਚੀਜ਼ ਵੇਖ ਕੇ ਮੈਂ ਆਪਣਾ ਫ਼ੈਸਲਾ ਦਿਆਂਗਾ (I shall see the record Dang Sahib, as also the letter of Master Sahib. I shall thereafter give my decision.)

ਕਾਮਰੇਡ ਭਾਨ ਸਿੰਘ ਭੌਰਾ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਕਲ ਮੇਰੀ ਇਕ ਪ੍ਰਿਵਿਲੇਜ ਮੋਸ਼ਨ ਸੀ ਜੋ ਤੁਸੀਂ ਡਿਸਅਲਾਉ ਕਰ ਦਿਤੀ ਸੀ । ਸਪੀਕਰ ਸਾਹਿਬ, ਇਨ੍ਹਾਂ ਨੇ ਕਲ 5 ਏਕੜ ਦੀ ਥਾਂ ਤੇ 7 ਸਧਾਰਨ ਏਕੜ ਵਾਲਾ ਬਿਲ ਹਾਊਸ ਵਿਚ ਵਾਪਸ ਲੈ ਲਿਆ ਹੈ ਪਰ ਇਨ੍ਹਾਂ ਨੇ ਇਨਸਟ੍ਰਕਸ਼ਨਜ਼ ਪਹਿਲਾਂ ਹੀ ਦੇ ਦਿਤੀਆਂ ਹਨ ਕਿ ਮਾਲੀਆ 7 ਸਧਾਰਨ ਏਕੜ ਤੋਂ ਛਡਿਆ ਜਾਵੇ । ਇਹ ਹਾਊਸ ਦੀ ਬਰੀਚ ਆਫ਼ ਪ੍ਰਿਵਿਲੇਜ ਹੈ . . . .

ਸ੍ਰੀ ਸਪੀਕਰ : ਨੋ ਪਲੀਜ਼ । ਕਾਲ ਅਟੈਨਸ਼ਨ ਨੰਬਰ 11. (No please. Call Attention No. 11.)

---

*"I wish to raise the following question involving a breach of privilege of the House by Chaudhri Kartar Singh, Minister of Co-operation and Parliamentary Affairs;

The Minister Chaudhri Kartar Singh moving in the Vidhan Sabha yesterday, the Punjab, Legislative Assembly (Allowances of Members) Amendment Bill, 1968 stated that a leader of the Communist Party of India in the Committee concerned had agreed to increasing the Allowance of M.L.A.s from Rs. 300 to 400 per month.

Master Hari Singh (C.P.I.) M.L.C. is a member of the Committee concerned. He could not attend the meeting but wrote a letter. In this letter he opposed any increase in Salary/Allowance of M.L.A.s and expressed himself in favour of increased facilities.

By with-holding this information from the house, the Minister for Parliamentary Affairs deliberately misled the House and there by Committed a serious breach of the privilege of the House.

The matter may please be referred to the Committee of Privileges."

ADJOURNMENT MOTION

ਸ਼੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਮੇਰੀ ਇਕ ਐਡਜਰਨਮੈਂਟ ਮੋਸ਼ਨ ਸੀ ਸਮਾਣੇ ਦੇ ਇਕ ਜਰਨਲਿਸਟ ਸ਼੍ਰੀ ਸੁਰਿੰਦਰ ਕੁਮਾਰ ਦੀ ਗ੍ਰਿਫਤਾਰੀ ਬਾਰੇ....

ਸ੍ਰੀ ਸਪੀਕਰ : ਉਸ ਦਾ ਜਵਾਬ ਦੇ ਦਿਤਾ ਹੈ। (I have sent the reply to you)

ਸ਼੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ, ਉਸ ਜਵਾਬ ਵਿਚ ਤੁਸੀਂ ਕਿਹਾ ਹੈ ਕਿ ਕੋਈ ਰੀਸੈਂਟ ਅਕਰੈਂਸ ਹੀ ਐਡਜਰਨਮੈਂਟ ਮੋਸ਼ਨ ਦਾ ਸਬਜੈਕਟ ਬਣ ਸਕਦੀ ਹੈ। ਮੈਂ ਅਰਜ਼ ਕਰਦਾ ਹਾਂ ਕਿ ਇਹ ਗੱਲ ਪਿਛਲੇ ਸੈਸ਼ਨ ਤੋਂ ਬਾਦ ਹੋਈ ਹੈ। ਇਸ ਤੋਂ ਬਾਦ ਹੁਣ ਪਹਿਲਾ ਸੈਸ਼ਨ ਹੋ ਰਿਹਾ ਹੈ। ਇਸ ਲਈ ਇਹ ਐਡਜਰਨਮੈਂਟ ਮੋਸ਼ਨ ਦਾ ਸਬਜੈਕਟ ਹੋ ਸਕਦਾ ਹੈ। ਇਸ ਲਈ ਮੇਰੀ ਅਰਜ਼ ਹੈ ਕਿ ਇਸ ਨੂੰ ਐਡਮਿਟ ਕਰ ਲਿਆ ਜਾਵੇ। ਉਸ ਨੂੰ ਇਕ ਖਬਰ ਭੇਜਣ ਕਰਕੇ ਗ੍ਰਿਫਤਾਰ ਕੀਤਾ ਗਿਆ ਔਰ ਥਾਣੇ ਲੈ ਜਾਕੇ ਕੁਟਿਆ ਗਿਆ।

ਮੁੱਖ ਮੰਤਰੀ : ਕਾਲ ਅਟੈਨਸ਼ਨ ਮੋਸ਼ਨ ਕਰ ਲਉ, ਜਵਾਬ ਦੇ ਦਿਆਂਗੇ।

ਸ਼੍ਰੀ ਸਤਪਾਲ ਡਾਂਗ : ਸਪੀਕਰ ਸਾਹਿਬ ਇਹ ਕਹਿੰਦੇ ਹਨ ਕਿ ਕਾਲ ਅਟੈਨਸ਼ਨ ਮੋਸ਼ਨ ਕਰ ਲਉ ਅਸੀਂ ਜਵਾਬ ਦੇ ਦਿਆਂਗੇ। ਸੋ ਤੁਸੀਂ ਇਸ ਨੂੰ ਕਾਲ ਅਟੈਨਸ਼ਨ ਮੋਸ਼ਨ ਵਿਚ ਕਨਵਰਟ ਕਰ ਦਿਓ।

ਮੁੱਖ ਮੰਤਰੀ : ਠੀਕ ਹੈ ਜੀ ਤੁਸੀਂ ਇਸ ਨੂੰ ਕਾਲ ਅਟੈਨਸ਼ਨ ਮੋਸ਼ਨ ਵਿਚ ਕਨਵਰਟ ਕਰਕੇ ਐਡਮਿਟ ਕਰ ਲਉ ਅਸੀਂ ਜਵਾਬ ਦੇ ਦਿਆਂਗੇ।

ਸ਼੍ਰੀ ਸਪੀਕਰ : ਇਹ ਐਡਜਰਨਮੈਂਟ ਮੋਸ਼ਨ, ਕਾਲ ਅਟੈਨਸ਼ਨ ਮੋਸ਼ਨ ਵਿਚ ਕਨਵਰਟ ਕਰਕੇ ਐਡਮਿਟ ਕੀਤੀ ਜਾਂਦੀ ਹੈ। (This Adjournment Motion is converted into a Call Attention Motion and is admitted as such.)

ਸ਼੍ਰੀ ਅ. ਵਿਸ਼ਵਨਾਥਨ : ਸਪੀਕਰ ਸਾਹਿਬ, ਮੇਰੀ ਵੀ ਇਸੇ ਸਬਜੈਕਟ ਤੇ ਐਡਜਰਨ-ਮੈਂਟ ਮੋਸ਼ਨ ਸੀ ਉਸ ਨੂੰ ਵੀ ਕਾਲ ਅਟੈਨਸ਼ਨ ਮੋਸ਼ਨ ਵਿਚ ਕਨਵਰਟ ਕਰਕੇ ਐਡਮਿਟ ਕਰ ਲਉ।

CALL ATTENTION NOTICES

Mr. Speaker : Call Attention Notice No. 11 stands in the names of Comrades Satya Pal Dang, Jangir Singh Joga and Bhan Singh Bhaura.

(*Serial No 11*)

Comrade Satya Pal Dang : Sir, I beg to draw the attention of the Government towards an urgent matter of public importance, namely, that during November, 1967 Session of the Punjab Legislative Assembly, Dr. Gurcharan Singh Minister of

State for Printing, Relief and Rehabilitation replied to a Call Attention regarding recommendations made by the *Ad hoc* Sub-Committee of the Cabinet under the Chairmanship of Shri Baldev Parkash regarding the demands of the border area people.

In the course of his reply, the Minister had stated that the recommendations had been accepted by the present Chief Minister, Punjab, and will be processed further in consultation with the Finance Minister.

The failure of the Government to take and announce a definite decision regarding these recommendations has given rise to serious discontenment among the people of the border areas.

In view of the obvious and great importance of the matter, the Government may please be asked to make a statement, in the House.

Mr. Speaker : It is admitted. The Government will make a statement.

Mr. Speaker : We now take up Call Attention Motion No. 12 given notice of by Comrades Satya Pal Dang, Jangir Singh Joga and Bhan Singh Bhaura.

(Serial No. 12)

Comrade' Satya Pal Dang: Sir, I beg to draw the attention of the Government towards an urgent matter of public importance, namely, the failure of the Government to make up its mind and announce its decision regarding the proposal to enact legislation to link wages of industrial workers with the cost of living index.

During the six months of its tenure the present Government, the Chief Minister and the Labour Minister have repeatedly declared that the matter was under active consideration of the Government and that the final decision of the Government would be announced 'soon'. No decision, however, has been announced till today.

In the meanwhile the Indian Labour Conference, the highest tripartite body in the country, has recommended linking of wages with cost of living index guaranteeing 100% neutralization in the case of unskilled workers at least.

The failure of the Government to take a definite decision under these circumstances has given rise to great discontentment amongst the industrial workers of the State.

In view of the obvious and great importance of the matter, the Government may please be asked to make a Statement in the House.

Mr. Speaker : It is admitted. The Minister concerned to make a statement.

Mr. Speaker : Now we take up Call Attention Motion No. 14 which stands in the names of Comrades Bhan Singh Bhaura and Munsha Singh.

Comrade Bhan Singh Bhaura : Sir what about Call Attention Motion No. 13.

Mr. Speaker : It has been disallowed.

(Serial No. 14)

Comrade Bhan Singh Bhaura : Sir, I beg to draw the attention of the Government towards a matter of public importance, namely, the Government's

[Comrade Bhan Singh Bhaura]

reactionary step in reversing the decision of the Front Government to distribute surplus evacuee land among agricultural workers and poor peasants. One lac Harijans had applied for grant of evacuee land last year. At least 10 lac rupees had been spent by them in putting in the applications. They expected that the surplus evacuee lands would be distributed amongst them on the basis of lottery system. All their expectations have been belied.

The Government has held the entire scheme in abeyance. The Government should make a statement.

Mr. Speaker: It is admitted. The Minister concerned will make a statement.

Mr. Speaker: Now we take up Call Attention Motion No. 15, given notice of by Comrades Satya Pal Dang, Jangir Singh Joga and Bhan Singh Bhaura.

ਸ੍ਰੀ ਸੱਤਪਾਲ ਡਾਂਗ: ਮੈਂ ਲੋਕ ਮਹੱਤਤਾ ਦੇ ਇਕ ਜ਼ਰੂਰੀ *ਮਾਮਲੇ ਵੱਲ ਸਰਕਾਰ ਦਾ ਧਿਆਨ ਦਿਵਾਉਂਦਾ ਹਾਂ ਜੋ ਇਸ ਤਰ੍ਹਾਂ ਹੈ ਕਿ ਮਾਰਚ, 1968 ਦੇ ਦੂਜੇ ਜਾਂ ਤੀਜੇ ਹਫਤੇ ਵਿਚ 22 ਸਾਲਾ ਹਰਨੇਕ ਸਿੰਘ ਦੀ ਇੱਛਾ ਦੇ ਉਲਟ ਅਤੇ ਸਾਰਾ ਸਮਾਂ ਉਸ ਦੇ ਰੋਸ ਪ੍ਰਗਟ ਕਰਨ ਦੇ ਬਾਵਜੂਦ ਉਸ ਦਾ ਜ਼ਬਰਦਸਤੀ ਨਸਬੰਦੀ ਓਪਰੇਸ਼ਨ ਕੀਤਾ ਗਿਆ।

Mr. Speaker: How could it be ?

ਸ੍ਰੀ ਸੱਤਪਾਲ ਡਾਂਗ: ਜਿਸ ਕਾਰਨ ਬਠਿੰਡੇ ਦੀ ਜਨਤਾ ਵਿਚ ਗੰਭੀਰ ਬੇਚੈਨੀ ਫੈਲ ਚੁੱਕੀ ਹੈ। ਉਸ ਦੀ ਮੰਗਣੀ ਹੋ ਚੁੱਕੀ ਸੀ ਅਤੇ ਇਕ ਜਾਂ ਦੋ ਮਹੀਨੇ ਦੇ ਅੰਦਰ ਉਸ ਦੀ ਸ਼ਾਦੀ ਹੋਣ ਵਾਲੀ ਸੀ।

ਇਹ ਕੇਸ ਅਖਬਾਰਾਂ ਵਿਚ ਵੀ ਦਿੱਤਾ ਗਿਆ ਹੈ। ਮਾਰਚ 30, 1968 ਦੀ ਬਲਿਟਜ਼ ਦੀ ਕਟਿੰਗ, ਜਿਸ ਵਿਚ ਕਿ ਹਰਨੇਕ ਸਿੰਘ ਦਾ ਆਪਣਾ ਬਿਆਨ ਹੈ, ਨਾਲ ਨੱਥੀ ਕੀਤੀ ਜਾਂਦੀ ਹੈ। ਇਹ ਵੀ ਦੱਸਿਆ ਗਿਆ ਹੈ ਕਿ ਸ: ਹਰਨੇਕ ਸਿੰਘ ਨੇ ਆਪਣਾ ਬਿਆਨ ਬਠਿੰਡੇ ਦੇ ਡਿਪਟੀ ਕਮਿਸ਼ਨਰ ਸਾਹਮਣੇ ਦਿੱਤਾ ਹੈ।

ਲੋਕਾਂ ਵਿਚ ਬਹੁਤੀ ਬੇਚੈਨੀ ਇਸ ਕਰਕੇ ਹੈ ਕਿਉਂਕਿ ਹਰਨੇਕ ਸਿੰਘ ਦਾ ਕੇਸ ਇਸ ਕਿਸਮ ਦਾ ਪਹਿਲਾ ਕੇਸ ਹੀ ਨਹੀਂ ਹੈ। ਦੋ ਸਕੇ ਭਰਾਵਾਂ ਦੀ ਕੁਟ ਮਾਰ ਆਦਿ ਕਰਕੇ ਜ਼ਬਰਦਸਤੀ ਨਸਬੰਦੀ ਅਪਰੇਸ਼ਨ ਕਰਨ ਦੀ ਖਬਰ ਵੀ 31 ਮਾਰਚ, 1968 ਦੇ ਮਿਲਾਪ ਅਖ਼ਬਾਰ ਵਿਚ ਆਈ ਹੈ। ਕਿਹਾ ਜਾਂਦਾ ਹੈ ਕਿ ਦੋਹਾਂ ਭਰਾਵਾਂ ਵਿਚੋਂ ਇਕ ਦੀ ਉਮਰ 70 ਸਾਲ ਦੀ ਸੀ। ਇਸ ਤੋਂ ਇਲਾਵਾ ਇਹ ਵੀ ਦੱਸਿਆ ਗਿਆ ਹੈ ਕਿ ਉਹ ਪਿਛਲੇ 20 ਸਾਲਾਂ ਤੋਂ ਕਿਸੇ ਬੱਚੇ ਦਾ ਬਾਪ ਨਹੀਂ ਬਣਿਆਂ। 31 ਮਾਰਚ, 1968 ਦੀ ਮਿਲਾਪ ਵਿਚੋਂ ਸਬੰਧਤ ਕਟਿੰਗ ਨਾਲ ਨੱਥੀ ਕੀਤੀ ਜਾਂਦੀ ਹੈ।

ਇਸ ਮਾਮਲੇ ਦੀ ਸਪਸ਼ਟ ਅਤੇ ਵੱਡੀ ਮਹੱਤਤਾ ਨੂੰ ਮੁਖ ਰਖਦੇ ਹੋਏ ਸਰਕਾਰ ਇਸ ਬਾਰੇ ਸਦਨ ਵਿਚ ਬਿਆਨ ਦੇਣ ਦੀ ਕਿਰਪਾ ਕਰੇ। (ਸ਼ੋਰ)

---

* (Serial No. 15)

1. **Comrade Satya Pal Dang, M.L.A.**
2. **Comrade Jangir Singh Joga, M.L.A.**
3. **Comrade Bhan Singh Bhaura, M.L.A.**

}to draw the attention of the

ਸ੍ਰੀ ਸਪੀਕਰ : ਸਰਕਾਰ ਬਿਆਨ ਦੇਵੇ । (The Government will make a statement.)

Mr. Speaker : Now we take up Call Attention Motion No. 19 given notice of by Shri A. Vishwa Nathan.

(Serial No. 19)

Shri A. Vishwanathan: Sir, I beg to draw the attention of the Government towards the act of great irresponsibility of the Government of Punjab when knowing fully well that it could not draw any amounts for expenditure, it spent a huge amount of money in inviting and making arrangements for stay of Shri Mahesh Yogi and his troupe as State guests thus intentionally and cheaply trying to give a spiritual cloak to its anti-people, unconstitutional and illegal activities. I further wish to draw the attention of the House towards the certificate of corruption awarded to the Government by its above mentioned spiritual Guru that the Government of Punjab was corrupt to the core.

Mr. Speaker : It is admitted. The Minister concerned will make a statement.

Mr. Speaker : Now we take up Call-Attention Motion No. 21 given notice of by Shri A. Vishwanathan.

(Serial No. 21)

Shri A. Vishwanathan: Sir, I beg to draw the attention of the Government towards the threatened agitation of College Teachers in the State and the agitation of Private School Teachers from 25th May, 1968, against non-fulfilment of promises given to them by the Government and the utter disregard and refusal to honour their obligations by private management.

Mr. Speaker : It is admitted. Government will make a statement.

Mr. Speaker : Now we take up Call Attention Motion No. 22 given notice of by Comrades Satya Pal Dang, Bhan Singh Bhaura and Jangir Singh Joga.

(*Contd.*—from Page No. 24)

Government towards an urgent matter of public importance, namely, the serious discontentment that has arisen amongst the public of Bhatinda as a result of one Harnek Singh aged 22 years having been forced to undergo vasectomy operation in the Second or third week of March, 1963 contrary to his wishes and despite the fact that he was protesting against it all the time. He was engaged and was about to be married within a month or so.

The press has reported the case. A cutting from Blitz of March 30, 1968 containing Harnek Singh's own statement is enclosed herewith. Shri Harnek Singh is reported to have made a statement before the Deputy Commissioner Bhatinda also.

The discontentment amongst the public is all the greater because the case of Harnek Singh is not the first case of its type. On 31st March, 1968 Milap of Jullundur carried a news about forced vasectomy operation in case of two real brothers preceded by beating etc. One of the two brothers was said to be 70 years old. It was further reported that he had not fathered any child for previous 20 years or so. The relevant cutting from Milap of 31st March, 1968 is enclosed herewith.

In view of the obvious and great importance of the matter the Government may please make a statement in the House.

ਸ੍ਰੀ ਸਤਪਾਲ ਡਾਂਗ : ਮੈਂ ਪੰਜਾਬ ਸਰਕਾਰ ਦਾ ਧਿਆਨ ਹੇਠ ਲਿਖੇ ਅਤੀ ਜ਼ਰੂਰੀ ਮਸਲੇ* ਵਲ ਦਿਵਾਉਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਜਿਸ ਦੇ ਮੁੱਖ ਮੰਤਰੀ ਸਰਦਾਰ ਗੁਰਨਾਮ ਸਿੰਘ ਸਨ, ਨੇ ਜਾਇਦਾਦ ਟੈਕਸ ਚਾਰ ਸਾਲਾਂ ਵਿਚ ਖ਼ਤਮ ਕਰਨ ਦਾ ਫ਼ੈਸਲਾ ਕੀਤਾ ਸੀ। ਇਸੀ ਫ਼ੈਸਲੇ ਤੇ ਅਮਲ ਵੀ ਸ਼ੁਰੂ ਕਰ ਦਿਤਾ ਸੀ। ਹੁਣ ਸਰਕਾਰ ਨੇ ਪਿਛਲਾ ਫ਼ੈਸਲਾ ਬਦਲ ਦਿਤਾ ਮਲੂਮ ਹੁੰਦਾ ਹੈ ਅਤੇ ਇਸ ਸਾਲ ਸਭ ਕੋਲੋਂ ਵਸੂਲੀ ਕੀਤੀ ਜਾ ਰਹੀ ਹੈ। ਇਸੀ ਕਾਰਨ ਸ਼ਹਿਰੀਆਂ ਵਿਚ, ਜਾਇਦਾਦ ਦੇ ਮਾਲਕਾਂ ਵਿਚ ਕਾਫ਼ੀ ਬੇਚੈਨੀ ਹੈ।

ਮਸਲੇ ਦੀ ਅਹਿਮੀਅਤ ਕਾਰਨ ਪੰਜਾਬ ਸਰਕਾਰ ਨੂੰ ਹਾਊਸ ਵਿਚ ਇਸ ਬਾਰੇ ਬਿਆਨ ਦੇਣ ਲਈ ਕਿਹਾ ਜਾਵੇ।

Mr. Speaker : It is admitted. Government will make a statement.

Mr. Speaker. Now we take up Call Attention Motion No. 26 which stands in the name of Comrade Dalip Singh Tapiala.

ਕਾਮਰੇਡ ਦਲੀਪ ਸਿੰਘ ਟਪਿਆਲਾ : ਮੈਂ ਗਵਰਨਮੈਂਟ ਦਾ ਧਿਆਨ† ਜਨਤਕ ਮਹੱਤਵ ਦੇ ਜ਼ਰੂਰੀ ਮਸਲੇ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਇਨ੍ਹਾਂ ਕਟਾਈਆਂ ਅਤੇ ਗਹਾਈਆਂ ਦੇ ਭਰਪੂਰ ਦਿਨਾਂ ਵਿਚ ਤਕਾਵੀ ਆਦਿ ਕਰਜ਼ਿਆਂ ਦੀ ਵਸੂਲੀ ਦੇ ਸਬੰਧ ਵਿਚ ਗਰੀਬ ਕਿਸਾਨਾਂ ਤੇ ਪੇਂਡੂ ਗਰੀਬਾਂ ਨਾਲ ਜੋ ਜ਼ੁਲਮ ਤੇ ਅਤਿਆਚਾਰ ਕੀਤਾ ਜਾ ਰਿਹਾ ਹੈ ਉਸ ਨੇ ਪੁਰਾਣੇ ਬਾਦਸ਼ਾਹਾਂ ਦੇ ਜ਼ੁਲਮ ਨੂੰ ਵੀ ਮਾਤ ਕਰ ਦਿੱਤਾ ਹੈ। ਕੰਮ ਦੇ ਦਿਨਾਂ ਵਿਚ ਗ੍ਰਿਫ਼ਤਾਰ ਕਰ ਕੇ ਤਹਿਸੀਲ ਦੀ ਤੰਗ ਤੇ ਅੰਧੇਰੀ ਹਵਾਲਾਤ ਵਿਚ ਰਖਿਆ ਜਾਂਦਾ ਹੈ। ਤਹਿਸੀਲ ਅਜਨਾਲਾ ਜਿਹੜੀ ਗਰੀਬੀ ਕਾਰਨ ਸਰਕਾਰ ਵਲੋਂ ਪਛੜੀ ਤਹਿਸੀਲ ਡਿਕਲਅਰ ਕੀਤੀ ਹੋਈ ਹੈ, ਉਸ ਵਿਚ ਤਾਂ ਅਤਿਆਚਾਰ ਦੀ ਹੱਦ ਹੋ ਗਈ ਹੈ।

ਇਸ ਨਾਲ ਕਿਸਾਨਾਂ ਵਿਚ ਸਖ਼ਤ ਬੇਚੈਨੀ ਫੈਲੀ ਹੋਈ ਹੈ। ਸੰਬੰਧਤ ਵਜ਼ੀਰ ਇਸ ਬਾਰੇ ਬਿਆਨ ਦੇਵੇ।

---

*1. **Comrade Satya Pal Dang, M.L.A.**
2. **Comrade Bhan Singh Bhaura, M.L.A.**
3. **Comrade Jangir Singh Joga, M.L.A.**

} to draw the attention of the Government towards an urgent matter of public importance, namely, the Government headed by Sardar Gurnam Singh had decided to abolish the property-tax in four years and had started implementing the said decision. It appears that the present Government have changed the said decision and the recovery of property tax is being made with effect from this year from every body. This has caused much resentment amongst the citizens and the property owners.

In view of the importance of the matter the Government should give a statement in this respect in the House.

†**Comrade Dalip Singh Tapiala**, **M.L.A.** to draw the attention of Government towards an urgent matter of public importance, namely, that during these awfully busy days of harvesting and thrashing the crops the poor peasants and villagers are being subjected to such atrocities in the realisation of tacavi loans which have surpassed even the atrocities perpetrated in the ancient times of Kings. In these busy days they are being arrested and kept in the dark and dingy cells of tehsil Jails. Tehsil Ajnala due to its poverty has been declared a backward tehsil, by the Government but in this tehsil the atrocities have transgressed all limits.

This has caused a great resentment amongst the peasants so the Minister concerned should give a statement in this regard.

Mr. Speaker : It is admitted. Government will make a statement.

Mr. Speaker : Now we take up Call Attention Motion No. 27 which stands in the name of Comrade Munsha Singh.

ਕਾਮਰੇਡ ਮੁਨਸ਼ਾ ਸਿੰਘ : ਮੈਂ ਸਰਕਾਰ ਦਾ ਧਿਆਨ* ਪਿਛਲੇ ਦਿਨੀਂ ਐਸ. ਐਸ. ਐਸ. ਬੋਰਡ, ਪੰਜਾਬ ਵਲੋਂ ਜਾਰੀ ਕੀਤੇ ਗਏ ਇਕ ਇਸ਼ਤਿਹਾਰ ਵਲ ਦਿਵਾਉਣਾ ਚਾਹੁੰਦਾ ਹਾਂ ਜਿਸ ਰਾਹੀਂ ਬੋਰਡ ਨੇ ਕਲਾਸੀਕਲ ਵਰਨੈਕੁਲਰ ਅਧਿਆਪਕਾਂ ਅਤੇ ਆਰਟ ਐਂਡ ਕਰਾਫਟ ਅਧਿਆਪਕਾਂ ਦੀਆਂ ਕੁਝ ਅਸਾਮੀਆਂ ਲਈ ਦਰਖ਼ਾਸਤਾਂ ਮੰਗੀਆਂ ਹਨ । ਪੰਜਾਬ ਵਿਚ ਬੋਰਡ ਵਲੋਂ ਚੁਣੇ ਗਏ ਇਨ੍ਹਾਂ ਵਰਗਾਂ ਦੇ ਅਧਿਆਪਕ ਅਜ ਵੀ ਬੇਰੁਜ਼ਗਾਰ ਫਿਰ ਰਹੇ ਹਨ । ਇਹ ਚੋਣ ਬੋਰਡ ਨੇ 1965-66 ਵਿਚ ਕੀਤੀ ਸੀ ਅਤੇ ਵਿਦਿਆ ਵਿਭਾਗ ਨੇ ਅਜੇ ਤਕ ਉਨ੍ਹਾਂ ਨੂੰ ਨਿਯੁਕਤੀ ਦੇ ਆਦੇਸ਼ ਜਾਰੀ ਨਹੀਂ ਕੀਤੇ । ਇਨ੍ਹਾਂ ਹਾਲਤਾਂ ਵਿਚ ਨਵੀਆਂ ਦਰਖਾਸਤਾਂ ਮੰਗਣ ਦਾ ਅਰਥ ਇਹ ਹੋਵੇਗਾ ਕਿ ਪਿਛਲੇ ਚੁਣੇ ਅਧਿਆਪਕ ਤਾਂ ਬੇਰੁਜ਼ਗਾਰ ਹੀ ਰਹਿਣਗੇ ਅਤੇ ਨਵਿਆਂ ਨੂੰ ਬੇਰੁਜ਼ਗਾਰਾਂ ਦੀ ਫੌਜ ਵਿਚ ਭਰਤੀ ਕਰ ਦਿੱਤਾ ਜਾਵੇਗਾ ।

ਮੈਂ ਸਰਕਾਰ ਦਾ ਧਿਆਨ ਇਸ ਜ਼ਰੂਰੀ ਵਿਸ਼ੇ ਵਲ ਦਿਵਾਉਂਦਾ ਹੋਇਆ ਇਸ ਸਥਿਤੀ ਦਾ ਸਪਸ਼ਟੀਕਰਨ ਕਰਨ ਦੀ ਮੰਗ ਕਰਦਾ ਹਾਂ ।

Mr. Speaker: It is admitted. Government will make a statement.

Mr. Speaker : Call Attention Notice No. 28 has been given notice of by Lt. Bhag Singh.

Lt. Bhag Singh : Sir, I beg to draw the attention of the Government towards an urgent matter of public importance, namely, the unfair attitude of the Government in un-necessarily delaying the disbursement of grants for the purchase of pigs to the members of Scheduled Castes. The amount has been drawn from the Government consolidated funds and is lying with the Government for the last two years, i.e., for the years 1966-67 and 1967-68. It is a great injustice and discrimination towards the people who are waiting for the funds and have spent money from their own pockets for the construction of *Khudas* for the pigs. Thus calling the attention of the Government.

Mr. Speaker : Admitted. The Government will make a statement.

***Comrade Munsha Singh, M.L.A.** to draw the attention of the Government towards an advertisement of the S.S.S. Board, Punjab issued during the last few days whereby the Board has invited applications for some vacancies of classical Vernacular Teachers and Art and Craft Teachers whereas even to day the teachers of these categories already selected by the Board are still going about un-employed. The said selection was made by the Board during the year 1965-66 and the Education Department has not so far issued any appointment orders to these persons. Under these circumstances inviting new applications will mean that the teachers already selected will remain un-employed and the newly selected will add to the army of un-employed. We while drawing the attention of the Government towards this important matter, demand that the clarification to this effect be given by the Government.

STATEMENTS LAID ON THE TABLE OF THE HOUSE

Mr. Speaker : Now the Food and Supplies Minister to lay a statement on the Table.

ਖੁਰਾਕ, ਸਪਲਾਈ ਤੇ ਸਿਹਤ ਮੰਤਰੀ (ਮਹੰਤ ਰਾਮ ਪਰਕਾਸ਼ ਦਾਸ): ਮੈਂ ਆਪ ਜੀ ਦੀ ਆਗਿਆ ਨਾਲ ਕਾਲ-ਅਟੈਨਸ਼ਨ ਨੋਟਿਸ ਨੰ: 3 ਬਾਰੇ ਸਟੇਟਮੈਂਟ ਹਾਊਸ ਦੀ ਮੇਜ਼ ਤੇ ਰਖਦਾ ਹਾਂ ।

(Serial No. 3)

Dr. Baldev Parkash : I beg to draw the attention of the Government towards a matter of urgent public importance, namely, the situation prevailing in the State by the acute scarcity being experienced by consumers throughout the State of Dalda and other types of hydrogenated oils. Dalda has become an article of daily and indispensable use and its acute scarcity creates unprecedented difficulties and hardships to the masses. The State Government should immendiately take measures to undo this scarcity and come to the relief of the common man.

Mahant Ram Parkash Dass, Food and Supplies and Health Minister
Licences for installation of Mills for manufacture of Vanaspati are given by the Government of India. The Government of India at the end of a month fixes prices for sale of Vanaspati during the ensuing month. At the State level, the Punjab hydrogenated Vegetable Oils Dealers Licensing Order, 1967, is in force. Under this Control Order, a person engaged in the business of purchase, sale or storage for sale of Hydrogenated Vegetable Oils, whether as a wholesaler or a retailer, is required to take a license. Under this Order, no dealer can sell Hydrogenated Vegetable Oil at rates higher than those fixed by the Government of India from time to time. He is further bound to comply with any directions that may be given by the Government, Director or Licensing Authority in regard to distribution and sale of Hydrogenated Vegitable Oils. Any contravention of the terms or conditions of the licence or directions issued by the Government, Director or the Licensing Authority makes him liable to suspension or cancellation of his licence or any other punishment.

2. The total need of the Punjab State is about 7,000 tonnes per month. The two Vanaspati manufacturing factories situated in the State (one at Amrit-Sar and the other at Doraha, District Ludhiana) produce about 1,500 tonnes and the remaining needs of the State are met by the mills situated in Delhi and U. P.

3. In the second week of April, 1968, shortage of Vanaspati occurred in the State, which was due to rise in prices of the raw material after fixation of the price by the Government of India and in consequence, either less production by the mills, or less supply. In order to get more supplies for Punjab, the manufacturers were asked on telephone and by telegrams to rush supplies immeditely. The Vanaspati Manufacturers Association of India was also asked to take necessary action in the matter. The Government of India was also apprised of the position. Side by side, all the Circle Officers of the Department were asked to take the distribution in their own hands and they were also asked to see that no person indulges

in black marketing. They were further asked to exercise a stricter check on all wholesale/retail dealers. In consequence, raids were conducted in many districts to curb the black marketing tendencies. Since all the wholesalers have been asked to report arrivals of Vanaspati ghee with them to their Circle Officers and there is constant check black marketing has been checked to a great extent.

4. At present, the total quantities received in the districts are distributed on ration cards,. The Circle Officers supply Vanaspati for marriages by permits. The factory at Amritsar has been asked to supply Vanaspati only under the directions of the District Food and Supplies Controller, Amritsar, who looks after the demands made to him by the Circle Officers of other districts also. Generally the Mill at Amritsar feeds the districts of Amritsar, Gurdaspur, Hoshiarpur, Jullundur Ludhiana, Kapurthala and Ferozepur where as the other Mill caters to the needs of Patiala, Sangrur, Bhatinda and Rupar. However, if need be, any other district can get Vanaspati from the Mill where it is available. All the Circle Officers have been asked to contact the Department on telephone, if any scarcity is felt and efforts are made to send supplies. The Government of India have been requested to ask the out-station Mills to supply specified quota every month to the State of Punjab so that the scarcity is removed. The Government of India is also looking into the matter. The chief Minister, Punjab, has called a meeting of the representatives of the manufacturers and their association, dealer and officals of the Government of India, to further discuss the matter of supply of Vanaspati to Punjab State. The State Government is also considering installation of a factory in Punjab in the public Sector.

(ਬਨਾਸਪਤੀ ਬਨਾਣ ਵਾਲੀਆਂ ਮਿਲਾਂ ਨੂੰ ਲਸੰਸ ਕੇਂਦਰੀ ਸਰਕਾਰ ਦਿੰਦੀ ਹੈ । ਕੇਂਦਰੀ ਸਰਕਾਰ ਮਹੀਨੇ ਦੇ ਆਖੀਰ ਵਿਚ ਬਨਾਸਪਤੀ ਵਿਕਰੀ ਦਾ ਭਾਅ ਵੀ ਆਉਣ ਵਾਲੇ ਮਹੀਨੇ ਵਾਸਤੇ ਬੰਨਦੀ ਹੈ । ਪੰਜਾਬ ਸਰਕਾਰ ਦੇ ਪੱਧਰ ਤੇ ਪੰਜਾਬ ਹਾਈਡਰੋਜਨੇਟਿਡ ਵੈਜੀਟੇਬਲ ਆਇਲ ਡੀਲਰਜ਼ ਲਾਸੰਸਿੰਗ ਆਰਡਰ 1967 ਲਾਗੂ ਹੈ । ਇਸ ਆਰਡਰ ਦੇ ਅਧੀਨ ਜੋ ਵਿਅਕਤੀ ਬਨਾਸਪਤੀ ਖਰੀਦ ਅਤੇ ਭੰਡਾਰ ਵਿਕਰੀ ਵਾਸਤੇ ਕਰਦਾ ਹੈ ਭਾਵੇਂ ਉਹ ਥੋਕ ਜਾ ਪਰਚੂਨ ਵੇਚੇ ਉਸ ਨੂੰ ਲਸੰਸ ਲੈਣ ਦੀ ਲੋੜ ਹੈ । ਇਸ ਹੁਕਮ ਦੇ ਅਧੀਨ ਕੋਈ ਵੀ ਵਪਾਰੀ ਕੇਂਦਰੀ ਸਰਕਾਰ ਦੇ ਬਣੇ ਹੋਏ ਭਾਅ ਤੋਂ ਜ਼ਿਆਦਾ ਨਹੀਂ ਵੇਚ ਸਕਦਾ ਉਸ ਤੇ ਇਹ ਵੀ ਪਾਬੰਦੀ ਹੈ ਕਿ ਉਹ ਸਰਕਾਰ ਨਿਰਦੇਸ਼ਕ ਜਾਂ ਲਸੰਸ ਦੇਣ ਵਾਲੇ ਅਧਿਕਾਰੀ ਦੀਆਂ ਹਦਾਇਤਾਂ ਦੇ ਮੁਤਾਬਿਕ ਬਨਾਸਪਤੀ ਦੀ ਵੰਡ ਕਰੇ । ਲਸੰਸ ਵਿਚ ਜੋ ਸਰਕਾਰ ਨਿਰਦੇਸ਼ਕ ਜਾਂ ਲਾਸੰਸਿੰਗ ਅਧਿਕਾਰੀ ਨੇ ਦਿਤੀਆਂ ਹਦਾਇਤਾਂ ਤੇ ਸ਼ਰਤਾਂ ਦੀ ਉਲੰਘਣਾ ਕਰਨ ਵਾਲੇ ਦਾ ਲਸੰਸ ਮੁਅਤਲ ਜਾਂ ਖ਼ਤਮ ਕੀਤਾ ਜਾ ਸਕਦਾ ਹੈ ਜਾਂ ਹੋਰ ਸਜਾਵਾਂ ਦਿਤੀਆਂ ਜਾ ਸਕਦੀਆਂ ਹਨ ।

2. ਪੰਜਾਬ ਦੇ ਸੂਬੇ ਵਿਚ ਹਰ ਮਹੀਨੇ ਬਨਾਸਪਤੀ ਦੀ ਅੰਦਾਜ਼ਨ ਸਾਰੀ 7 ਹਜ਼ਾਰ ਟੱਨ ਦੀ ਲੋੜ ਹੈ ।ਇਸ ਸੂਬੇ ਵਿਚ ਦੋ ਬਨਾਸਪਤੀ ਬਨਾਉਣ ਦੇ ਕਾਰਖਾਨੇ ਹਨ ਜੋ (ਇਕ ਅੰਮ੍ਰਿਤਸਰ ਤੇ ਦੂਸਰਾ ਦੁਰਾਹੇ ਜ਼ਿਲਾ ਲੁਧਿਆਣਾ) ਵਿਚ ਹੈ । ਇਨ੍ਹਾਂ ਦਾ ਉਤਪਾਦਨ 15 ਸੌ ਟੱਨ ਹਰ ਮਹੀਨੇ ਹੈ । ਬਾਕੀ ਦੀ ਲੋੜ ਸੂਬੇ ਤੋਂ ਬਾਹਰ ਸਥਿਤ ਮਿਲਾਂ ਜਿਹੜੀਆਂ ਦਿੱਲੀ ਜਾਂ ਯੂ. ਪੀ. ਵਿਚ ਹਨ ਉਹਨਾਂ ਤੋਂ ਪੂਰੀ ਕੀਤੀ ਜਾਂਦੀ ਹੈ ।

3. ਅਪਰੈਲ 1968 ਦੇ ਦੂਸਰੇ ਹਫ਼ਤੇ ਵਿਚ ਇਸ ਸੂਬੇ ਵਿਚ ਬਨਾਸਪਤੀ ਦੀ ਥੁੜ ਹੋਈ ਜਿਸਦਾ ਕਾਰਣ ਜਾਂ ਤਾਂ ਕੇਂਦਰੀ ਸਰਕਾਰ ਦੇ ਵਿਕਰੀ ਦੇ ਭਾਅ ਬੰਨ੍ਹਣ ਤੋਂ ਮਗਰੋਂ ਜੋ ਬਨਾਸਪਤੀ ਬਨਾਉਣ ਵਾਸਤੇ ਕੱਚੇ ਪਦਾਰਥਾਂ ਦੀਆਂ ਕੀਮਤਾਂ ਵਿਚ ਵਾਧਾ ਹੋਣ ਕਾਰਣ ਸੀ ਜਾਂ ਮਿਲਾਂ ਵਿਚ ਘਟ ਉਤਪਾਦਨ ਜਾਂ ਘੱਟ ਸਪਲਾਈ ਹੋਣ ਦੇ ਕਾਰਣ ਸੀ । ਪੰਜਾਬ ਵਿਚ ਜ਼ਿਆਦਾ ਮਾਤਰਾਂ ਵਿਚ ਬਨਾਸਪਤੀ ਲਿਆਉਣ ਵਾਸਤੇ ਕਾਰਖਾਨੇਦਾਰਾਂ ਨੂੰ ਟੈਲੀਫੂਨ ਅਤੇ ਤਾਰਾਂ ਰਾਹੀਂ ਜ਼ਿਆਦਾ ਮਾਲ ਤੁਰਤ ਭੇਜਣ ਵਾਸਤੇ ਕਿਹਾ ਗਿਆ ਸੀ । ਬਨਾਸਪਤੀ ਬਨਾਉਣ ਵਾਲਿਆਂ ਦੀ

[ਖੁਰਾਕ ਸਪਲਾਈ ਤੇ ਸਿਹਤ ਮੰਤਰੀ]

ਭਾਰਤ ਦੀ ਅਸੋਸੀਏਸ਼ਨ ਨੂੰ ਵੀ ਇਸ ਮਾਮਲੇ ਵਿਚ ਜ਼ਰੂਰੀ ਕਾਰਵਾਈ ਕਰਨ ਵਾਸਤੇ ਕਿਹਾ ਗਿਆ। ਕੇਂਦਰੀ ਸਰਕਾਰ ਨੂੰ ਇਸ ਬਾਰੇ ਵੀ ਸੂਚਨਾ ਦਿਤੀ ਗਈ ਹੈ। ਨਾਲ ਨਾਲ ਸਾਰੇ ਜ਼ਿਲਾਂ ਅਫਸਰਾਂ ਨੂੰ ਹਦਾਇਤਾਂ ਦਿਤੀਆਂ ਗਈਆਂ ਹਨ ਕਿ ਉਹ ਬਨਾਸਪਤੀ ਦੀ ਵੰਡ ਆਪ ਕਰਨ ਤੇ ਇਹ ਵੀ ਵੇਖਣ ਕਿ ਕੋਈ ਆਦਮੀ ਜ਼ਿਆਦਾ ਭਾਅ ਤੇ ਨਾ ਵੇਚਦਾ ਹੋਵੇ ਜਾਂ ਭਰਿਸ਼ਟਾ-ਚਾਰ ਨਾ ਕਰੇ। ਉਹਨਾਂ ਨੂੰ ਇਹ ਵੀ ਕਿਹਾ ਗਿਆ ਕਿ ਉਹ ਥੋਕ ਤੇ ਪਰਚੂਣ ਵਪਾਰੀਆਂ ਦੇ ਵਿਰੁਧ ਕਰੜੀ ਪੜਤਾਲ ਕਰਨ। ਇਸ ਅਧਾਰ ਤੇ ਭਰਿਸ਼ਟਾਚਾਰੀ ਨੂੰ ਰੋਕਣ ਵਾਸਤੇ ਬਹੁਤ ਸਾਰੇ ਜ਼ਿਲਿਆਂ ਵਿਚ ਛਾਪੇ ਮਾਰੇ ਗਏ ਹੁਣ ਸਾਰੇ ਥੋਕ ਵਪਾਰੀਆਂ ਨੂੰ ਹਦਾਇਤਾਂ ਦਿਤੀਆਂ ਹਨ ਕਿ ਉਹ ਆਪਣੇ ਪਾਸ ਆਏ ਬਨਾਸਪਤੀ ਦੀ ਸੂਚਨਾ ਆਪਣੇ ਜ਼ਿਲੇ ਦੇ ਇਸ ਵਿਭਾਗ ਦੇ ਅਫਸਰਾਂ ਨੂੰ ਦੇਣ ਅਤੇ ਇਹਨਾਂ ਉਤੇ ਕਰੜੀ ਨਜ਼ਰ ਰੱਖੀ ਜਾਣ ਕਾਰਣ ਚੋਰ ਬਜ਼ਾਰੀ ਕਿਸੇ ਹਦ ਤਕ ਘਟ ਗਈ ਹੈ।

4. ਇਸ ਵੇਲੇ ਸਾਰੇ ਬਨਾਸਪਤੀ ਦੀ ਮਾਤਰਾ ਜਿਹੜੀ ਜ਼ਿਲਿਆਂ ਵਿਚ ਆਉਂਦੀ ਹੈ ਉਹ ਰਾਸ਼ਨ ਕਾਰਡ ਤੇ ਵੰਡੀ ਜਾਂਦੀ ਹੈ। ਵਿਆਹ ਸ਼ਾਦੀਆਂ ਵਾਸਤੇ ਜ਼ਿਲਾ ਅਫਸਰ ਪਰਮਿਟ ਦਿੰਦੇ ਹਨ। ਅੰਮ੍ਰਿਤਸਰ ਦੇ ਕਾਰਖਾਨੇ ਦੇ ਮਾਲਕ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਜ਼ਿਲਾ ਖੁਰਾਕ ਅਤੇ ਸਪਲਾਈ ਕੰਟਰੋਲਰ ਅੰਮ੍ਰਿਤਸਰ ਦੀਆਂ ਹਦਾਇਤਾਂ ਅਨੁਸਾਰ ਜੋ ਉਹ ਦੂਸਰੇ ਜ਼ਿਲਿਆਂ ਦੀਆਂ ਮੰਗਾਂ ਨੂੰ ਮੁਖ ਰੱਖਦਿਆਂ ਹੋਇਆ ਕਰੇ। ਆਮ ਤੌਰ ਤੇ ਅੰਮ੍ਰਿਤਸਰ ਦੀ ਮਿਲ ਜ਼ਿਲਾਂ ਅੰਮ੍ਰਿਤਸਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਕਪੂਰਥਲਾ ਅਤੇ ਫਿਰੋਜ਼ਪੁਰ ਮਾਲ ਭੇਜਦੀ ਹੈ। ਜ਼ਿਲਿਆਂ ਦੀ ਲੋੜ ਪੂਰੀ ਕਰਦੀ ਹੈ। ਜੇਕਰ ਕਿਸੇ ਵੀ ਜ਼ਿਲੇ ਵਿਚ ਬਨਾਸਪਤੀ ਦੀ ਲੋੜ ਹੋਵੇ ਤਾਂ ਜਿਸ ਮਿਲ ਵਿਚ ਬਨਾਸਪਤੀ ਮੌਜੂਦ ਹੋਵੇ ਉਸ ਤੋਂ ਲੋੜ ਪੂਰੀ ਕੀਤੀ ਜਾਂਦੀ ਹੈ। ਸਾਰੇ ਜ਼ਿਲਾ ਅਫਸਰਾਂ ਨੂੰ ਕਿਹਾ ਗਿਆ ਹੈ ਜੇਕਰ ਬਨਾਸਪਤੀ ਦੀ ਥੁੜ ਹੋ ਜਾਵੇ ਤਾਂ ਉਹ ਟੈਲੀਫੂਨ ਰਾਹੀਂ ਦਸਣ ਤਾਂ ਜੋ ਹਰ ਤਰ੍ਹਾਂ ਉਹਨਾਂ ਦੀ ਲੋੜ ਪੂਰੀ ਕਰਨ ਦੀ ਕੋਸ਼ਿਸ਼ ਕੀਤੀ ਜਾਵੇ। ਕੇਂਦਰੀ ਸਰਕਾਰ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਸੂਬੇ ਤੋਂ ਬਾਹਰ ਵਾਲੀਆਂ ਮਿਲਾਂ ਨੂੰ ਹਦਾਇਤਾਂ ਕਰਨ ਕਿ ਉਹ ਇਕ ਨਿਸ਼ਚਿਤ ਮਾਤਰਾ ਵਿਚ ਬਨਾਸਪਤੀ ਦਾ ਕੋਟਾ ਹਰ ਮਹੀਨੇ ਪੰਜਾਬ ਨੂੰ ਭੇਜਣ ਤਾਂਕਿ ਥੁੜ ਨਾ ਰਹੇ। ਇਸ ਮਾਮਲੇ ਤੇ ਕੇਂਦਰੀ ਸਰਕਾਰ ਸੋਚ ਵਿਚਾਰ ਕਰ ਰਹੀ ਹੈ। ਮੁੱਖ ਮੰਤਰੀ ਪੰਜਾਬ ਸਰਕਾਰ ਨੇ ਕਾਰਖਾਨੇਦਾਰਾਂ ਅਤੇ ਉਹਨਾਂ ਦੀ ਐਸੋਸੀਏਸ਼ਨ ਅਤੇ ਕੇਂਦਰੀ ਸਰਕਾਰ ਦੇ ਅਹਿਲਕਾਰਾਂ ਦੀ ਇਕ ਮੀਟਿੰਗ ਪੰਜਾਬ ਵਿਚ ਬਨਾਸਪਤੀ ਘੀ ਦੀ ਸਪਲਾਈ ਤੇ ਸੋਚ ਵਿਚਾਰ ਕਰਨ ਲਈ ਬੁਲਾਈ ਹੈ। ਪੰਜਾਬ ਸਰਕਾਰ ਬਨਾਸਪਤੀ ਦੀ ਮਿਲ ਜਨਤਾ ਦੇ ਪੱਧਰ ਤੇ ਲਾਉਣ ਦੀ ਸੋਚ-ਵਿਚਾਰ ਕਰ ਰਹੀ ਹੈ।)

MOTION UNDER RULE 16

ADJOURNMENT OF THE HOUSE SINE DIE

ਮੁੱਖ ਮੰਤਰੀ (ਸਰਦਾਰ ਲਛਮਣ ਸਿੰਘ ਗਿੱਲ) : ਸਪੀਕਰ ਸਾਹਿਬ, ਮੈਂ ਮੂਵ ਕਰਦਾ ਹਾਂ ਕਿ ਹਾਊਸ ਅਜ ਦੀ ਸਭਾ ਦੇ ਉਠਣ ਤੇ ਸਾਈਨੇ-ਡਾਈ ਐਡਜਰਨ ਕੀਤਾ ਜਾਵੇ।

Mr. Speaker : Motion moved—

That the Assembly at its rising today shall stand adjourned *sine die*

(*No one rose to speak*)

Mr. Speaker : Question is—

That the Assembly at its rising today shall stand adjourned *sine die*.

The Motion was carried.

STATEMENT LAID ON THE TABLE

ਮਾਲ ਮੰਤਰੀ (ਸ਼੍ਰੀ ਫਕੀਰ ਚੰਦ ਗੁਪਤਾ) : ਸਪੀਕਰ ਸਾਹਿਬ, ਮੈਂ ਕਾਲ-ਅਟੈਨਸ਼ਨ ਨੋਟਿਸ ਨੰ: 7, ਮਿਤੀ 20 ਮਈ, 1968 ਬਾਰੇ ਬਿਆਨ ਪੰਜਾਬ ਵਿਧਾਨ ਸਭਾ ਦੀ ਮੇਜ਼ ਤੇ ਰਖਦਾ ਹਾਂ ।

CALL-ATTENTION NOTICE No. 7

1. **Comrade Satya Pal Dang, M,L.A.**
2. **Gomrade Jagir Singh Joga, M.L.A.**
3. **Comrade Bhan Singh Bhaura,M.L.A.**

to draw the attention of the Government to a matter of urgent public importance, namely, the acute discontentment that has arisen amongst the peasants of the State because of the reported decision of the Punjab Government to permit the reimposition of Octroi duty on food-grains and other agricultural produce by the Urban Local Bodies in the State.

In view of the great and urgent importance of the matter, the Government may please be directed to make a statement in the House.

STATEMENT

The Municipal Committees of this State levy octroi under sub-section (2) of section 61 of the Punjab Municipal Act, 1911 read with item No. 52 of the 7th Schedule of the Constitution of India (List II-State List) on the goods brought within their limits for consumption, use or sale therein. This is an indirect tax and forms the main source of income of the Municipal Committees.

2. In pursuance of a policy decision, the State Government, in exercise of their powers under sub-section (1) of section 71 of the Punjab Municipal Act, 1911, exempted the following items of agricultural produce from the payment of octroi with effect from the dates shown against them:—

1.	Wheat	w.e.f. 1st January, 1961.
2.	Gram	
3.	Maize	
4.	Rice and paddy	
5.	Jowar	
6.	Bajra	
7.	Pulses (dals)	
8.	Barley	w.e.f. 1st June, 1961

(Items 1 to 7 are bracketed together against "w.e.f. 1st January, 1961.")

3. Government have not so far taken any decision to permit re-imposition of octroi duty on the above items of food grains. There is, therefore, no valid cause of discontentment among the peasants on this ground. No such report either in the press or otherwise has come to Government's notice and in any case it is not correct.

REPORT OF THE BUSINESS ADVISORY COMMITTEE

Mr. Speaker : I have to report the time-table of the Punjab Vidhan Sabha fixed for the 22nd May, 1968. The Second Report

[Mr. Speaker]
of the Business Adviory Committee is as follows :—

The Committee met at 9.00 a.m. on Wednesday, the 22nd May, 1968. The following were present—

1. Lt. Col. Joginder Singh Mann, Speaker (ex officio Chairman).
2. Dr. Jagjit Singh, Finance Minister.
3. Sardar Harbhajan Singh, Excise and Taxation Minister.
4. Dr. Baldev Parkash.
5. Shri Prabodh Chandra.

Special Invitees

6. Sardar Lachhman Singh Gill, Chief Minister.
7. Sardar Natha Singh, Minister of State for Irrigation and Power.
8. Shri Brish Bhan.
9. Sardar Gian Singh Rarewala.
10. Sardar Gurnam Singh.
11. Sardar Harcharan Singh Brar.
12. Comrade Harkishan Singh Surjeet.
13. Pandit Mohan Lal.
14. Comrade Satyapal Dang.

At the outset, all the items of business pending before the House were placed before the Committee.

The Committee, after some discussion, recommended that only the Punjab Ice Price Control Bill, 1968, be fixed for today, the 22nd May, 1968 and all stages in respect thereof be completed today.

ਇਹ ਫੈਸਲਾ ਕੀਤਾ ਗਿਆ ਹੈ ਕਿ ਅੱਜ ਕੁਝ ਕਾਲ-ਅਟੈਨਸ਼ਨ ਮੋਸ਼ਨਜ਼ ਲਿਆਈਆਂ ਜਾਣ ਔਰ ਨਾਲ ਹੀ ਇਹ ਆਈਸ ਬਿੱਲ ਵੀ ਲਿਆਂਦਾ ਜਾਵੇ। ਉਸ ਦੇ ਬਾਅਦ ਹਾਊਸ ਸਾਈਨੇ-ਡਾਈ ਐਡਜਰਨ ਕੀਤਾ ਜਾਵੇ । (The Committee decided that after taking up some Call-Attention Notices, the Punjab Ice Control Bill be taken up. The House may be adjourne *sine-die*, thereafter.)

ਵਿੱਤ ਮੰਤਰੀ (ਡਾਕਟਰ ਜਗਜੀਤ ਸਿੰਘ) : ਮੈਂ ਮੂਵ ਕਰਦਾ ਹਾਂ ਕਿ ਬਿਜ਼ਨਿਸ ਐਡਵਾਇਜ਼ਰੀ ਕਮੇਟੀ ਵਲੋਂ ਭੇਜੀਆਂ ਸ਼ਿਫਾਰਸ਼ਾਂ ਮਨਜ਼ੂਰ ਕੀਤੀਆਂ ਜਾਣ ।

Mr. Speaker : Motion moved—

That this House agrees with the recommendation contained in the Second Report of the Business Advisory Committee.

(*No one rose to speak.*)

Mr. Speaker : Question is—

That this House agrees with the recommendation contained in the Second Report of the Business Advisory Committee.

The motion was carried.

CENSURE MOTION

Mr. Speaker : There was a notice of censure motion* against Sardar Karnail Singh Marhari, Deputy Minister. I reserved my ruling on this. I have now examined it. This is vague. I, therefore, disallow it.

ਡਾਕਟਰ ਬਲਦੇਵ ਪ੍ਰਕਾਸ਼ : ਜੇ ਇਹ ਵੇਗ ਹੈ ਤਾਂ ਵਾਪਸ ਕਰ ਦਿਉ । (ਵਿਘਨ)

ਸ਼੍ਰੀ ਸਪੀਕਰ : ਅੱਛਾ ਜੀ, ਆਈ ਵਿਲ ਸੈਂਡ ਇਟ ਬੈਕ । (All right I will send it back.)

Bill

PUNJAB ICE PRICE CONTROL BILL-(RESUMPTION OF DISCUSSION)

Mr. Speaker : Now the House will resume discussion on the Punjab Ice Price Control Bill. Shri Satya Pal Dang was on his legs when the House rose yesterday.

ਸ਼੍ਰੀ ਸੱਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਬਹੁਤਾ ਕੁਝ ਨਹੀਂ ਕਹਿਣਾ ਚਾਹੁੰਦਾ। ਮੈਂ ਕੱਲ ਇਸ ਬਿੱਲ ਦੇ ਬਾਰੇ ਕਿਹਾ ਸੀ ਕਿ ਬੀਮਾਰੀ ਦੀ ਜੜ੍ਹ ਉਹ ਹੈ ਜਿਹੜੇ ਬਰਫ਼ ਦੇ ਕਾਰਖਾਨੇਦਾਰ ਪੂਲ ਕਰਦੇ ਹਨ ਔਰ ਬਰਫ਼ ਦੀ ਕਿੱਲਤ ਪੈਦਾ ਕਰਕੇ ਬਰਫ ਦੀ ਕੀਮਤ ਵਧਾ ਦਿੰਦੇ ਹਨ । ਇਹ ਬੀਮਾਰੀ ਦੀ ਜੜ੍ਹ ਹੈ । ਇਸ ਬੀਮਾਰੀ ਦਾ ਜਿੰਨਾ ਚਿਰ ਹੱਲ ਨਹੀਂ ਹੋਵੇਗਾ ਇਹ ਮਸਲਾ ਹੱਲ ਨਹੀਂ ਹੋਵੇਗਾ। ਲੇਕਿਨ ਫ਼ੌਰੀ ਤੌਰ ਤੇ ਕੀਮਤ ਤੇ ਕੰਟ੍ਰੋਲ ਕੀਤਾ ਜਾਏ ਇਸ ਗੱਲ ਦੇ

---

*CENSURE MOTION

This House Censures the misbehaviour and misconduct of hon. Deputy Minister Shri Karnail Singh while interfering in an enquiry to be conducted by an Inquiry Officer against the conduct of a Medical Practitioner who happens to be a Government servant.

Hon. Deputy Minister went on the spot and threatened the Inquiry Officer to stop the enquiry.

On the refusal of the Inquiry Officer to oblige, the Hon. Deputy Minister forcibly put the Inquiry Officer into the car and brought the Officer to the S.P. Office falsely accusing that he was in a drunken position which was perfectly incorrect after examining him. This is a clear case of interference in Government administration by Hon. Deputy Minister.

As such the House censures him on his misconduct.

Sd/—

Harbans Lal Khanna.
20th May, 1968

[ਸ੍ਰੀ ਸੱਤਪਾਲ ਡਾਂਗ]

ਉਤੇ ਸਹਿਮਤੀ ਹੋਣੀ ਚਾਹੀਦੀ ਹੈ ਕਿਉਂਕਿ ਮਸਲਾ ਸਿਰਫ ਡੀਲਰ ਦਾ ਨਹੀਂ। ਦਰਅਸਲ ਇਹ ਮਸਲਾ ਕਾਰਖਾਨੇਦਾਰਾਂ ਦਾ ਹੈ, ਜਿਹੜੇ ਬਰਫ਼ ਦੇ ਕਾਰਖਾਨਿਆਂ ਦੇ ਮਾਲਿਕ ਹਨ। ਇਸ ਬਿੱਲ ਦੇ ਵਿਚ ਜਿਹੜੇ ਕੁਝ ਨੁਕਸ ਹਨ ਉਨ੍ਹਾਂ ਨੂੰ ਦੂਰ ਕਰਨ ਦੇ ਲਈ ਕੁਝ ਸੁਝਾਉ ਇਥੇ ਆਏ ਸਨ। ਕੱਲ ਦੀਆਂ ਤਕਰੀਰਾਂ ਦੀ ਰੋਸ਼ਨੀ ਦੇ ਵਿਚ, ਸਪੀਕਰ ਸਾਹਿਬ, ਮੁਖਤਲਿਫ ਪਾਰਟੀਆਂ ਦੇ ਨੁਮਾਇੰਦਿਆਂ ਨੇ ਅਨਆਫੀਸ਼ੀਅਲੀ ਅੱਜ ਬੈਠਕੇ ਕੁਝ ਤਰਮੀਮਾਂ ਬਣਾਈਆਂ ਹਨ। ਉਹ ਮੈਂ ਦੋ ਚਾਰ ਲਫਜ਼ਾਂ ਵਿਚ ਆਪ ਦੇ ਸਾਹਮਣੇ ਰੱਖਦਾ ਹਾਂ।

ਉਸ ਦੇ ਵਿਚ ਗੌਰਮਿੰਟ ਦੇ ਨੁਮਾਇੰਦੇ, ਖਜ਼ਾਨਾ ਮੰਤਰੀ ਵੀ ਮੌਜੂਦ ਸਨ। ਅਗਰ ਗੌਰਮਿੰਟ ਵੱਲੋਂ ਇਹ ਅਮੈਂਡਮੈਂਟਸ ਮੰਨਜ਼ੂਰ ਹੋ ਜਾਣ ਤਾਂ ਇਹ ਜਿਹੜਾ ਬਿੱਲ ਹੈ ਇਹ ਸਰਬਸੰਮਿਤੀ ਨਾਲ ਪਾਸ ਹੋ ਜਾਵੇਗਾ। ਇਨ੍ਹਾਂ ਅਮੈਂਡਮੈਂਟਸ ਬਾਰੇ ਪੰਡਤ ਮੋਹਨ ਲਾਲ ਤੇ ਮੇਰੇ ਨਾਮ ਤੇ ਨੋਟਿਸ ਆਇਆ ਹੈ ਲੇਕਿਨ ਦਰਅਸਲ ਇਨ੍ਹਾਂ ਅਮੈਂਡਮੈਂਟਸ ਵਿਚ ਸਾਰੀਆਂ ਪਾਰਟੀਆਂ ਦੇ ਨੁਮਾਇੰਦੇ ਸਨ। ਸਰਕਾਰ ਦੇ ਨੁਮਾਇੰਦੇ ਵਜ਼ੀਰ ਖਜ਼ਾਨਾ ਦੀ ਵੀ ਇਸ ਵਿਚ ਸਹਿਮਤੀ ਹੈ। ਕੱਲ ਇਕ ਨੁਕਤਾ ਆਇਆ ਸੀ ਕਿ ਜਿਹੜੇ ਛੋਟੇ ਡੀਲਰ ਨੇ ਉਹ ਹਿਸਾਬ ਨਹੀਂ ਰੱਖ ਸਕਦੇ ਇਸ ਕਰਕੇ ਉਨ੍ਹਾਂ ਲਈ ਇਹ ਬੜੀ ਸਖ਼ਤੀ ਹੋਵੇਗੀ। ਆਪ ਨੂੰ ਪਤਾ ਹੈ ਕਿ ਬਨਾਸਪਤੀ ਦੇ ਸਿਲਸਿਲੇ ਵਿਚ ਜਿਹੜੇ ਲਾਈਸੰਸਿੰਗ ਆਰਡਰ ਦੇ ਰੂਲਜ਼ ਨੇ ਉਨ੍ਹਾਂ ਵਿਚੋਂ ਰੀਟੇਲਰਜ਼ ਨੂੰ ਕਢਿਆ ਗਿਆ ਹੈ। ਇਥੇ ਤਜਵੀਜ਼ ਇਹ ਹੈ ਕਿ ਜਿਹੜਾ ਵੇਚਣ ਲਈ 5 ਕਵਿੰਟਲ ਜਾਂ 5 ਕਵਿੰਟਲ ਤੋਂ ਵੱਧ ਬਰਫ਼ ਰੱਖਦਾ ਹੈ, ਉਸ ਦੇ ਲਈ ਹਿਸਾਬ ਰੱਖਣਾ ਜ਼ਰੂਰੀ ਹੋਵੇਗਾ। ਪਰ ਜਿਹੜਾ 5 ਕਵਿੰਟਲ ਤੋਂ ਘੱਟ ਬਰਫ਼ ਰੱਖਦਾ ਹੈ ਉਸ ਦੇ ਲਈ ਹਿਸਾਬ ਕਿਤਾਲ ਰੱਖਣਾ ਜ਼ਰੂਰੀ ਨਹੀਂ ਹੋਵੇਗਾ। ਦੂਸਰੀ ਤਰਮੀਮ, ਸਪੀਕਰ ਸਾਹਿਬ, ਇਸ ਬਿੱਲ ਦੇ ਵਿਚ ਇਹ ਜ਼ਰੂਰੀ ਹੋਵੇਗੀ ਕਿ ਜਿਥੋਂ ਤੱਕ ਕੀਮਤਾਂ ਨੂੰ ਕੰਟਰੋਲ ਕਰਨ ਦਾ ਸਵਾਲ ਹੈ ਇਹ ਡੀਲਰ ਵਾਸਤੇ ਲਾਗੂ ਨਹੀਂ ਹੋਵੇਗੀ। ਇਹ ਹਰ ਇਕ ਵਾਸਤੇ ਲਾਗੂ ਹੋਵੇਗੀ, ਚਾਹੇ ਉਹ 5 ਕਿਲੋ ਬਰਫ ਰੱਖਦਾ ਹੈ ਚਾਹੇ ਉਹ 20 ਕਿਲੋ ਰੱਖਦਾ ਹੈ। ਇਸ ਕਰਕੇ ਜਿਥੇ ਇਹ ਲਿਖਿਆ ਸੀ ਕਿ ਐਵਰੀ ਡੀਲਰ ਵਿੱਲ ਡਿਸਪਲੇ ਦੀ ਪ੍ਰਾਈਸ, ਉਥੇ "ਡੀਲਰ" ਦਾ ਲਫ਼ਜ਼ ਕੱਟਕੇ 'ਐਨੀ ਪਰਸਨ ਸੈਲਿੰਗ ਆਈਸ, ਉਸ ਨੂੰ ਬਰਫ ਦੀ ਕੀਮਤ ਡਿਸਪਲੇ ਕਰਨੀ ਪਵੇਗੀ ਲੇਕਿਨ ਉਸ ਦੇ ਨਾਲ ਇਹ ਤਰਮੀਮ ਕਰ ਦਿਤੀ ਹੈ ਕਿ ਰੋਜ਼ ਸਵੇਰ ਉਸ ਦੇ ਕੋਲ ਕਿੰਨੀ ਬਰਫ਼ ਹੈ, ਉਸ ਨੂੰ ਇਹ ਲਿਖਣ ਦੀ ਲੋੜ ਨਹੀਂ ਹੋਵੇਗੀ। ਇਹ ਮਸਲਾ ਉਥੇ ਹਲ ਹੋ ਜਾਵੇਗਾ ਕਿ ਡਿਸਟ੍ਰਿਕਟ ਮੈਜਿਸਟਰੇਟ ਸਾਹਿਬ, ਹਰ ਡੀਲਰ ਨੂੰ ਰੀਕੁਆਇਰ ਕਰ ਸਕਦੇ ਹਨ ਕਿ ਉਹ ਅਕਾਊਂਟ ਕਿਸ ਸ਼ਕਲ ਵਿਚ ਰੱਖਣ ਔਰ ਜਿਹੜੇ 5 ਕੁਇੰਟਲ ਤੋਂ ਜ਼ਿਆਦਾ ਡੀਲਰ ਰੱਖਦੇ ਹੋਣਗੇ ਉਨ੍ਹਾਂ ਨੂੰ ਡਿਸਟ੍ਰਿਕਟ ਮੈਜਿਸਟਰੇਟ ਸਾਹਿਬ ਵੀ ਰੀਕੁਆਇਰ ਕਰ ਸਕਦੇ ਹਨ ਕਿ ਉਹ ਰੋਜ਼ ਦਾ ਰੋਜ਼ ਆਪਣਾ ਸਟਾਕ ਸ਼ੋ ਕਰਨ। ਇਸ ਤਰੀਕੇ ਨਾਲ, ਕੱਲ ਜਿਹੜਾਂ ਵਜ਼ਨ ਵਾਲਾ ਇਤਰਾਜ਼ ਉਠਿਆ ਸੀ ਕਿ ਇਸ ਦੇ ਵਿਚ ਮੁਕੱਦਮਾ ਕਰਨ ਦਾ ਜਿਹੜਾ ਅਖ਼ਤਿਆਰ ਹੈ ਉਹ ਕਿਸੇ ਵੀ ਪਬਲਿਕ ਸਰਵੈਂਟ ਨੂੰ ਦਿੱਤਾ ਗਿਆ ਹੈ, ਨਹੀਂ ਰਹਿੰਦਾ। ਪਬਲਿਕ ਸਰਵੈਂਟ ਦਾ ਮਤਲਬ ਕੋਈ ਵੀ ਆਦਮੀ ਹੈ ਜਿਹੜਾ ਸਰਕਾਰ ਕੋਲੋਂ ਤਨਖਾਹ ਲੈਂਦਾ ਹੈ, ਉਹ ਉਸ ਦੇ ਵਿਚ ਹੋਵੇਗਾ। ਇਹ ਇਤਰਾਜ਼ ਜਾਇਜ਼ ਸੀ। ਇਸ ਦਾ ਹੱਲ ਇਸ ਤਰੀਕੇ ਨਾਲ ਕੀਤਾ ਗਿਆ ਹੈ ਕਿ ਮੁਕੱਦਮਾ ਕਰਨ ਦਾ ਅਖ਼ਤਿਆਰ ਡਿਸਟ੍ਰਿਕਟ ਮੈਜਿਸਟ੍ਰੇਟ ਕੋਲ ਹੋਵੇਗਾ

ਜਾਂ ਜਿਸ ਨੂੰ ਉਹ ਐਥੋਰਾਈਜ਼ ਕਰੇਗਾ, ਹਰ ਪਬਲਿਕ ਸਰਵੈਂਟ ਨੂੰ ਨਹੀਂ । ਇਸੇ ਤਰੀਕੇ ਨਾਲ ਜਿਹੜਾ ਨਫ਼ੇ ਵਾਲਾ ਸਵਾਲ ਉਠਿਆ ਸੀ ਔਰ ਇਸ ਬਾਰੇ ਵਿਚ ਡਿਸਟ੍ਰਿਕਟ ਮੈਜਿਸ-ਟਰੇਟ ਰੀਜ਼ਨੇਬਲ ਕੀਮਤਾਂ ਮੁਕਰਰ ਕਰਨ ਔਰ ਉਨ੍ਹਾਂ ਦਾ ਨਫ਼ਾ ਵੀ ਵੇਖਣ, ਵਗੈਰਾ ਵਗੈਰਾ ਇਹ ਪ੍ਰੋਵਾਈਜ਼ੋ ਹੈ (ਜਿਸ ਦੇ ਵਿਚ ਕਿ ਨਫ਼ੇ ਦੀ ਗੱਲ ਹੈ) ਉਹ ਪ੍ਰੋਵਾਈਜ਼ੋ ਡੀਲੀਟ ਕਰ ਦਿਤਾ ਜਾਵੇ । ਤਜਵੀਜ਼ ਇਹ ਹੈ ਕਿ ਰੀਜ਼ਨੇਬਲ ਦੇ ਵਿਚ ਰੀਜ਼ਨੇਬਲ ਮਾਰਜਿਨ ਆਫ਼ ਪ੍ਰਾਫ਼ਿਟ ਉਹ ਆਪ ਹੀ ਉਸ ਦੇ ਵਿਚ ਦੇਖ ਲੈਣਗੇ । ਐਕਟ ਦੇ ਵਿਚ ਇਸ ਗੱਲ ਦੀ ਵੈਸੇ ਵੀ ਜ਼ਰੂਰਤ ਨਹੀਂ ਰਹੀ । ਇਸ ਤਰੀਕੇ ਨਾਲ ਅਸੀਂ ਇਸ ਗੱਲ ਦੀ ਆਸ ਕਰਦੇ ਹਾਂ ਕਿ ਇਨ੍ਹਾਂ ਸਾਰੀਆਂ ਤਜਵੀਜ਼ਾਂ ਨਾਲ ਸਾਰੇ ਹਾਊਸ ਦੀ ਸਹਿਮਤੀ ਹੋਵੇਗੀ ਔਰ ਸਰਕਾਰ ਲੋੜੀਂਦਾ ਕਦਮ ਚੁਕੇਗੀ । ਔਰ ਜਿਹੜੀ ਪੂਲ ਕਰਨ ਦੀ ਬੀਮਾਰੀ ਹੈ; ਜਿਸਦੇ ਨਾਲ ਕਿੱਲਤ ਪੈਦਾ ਕੀਤੀ ਜਾਂਦੀ ਹੈ, ਉਸ ਨੂੰ ਰੋਕਿਆ ਜਾਵੇਗਾ । ਜੇਕਰ ਉਹ ਨਹੀਂ ਰੁਕੇਗੀ ਤਾਂ ਕਿੱਲਤ ਪੈਦਾ ਹੋਵੇਗੀ ।

ਮੁੱਖ ਮੰਤਰੀ (ਸਰਦਾਰ ਲਛਮਣ ਸਿੰਘ ਗਿੱਲ) : ਸਪੀਕਰ ਸਾਹਿਬ, ਇਹ ਜਿਹੜਾ ਬਿੱਲ ਹੈ ਇਹ ਬੜਾ ਇਨੋਸੈਂਟ ਬਿੱਲ ਹੈ । ਇਹ ਇਸ ਲਈ ਲਿਆਂਦਾ ਜਾ ਰਿਹਾ ਹੈ ਕਿ ਪੰਜਾਬ ਦੀ ਜਨਤਾ ਨੂੰ ਇਸ ਗੱਲ ਦੀ ਤਕਲੀਫ਼ ਹੁੰਦੀ ਹੈ ਕਿ ਗਰਮੀਆਂ ਦੇ ਦਿਨਾਂ ਵਿਚ ਬਰਫ ਮੁਨਾਸਬ ਰੇਟ ਤੇ ਨਹੀਂ ਮਿਲਦੀ । ਇਹ ਪਬਲਿਕ ਦੇ ਸਾਹਮਣੇ ਹੈ ਕਿ ਜਿਹੜੀਆਂ ਫ਼ੈਕਟਰੀਆਂ ਲੱਗੀਆਂ ਹਨ ਉਹ ਆਪਸ ਵਿਚ ਪੂਲ ਕਰ ਲੈਂਦੀਆਂ ਹਨ । ਮੰਨੋ ਇਕ ਸ਼ਹਿਰ ਦੇ ਵਿਚ 3 ਫ਼ੈਕਟਰੀਜ਼ ਲੱਗੀਆਂ ਹਨ । ਉਨ੍ਹਾਂ ਵਿਚੋਂ ਇਕੋ ਹੀ ਚੱਲਦੀ ਹੈ, ਉਹ ਉਸੇ ਰਾਹੀ ਪ੍ਰਾਫ਼ਿਟ ਖਾਂਦੇ ਰਹਿੰਦੇ ਹਨ । ਇਸ ਗੱਲ ਨੂੰ ਦੂਰ ਕਰਨ ਦੇ ਲਈ ਇਹ ਬਿੱਲ ਬਣਾਇਆ ਗਿਆ ਹੈ ਔਰ ਇਸ ਬਿੱਲ ਦੁਆਰਾ ਇਸ ਗੱਲ ਨੂੰ ਰੋਕਣ ਦੇ ਵਾਸਤੇ ਕਿ ਪੂਲ ਨਾ ਕਰਨ, ਰੇਟ ਕੰਟ੍ਰੋਲ ਕਰਨ ਵਾਸਤੇ ਕਿਹਾ ਗਿਆ ਹੈ । ਕੱਲ ਪੰਡਤ ਮੋਹਨ ਲਾਲ ਜੀ ਨੇ ਇਹ ਤਵੱਜੋ ਦਿਵਾਈ ਸੀ ਕਿ ਛੋਟੇ ਆਦਮੀ ਜੋ ਰੇੜ੍ਹੀਆਂ ਤੇ ਬਰਫ਼ ਵੇਚਦੇ ਨੇ ਉਨ੍ਹਾਂ ਵਾਸਤੇ ਇਹ ਸਾਰੀਆਂ ਗਲਾਂ ਧੱਕਾ ਸਾਬਤ ਹੋਣਗੀਆਂ । ਅਸੀਂ ਤਾਂ ਇਹ ਸਾਰੀਆਂ ਗੱਲਾਂ ਇਸ ਲਈ ਐਕਟ ਵਿਚ ਲਿਆਂਦੀਆਂ ਸਨ ਕਿ ਕੋਈ ਵੀ ਮੌਕਾ ਨਾ ਰਹੇ ਜਿਸ ਨਾਲ ਪਬਲਿਕ ਨੂੰ ਕੋਈ ਆਦਮੀ ਚੀਟ ਕਰ ਸਕੇ । ਲੇਕਿਨ ਦੂਸਰੇ ਪਾਸੇ ਇਹ ਵੀ ਨਾਮੁਮਕਿਨ ਸੀ ਕਿ ਇਸ ਦਾ ਹਿਸਾਬ-ਕਿਤਾਬ ਰਖਣਾ ਔਰ ਇਹ ਸਾਰੀ ਚੀਜ਼ ਕਰਨ । ਇਸੇ ਕਰਕੇ ਮੈਂ ਮਸ਼ਕੂਰ ਹਾਂ ਕਿ ਸਾਰੀਆਂ ਹੀ ਪੋਲੀਟੀ-ਕਲ ਪਾਰਟੀਆਂ ਨੇ ਰਲ ਕੇ ਆਪੋ ਵਿਚ ਬੈਠ ਕੇ ਸੁਝਾਓ ਦਿਤੇ ਨੇ । ਸੁਝਾਓ ਚੰਗੇ ਨੇ ਔਰ ਕੁਝ ਬਕਾਇਦਗੀ ਦੇ ਨਾਲ ਲੈਫਟੀਨੈਂਟ ਭਾਗ ਸਿੰਘ ਨੇ ਇਸ ਦੀਆਂ ਅਮੈਂਡਮੈਂਟਸ ਵੀ ਦਿਤੀਆਂ ਹਨ । ਸਰਕਾਰ ਨੂੰ ਕੋਈ ਇਤਰਾਜ਼ ਨਹੀਂ । ਸਰਕਾਰ ਦਾ ਮਕਸਦ ਜ਼ਿਆਦਾ ਤੋਂ ਜ਼ਿਆਦਾ ਅਵਾਮ ਨੂੰ ਸਹੂਲਤ ਪੰਹੁਚਾਣ ਦਾ ਹੈ । ਇਸ ਐਕਟ ਨਾਲ ਜਿਨੀ ਸਹੂਲਤ ਪਾਸੀਬਲ ਤਰੀਕੇ ਨਾਲ ਜਿਆਦਾ ਤੋਂ ਜ਼ਿਆਦਾ, ਕਾਨੂੰਨ ਦੇ ਅੰਦਰ ਰਹਿ ਕੇ, ਪੰਹੁਚਾਈ ਜਾ ਸਕਦੀ ਹੈ ਉਸ ਦਾ ਯਤਨ ਕੀਤਾ ਗਿਆ ਹੈ । ਮੈਂ ਉਨ੍ਹਾਂ ਦੋਸਤਾਂ ਦਾ ਮਸ਼ਕੂਰ ਹਾਂ ਜਿਨ੍ਹਾਂ ਨੇ ਚੰਗੇ ਸੁਝਾਓ ਦਿਤੇ ਨੇ । ਸਰਕਾਰ ਉਨ੍ਹਾਂ ਦੇ ਸੁਝਾਓ ਮੰਨਣ ਨੂੰ ਤਿਆਰ ਹੈ। ਜੋ ਅਮੈਂਡਮੈਂਟਸ ਲੈਫਟੀਨੈਂਟ ਭਾਗ ਸਿਘ ਹੋਰਾਂ ਨੇ ਅਤੇ ਦੂਸਰੇ ਦੋਸਤਾਂ ਨੇ ਦਿਤੀਆਂ ਹਨ ਉਹ ਸਾਰੀਆਂ ਤਕਰੀਬਨ ਇਕੋ ਜਹੀਆਂ ਹਨ ਔਰ ਅਸੀਂ ਬੜੀ ਖੁਸ਼ੀ ਦੇ ਨਾਲ ਉਨ੍ਹਾਂ ਨੂੰ ਐਡਜੈਸਟ ਕਰਨ ਨੂੰ ਤਿਆਰ ਹਾਂ ।

ਸ੍ਰੀ ਸਪੀਕਰ : ਮੈਂ ਉਹ ਅਮੈਂਡਮੈਂਟਸ ਤੁਹਾਡੇ ਕੋਲ ਭੇਜੀਆਂ ਹਨ । ਜਿਹੜੀਆਂ ਜਿਹੜੀਆਂ ਤੁਹਾਨੂੰ ਮਜ਼ੂਨਰ ਨੇ ਉਹ ਕਲੀਅਰ ਕਰ ਦਿਉ ਕਿਉਂਕਿ ਅਮੈਂਡਮੈਂਟਸ ਬਹੁਤ ਸਾਰੀਆਂ ਹਨ ।

[ਸ੍ਰੀ ਸਪੀਕਰ]

ਜਾਂ ਤਾਂ ਬਿਲ ਨਵੇਂ ਸਿਰੇ ਤੋਂ ਬਣ ਜਾਂਦਾ। (ਵਿਘਨ) (I have sent all the amendments to you, You may please make it clear as to which of the amendments you want to accept, It would have been better if the Bill was redrafted.)

(*Interruption*)

चौधरी बलबीर सिंह : कुछ अमैंडमैंट्स ऐसी हैं जिस से परपज़ सर्व नहीं होता और कुछ ऐसी हैं जो एक दूसरे के कन्ट्राडिक्टरी हैं। इसलिए आप सभी अमैंडमैंट्स को कैसे मान लेंगे।

ਮੁੱਖ ਮੰਤਰੀ : ਤੁਸੀਂ ਕਲਾਜ਼ ਬਾਈ ਕਲਾਜ਼ ਬੋਲਦੇ ਜਾਉ, ਉਸ ਦੇ ਵਿਚ ਕੋਈ ਡਿਫੀਕਲਟੀ ਨਹੀਂ ਆਉਣੀ।

चौधरी बलबीर सिंह : क्लाज़ बाई क्लाज कंसिडर करें तो ठीक होगा।

Mr. Speaker : Question is—

That the Punjab Ice Price Control Bill be taken into consideration at once.

The Motion was carried.

Mr. Speaker ; The House will now proceed to consider the Bill clause by clause.

SUB-CLAUSE (2) OF CLAUSE I

Mr Speaker : Question is—

That Sub-Clause (2) of Clause I stand part of the Bill.

The Motion was carried.

CLAUSE 2

ਪੰਡਿਤ ਮੋਹਨ ਲਾਲ (ਬਟਾਲਾ) : ਸਪੀਕਰ ਸਾਹਿਬ, ਇਸ ਕਲਾਜ਼ ਦੇ ਵਿਚ ਮੇਰੇ ਵਲੋਂ ਅਤੇ ਕਾਮਰੇਡ ਸੱਤਪਾਲ ਡਾਂਗ ਸਾਹਿਬ ਵਲੋਂ ਜਿਹੜੀਆਂ ਅਮੈਂਡਮੈਂਟਸ ਨੇ ਉਨ੍ਹਾਂ ਵਿਚ ਪਹਿਲੀ ਅਤੇ ਦੂਸਰੀ ਅਮੈਂਡਮੈਂਟ ਜਿਨ੍ਹਾਂ ਦੇ ਨੰਬਰ 3, 4 ਤੇ 5 ਅਤੇ 6 ਹਨ ਇਹ ਸਾਰੀਆਂ ਹੀ ਸਬੰਧਤ ਨੇ। ਇਸ ਵਾਸਤੇ ਮੈਂ ਦੋਵੇਂ ਇਕਠੀਆਂ ਹੀ ਮੂਵ ਕਰਨਾ ਚਾਹਾਂਗਾ, ਤਾਂ ਕਿ ਮੈਂਬਰ ਸਾਹਿਬਾਨ ਨੂੰ ਇਨ੍ਹਾਂ ਦੀ ਇਮਪਲੀਕੇਸ਼ਨ ਚੰਗੀ ਤਰ੍ਹਾਂ ਐਕਸਪਲੇਨ ਕੀਤੀ ਜਾ ਸਕੇ।

• In clause 2 (a). line 1, *for* 'or' *snbstitute* 'and.'

In clause 2 (a), lines 1-2, between 'ice' and 'for' *insert* exceeding five quintals at a time.

ਪੰਡਿਤ ਮੋਹਨ ਲਾਲ : ਜਿਸ ਵੇਲੇ ਮੈਂ ਇਨ੍ਹਾਂ ਨੂੰ ਐਕਸਪਲੇਨ ਕਰਾਂਗਾ ਤਾਂ ਸਾਰਿਆਂ ਨੂੰ ਸਮਝ ਲਗ ਜਾਵੇਗੀ ਅਤੇ ਕਨਫਿਊਜ਼ਨ ਖਤਮ ਹੋ ਜਾਵੇਗੀ । ਮੈਂ ਹੁਣੇ ਹੀ ਐਕਸਪਲੇਨ ਕਰ ਦਿੰਦਾ ਹਾਂ ।

ਸ੍ਰੀ ਸਪੀਕਰ : ਅੱਛਾ ਜੀ । (All right.)

ਪੰਡਿਤ ਮੋਹਨ ਲਾਲ : ਸਪੀਕਰ ਸਾਹਿਬ, ਇਸ ਬਿਲ ਦੇ ਮਕਸਦ ਨੂੰ ਦੋ ਹਿਸਿਆਂ ਵਿਚ ਤਕਸੀਮ ਕੀਤਾ ਜਾ ਸਕਦਾ ਹੈ । ਨੰਬਰ ਇਕ ਹੈ ਪ੍ਰਾਈਸ ਦਾ ਕੰਟਰੋਲ ਅਤੇ ਨੰਬਰ ਦੋ ਹੈ ਕਿ ਡੀਲਰ ਦੇ ਕੋਲੋਂ ਹਿਸਾਬ ਕਿਤਾਬ ਰਖਵਾਉਣਾ ਇਸ ਪ੍ਰਪਜ਼ ਲਈ । ਕਾਮਰੇਡ ਸੱਤਪਾਲ ਡਾਂਗ, ਮੈਂ, ਡਾਕਟਰ ਜਗਜੀਤ ਸਿੰਘ ਅਤੇ ਦੂਸਰੇ ਸਜਨਾਂ ਨੇ ਬੈਠ ਕੇ ਇਸ ਕਲਾਸੀਫੀਕੇਸ਼ਨ ਨੂੰ ਆਪਣੇ ਸਾਹਮਣੇ ਰਖਦਿਆਂ ਹੋਇਆਂ ਹੀ ਇਹ ਸਾਰੀਆਂ ਅਮੈਂਡਮੈਂਟਸ ਜਿਹੜੀਆਂ ਹਨ ਸੋਚ ਸਮਝ ਕੇ ਬਣਾ ਕੇ ਦਿਤੀਆਂ ਨੇ । ਅਸੀਂ ਜਿਸ ਤਰ੍ਹਾਂ ਹਾਊਸ ਦੇ ਮੈਂਬਰ ਸਾਹਿਬਾਨ ਦੀ ਰਾਏ ਸੀ ਉਸ ਰਾਏ ਨੂੰ ਧਿਆਨ ਵਿਚ ਰਖ ਕੇ ਇਹ ਸਾਰੀਆਂ ਅਮੈਂਡ-ਮੈਂਟਾਂ ਦਿਤੀਆਂ ਨੇ ਕਿ ਜਿਥੋਂ ਤਕ ਹਿਸਾਬ ਕਿਤਾਬ ਰਖਣ ਦਾ ਸਬੰਧ ਹੈ ਉਹ ਤੇ ਸਿਰਫ ਉਨ੍ਹਾਂ ਤੇ ਪਾਬੰਧੀ ਲਗਾਈ ਜਾਵੇ ਜੋ ਕਿ ਕੁਝ ਵਡੇ ਡੀਲਰ ਨੇ, ਵਡਾ ਕੰਮ ਕਰਨ ਵਾਲੇ ਨੇ । ਜੋ ਛੋਟੇ ਨੇ ਅਰਥਾਤ ਰੇੜ੍ਹੀਆਂ ਵਾਲੇ ਅਤੇ ਛੋਟਾ ਕੰਮ ਕਰਨ ਵਾਲੇ ਦੁਕਾਨਦਾਰ ਨੇ, ਉਨ੍ਹਾਂ ਦੇ ਉਤੇ ਹਿਸਾਬ ਕਿਤਾਬ ਰੱਖਣ ਲਈ ਪਾਬੰਧੀ ਦੇ ਬਾਰੇ ਕੱਲ ਸਾਰੇ ਮੈਂਬਰ ਸਾਹਿਬਾਨ ਦੀ ਇਹੋ ਹੀ ਰਾਏ ਸੀ ਕਿ ਉਹ ਨਹੀਂ ਹੋਣੀ ਚਾਹੀਦੀ, ਉਸ ਨੂੰ ਉਡਾ ਦੇਣਾ ਚਾਹੀਦਾ ਹੈ । ਇਸ ਅਮੈਂਡਮੈਂਟ ਦੇ ਰਾਹੀਂ ਅਸਾਂ ਉਹ ਨੂੰ ਉਡਾਣ ਦਾ ਯਤਨ ਕੀਤਾ ਹੈ : ਲੇਕਿਨ ਜਿਥੋਂ ਤਕ ਪ੍ਰਾਈਸ ਕੰਟਰੋਲ ਦਾ ਸਬੰਧ ਹੈ ਉਹ ਹਰ ਇਕ ਉਤੇ ਲਾਗੂ ਰਹੇ, ਅਸੀਂ ਇਹੋ ਹੀ ਯਤਨ ਕੀਤਾ ਹੈ, ਇਸ ਅਮੈਂਡਮੈਂਟ ਦੇ ਵਿਚ । ਡੀਲਰ ਦੀ ਅਸੀਂ ਬਜਾਏ ਇਸ ਦੇ ਕਿ ਹਰ ਜਗ੍ਹਾਂ, ਹਰ ਅਮੈਂਡਮੈਂਟ ਹੋਰ ਕਿਸਮ ਦੀ ਕੀਤੀ ਜਾਂਦੀ ਜਾਂ ਪ੍ਰਾਵਿਜ਼ੋ ਰਖੇ ਜਾਂਦੇ ਅਸੀਂ ਡੀਲਰ ਦੀ ਡੇਫੀਨੀਸ਼ਨ ਜਿਹੜੀ ਹੈ ਉਸਦੇ ਵਿਚ ਤਬਦੀਲੀ ਕੀਤੀ ਹੈ । ਡੀਲਰ ਦੀ ਡੈਫੀਨੀਸ਼ਨ ਜਿਸ ਤਰ੍ਹਾਂ ਇਸ ਅਮੈਂਡਮੈਂਟ ਦੇ ਰਾਹੀਂ ਬਿਲਕੁਲ ਵਾਜੇ ਹੈ ਕਿ ਜਿਹੜੀ ਕਲਾਜ਼ ਪੰਜ ਹਿਸਾਬ ਕਿਤਾਬ ਦੇ ਨਾਲ ਸਬੰਧ ਰੱਖਣ ਵਾਲੀ ਹੈ ਉਸ ਦੇ ਵਿਚ ਲਫਜ਼ 'ਡੀਲਰ' ਵਰਤਿਆਂ ਹੋਇਆ ਹੈ । ਇਸ ਵਾਸਤੇ ਡੀਲਰ ਦੀ ਕਲਾਜ਼ ਪੰਜ ਨੂੰ ਸਾਹਮਣੇ ਰਖਦਿਆਂ ਹੋਇਆਂ ਕਿ ਪੰਜ ਕੁਇਟਲ ਜਾਂ ਉਸ ਤੋਂ ਵੱਧ ਬਰਫ ਰੱਖਣ ਜਾਂ ਵੇਚਣ ਵਾਲੇ ਵਾਸਤੇ ਇਹ ਪਾਬੰਦੀ ਕਾਇਮ ਰਹੇ, ਅਸਾਂ ਇਸ ਦੇ ਵਿਚ ਇਹ ਮੁਨਾਸਿਬ ਸਮਝਿਆ ਹੈ ਕਿ ਅਸੀਂ ਡੀਲਰ ਦੀ ਡੈਫੀਨੀਸ਼ਨ ਨੂੰ ਇਥੇ ਬਦਲ ਦੇਈਏ । ਇਸ ਦਾ ਮਤਲਬ ਇਹ ਹੈ ਕਿ ਕਲਾਜ਼ 5 ਸਿਰਫ ਉਨ੍ਹਾਂ ਉਤੇ ਹੀ ਲਾਗੂ ਹੋਵੇਗੀ । ਬਾਕੀ ਜਿਹੜੇ ਛੋਟੇ-ਛੋਟੇ ਦੁਕਾਨਦਾਰ ਹਨ, ਰੇੜ੍ਹੀਆਂ ਵਾਲੇ ਹਨ ਉਨ੍ਹਾਂ ਨੂੰ 'ਡੀਲਰ' ਦੀ ਡੈਫੀਨੀਸ਼ਨ ਵਿਚ ਨਹੀਂ ਲਿਆਂਦਾ ਗਿਆ ਬਲਕਿ ਉਨ੍ਹਾਂ ਨੂੰ 'ਸੈਲਰ' ਦੀ ਡੈਫੀਨੀਸ਼ਨ ਵਿਚ ਲਿਆਂਦਾ ਹੈ । ਉਨ੍ਹਾਂ ਨੂੰ 'ਸੈਲਰ' ਕਹਾਂਗੇ, 'ਡੀਲਰ' ਨਹੀਂ । ਇਤਨਾ ਫਰਕ ਪਾ ਦੇਣ ਦੇ ਨਾਲ ਸਾਰੀ ਚੀਜ਼ ਬਿਲਕੁਲ ਸਾਫ ਹੋ ਜਾਵੇਗੀ ।

[ਪੰਡਿਤ ਮੋਹਨ ਲਾਲ]

ਜਿਉਂ ਜਿਉਂ ਅਗਲੀਆਂ ਅਮੈਂਡਮੈਂਟਸ ਆਉਣਗੀਆਂ, ਅਗਲੀਆਂ ਕਲਾਜ਼ਿਜ਼ ਆਉਣਗੀਆਂ, ਤੁਸੀਂ ਦੇਖੋਗੇ ਕਿ ਜਿੱਥੇ 'ਸੇਲ' ਕਰਨ ਦਾ ਮਾਮਲਾ ਹੈ—ਚਾਹੇ ਛੋਟਾ ਦੁਕਾਨਦਾਰ ਹੋਵੇ ਜਾਂ ਵੱਡਾ—ਪ੍ਰਾਈਸ ਕੰਟ੍ਰੋਲ ਦੇ ਸਬੰਧ ਵਿਚ ਲਫਜ਼ 'ਡੀਲਰ' ਅਤੇ 'ਸੇਲਰ' ਦੋਵੇਂ ਰੱਖੇ ਹਨ। ਜਿਹੜਾ ਕਲਾਜ਼ 5 ਵਿਚ ਹਿਸਾਬ ਕਿਤਾਬ ਦਾ ਸਿਲਸਿਲਾ ਹੈ ਉਸ ਦੇ ਲਈ ਸਿਰਫ 'ਡੀਲਰ' ਹੀ ਰੱਖਿਆ ਹੈ। ਇਸ ਤਰ੍ਹਾਂ, ਮੈਂ ਸਮਝਦਾ ਹਾਂ ਕਿ ਬਾਕੀ ਜਿਨ੍ਹਾਂ ਦੋਸਤਾਂ ਨੇ ਅਮੈਂਡਮੈਂਟਸ ਦਿਤੀਆਂ ਹੋਈਆਂ ਹਨ ਉਨ੍ਹਾਂ ਦਾ ਮਨਸ਼ਾ ਅਤੇ ਮਕਸਦ ਵੀ ਇਸ ਨਾਲ ਪੂਰਾ ਹੋ ਜਾਂਦਾ ਹੈ। ਸਾਡੇ ਦੋਹਾਂ, ਮੇਰੇ ਅਤੇ ਕਾਮਰੇਡ ਸਤ ਪਾਲ ਡਾਂਗ ਵੱਲੋਂ ਦਿੱਤੀਆਂ ਹੋਈਆਂ ਜਿਹੜੀਆਂ ਤਰਮੀਮਾਂ ਹਨ ਉਨ੍ਹਾਂ ਦੇ ਨਾਲ ਸਭ ਦਾ ਮਕਸਦ ਪੂਰਾ ਹੋ ਜਾਂਦਾ ਹੈ। ਜਿਹੜੀ ਬਹਿਸ ਇਸ ਬਿਲ ਤੇ ਮੈਂਬਰ ਸਾਹਿਬਾਨ ਨੇ ਕੀਤੀ ਅਤੇ ਜਿਹੜੀ ਸੈਂਸ ਉਨ੍ਹਾਂ ਦੀ ਸੀ ਉਸੇ ਨੂੰ ਮੁਖ ਰਖਦੇ ਹੋਏ ਅਸੀਂ ਇਹ ਅਮੈਂਡਮੈਂਟਸ ਦਿੱਤੀਆਂ ਹਨ। ਬਾਕੀ ਆਨਰੇਬਲ ਮੈਂਬਰ ਸਾਹਿਬਾਨ ਇਸ ਦੀ ਲਾਈਟ ਵਿਚ ਵੇਖ ਲੈਣ। ਅਗਰ ਇਨ੍ਹਾਂ ਦੇ ਨਾਲ ਉਨ੍ਹਾਂ ਦਾ ਮਕਸਦ ਹੱਲ ਨਹੀਂ ਹੁੰਦਾ ਤਾਂ ਬੇਸ਼ਕ ਮੂਵ ਕਰ ਲੈਣ, ਮੈਨੂੰ ਕੋਈ ਇਤਰਾਜ਼ ਨਹੀਂ। ਫਿਰ ਵੀ ਮੈਂ ਕਹਾਂਗਾ ਕਿ ਸਾਡੀਆਂ ਅਮੈਂਡਮੈਂਟਸ ਬੜੀਆਂ ਕੰਪਰੀਹੈਨਸਿਵ ਹਨ ਅਤੇ ਇਨ੍ਹਾਂ ਨੂੰ ਐਡਾਪਟ ਕਰ ਲੈਣਾ ਚਾਹੀਦਾ ਹੈ।

Mr. Speaker: Motion moved—

In clause 2 (a), line 1, for 'or' substitute 'and'.
In clause 2 (a), lines 1—2, between 'ice' and 'for' insert 'exceeding five quintals at a time'.

चौधरी बलबीर सिंह (होशियारपुर) : अध्यक्ष महोदय, इस क्लाज में मैंने भी अमैंडमैंट का नोटिस दिया है।

जो डीलर की डैफीनीशन पंडित मोहन लाल और कामरेड सत्य पाल डांग ने तब्दील करने की कोशिश की है उस के नतीजा के तौर पर इस बिल का सारा मक्सद ही खत्म हो जाएगा। उन्होंने कोशिश तो की है इस के साथ 'सैलर' का लफज़ जोड़ दें लेकिन इस के साथ जो क्लाज़ 3(4) है उस को शायद इन्होंने पढ़ा नहीं। यही वह क्लाज़ है जिस का मक्सद है बरफ़ की प्राईस को कंट्रोल करने का। इस क्लाज में लिखा है:

No dealer shall sell or agree to sell or offer to sell ice at a price exceeding the maximum price fixed therefor, under Section. 3.

अब जो डीलर की डैफ़ीनीशन है उसमें यह किया है कि डीलर वह होगा जो एक ही वक्त में पांच क्विंटल से ज्यादा बरफ बेचेगा। लेकिन सवाल तो यहीं है कि इस क्लाज़ की बिना पर जो कम बरफ बेचने वाला है उस पर कीमत कंट्रोल का असर होगा। क्लाज 4 बाईंडिंग है जिस के बिना पर मैक्सीमम प्राईस मुकर्रर शुदा कीमत से ज्यादा बेचने वाले के खिलाफ एक्शन लिया जायेगा। इसलिए पंडित मोहन लाल

और कामरेड सत्यपाल डांग की मौजूदा अमैंडमैंट को मान लेने से तो जो इस वक्त बिल हमारे सामने है उसका मक्सद ही फौत हो जाता है क्योंकि इन्होंने क्लाज़ 2 में तो डीलर की डैफीनीशन दे दी है लेकिन जो क्लाज़ 4 है जिस की बिना पर पैनलटी लागू की जाने वाली है उस पर कोई अमैंडमैंट नहीं दी । अगर उसी बिना पर वह क्लाज़ 4 में अमैंडमैंट नहीं लाते तो जैसा कि मैंने अभी अभी कहा है इस बिल का मक्सद ही फौत हो जाता है । तो इस तरह से मैंने जो अमैंडमैंट दी है उसके मुताबिक डीलर की डैफीनीशन को चेंज करने की ज़रूरत नहीं है । क्लाज़ 5 हिसाब किताब रखने से सम्बन्ध रखती है । उसी में मैंने इस बात की अमैंडमैंट देकर मामला साफ कराने की कोशिश की है ताकि कोई गलतफहमी ही न रहे । अगर आप इस वक्त उस को रैफर करने और उस क्लाज में फ़िट करने की इजाजत दें तो मैं आनरेबल मैम्बर साहिबान की सुचना के लिए बताना चाहता हूं कि उस क्लाज़ में मेरी अमैंडमैंट यह है :

At the end of the clause, add the proviso :—

"Provided that nothing in this clause shall apply to a dealer who holds stock of ice not exceeding five quintals at a time for sale."

यह प्रोवाइज़ो इस कलाज़ 5 में रख देने से छोटे दुकानदारों के लिए हिसाब किताब रखने की जो दिक्कत होने वाली है वह खत्म हो जाएगी। वैसे तो 'डीलर' डैफ़ीशन में सारे डीलर आ सकते हैं लेकिन मेरी अमैंडमैंट के नतीजे के तौर पर वही डीलर हिसाब किताब रखेंगे जो एक ही वक्त में पांच कविंटल से ज़्यादा बरफ़ बेचने वाले होंगे । दूसरे एक और बात है । जो बरफ का रेट होगा वह चाहे छोटा दुकानदार हो या होलसेल डीलर हो, उसे डिसप्ले करना होगा। चाहे एक छोटी सी तख्ती पर ही लिख कर रख दें कि बरफ इतने पैसे किलो है, तो मक्सद हल हो सकता है लेकिन जो हिसाब किताब है वह जो बड़े ड़ीलर हैं उन्हीं का देखा जाएगा । इस लिए मैं कहुँगा कि उन्होंने जो अमैंडमैंट्स दी हैं उन की वजह से क्लाज़ 4 किसी पर भी एप्लाई नहीं की जा सकेगी मगर जब मेरी अमैंडमैंट को मान लिया जाएगा तो बात बिल्कुल साफ हो जाएगी और बिल का मक्सद भी पूरा हो जाएगा । मैं ने मनिस्टर इनचार्ज को भी दिखाई थी और उन के सामने उन के अफसरान से भी डिस्कशन की थी और उस के मुताबिक मेरी जितनी अमैंडमैंट्स हैं उन को मान लिया जाए तो कानून का मकसद हल हो जाएगा जो कनज़िऊमर है उस को भी कम कीमत पर बरफ मिलेगी । जो कानून की खिलाफवरज़ी करता है उस के खिलाफ सरकारी कर्मचारी एक्शन ले सकते हैं । कल हाउस में सरकारी कर्मचारियों के सम्बन्ध में भी बहस चली थी । इस लिए उस बात को सामनें रखते हुए मैंने अमडमैंट में लिख दिया है डिस्ट्रिक्ट मजिस्ट्रेट की क्या डैफीनीशन हो ।

इन शब्दों के साथ म कहुँगा कि अगर मेरी अमैंडमैंट्स के साथ बिल को पास कर दिया जाए तो इसका मक्सद पूरा हो जाता है । अगर मेरी बात को ना माना

[चौधरी बलबीर सिंह]

गया और पंडित मोहन लाल और कामरेड सत्य पाल डांग की अमैंडमैंट्स को मान लिया गया तो फिर उन्हें क्लाज़ 4 में भी अमेंडमैंट लानी पड़ेगी और अगर नहीं लाते तो बिल का कोई मक्सद नहीं रहेगा।

ਸ੍ਰੀ ਲਾਲ ਚੰਦ ਸਬਰਵਾਲ (ਜਲੰਧਰ ਉਤਰ) : ਸਪੀਕਰ ਸਾਹਿਬ, ਚੌਧਰੀ ਸਾਹਿਬ ਨੇ ਬੜਾ ਯਤਨ ਕੀਤਾ, ਬੜਾ ਜ਼ੋਰ ਲਾਇਆ ਕਾਨੂੰਨ ਛਾਣਨ ਲਈ ਔਰ ਬੜੀਆਂ ਚੰਗੀਆਂ ਗੱਲਾਂ ਕਹੀਆਂ । ਪਰ ਚੌਧਰੀ ਸਾਹਿਬ ਇਕ ਜਗਾਹ ਤੇ ਗਲਤੀ ਕਰ ਗਏ । ਉਨ੍ਹਾਂ ਨੂੰ ਤਾਂ ਚਾਹੀਦਾ ਸੀ ਕਿ ਪੰਡਿਤ ਮੋਹਨ ਲਾਲ ਜੀ ਦੇ ਦਿਮਾਗ ਦੀ ਦਾਦ ਦਿੰਦੇ, ਉਨ੍ਹਾਂ ਨੇ ਤਾਂ ਉਨ੍ਹਾਂ ਵਿਚ ਨੁਕਸ ਕਢਣੇ ਸ਼ੁਰੂ ਕਰ ਦਿੱਤੇ । ਪੰਡਿਤ ਜੀ ਕੋਈ ਗੱਲ ਛੱਡਣ ਵਾਲੇ ਨਹੀਂ ਹਨ । ਉਨ੍ਹਾਂ ਦੀਆਂ ਅਮੈਂਡਮੈਂਟਸ ਨਾਲ ਬਿਲ ਕਿਸੇ ਤਰ੍ਹਾਂ ਵੀ ਫ਼ੌਤ ਨਹੀਂ ਹੁੰਦਾ ਬਲਕਿ ਬਿਲ ਦਾ ਮਕਸਦ ਪਰਾ ਹੁੰਦਾ ਹੈ । ਚੌਧਰੀ ਸਾਹਿਬ ਨੇ ਸ਼ਾਇਦ ਉਨ੍ਹਾਂ ਦੀਆਂ ਅਗਲੀਆਂ ਕਲਾਜ਼ਿਜ਼ ਤੇ ਅਮੈਂਡ-ਮੈਂਟਸ ਨੂੰ ਪੜ੍ਹਿਆ ਨਹੀਂ । ਅਗਰ ਉਹ ਉਨ੍ਹਾਂ ਦੀਆਂ ਅਗਲੀਆਂ ਅਮੈਂਡਮੈਂਟਾਂ ਨੂੰ ਪੜ੍ਹ ਲੈਣ ਤਾਂ ਚੌਧਰੀ ਸਾਹਿਬ ਦਾ ਆਪਣਾ ਸਾਰਾ ਭਾਸ਼ਣ ਹੀ ਫ਼ੌਤ ਹੋ ਜਾਂਦਾ ਹੈ (ਹਾਸਾ) ਉਨ੍ਹਾਂ ਨੇ ਕਿਹਾ ਹੈ ਕਿ ਪੰਡਿਤ ਜੀ ਨੇ ਕਲਾਜ 4 ਤੇ ਕੋਈ ਅਮੈਂਡਮੈਂਟ ਨਹੀਂ ਦਿੱਤੀ ਪਰ ਹਕੀਕਤ ਇਹ ਹੈ ਕਿ ਪੰਡਿਤ ਜੀ ਨੇ ਕਲਾਜ਼ 4 ਉਤੇ ਵੀ ਅਮੈਂਡਮੈਂਟ ਦਿੱਤੀ ਹੋਈ ਹੈ ਜਿਸ ਵਿਚ ਉਨ੍ਹਾਂ ਨੇ ਲਿਖਿਆ ਹੈ ਕਿ :

In line 1, between "dealer" and "shall" insert "or any other seller".

ਇਸ ਲਈ ਮੈਂ ਕਹਾਂਗਾ ਕਿ ਪੰਡਿਤ ਜੀ ਦੀਆਂ ਜਿਹੜੀਆਂ ਦਿੱਤੀਆਂ ਹੋਈਆਂ ਅਮੈਂਡਮੈਂਟਸ ਹਨ ਉਹ ਬਿਲਕੁਲ ਪਰਫ਼ੈਕਟ ਹਨ । ਉਨ੍ਹਾਂ ਵਿਚ ਲਾ ਦੀ ਕਿਸੇ ਤਰ੍ਹਾਂ ਦੀ ਐਮਬਿਗੁਇਟੀ ਐਰਾਈਜ਼ ਹੋਣ ਦਾ ਚਾਂਸ ਹੀ ਨਜ਼ਰ ਨਹੀਂ ਆਉਂਦਾ ।

ਮੁੱਖ ਮੰਤਰੀ : ਤੁਸੀਂ ਹਰ ਗੱਲ ਚੌਧਰੀ ਸਾਹਿਬ ਦੇ ਖਿਲਾਫ਼ ਕਹਿੰਦੇ ਹੋ । ਇਹ ਤੁਸੀਂ ਉਨ੍ਹਾਂ ਦੇ ਨਾਲ ਬੜੀ ਬੇ-ਇਨਸਾਫ਼ੀ ਕਰਦੇ ਹੋ ।

ਸ੍ਰੀ ਲਾਲ ਚੰਦ ਸੱਬਰਵਾਲ : ਇਹ ਨਾ ਕਹੋ, ਕਿਧਰੇ ਚੌਧਰੀ ਸਾਹਿਬ ਇਹ ਨਾ ਸਮਝ ਲੈਣ ਕਿ ਅਸੀਂ ਔਰ ਸਰਦਾਰ ਲਛਮਣ ਸਿੰਘ ਇਕ ਹਾਂ । ਅੱਗੇ ਤਾਂ ਉਹ ਕਹਿੰਦੇ ਫਿਰਦੇ ਹਨ ਕਿ ਜਨ ਸੰਘ ਅਤੇ ਕਾਂਗਰਸ ਰਲੇ ਹੋਏ ਹਨ ਉਹ ਹੁਣ ਕਹਿਣ ਲਗ ਪੈਣਗੇ ਕਿ ਜਨ ਸੰਘ ਅਤੇ ਜਨਤਾ ਪਾਰਟੀ ਵੀ ਰਲ ਗਈ ਹੈ (ਹਾਸਾ) ਸੋ ਮੈਂ ਕਹਾਂਗਾ ਕਿ ਪੰਡਿਤ ਮੋਹਨ ਲਾਲ ਜੀ ਦੀਆਂ ਜਿਹੜੀਆਂ ਅਮੈਂਡਮੈਂਟਸ ਹਨ ਉਹ ਠੀਕ ਹਨ ਅਤੇ ਉਨ੍ਹਾਂ ਨੂੰ ਮੰਨ ਲੈਣਾ ਚਾਹੀਦਾ ਹੈ ।

ਪੰਡਿਤ ਮੋਹਨ ਲਾਲ (ਬਟਾਲਾ) : ਸਿਰਫ਼ ਇਕ ਅਰਜ਼ ਕਰਨੀ ਚਾਹੁੰਦਾ ਹਾਂ । ਹੋ ਸਕਦਾ ਹੈ ਕਿ ਚੌਧਰੀ ਸਾਹਿਬ ਦੇ ਧਿਆਨ ਵਿਚ ਦੂਸਰੀਆਂ ਅਮੈਂਡਮੈਂਟਸ ਨਾ ਆਈਆਂ ਹੋਣ (ਵਿਘਨ)

ਇਨ੍ਹਾਂ ਦਾ ਦਿਮਾਗ ਜਿਧਰ ਨੂੰ ਚਲਾ ਗਿਆ, ਚਲਾ ਗਿਆ । ਮੈਂ ਹਾਲੇ ਕਲਾਜ਼ ਦੋ ਬਾਰੇ ਅਮੈਂਡਮੈਂਟ ਮੂਵ ਕੀਤੀ ਹੈ ਜੋ ਇਸ ਵੇਲੇ ਅੰਡਰ ਕਨਸਿਡਰੇਸ਼ਨ ਹੈ, ਉਸ ਦੇ ਵੀ ਪਾਰਟ (ੲ) ਬਾਰੇ ਹੈ । ਕਲਾਜ਼ ਚਾਰ ਤਾਂ ਹਾਲੇ ਟੇਕ ਅਪ ਹੀ ਨਹੀਂ ਹੋਈ ਤਾਂ ਉਸ ਵਿਚ ਅਮੈਂਡਮੈਂਟ

ਕਿਵੇਂ ਮੂਵ ਕਰ ਸਕਦਾ ਸੀ । ਇਹ ਤਾਂ ਇਨ੍ਹਾਂ ਦੀ ਹੀ ਅਕਲ ਦਸ ਸਕਦੀ ਹੈ ਕਿ ਹਾਲ ਇਹ ਆ ਸਕਦੀ ਹੈ ਜਾਂ ਨਹੀਂ । ਬਾਕੀ ਜੋ ਕਲਾਜ਼ 2 (ਬੀ) ਬਾਰੇ ਅਮੈਂਡਮੈਂਟਸ ਹਨ ਉਹ ਮੈਂ ਇਸ ਦੇ ਨਾਲ ਹੀ ਮੂਵ ਕਰ ਦਿੰਦਾ ਹਾਂ ਤਾਕਿ ਇਹ ਇਕੱਠੀਆਂ ਹੀ ਆ ਸਕਣ । ਇਸ ਤਰ੍ਹਾਂ ਅਮੈਂਡਮੈਂਟਸ 3, 4, 5, 6, 7 ਅਤੇ 8 ਇਕਠੀਆਂ ਹੀ ਵਿਚਾਰ ਅਧੀਨ ਆ ਜਾਣਗੀਆਂ। ਕਲਾਜ਼ 2 (ਬੀ) ਬਾਰੇ ਸਾਡੀ ਇਹ ਅਮੈਂਡਮੈਂਟ ਹੈ :

In clause 2 (b), line 3—5, delete "and any other Officer authorised by the District Magistrate of the district to exercise all or any of the powers of the District Magistrate under this Act."

ਸਪੀਕਰ ਸਾਹਿਬ, ਇਸ ਦਾ ਮਕਸਦ ਇਹੀ ਹੈ ਕਿ ਬਿਲ ਵਿਚ ਡਿਸਟ੍ਰਿਕਟ ਮੈਜਿਸਟ੍ਰੇਟ ਦੀ ਅਥਾਰਿਟੀ ਬੜੀ ਵਾਈਡ ਕਰ ਦਿਤੀ ਗਈ ਸੀ ਅਤੇ ਉਹ ਜਿਸ ਨੂੰ ਮਰਜ਼ੀ ਇਹ ਪਾਵਰਜ਼ ਡੈਲੀਗੇਟ ਕਰ ਸਕਦਾ ਸੀ । ਨਤੀਜਾ ਇਹ ਹੁੰਦਾ ਕਿ ਉਹ ਛੋਟੇ ਤੋਂ ਛੋਟੇ ਕਰਮਚਾਰੀ ਨੂੰ ਇਹ ਪਾਵਰਜ਼ ਵੀ ਦੇ ਸਕਦਾ । ਮਗਰ ਪ੍ਰਾਈਸ ਬੰਨ੍ਹਣ ਦਾ ਕੰਮ ਇਸ ਤਰ੍ਹਾਂ ਦਾ ਹੈ ਕਿ ਜਿਸ ਨੂੰ ਜਾਂ ਤਾਂ ਡਿਸਟ੍ਰਿਕਟ ਮੈਜਿਸਟ੍ਰੇਟ ਆਪ ਕਰੇ ਜਾਂ ਡਿਸਟ੍ਰਿਕਟ ਫੂਡ ਐਂਡ ਸਪਲਾਈਜ਼ ਕਨਟਰੋਲਰ ਕਰੇ, ਉਸ ਤੋਂ ਹੇਠਾਂ ਹੋਰ ਕੋਈ ਨਾ ਕਰੇ । ਇਸ ਲਈ ਇਸ ਦਾਇਰੇ ਨੂੰ ਮਹਿਦੂਦ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਜਾਂ ਤਾਂ ਡਿਸਟ੍ਰਿਕਟ ਮੈਜਿਸਟ੍ਰੇਟ ਖੁਦ ਕਰੇ ਅਤੇ ਅਗਰ ਉਸਨੇ ਪਾਵਰ ਡੇਲੀਗੇਟ ਕਰਨੀ ਹੀ ਹੈ ਤਾਂ ਡਿਸਟ੍ਰਿਕਟ ਫੂਡ ਕਨਟ੍ਰੋਲਰ ਜਾਂ ਜੋ ਜ਼ਿਲੇ ਦਾ ਫੂਡ ਦਾ ਹੈਡ ਹੈ ਉਹ ਕਰੇ । ਮੈਂ ਅਰਜ਼ ਕਰਦਾ ਹਾਂ ਕਿ ਅਸੀਂ ਕੋਸ਼ਿਸ਼ ਕੀਤੀ ਹੈ ਕਿ ਇਸਨੂੰ ਇਕ ਕਮਪ੍ਰੀਹੈਂਸਿਵ ਸ਼ਕਲ ਵਿਚ ਪੇਸ਼ ਕਰੀਏ । ਡੀਲਰ ਅਤੇ ਸੈਲਰ ਦਾ ਫ਼ਰਕ ਕਰ ਦਿਤਾ ਹੈ । ਡੀਲਰ ਹੋਵੇਗਾ ਵਡਾ ਆਦਮੀ ਜਿਸਤੇ ਹਿਸਾਬ ਕਿਤਾਬ ਰਖਣ ਦੀ ਪਾਬੰਦੀ ਹੋਵੇਗੀ, ਸੈਲਰ ਤੇ ਇਸ ਦੀ ਪਾਬੰਦੀ ਨਹੀਂ ਹੋਵੇਗੀ । ਸੈਲਰ ਤੇ ਪਾਬੰਦੀ ਹੋਵੇਗੀ ਪ੍ਰਾਈਸ ਦੀ ਐਗਜ਼ੀਬੀਸ਼ਨ ਦੀ। ਇਹੀ ਮਕਸਦ ਸੀ ਕਲ ਦੀ ਸਾਰੀ ਡੀਬੇਟ ਦਾ। ਉਸ ਨੂੰ ਸਾਹਮਣੇ ਰਖਕੇ ਇਹ ਮੁਕੰਮਲ ਅਮੈਂਡਮੈਂਟਸ ਦਿਤੀਆਂ ਹਨ । ਇਨ੍ਹਾਂ ਦੇ ਬਾਦ ਹੋਰ ਕਿਸੇ ਅਮੈਂਡਮੈਂਟ ਦੀ ਲੋੜ ਨਹੀਂ ਰਹਿਣੀ ਚਾਹੀਦੀ ।

ਮੁੱਖ ਮੰਤਰੀ : ਠੀਕ ਹੈ ।

ਲੈਫਟੀਨੈਂਟ ਭਾਗ ਸਿੰਘ : (ਅਮਲੋਹ, ਐਸ. ਸੀ.) ਸਪੀਕਰ ਸਾਹਬ, ਮੈਂ ਕਲਾਜ਼ 2 (ਬੀ) ਵਿਚ ਅਮੈਂਡਮੈਂਟ ਦਿਤੀ ਸੀ ਜੋ ਪੰਡਿਤ ਜੀ ਦੀ ਅਮੈਂਡਮੈਂਟ ਨਾਲ ਆਈਡੈਂਟੀਕਲ ਹੈ । ਉਸ ਵਿਚ ਇਹ ਲਫਜ਼ ਡੀਲੀਟ ਕਰਨ ਲਈ ਕਿਹਾ ਹੈ : ਡੀਲੀਟ ਐਨੀ ਅਦਰ ਆਫੀਸਰ.... ਵਗੈਰਾ । ਇਹ ਅਮੈਂਡਮੈਂਟ ਇਸੇ ਲਈ ਪੇਸ਼ ਕੀਤੀ ਸੀ ਤਾਂਕਿ ਡਿਸਟ੍ਰਿਕਟ ਮੈਜਿਸਟ੍ਰੇਟ ਜਾਂ ਫੂਡ ਕਨਟ੍ਰੋਲਰ ਜਾਂ ਡਾਇਰੈਕਟਰ ਹੀ ਪ੍ਰਾਈਸਿਜ਼ ਫਿਕਸ ਕਰਨ । ਇਹ ਪੰਡਿਤ ਜੀ ਵਲੋਂ ਮੂਵ ਕੀਤੀ ਅਮੈਂਡਮੈਂਟ ਨਾਲ ਆਈਡੈਂਟੀਕਲ ਹੈ ।

Mr. Speaker : Motion moved—

In clause 2(b), line 3—6, delete "and any other Officer authorised by the District Magistrate of the district to exercise all or any of the powers of the District Magistrate under this Act".

Mr. Speaker : Question is—

In clause 2(a), line 1, for "or" *substitute* "and".

The Motion was carried.

Mr. Speaker : Question is—

In clause 2(a), lines 1—2, *between* "ice" and "for" *insert* "exceeding five quintals at a time".

The Motion was carried.

Mr. Speaker : Question is—

In clause 2(b), lines 3—6, *delete* "and any other Officer authorised by the District Magistrate of the district to exercise all or any of the powers of the District Magistrate under this Act".

The Motion was carried.

Mr. Speaker : Question is—

That clause 2 as amended stand part of the Bill.

The Motion was carried.

CLAUSE 3

Pandit Mohan Lal : Sir, I beg to move—

Delete the proviso.

In line 3, *between* "dealer" and "and" *insert* "or any other seller".

In line 4, *after* "dealers" *add* "or sellers".

Mr. Speaker : Motions moved—

Delete the proviso.

In line 3, *between* "dealer" and "and" *insert* "or any other seller".

In line 4, *after* "dealers" *add* "or sellers".

Mr. Speaker : Question is—

Delete the provise.

The Motion was carried.

Mr. Speaker : Question is—

In line 3, *between* "dealer" and "and" *insert* "or any other seller".

The Motion was carried.

Mr. Speaker : Question is—

In line 4, *after* "dealers" *add* "or sellers."

The Motion was carried.

Mr. Speaker : Question is—

That clause 3 as amended stand part of the Bill.

The Motion was carried.

CLAUSE 4

Pandit Mohan Lal : Sir, I beg to move—

In line 1, *between* "dealers" and "shall" *insert* "or any other seller"

Mr. Speaker . Motion moved—

In line 1, *between* "dealer" and "shall" *insert* "or any other seller",

Mr. Speaker : Question is—

In line 1, *between* "dealer" and "shall" *insert* "or any other seller".

The Motion was carried.

Mr. Speaker : Question is—

That clause 4, as amended, stand part of the Bill.

The Motion was carried.

CLAUSE 5

Shri A. Vishwanathan : Sir, I have given notice of an amendment to this clause. My amendment is—

For clause 5, *substitute* the following :—

"5. No ice manufacturer shall run his factory at less than full capacity or directly or indirectly sell through a pool or to a retailer."

श्री अ. विश्वनाथन : स्पीकर साहिब, जिस मनशा से यह बिल लाया गया है उस की तारीफ करनी पड़ेगी । लेकिन मैं यह कहूंगा कि यह बिल कल्म्जीली ड्राफ़ट किया गया है । इस में डीलर की डैफीनीशन में अमैंडमैंट की ज़रूरत थी । जैसा कि पंडित मोहन लाल जी ने कहा है और कपूर साहिब ने कहा है इस बिल में जो डैफीनीशन रखी हुई है उस में छोटे-छोटे डीलर आ जाते हैं । उस में अमैंडमैंट की जरूरत थी जो कि अब कर दी गई है । उस पहली डैफीनीशन के मुताबिक मैं ने लिखा था कि क्लाज़ को डीलीट कर दिया जाए । लेकिन अब अमैंडमैंट कर दी गई है कि पांच क्विंटल से ऊपर वाले को डीलर माना जाए । इस लिए इस क्लाज को डीलीट करने की जरूरत नहीं । क्यों कि क्लाज 5 (ए) में डीलर का ज़िकर आता था और अब डीलर की डैफीनीशन को बदल दिया गय है इस लिए मैं ने यह अमैंडमैंट मूव की है ।

[श्री अ. विश्वनाथन]

असल दिक्कत बर्फ के बारे में उन लोगों की है जो इस को मैनुफैकचर करते हैं और ब्लक-मारकेट करते हैं और यह कारखानेदार जो तरीके इस्तेमाल करते ह उन को सामने रख कर मैं ने यह अमैंडमैंट दिया है। एक बात तो यह है कि बर्फ एक पैरिशेबल कमाडेटी है और तीन-चार घंटे से ज्यादा देर तक नहीं रह सकती। इस लिए सारी गड़बड़ कारखानेदार करते हैं और कई तरीके इस्तेमाल करते हैं। एक तरीका तो पूल करने का है। मैं ने यह लफ़ज़ पूल का अपनी इस तरमीम में इस्तेमाल किया है और पूल से आगे भी कुछ किया जाता है। एक तरीका यह भी है कि अगर किसी जगह पर चार कारखानेदार हैं तो वह आपस में तय कर लेते हैं कि तीन कारखाने बंद रहेंगे और एक कारखाना चलेगा और उस कारखाने का रनिंग खर्च निकाल कर बाकी के मुनाफे में चारों हिस्सेदार हो जाते हैं। और इस के आगे एक और तरीका यह है कि चारों कारखाने अगर चलें भी तो 50 या 40 परसैंट से ज्यादा कपैसिटी पर नहीं चलते और इस तरह आर्टीफीशल स्केरसिटी पैदा कर के प्राफिट कमाते हैं और ब्लैक मनी कमाते हैं। तीसरा तरीका यह है कि उन्हों ने अपने एजैंट और सब-एजैंट रखे हुए हैं। अगर उन्हें माल देने से इनकार कर दिया या कम कीमत पर न दिया तो एजैंट किसी दूसरी जगह से माल ले आते हैं। रेढ़ी वाले, पटड़ी वाले और इस तरह का काम करनें वाले यह कहते हैं कि हम 10 पैसे किलो पर बर्फ नहीं बेच सकते, हमें कारखानेदार बौनस दें। कारखानेदार बौनस जो मुकर्रर है नहीं देता तो वह फिलौर से, समराला से इक्टठे हो कर 10 या 15 ट्रक माल मंगवा लेते हैं और माल बेचना शुरू कर देते हैं। इस पर कारखाने वाले शैतानी शुरू कर देते हैं कि 5 पैसे किलो सीधा कन्ज्यूमर के पास बर्फ बेचना शुरू कर देते हैं तां कि एजैंट और सब-एजैंट को इलिमिनेट कर दिया जाए। इस भाव पर एजैंट और सब-एजैंट माल नहीं बेच सकता, तो इस तरह कारखानेदार उस को इलिमिनेट कर देता है और मन माने भाव पर बर्फ बेचता है। क्यों कि एजैंट को माल देने से वह इनकार करता है और कन्ज्यूमर को बेचता है।

It amounts to profitteering. It amounts to undue stock making.

और इस तरह से वह ब्लैक-मारकेट करता है। इस लिए मैं ने इस को रोकने के लिए अमेंडमैंट दिया है कि :

No ice manufacturer shall run his factory at less than full capacity

इस का मतलब यह होगा कि अगर फुल कैपेसिटी पर फैकटरी को रन करेगा तो माल की सकेरसिटी नहीं होगी। और फिर यह साफ लिख दिया है कि :

No ice manufacturer shall run his factory at less than full capacity or directly or indirectly sell through a pool or to a retailer.

और जो माल तैयार करे वह उस कीमत पर बेचे जो डिसट्रिक्ट मैजिस्ट्रेट मुकरर

करे । और यह जो झगड़ा है मैनूफैक्चरर का और रिटेलर का यह खत्म हो जाएगा । इस के साथ है कि कीमत सिर्फ डिसट्रिक्ट मैजिस्ट्रेट ही फिक्स करे, किसी और अफसर को आथोराइज़ नहीं करना चाहिए । दिकत असल में तब शुरू होती है जब कि कारखानेदार खुद रिटेलर बन जाए । तब बलैक-मार्किट शुरू हो जाती है । इस लिए मेरी यह प्रार्थना है कि कल पंडित जी ने खुशअसलूबी से और कपूर साहिब और सभरवाल साहिब ने इस बिल के बारे में कहा था और तजवीज़ रखी थी । मैं समझता हूं कि धन्नोवाली साहिब, जो इस महकमा के वजीर हैं, मेरी इस तरमीम के साथ सहमत होंगे । और इस को मान लिया जाएगा ।

ਸਿਹਤ ਮੰਤਰੀ : ਸਪੀਕਰ ਸਾਹਿਬ, ਇਹ ਤਰਮੀਮ ਨਹੀਂ ਮੰਨੀ ਜਾ ਸਕਦੀ ਕਿਉਂਕਿ ਕਾਨਸਟੀਚੂਸ਼ਨ ਦੇ ਮੁਤਾਬਿਕ ਅਸੀਂ ਕਿਸੇ ਤੇ ਪਾਬੰਦੀ ਨਹੀਂ ਲਗਾ ਸਕਦੇ ।

Mr. Speaker : Motion moved—

For Clause 5, *substitue* the following :—

"5. No ice manufacturer shall run his factory at less than full capacity or directly or indirectly sell through, a pool or to a retailer."

Lt. Bhag Singh (Amloh, S.C.) **:** Sir, I beg to move—

At the end of the clause, *add* the following proviso :—

"Provided that nothing in this section shall apply to a dealer who holds stocks of ice, not exceeding five quintals at a time, for sale."

ਸਪੀਕਰ ਸਾਹਿਬ, ਮੈਂ ਕਲਾਜ਼ 5 ਤੇ ਇਹ ਅਮੈਂਡਮੈਂਡ ਦਿੱਤੀ ਸੀ ਕਿ ਕਲਾਜ਼ 5 ਦੇ ਆਖ਼ਿਰ ਵਿਚ ਇਹ ਪ੍ਰੋਵੀਜ਼ੋ ਐਡ ਕਰ ਦਿਤਾ ਜਾਵੇ । ਗੱਲ ਇਹ ਹੈ ਕਿ ਇਹ ਪ੍ਰੋਵੀਜ਼ੋ ਇਸ ਲਈ ਐਡ ਕੀਤੀ ਜਾਣ ਦੀ ਲੋੜ ਹੈ ਕਿ ਰੇੜ੍ਹੀ ਵਾਲਾ ਜਾਂ ਪੈਟੀ ਸ਼ਾਪਕੀਪਰ ਅਕਾਊਂਟਸ ਨਹੀਂ ਬਣਾ ਸਕਦਾ ਨਾ ਹੀ ਉਨ੍ਹਾਂ ਨੂੰ ਹਰ ਵਕਤ ਰਖ ਸਕਦਾ ਹੈ ਪਰ ਪੜ੍ਹਿਆ ਲਿਖਿਆ ਤੇ ਵੱਡਾ ਡੀਲਰ ਇਸ ਕੰਮ ਨੂੰ ਸੌਖਿਆਂ ਹੀ ਕਰ ਸਕਦਾ ਹੈ । ਇਸ ਲਈ ਮੈਂ ਉਨ੍ਹਾਂ ਛੋਟਿਆਂ ਦੀ ਤਕਲੀਫ ਨੂੰ ਦੂਰ ਕਰਨ ਵਾਸਤੇ ਇਹ ਤਰਮੀਮ ਦਿਤੀ ਹੈ ਕਿ ਪੰਜ ਕਵਿੰਟਲ ਤੋਂ ਘੱਟ ਵਾਲੇ ਨੂੰ ਨਾ ਤਾਂ ਕੋਈ ਰੀਟਰਨ ਭਰਨੀ ਪਵੇ ਤੇ ਨਾ ਹੀ ਹਿਸਾਬ ਕਿਤਾਬ ਰੱਖਣਾ ਪਵੇ । ਮੈਂ ਇਸ ਗੱਲ ਵਿਚ ਸ੍ਰੀ ਵਿਸ਼ਵਨਾਥਨ ਨਾਲ ਐਗਰੀ ਨਹੀਂ ਕਰਦਾ ਕਿ ਫੁਲ ਕਪੈਸਿਟੀ ਤੇ ਫੈਕਟਰੀਆਂ ਰਨ ਕਰਨ ਲਈ ਇਸ ਬਿਲ ਵਿਚ ਪ੍ਰਬੰਧ ਹੋਣਾ ਚਾਹੀਦਾ ਹੈ ਕਿਉਂਕਿ ਅਗਲੇ ਇਹ ਕਹਿ ਦੇਣਗੇ ਕਿ ਇਸ ਵਜਹ ਕਰਕੇ ਕਾਰਖਾਨਾ ਖ਼ਰਾਬ ਹੋ ਗਿਆ ਹੈ ਅਤੇ ਫੁਲ ਕਪੈਸਿਟੀ ਵਿਚ ਨਹੀਂ ਚਲਾਇਆ ਜਾ ਸਕਦਾ । ਇਸ ਗਲ ਲਈ ਹੋਰ ਰੈਮਿਡੀ ਹੋ ਸਕਦੀ ਹੈ, ਇਸ ਤਰ੍ਹਾਂ ਦੀ ਤਰਮੀਮ ਨਾਲ ਨਹੀਂ, ਜਿਹੜੀ ਕਿ ਵਿਸ਼ਵਨਾਥਨ ਹੋਰਾਂ ਨੇ ਪੇਸ਼ ਕੀਤੀ ਹੈ ਪਰ ਮੈਂ ਜਿਹੜੀ ਤਰਮੀਮ ਦਿਤੀ ਹੈ ਮੇਰਾ ਖ਼ਿਆਲ ਹੈ ਇਹ ਗੌਰਮੈਂਟ ਸਵੀਕਾਰ ਕਰੇਗੀ ।

Mr. Speaker : Motion moved—

At the end of the clause, *add* the following proviso :

"Provided that nothing in this section shall apply to a dealer who holds stocks of ice, not exceeding five quintals at a time, for sale."

चौधरी बलबीर सिंह : (हुशियारपुर) यह जो अमैंडमैंट लैफ्टीनैंट भाग सिंह नें और पंडित मोहन लाल ने दी है इसका कोई मतलब ही नहीं रह जाता जब कि डीलर की डैफिनीशन को ही बदल दिया गया है। इस लिए यह रिडेंडंट हो जाएगी। इस लिए जो मैंने अमैंडमैंट 23 नंबर पर दी है उस की जरुरत नहीं रह जाती क्योंकि उस का मनशा पहले ही पुरा हो गया जब कि डीलर की डेफिनीशन को बदला गया।

ਸਿਹਤ ਮੰਤਰੀ (ਮਹੰਤ ਰਾਮਪ੍ਰਕਾਸ਼ ਦਾਸ) : ਸਪੀਕਰ ਸਾਹਿਬ, ਇਹ ਤਰਮੀਮ ਰੀਡੰਡਟ ਹੋ ਜਾਂਦੀ ਹੈ ਕਿਉਂਕਿ ਪਹਿਲਾਂ ਪ੍ਰਬੰਧ ਕਰ ਦਿਤਾ ਗਿਆ ਹੈ ਅਤੇ ਡੈਫੀਨੀਸ਼ਨ ਵਿਚ ਇਹ ਗੱਲ ਆ ਗਈ ਹੈ, ਡੀਲਰ ਦੀ ਵਿਆਖਿਆ ਵਿਚ ਤਰਮੀਮ ਮਨ ਲਈ ਗਈ ਹੈ। ਦੂਜੀ ਜਿਹੜੀ ਸ੍ਰੀ ਵਿਸ਼ਵਨਾਥਨ ਵਾਲੀ ਤਰਮੀਮ ਹੈ ਉਸ ਨੂੰ ਵੀ ਮੰਨਿਆਂ ਨਹੀਂ ਜਾ ਸਕਦਾ ਕਿਉਂਕਿ ਅਸੀਂ ਕਿਸੇ ਤੇ ਉਸ ਤਰ੍ਹਾਂ ਦੀ ਬਾਰ ਨਹੀਂ ਲਗਾ ਸਕਦੇ, ਇਹ ਕਾਨਸਟੀਚੂਸ਼ਨ ਇਜਾਜ਼ਤ ਨਹੀਂ ਦਿੰਦਾ। ਇਹ ਠੀਕ ਨਹੀਂ ਬੈਠਦੀ ਇਸ ਲਈ ਇਸ ਨੂੰ ਨਹੀਂ ਮੰਨਣਾ ਚਾਹੀਦਾ।

Mr. Speaker : Question is—

For Clause 5, *substitute* the following :—

"5. No ice manufacturer shall run his factory at less than full capacitiy or directly or indirectly sell through a pool or to a retailer."

The motion was lost.

Mr. Speaker : Questions is—

At the end of the clause, *add* the following proviso :—

"Provided that nothing in this section shall apply to a dealer who holds stocks of ice, not exceeding five quintals at a time, for sale."

The motion was lost.

Mr. Speaker : Question is—

That clause 5 stand part of the Bill.

The motion was carried.

CLAUSE 6

ਸ੍ਰੀ ਮੋਹਨ ਲਾਲ (ਬਟਾਲਾ) : ਸਪੀਕਰ ਸਾਹਿਬ, ਕਲਾਜ਼ 6 ਤੇ ਅਮੈਂਡਮੈਂਟਾਂ 11, 12 ਔਰ 13, 14 ਹਨ। ਮੈਂ ਪਹਿਲਾਂ ਦੋ ਅਮੈਂਡਮੈਂਟਾਂ ਮੂਵ ਕਰਦਾ ਹਾਂ।

In line 1, *for* 'dealer' *substitute* 'person who sells or offers for sale ice to the public.'

In lines 3-4, *delete* 'the opening stock of ice held by him on each day and.'

Mr. Speaker : Motion moved—

In line 1, *for* 'dealer' *substitute* 'person who sells or offers for sale ice to the public.'

In lines 3-4, *delete* 'the opening stock of ice held by him on each day and.'

ਚੌਧਰੀ ਬਲਬੀਰ ਸਿੰਘ : ਮੈਂ ਵੀ ਇਕ ਕਲਾਜ਼ ਰਖੀ ਸੀ।

ਸਰਦਾਰ ਦਰਸ਼ਨ ਸਿੰਘ ਕੇ. ਪੀ. : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਬਰਫ਼ ਦਾ ਬਿਲ ਜੋ ਅਜ ਪਾਸ ਹੋ ਰਿਹਾ ਹੈ ਇਸ ਤੋਂ ਬਿਨਾ ਹੋਰ ਵੀ ਕੋਈ ਕੰਮ ਹੋਣਾ ਹੈ ਜਾ ਨਹੀਂ। ਗਰੀਬਾਂ ਦੀ ਹਾਲਤ ਸੁਧਾਰਣ ਵਲ ਵੀ ਕੋਈ ਧਿਆਨ ਦਿਤਾ ਜਾਵੇਗਾ ਕਿ ਨਹੀਂ ਜਿਨ੍ਹਾਂ ਨੂੰ ਤੁਸੀਂ ਬਰਫ਼ ਵਿਚ ਲਾ ਰਖਿਆ ਹੈ। (ਵਿਰੋਧੀ ਬੈਂਚਾਂ ਵਲੋਂ ਥੰਪਿੰਗ) ਇਨ੍ਹਾਂ ਹਾਊਸ ਵਿਚ ਮਖ਼ੌਲ ਬਣਾ ਰਖਿਆ ਹੈ। (ਹਾਸਾ) ਇਹ ਬਰਫ਼ ਦਾ ਹੀ ਬਿਲ ਪਾਸ ਕਰਦੇ ਰਹਿਣਗੇ ਜਾ ਲੇਬਰ ਦੇ, ਮਜ਼ਦੂਰ ਦੇ ਭਲੇ ਵਾਸਤੇ ਵੀ ਕੋਈ ਬਿਲ ਲਿਆਉਣਗੇ ? ਸਰਕਾਰ ਗਰੀਬਾਂ ਵਲ ਤਾਂ ਧਿਆਨ ਹੀ ਨਹੀਂ ਦਿੰਦੀ। ਗਰੀਬਾਂ ਲਈ ਕੰਮ ਹੋਣਾ ਚਾਹੀਦਾ ਹੈ। ਇਹ ਉਨ੍ਹਾਂ ਦਾ ਹੱਕ ਹੈ। ਉਨ੍ਹਾਂ ਦੀ ਇਸ ਹਾਊਸ ਵਿਚ ਸੁਣਵਾਈ ਹੋਣੀ ਚਾਹੀਦੀ ਹੈ। ਲੋਕਾਂ ਕੋਲ ਮਕਾਨ ਨਹੀਂ ਹਨ। ਖਾਣ ਲਈ ਰੋਟੀ ਨਹੀਂ ਹੈ। ਇਹ ਬਰਫ਼ ਤੇ ਕੰਟਰੋਲ ਕਰਕੇ ਬੜਾ ਭਾਰੀ ਕੰਮ ਕਰ ਰਹੇ ਹਨ। (ਹਾਸਾ) ਗਰੀਬਾਂ ਕੋਲ ਜ਼ਮੀਨ ਨਹੀਂ। ਜਿਨ੍ਹਾਂ ਨੂੰ ਤੁਸੀਂ ਜ਼ਮੀਨਾਂ ਦਿਤੀਆਂ ਹਨ ਉਨ੍ਹਾਂ ਕੋਲ ਖੇਤੀ ਕਰਨ ਵਾਸਤੇ ਪੈਸੇ ਨਹੀਂ ਹਨ। ਜੋ ਲੋਕ ਖੇਤਾਂ ਵਿਚ ਕੰਮ ਕਰਦੇ ਹਨ ਉਨ੍ਹਾਂ ਨੂੰ ਤੁਸੀਂ ਸਹੂਲਤਾਂ ਦਿਓ। ਮੈਂ ਮਨਿਸਟਰਾਂ ਨੂੰ ਕਹਿੰਦਾ ਹਾਂ ਕਿ ਜਦ ਤਕ ਤੁਸੀਂ ਹਰੀਜਨਾਂ ਦਾ ਸੁਧਾਰ ਨਹੀਂ ਕਰੋਗੇ ਉਨ੍ਹਾਂ ਚਿਰ ਕੁਝ ਵੀ ਸੁਧਾਰ ਨਹੀਂ ਹੋਵੇਗਾ। ਭਾਵੇਂ ਤੁਸੀ ਕਿਤਨਾ ਬਰਫ਼ ਤੇ ਕੰਟਰੋਲ ਕਰ ਲਓ (ਹਾਸਾ) ਮੈਂ ਹਰੀਜਨ ਮਨਿਸਟਰਾਂ ਕੋਲੋਂ ਪੁਛਦਾ ਹਾਂ ਕਿ ਤੁਸੀਂ ਰਿਪਬਲਿਕਨ ਪਾਰਟੀ ਦੇ ਨੁਮਾਇੰਦੇ ਹੋ, ਤੁਸੀਂ ਅਜ ਤਕ ਹਰੀਜਨਾਂ ਵਾਸਤੇ ਕੀ ਕੀਤਾ ਹੈ। (ਵਿਰੋਧੀ ਬੈਂਚਾਂ ਵਲੋਂ ਥੰਪਿੰਗ) ਗਰੀਬਾਂ ਲਈ ਕੀ ਕਰ ਰਹੇ ਹੋ ? ਇਕ ਕੋਲ ਲੇਬਰ ਦਾ ਮਹਿਕਮਾ ਹੈ, ਇਕ ਕੋਲ ਜ਼ਮੀਨਾਂ ਦਾ ਮਹਿਕਮਾ ਹੈ। ਸਾਨੂੰ ਕੁਝ ਪਤਾ ਨਹੀਂ ਲਗਦਾ ਕਿ ਕੀ ਹੋ ਰਿਹਾ ਹੈ ? ਉਹ ਸਿਰਫ ਤਨਖਾਹਾਂ ਹੀ ਲੈਂਦੇ ਹਨ ਜਾਂ ਕੁਝ ਹੋਰ ਵੀ ਕਰਦੇ ਹਨ। ਮੈਂ ਸਮਝਦਾ ਹਾਂ ਕਿ ਗਿਲ ਸਾਹਿਬ ਦੀ ਸਰਕਾਰ ਤਕੜੀ ਸਰਕਾਰ ਹੈ। ਚੀਫ ਮਨਿਸਟਰ ਚੰਗਾ ਤਕੜਾ ਹੈ। ਇਸ ਲਈ ਤਕੜੇ ਹੋਕੇ ਕੰਮ ਕਰੋ। ਗਰੀਬਾਂ ਨੂੰ ਸਹੂਲਤਾਂ ਦਿਓ। ਜੇ ਤੁਹਾਨੂੰ ਨਹੀਂ ਪਤਾ ਲਗਦਾ ਤਾਂ ਕਾਂਗਰਸ ਪਾਰਟੀ ਦੀ ਸਲਾਹ ਲਓ। ਅਸੀਂ ਤੁਹਾਨੂੰ ਦੱਸਾਂਗੇ। ਇਹ ਜੋ ਬਰਫ਼ ਦਾ ਬਿਲ ਹੈ ਇਹ ਤਾਂ ਪਖੰਡਬਾਜ਼ੀ ਹੈ। (ਹਾਸਾ) (ਸ਼ੋਰ)

ਸਪੀਕਰ ਸਾਹਿਬ, ਇਤਨਾ ਕਹਿ ਕੇ ਮੈਂ ਬੈਠ ਜਾਂਦਾ ਹਾਂ। ਮੈਂ ਜੇ ਕੋਈ ਗਲ ਠੀਕ ਨਾ ਕਹੀ ਹੋਵੇ ਤਾਂ ਮੈਨੂੰ ਮਾਫ ਕਰਨਾ। (ਥੰਪਿੰਗ)

ਲੈਫਟੀਨੈਂਟ ਭਾਗ ਸਿੰਘ : ਸਪੀਕਰ ਸਾਹਿਬ : ਮੈਂ ਇਹ ਅਰਜ਼ ਕਰਨ ਲਗਾ ਹਾਂ ਕਿ ਸਰਦਾਰ ਦਰਸ਼ਨ ਸਿੰਘ ਜੀ ਨੇ ਜੋ ਕੁਝ ਕਿਹਾ ਹੈ ਉਹ ਇਰਰੈਲੇਵੇਂਟ ਨਹੀਂ ਹੈ। ਉਨ੍ਹਾਂ ਨੇ ਸਿਰਫ ਆਪਣੀ ਸਰਕਾਰ ਦਾ ਧਿਆਨ ਗਰੀਬਾਂ ਵਲ ਖਿਚਿਆ ਹੈ। ਇਹ ਕਹਿੰਦੇ ਹਨ ਕਿ ਜੋ ਸਰਕਾਰ ਗਰੀਬਾਂ ਦੀ ਗਲ ਨੂੰ ਕੋਲਡ ਸ਼ੋਲਡਰ ਕਰਦੀ ਸੀ ਉਸ ਦਾ ਧਿਆਨ ਇਸ ਪਾਸੇ ਵਲ ਦਿਵਾਇਆ ਹੈ। ਇਸ ਲਈ ਉਨ੍ਹਾਂ ਨੇ ਜੋ ਕੁਝ ਕਿਹਾ ਹੈ ਉਹ ਇਰਰੈਲੇਵੇਂਟ ਨਹੀਂ ਹੈ।

ਚਧਰੀ ਬਲਬੀਰ ਸਿੰਘ (ਹੁਸ਼ਿਆਰਪੁਰ) : ਸਪੀਕਰ ਸਾਹਿਬ, ਮੈਂ ਕਲਾਜ਼ 6 ਤੇ ਇਕ ਅਮੈਂਡਮੈਂਟ ਪੇਸ਼ ਕਰਦਾ ਹਾਂ

For the clause, *substitute* the following—

"6. Every dealer shall cause to be displayed on a board at the place of his business in Punjabi language in Gurmukhi script and in Hindi in Devnagri script the retail and whole sale price of ice."

[ਚੌਧਰੀ ਬਲਬੀਰ ਸਿੰਘ]

ਸਪੀਕਰ ਸਾਹਿਬ, ਮੈਂ ਇਹ ਅਮੈਂਡਮੈਂਟ ਇਸ ਲਈ ਦਿਤੀ ਹੈ ਕਿ ਕਈ ਪੰਜਾਬੀ ਨਹੀਂ ਪੜ ਸਕਦੇ ਇਸ ਲਈ ਜੇ ਪੰਜਾਬੀ ਦੇ ਨਾਲ ਹਿੰਦੀ ਵਿਚ ਹੋਣ ਤਾਂ ਸਾਰੇ ਪੜ੍ਹ ਸਕਣਗੇ। ਇਸ ਨਾਲ ਲੋਕਾਂ ਨੂੰ ਸਹੂਲੀਅਤ ਰਹੇਗੀ ਇਸ ਲਈ ਜਿਹੜੇ ਬੋਰਡ ਹਨ ਉਨ੍ਹਾਂ ਤੇ ਹਿੰਦੀ ਵਿਚ ਵੀ ਕੀਮਤ ਲਿਖਣੀ ਜ਼ਰੂਰੀ ਹੋਣੀ ਚਾਹੀਦੀ ਹੈ।

ਸ਼੍ਰੀ ਸਪੀਕਰ : ਚੌਧਰੀ ਸਾਹਿਬ, ਕੀਮਤ ਤਾਂ ਹਿੰਦਸਿਆਂ ਵਿਚ ਹੋਵੇਗੀ ਔਰ ਸਾਰੇ ਹੀ ਪੜ੍ਹ ਸਕਣਗੇ। (Chaudhri Sahib, the price will be written in figures and all would be able to read it.)

Mr. Speaker : Motion moved—

For the clause, *substitute* the following:

"6. Every dealer shall cause to be displayed on a board at the place of his business in Punjabi language in Gurmukhi script and in Hindi in Devnagri script the retail and wholesale price of ice"

Mr. Speaker: Question is—

In line 1, *for* 'dealer' *substitute* 'person who sells or offers for sale ice to the public'.

The motion was carried.

Mr Speaker : Question is—

In lines 3-4, *delete* "the opening stock of ice held by him on each day and."

The motion was carried.

Mr Speaker : Question is—

For the clause, *substitute* the following—

"6. Every dealer shall cause to be displayed on a board at the place of his business in Punjabi language in Gurmukhi script and in Hindi in Devnagri script the retail and wholesale price of ice."

The motion was lost.

Mr. Speaker : Question is—

That Clause 6, as amended, stand part of the Bill.

The motion was carried.

CLAUSE 7

ਪੰਡਿਤ ਮੋਹਨ ਲਾਲ : (ਬਟਾਲਾ) : ਸਪੀਕਰ ਸਾਹਿਬ, ਕਲਾਜ਼ 7 ਤੇ ਮੇਰੀ ਅਮੈਂਡਮੈਂਟ ਇਹ ਹੈ ਕਿ—

In line 1, *for* 'dealer' *substitute* 'person'.

In line 1, *between* 'ice' and 'shall' *insert* 'for sale'.

Mr. Speaker : Motions moved—

In line 1, *for* 'dealer' *substitute* 'person'

In line 1, *between* 'ice' and 'shall' insert 'for sale',

Mr. Speaker : Question is—

In line 1, *for* 'dealer' *substitute* 'person'.

The motion was carried.

Mr. Speaker : Question is—

In line 1, *between* 'ice' and 'shall' *insert* 'for sale'

The motion was carried.

Mr. Speaker : Question is—

That Clause 7. as amended, stand part of the Bill.

The motion was carried.

CLAUSE 8

ਚੌਧਰੀ ਬਲਬੀਰ ਸਿੰਘ (ਹੁਸ਼ਿਆਰਪੁਰ) : ਸਪੀਕਰ ਸਾਹਿਬ ਇਸ ਕਲਾਜ਼ ਤੇ ਵੀ ਮੇਰੀ ਇਕ ਅਮੈਂਡਮੈਂਟ ਹੈ ਕਿ 500 ਰੁਪਏ ਦੀ ਥਾਂ ਤੇ 100 ਰੁਪਏ ਕੀਤੇ ਜਾਣ ਔਰ 12 ਮਹੀਨੇ ਦੀ ਥਾਂ 3 ਮਹੀਨੇ ਕੀਤੇ ਜਾਣ । (ਵਿਘਨ) ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ 500 ਰੁਪਏ ਜਾਂ 12 ਮਹੀਨੇ ਕੈਦ ਦੀ ਸਜ਼ਾ ਬਹੁਤ ਜ਼ਿਆਦਾ ਹੈ । ਇਹ ਘਟ ਹੋਣੀ ਚਾਹੀਦੀ ਹੈ । ਇਸ ਲਈ 500 ਰੁਪਏ ਤੋਂ ਘਟਾਂ ਕੇ 100 ਰੁਪਏ ਕੀਤਾ ਜਾਵੇ ਅਤੇ ਕੈਦ 12 ਮਹੀਨੇ ਤੋਂ ਘਟਾ ਕੇ 3 ਮਹੀਨੇ ਕੀਤੀ ਜਾਵੇ । ਮੇਰੀ ਅਮੈਂਡਮੈਂਟ ਇਹ ਹੈ :—

In line 3, for 'one year' *substitute* 'three months.'
In line 3, *for* 'five hundred' *substitute* 'one hundred.'

Mr. Speaker : Motions moved—

In line 3, *for* 'one year' *substitute* 'three months.'
In line 3, *for* 'five hundred' *substitute* 'one hundred.'

Mr. Speaker : Question is—

In line 3, *for* 'one year' *substitute* 'three months.'

The motion was lost.

Mr. Speaker : Question is—

In line 3, *for* 'five hundred' *substitute* 'one hundered.'

The motion was lost

Mr. Speaker : Question is—

That clause 8 stand part of the Bill.

The motion was carried.

CLAUSE 9

ਪੰਡਿਤ ਮੋਹਨ ਲਾਲ : ਕਲਾਜ਼ 9 ਤੇ ਅਮੈਂਡਮੈਂਟ ਇਹ ਹੈ–

In line 4, *for* '.' '*substitute*' ',' and add the following words

who is authorised in this behalf by designation or name by the District Magistrate.'

Mr. Speaker : Motion moved—

In line 4, *for* '.' *substitute* ',' and *add* the following words—

"who is authorised in this behalf by designation or name by the District Magistrate.'

Mr. Speaker : Question is—

In line 4, *for* '.' *substitute* ',' and add the following words—

'who is authorised in this behalf by designation or name by the District Magistrate.'

The motion was carried.

Mr. Speaker : Question is—

That clause 9, as amended, stand part of the Bill.

The motion was carried.

SUB CLAUSE (1) OF CLAUSE 1

Mr. Speaker : Question is—

That Sub-Clause (1) of clause 1 stand part of the Bill.

The motion was carried.

TITLE

Mr. Speaker : Question is—

That Title be the Title of the Bill.

The motion was carried.

Minister for Health (Mahant Ram Parkash Dass) : Sir, I beg to move.—

That the Punjab Ice Price Control Bill, as amended, be passed.

Mr. Speaker : Motion moved—

That the Punjab Ice Price Control Bill, as amended, be passed.

Mr. Speaker : Question is—

That the Punjab Ice Price Control Bill, as amended, be passed.

The motion was carried.

ਸ਼੍ਰੀ ਸਪੀਕਰ : ਅੱਜ 4-30 ਵਜੇ ਕਾਮਨਵੈਲਥ ਪਾਰਲੀਮੈਂਟਰੀ ਐਸੋਸੀਏਸ਼ਨ ਦੀ ਮੀਟਿੰਗ ਇਥੇ ਕਮੇਟੀ ਰੂਮ ਵਿਚ ਹੋਵੇਗੀ । (The meeting of the Commonwealth Parliamentary Association will be held in the Committee Room at 4-30 p.m. today.)

ਸਰਦਾਰ ਲਛਮਣ ਸਿੰਘ ਗਿੱਲ : ਐਸਟੀਮੇਟਸ ਕਮੇਟੀ ਤੇ ਪਬਲਿਕ ਅਕਾਊਂਟਸ ਕਮੇਟੀ ਦਾ ਵੀ ਕਰ ਦਿਓ ।

ਸ਼੍ਰੀ ਸਪੀਕਰ : ਹਾਲੇ ਕਾਗਜ਼ ਨਹੀਂ ਆਏ । ਮੈਂ ਹਾਊਸ ਦਾ ਬੜਾ ਮਸ਼ਕੂਰ ਹਾਂ ਸਾਰਿਆਂ ਭਰਾਵਾਂ ਨੇ ਹਾਊਸ ਨੂੰ ਚਗੀ ਤਰ੍ਹਾਂ ਚਲਾਇਆ ਹੈ। ਬੜੀ ਸੋਹਣੀ ਤਰ੍ਹਾਂ ਆਪਣੀਆਂ ਆਪਣੀਆਂ ਸਪੀਚਾਂ ਦੇ ਕੇ ਹਾਊਸ ਦਾ ਡੈਕੋਰਮ ਰਖਿਆ ਹੈ । (The papers have not yet come. I am thankful to the House. All the hon. Members have conducted themselves nicely in the House. They have maintained the decorum of the House by delivering their speeches in a dignified manner.)

Mr. Speaker : The House stands adjourned *sine-die*.

4.00 p. m. | (The Sabha then adjourned *sine die*)

809—3-10-68—306—Govt. Press, Patiala.

32474 PVS—15,000—Govt. Press, U.T. Chd.